**Reo-Bankowned Properties**

From Sanjose to Sacramento

Call Master of Winners in Multiple Offers

510-304-9292

JASSI GILL

Broker/Owner

GOLDEN STATE REALTY



**Hardeep S.Rai** Attorney-at-Law

ਇੰਮੀਗਰੇਸ਼ਨ ਵਕੀਲ

- ਨੌਂਵੀਂ ਸਰਕਟ ਕੋਰਟ
- ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
- ਇਮੀਗ੍ਰੇਸ਼ਨ ਕੋਰਟ ਦੇ ਕੇਸ
- ਡਿਪੋਰਟੇਸ਼ਨ ਦੇ ਕੇਸ
- ਫੈਮਿਲੀ ਪਟੀਸ਼ਨਾਂ
- ਲੇਬਰ ਦੇ ਕੇਸ
- ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Kuldip Singh Dhariwal
Attorney At Law
Tel: (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 10, Issue 45, November 7, 2009 | 20451 N Plum Grove Rd. Palatine, IL 60074 | Ph:847-359-0746, Fax:847-705-9388




ਯੂਬਾ ਸਿਟੀ, ਕੈਲੀਫੋਰਨੀਆ ਵਿਚ ਕੀਤੇ ਗਏ 30ਵੇਂ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ (ਰਿਪੋਰਟ ਸਫਾ 3 ਉਤੇ)

## ਪਾਠਕਾਂ ਨੂੰ ਗੁਰਪੁਰਬ ਦੀ ਵਧਾਈ

## ਨਵੰਬਰ 84 ਦੇ ਸਿੱਖ ਕਤਲੇਆਮ ਵਿਰੁੱਧ ਪੰਜਾਬ ਬੰਦ ਨੂੰ ਭਰਵਾਂ ਹੁੰਗਾਰਾ

ਖ਼ਬਰ ਸਫਾ 5 'ਤੇ ਪੜ੍ਹੋ



## ਲੰਬੀ ਚਲ ਸਕਦੀ ਹੈ ਪੰਜਾਬ ਕਾਂਗਰਸ ਦੀ ਆਪਸੀ ਖਿੱਚੋਤਾਣ

ਖ਼ਬਰ ਸਫਾ 19 'ਤੇ ਪੜ੍ਹੋ

## ਮਾਓਵਾਦੀਆਂ ਨਾਲ ਨਿਪਟਣ ਦੇ ਮਾਮਲੇ 'ਤੇ ਯੂ ਪੀ ਏ 'ਚ ਮੱਤਭੇਦ ਉਭਰੇ

ਖ਼ਬਰ ਸਫਾ 5 'ਤੇ ਪੜ੍ਹੋ

## ਪੰਜਾਬੀ ਲਾਗੂ ਕਰਵਾਉਣ ਲਈ ਸਾਹਿਤ ਸਭਾਵਾਂ ਨੇ ਸਿਰ ਜੋੜਿਆ

ਖ਼ਬਰ ਸਫਾ 8 'ਤੇ ਪੜ੍ਹੋ


*Ad Space Available*
*Call:*
*847-359-0746*

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS

TOLL FREE
1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

*Raja Indian Cuisine & Bar*
Ph: 510-264-9300
1275 W Winton Ave
Hayward, CA 94545

Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ



*Manpreet S.Gahra*
*Attorney At Law*

*Berkeley Office*
*2161 Shattuck Ave. #304, Berkeley*
Ph. 510-841-4582
Fax: 510-217-6847

*Sacramento Office*
Call For Appointments
Ph. 916-924-1617
*Email:manpreet@gahralaw.com*

# ਧੰਨ ਧੰਨ ਸ੍ਰੀ ਗੁਰੂ ਸ੍ਰੀ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ

## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ASO) ਵੱਲੋਂ

## ਗੁਰਮਤਿ ਲਹਿਰ ਸਿਰਜਣ ਲਈ



# ਪੰਥਕ ਸਮਾਗਮ

ਸਿੱਖ ਕੌਮ ਦੇ ਵਾਰਸੋ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਪੁਰਾਤਨ ਇਤਿਹਾਸ ਨੂੰ ਜਦੋਂ ਗਹੁ ਨਾਲ ਵਾਚੀਏ ਤਾਂ ਇਹ ਸਮਝ ਪੈਂਦੀ ਹੈ ਕਿ ਖਾਲਸਾ ਪੰਥ ਉਪਰ ਜਦੋਂ ਵੀ ਭੀੜ ਬਣੀ, ਉਦੋਂ ਕੌਮ ਦੇ ਜਾਂਬਾਜ਼ ਸੂਰਮਿਆਂ ਨੇ ਪੰਥ ਲਈ ਕੁਰਬਾਨੀਆਂ ਕੀਤੀਆਂ ਤੇ ਸ਼ਹਾਦਤਾਂ ਦੇ ਜਾਮ ਪੀਤੇ! ਭਾਵੇਂ ਇਹ ਅਠਾਰ੍ਹਵੀਂ ਸਦੀ ਦਾ ਸਮਾਂ ਸੀ ਜਾਂ ਸਿੰਘ ਸਭਾ ਲਹਿਰ ਦਾ ਜਾਂ ਫਿਰ ਬਾਬਾ ਜਰਨੈਲ ਸਿੰਘ ਖਾਲਸਾ ਜੀ ਭਿੰਡਰਾਂਵਾਲਿਆਂ ਦਾ ਵੇਲਾ! ਅੱਜ ਫੇਰ ਉਸ ਖਾਲਸਾ ਪੰਥ ਉਤੇ ਵੱਖ ਵੱਖ ਢੰਗ ਤਰੀਕਿਆਂ ਰਾਹੀਂ ਸਿੱਧੇ ਅਤੇ ਅਸਿੱਧੇ ਬੌਧਿਕ ਹਮਲੇ ਕੀਤੇ ਜਾ ਰਹੇ ਹਨ..ਕਿਤੇ ਹਜ਼ਾਰਾਂ ਦੀ ਗਿਣਤੀ ਵਿਚ ਵੱਧ ਰਿਹਾ ਡੇਰਾਵਾਦ (ਜੋ ਕਿ ਗੁਰੂਡੰਮ ਦਾ ਰੂਪ ਧਾਰਨ ਕਰ ਚੁੱਕਾ ਹੈ), ਕਿਤੇ ਜਰਖਰੀਦ ਅਖੌਤੀ ਲੀਡਰਸ਼ਿਪ ਰਾਹੀਂ ਹਮਲੇ ਹੋ ਰਹੇ ਹਨ, ਜਿਸਨੇ ਕੌਮ ਨੂੰ ਖਾਰੇ ਬਿਪਰਵਾਦੀ ਸਮੁੰਦਰ ਵਿਚ ਸੁੱਟਣ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਕਿਤੇ ਸਭਿਆਚਾਰ ਦੇ ਨਾਂ ਥੱਲੇ ਵੱਧ ਰਿਹਾ ਲੱਚਰਵਾਦ, ਕਿਤੇ ਨਸ਼ਿਆਂ ਦੇ ਵਗਦੇ ਦਰਿਆ, ਜੋ ਕੌਮੀ-ਭਵਿੱਖ ਦੀ ਤਬਾਹੀ ਦਾ ਸੰਕੇਤ ਦੇ ਰਹੇ ਹਨ! ਪਰ ਅਸੀਂ ਸਭ ਖੁਦਗਰਜੀ ਦੀ ਚਾਦਰ ਤਾਣ ਕੇ ਗਫਲਤ ਦੀ ਡੂੰਘੀ ਨੀਂਦ ਵਿਚ ਸੁੱਤੇ ਪਏ ਹਾਂ।

## ਕਲਮ ਅਤੇ ਤੇਗ ਦੇ ਧਨੀ ਜਿਨ੍ਹਾਂ 'ਤੇ ਕੌਮ ਨੂੰ ਮਾਣ ਹੈ

### (ਗਿਆਨੀ ਦਿੱਤ ਸਿੰਘ ਜੀ, ਪ੍ਰੋ. ਗੁਰਮੁਖ ਸਿੰਘ ਜੀ, ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ)

ਖਾਲਸਾ ਜੀਓ! ਪੰਥ ਦੇ ਦਰਪੇਸ਼ ਮਸਲਿਆਂ ਨੂੰ ਵਿਚਾਰਨ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ (ASO) ਦੇ ਕੈਲੀਫੋਰਨੀਆ ਯੂਨਿਟ ਵਲੋਂ 8 ਨਵੰਬਰ, 2009 (ਦਿਨ ਐਤਵਾਰ) ਸਿੱਖ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ ਵਿਖੇ ਇਕ ਵਿਸ਼ਾਲ ਪੰਥਕ ਇਕੱਠ ਉਲੀਕਿਆ ਗਿਆ ਹੈ। ਸਮੂਹ ਗੁਰੂ ਨਾਨਕ ਨਾਮਲੇਵਾ ਮਾਈ ਭਾਈ ਨੂੰ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਪੰਥਕ ਸਮਾਗਮ ਵਿਚ ਸ਼ਾਮਲ ਹੋਵੋ ਤਾਂ ਕਿ ਆਪਾਂ ਰਲ ਮਿਲ ਕੇ ਅਰਦਾਸ ਕਰੀਏ ਅਤੇ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਲੱਭਣ ਲਈ ਕੋਈ ਉਪਰਾਲਾ ਕਰ ਸਕੀਏ।

**8 November, 2009 (Sunday)**
**12:10 PM to 1:40 PM**

**Sikh Gurdwara San Jose**
**3636 Murillo Ave, San Jose, CA 95148**

ਪਹੁੰਚ ਰਹੇ ਬੁਲਾਰੇ: ਸ. ਗੰਗਾ ਸਿੰਘ ਢਿੱਲੋਂ, ਭਾਈ ਰਸ਼ਪਾਲ ਸਿੰਘ (ਰਿਵਰਸਾਈਡ), ਡਾ. ਗੁਰਚਰਨ ਸਿੰਘ ਢਿੱਲੋਂ, ਡਾ. ਤਰਲੋਚਨ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਸੁਰਿੰਦਰ ਸਿੰਘ ਜੌਹਲ

### ਸਾਨ ਫਰਾਂਸਿਸਕੋ ਬੇਏਰੀਆ ਯੂਨਿਟ

ਜਸਦੇਵ ਸਿੰਘ, ਡਾ. ਤਰਲੋਚਨ ਸਿੰਘ, ਸੁਖਦੇਵ ਸਿੰਘ ਬੈਨੀਪਾਲ, ਰਜਿੰਦਰ ਸਿੰਘ, ਦਿਲਬਾਗ ਸਿੰਘ, ਪ੍ਰੋ. ਰਸ਼ਪਾਲ ਸਿੰਘ, ਹਰਪਾਲ ਸਿੰਘ ਸੰਘਰ, ਕੁਲਵੰਤ ਸਿੰਘ, ਸਤਵੰਤ ਸਿੰਘ, ਰਾਣਾ ਸਿੰਘ ਕਾਹਲੋਂ, ਪ੍ਰੋ. ਰਾਜਿੰਦਰਪਾਲ ਸਿੰਘ, ਗਿਆਨੀ ਗੁਰਮੀਤ ਸਿੰਘ, ਰਵਿੰਦਰ ਸਿੰਘ, ਕਮਲਜੀਤ ਸਿੰਘ ਗਿੱਲ, ਸਰਬਜੀਤ ਸਿੰਘ, ਕੁਲਦੀਪ ਸਿੰਘ ਸਿੱਧੂ

### ਬੇਕਰਜ਼ਫੀਲਡ ਯੂਨਿਟ

ਭਾਈ ਸਵਰਨ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ, ਮੱਖਣ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ, ਜਸਵੀਰ ਸਿੰਘ ਸੇਖੋਂ, ਡਾ. ਗੁਰਬਚਨ ਸਿੰਘ ਢਿੱਲੋਂ, ਬਲਜੀਤ ਸਿੰਘ ਜੌਹਲ, ਤਰਨਵੀਰ ਸਿੰਘ, ਸਰਦੂਲ ਸਿੰਘ, ਪਰਮਿੰਦਰ ਸਿੰਘ, ਗੁਰਿੰਦਰ ਸਿੰਘ ਲਾਲੀ, ਪਰਮਜੀਤ ਸਿੰਘ ਪੰਮਾ

### ਫਰਿਜ਼ਨੋ ਯੂਨਿਟ

ਭਾਈ ਸੁਰਿੰਦਰ ਸਿੰਘ ਜੌਹਲ, ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਖੇੜਾ, ਮਹਿੰਦਰ ਸਿੰਘ ਕਲੇਰ, ਗੁਰਮੁਖ ਸਿੰਘ ਭੰਡਾਲ, ਕਰਮਜੀਤ ਸਿੰਘ ਨਿੱਝਰ, ਨਿਰਮਲ ਸਿੰਘ ਬਦੇਸ਼ਾ, ਬਲਵੀਰ ਸਿੰਘ ਬਦੇਸ਼ਾ, ਮਨਮੋਹਨ ਸਿੰਘ ਢਿੱਲੋਂ, ਪਰਮਜੀਤ ਸਿੰਘ ਸ਼ੇਰਗਿੱਲ, ਨਿਰਮਲ ਸਿੰਘ ਕਾਹਲੋਂ, ਮੰਗਲ ਸਿੰਘ ਜੌਹਲ, ਜਸਦੀਪ ਸਿੰਘ ਜੌਹਲ, ਕੁਲਵੰਤ ਸਿੰਘ ਧਾਮੀ, ਗੁਰਮੇਜ ਸਿੰਘ, ਪਰਮਜੀਤ ਸਿੰਘ ਸੰਘੇੜਾ

### ਲਾਸ ਏਂਜਲਸ ਯੂਨਿਟ

ਬਲਵਿੰਦਰ ਸਿੰਘ, ਮਨੋਹਰ ਸਿੰਘ, ਸੁਖਪਾਲ ਸਿੰਘ, ਨਿਰਮਲ ਸਿੰਘ, ਰਸ਼ਪਾਲ ਸਿੰਘ, ਜਗਵੀਰ ਸਿੰਘ ਤੁੰਗ, ਕਰਨੈਲ ਸਿੰਘ, ਸੀਤਲ ਸਿੰਘ, ਬਲਜੀਤ ਸਿੰਘ, ਨਰਿੰਦਰ ਸਿੰਘ, ਦੀਦਾਰ ਸਿੰਘ, ਜਗੀਰ ਸਿੰਘ, ਅਵਤਾਰ ਸਿੰਘ ਲਾਲੀ, ਲਹਿੰਬਰ ਸਿੰਘ ਬੜੈਚ, ਉਜਾਗਰ ਸਿੰਘ ਉਪਲ, ਕਰਨੈਲ ਸਿੰਘ ਠੇਕੇਦਾਰ

### ਟਰਲੱਕ ਯੂਨਿਟ

ਸਵਿੰਦਰ ਸਿੰਘ, ਰਣਧੀਰ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ ਪੱਤੜ, ਅਵਤਾਰ ਸਿੰਘ ਧਾਮੀ, ਜਤਿੰਦਰ ਸਿੰਘ ਧਾਮੀ, ਕੁਲਵਿੰਦਰ ਸਿੰਘ ਦੋਸਾਂਝ, ਪਰਮਜੀਤ ਸਿੰਘ ਦੋਸਾਂਝ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਮਾਣਕ

### ਯੂਬਾ ਸਿਟੀ ਯੂਨਿਟ

ਜਗੀਰ ਸਿੰਘ, ਜਸਵੀਰ ਸਿੰਘ, ਕੁਲਵਿੰਦਰ ਸਿੰਘ, ਦਲਵੀਰ ਸਿੰਘ, ਕਰਮਜੀਤ ਜੌਹਲ, ਸਤਨਾਮ ਸਿੰਘ

**ਹੋਰ ਜਾਣਕਾਰੀ ਲਈ ਸੰਪਰਕ ਕਰੋ: 650-391-4408 ਜਾਂ 559-352-8687**

**ਜਾਰੀ ਕਰਤਾ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਕੈਲੀਫੋਰਨੀਆ ਯੂਨਿਟ)**

# ਪੰਥ ਖਾਲਸੇ ਦਾ ਵਿਸਮਾਦੀ ਰੰਗ ਚੜ੍ਹਿਆ ਯੂਬਾ ਸਿਟੀ ਦੀ ਧਰਤੀ ਨੂੰ

**ਪੰਜਾਬ ਟਾਈਮਜ਼ ਬਿਊਰੋ**

**ਯੂਬਾ ਸਿਟੀ:** ਪੀਚਾਂ, ਬਾਦਾਮਾਂ, ਆੜੂਆਂ ਅਤੇ ਅਖਰੋਟਾਂ ਕਰਕੇ ਮਸ਼ਹੂਰ ਸੰਘਣੀ ਪੰਜਾਬੀ ਵਸੋਂ ਵਾਲੇ ਕੈਲੇਫੋਰਨੀਆ ਦੇ ਇਸ ਸ਼ਹਿਰ ਦੇ ਗੁਰਦੁਆਰਾ ਟਾਇਰਾ ਬਿਊਨਾ ਦਾ ਚੌਗਿਰਦਾ...ਪਹਿਲੀ ਨਵੰਬਰ ਦਾ ਨਿਖਰਿਆ ਹੋਇਆ ਦਿਨ, ਸੂਰਜ ਦੀਆਂ ਸੁਨਹਿਰੀ ਕਿਰਨਾਂ ਵਿਹੜੇ ਵਿਚ ਝੂਲ ਰਹੇ ਨਿਸ਼ਾਨ ਸਾਹਿਬ ਦੇ ਕੇਸਰੀ ਰੰਗ ਨੂੰ ਦੂਣ ਸਵਾਇਆ ਰੁਸ਼ਨਾ ਰਹੀਆਂ ਨੇ...ਅਕਾਸ਼ ਵਿਚ ਨੇੜੇ ਹੋ ਕੇ ਉਡਦੇ ਦੋ ਹੈਲੀਕਾਪਟਰ ਲਗਾਤਾਰ ਰੰਗ ਬਿਰੰਗੇ ਫੁੱਲਾਂ ਦੀ ਬਰਖਾ ਕਰੀ ਜਾ ਰਹੇ ਹਨ। ਫਿਜ਼ਾ ਵਿਚ ਇਲਾਹੀ ਬਾਣੀ ਦੇ ਕੀਰਤਨ ਦੀਆਂ ਧੁਨਾਂ ਰੂਹਾਨੀ ਰੰਗ ਬਿਖੇਰ ਰਹੀਆਂ ਹਨ...ਭਾਈ ਸੁਰਿੰਦਰ ਸਿੰਘ ਜੋਧਪੁਰੀ ਦੇ ਜਥੇ ਦੀ ਆਵਾਜ਼ ਲਰਜ਼ ਰਹੀ ਹੈ, "ਤਹਾ ਬੈਕੁੰਠ ਜਹ ਕੀਰਤਨ ਤੇਰਾ" ਆਲੇ ਦੁਆਲੇ ਦੂਰ ਤੱਕ ਨੀਲੇ, ਲਾਲ, ਕੇਸਰੀ ਰੰਗਾਂ ਦੀਆਂ ਦਸਤਾਰਾਂ, ਚੁੰਨੀਆਂ ਅਤੇ ਚਿੱਟੇ, ਪੀਲੇ ਰੁਮਾਲ ਸਿਰਾਂ 'ਤੇ ਬੰਨੀ ਸੰਗਤਾਂ ਨਗਰ ਕੀਰਤਨ ਅਰੰਭ ਹੋਣ ਦੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਨੇ... ਮਾਪਿਆਂ ਦੀਆਂ ਉਂਗਲਾਂ ਫੜ੍ਹ ਕੇ ਤੁਰਦੇ ਹੋਏ ਨਿੱਕੇ ਬੱਚਿਆਂ ਦੀਆਂ ਭਵਿੱਖਮੁਖੀ ਨਿਗਾਹਾਂ ਆਪਣੇ ਵਿਰਸੇ ਦੀਆਂ ਤਣੀਆਂ ਫੜ੍ਹਨ ਕੀ ਕੋਸ਼ਿਸ਼ ਕਰਦੀਆਂ ਪ੍ਰਤੀਤ ਹੁੰਦੀਆਂ ਹਨ... ਕਿਤੇ ਸੰਧੂਰੀ ਰੰਗ ਦੀਆਂ ਗਰਮਾ ਗਰਮ ਜਲੇਬੀਆਂ, ਕਿਤੇ ਬਹੁਭਾਂਤੀ ਆਈਸਕਰੀਮਾਂ, ਕਿਤੇ ਡਰਾਈ ਫਰੂਟ, ਕਿਤੇ ਭੁੱਜੀਆਂ ਛੱਲੀਆਂ, ਸਮੋਸੇ, ਪਕੌੜੇ, ਦਹੀਂ ਭੱਲੇ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਭੋਜਨ ਪਦਾਰਥ ਸੰਗਤਾਂ ਨੂੰ ਆਵਾਜ਼ਾਂ ਮਾਰ ਮਾਰ ਕੇ ਛਕਾਏ ਜਾ ਰਹੇ ਹਨ। ਕਈ ਗੋਰੇ ਇਸ ਨਜ਼ਾਰੇ ਨੂੰ ਵੇਖ ਕੇ ਹੈਰਾਨ ਹੋ ਰਹੇ ਹਨ। ਇਹ ਨਜ਼ਾਰਾ ਹੈ 1979 ਵਿਚ ਅਰੰਭ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹੁਣ 30ਵੀਂ ਵਾਰ ਕੱਢੇ ਜਾ ਰਹੇ ਨਗਰ ਕੀਰਤਨ ਦਾ। ਨਾ ਸਿਰਫ ਅਮਰੀਕਾ ਅਤੇ ਕੈਨੇਡਾ ਦੀਆਂ ਹੀ ਦੂਰ ਨੇੜੇ ਦੀਆਂ ਸਟੇਟਾਂ ਤੋਂ ਹੀ ਲੋਕ ਇਸ ਨਗਰ ਕੀਰਤਨ ਦਾ ਨਜ਼ਾਰਾ ਤੱਕਣ ਅਤੇ ਇਸ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਲਈ ਪਹੁੰਚਦੇ ਹਨ ਸਗੋਂ ਇੰਗਲੈਂਡ ਅਤੇ ਕਈ ਹੋਰ ਮੁਲਕਾਂ ਤੋਂ ਵੀ।

ਰਵਾਇਤ ਅਨੁਸਾਰ ਸਨਿਚਰਵਾਰ ਦੀ ਰਾਤ ਵਿਸ਼ਾਲ ਕੀਰਤਨ ਦਰਬਾਰ ਗੁਰੂ ਘਰ ਦੇ ਦਰਬਾਰ ਹਾਲ ਵਿਚ ਸਜਾਇਆ ਗਿਆ ਜਿਸ ਵਿਚ ਪੰਥ ਪ੍ਰਸਿਧ ਕੀਰਤਨੀ ਜਥਿਆਂ ਨੇ ਸ਼ਬਦ ਗਾਇਨ ਕੀਤਾ। ਇਨ੍ਹਾਂ ਰਾਗੀਆਂ, ਢਾਡੀਆਂ ਅਤੇ ਕਥਾਵਾਚਕਾਂ ਵਿਚ ਭਾਈ ਸਰਬਜੀਤ ਸਿੰਘ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਰਿੰਦਰ ਸਿੰਘ ਜੋਧਪੁਰੀ, ਭਾਈ ਪ੍ਰੀਤਮ ਸਿੰਘ ਮਿੱਠਾ ਟਿਵਾਣਾ, ਭਾਈ ਅਜੀਤ ਸਿੰਘ ਨਿਮਾਣਾ, ਭਾਈ ਅਵਤਾਰ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਗੁਰਦੇਵ ਸਿੰਘ ਅਤੇ ਕਥਾਵਾਚਕ ਭਾਈ ਬਲਜੀਤ ਸਿੰਘ, ਭਾਈ ਗੁਰਦੇਵ ਸਿੰਘ ਨੇ ਸੰਗਤਾਂ ਨੂੰ ਰੂਹਾਨੀਅਤ ਨਾਲ ਜੋੜਿਆ। ਸਨਿਚਰਵਾਰ ਦਿਨੇ ਇਕ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਵਿਚ ਪੰਥਕ ਵਿਚਾਰਾਂ ਹੋਈਆਂ। ਇਸ ਤੋਂ ਪਹਿਲਾਂ ਸ਼ੁਕਰਵਾਰ ਨੂੰ ਸ਼ਾਮ ਵੇਲੇ ਆਤਿਸ਼ਬਾਜ਼ੀ ਦਾ ਨਜ਼ਾਰਾ ਬੰਨਿਆ ਗਿਆ।

ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਸਿੱਖ ਫਲਸਫੇ ਦੀ ਵਿਆਖਿਆ ਹਿੱਤ ਅਤੇ ਮੌਜੂਦਾ ਪੰਥਕ ਹਾਲਾਤ ਬਾਰੇ ਤਕਰੀਰਾਂ ਕੀਤੀਆਂ। ਦੀਵਾਨ ਦੀ ਸਮਾਪਤੀ 'ਤੇ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਇਸ ਵਾਰ ਕੋਈ ਡੇਢ ਘੰਟਾ ਪੱਛੜ ਕੇ ਅਰੰਭ ਹੋਇਆ। ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਨੀ ਹੇਠ ਅਰੰਭ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਸੀ ਜਿਸ 'ਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਇਕ ਪਾਸੇ ਬੈਠੇ ਰਾਗੀ ਜਥੇ ਸ਼ਬਦ ਕੀਰਤਨ ਦੀਆਂ ਧੁਨਾਂ ਫਿਜ਼ਾ ਵਿਚ ਬਿਖੇਰ ਰਹੇ ਸਨ।

ਸਭ ਤੋਂ ਅੱਗੇ ਝਾੜੂਬਰਦਾਰ ਸੇਵਕ ਹੱਥਾਂ ਵਿਚ ਝਾੜੂ ਫੜੀ ਸੜਕ ਸਾਫ ਕਰ ਰਹੇ ਸਨ ਅਤੇ ਕੁਝ ਮਾਸ਼ਕੀ ਪਾਣੀ ਤਰੌਂਕ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਇਕ ਫਲੋਟ ਉਤੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਮਾਡਲ ਸੁਸ਼ੋਭਿਤ ਸੀ। ਵੱਖ ਵੱਖ ਸੰਸਥਾਵਾਂ, ਗੁਰੂ ਘਰਾਂ ਅਤੇ ਸਕੂਲਾਂ ਦੇ ਫਲੋਟ ਸ਼ਾਮਲ ਸਨ। ਇਕ ਫਲੋਟ ਵਿਚ ਢਾਡੀ ਜਥਾ ਜੋਸ਼ੀਲੀਆਂ ਵਾਰਾਂ ਰਾਹੀਂ ਬੀਰ ਰਸ ਦਾ ਰੰਗ ਭਰ ਰਿਹਾ ਸੀ। ਇਕ ਹੋਰ ਫਲੋਟ ਉਤੇ ਸਿੱਖ ਯੋਧਿਆਂ ਨੂੰ ਭਾਰਤ ਸਰਕਾਰ ਵਲੋਂ ਸੁਣਾਈ ਗਈ ਫਾਂਸੀ ਦੀ ਸਜ਼ਾ ਵਿਰੁਧ ਰੋਸ ਪ੍ਰਗਟ ਕਰਨ ਲਈ ਫਾਂਸੀ ਦੇ ਰੱਸਿਆਂ ਦਾ ਦ੍ਰਿਸ਼ ਬੰਨਿਆ ਗਿਆ ਸੀ। ਯੋਗੀ ਹਰਭਜਨ ਸਿੰਘ ਦੇ ਜਥੇ ਵਾਲੇ ਸਿੰਘ ਖਾਲਸਾਈ ਪੋਸ਼ਾਕੇ ਪਹਿਨੀ ਵਾਹਿਗੁਰੂ ਦਾ ਜਾਪ ਕਰਦਿਆਂ ਨਗਰ ਕੀਰਤਨ ਵਿਚ ਸ਼ਾਮਲ ਸਨ। ਗਤਕਾ ਪਾਰਟੀਆਂ ਗਤਕੇ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਅਚੰਭਿਤ ਕਰ ਰਹੀਆਂ ਸਨ। ਨਗਰ ਕੀਰਤਨ ਦੇ ਸਮੁੱਚੇ ਰਾਸਤੇ ਦੌਰਾਨ ਥਾਂ ਥਾਂ ਉਤੇ ਚਾਹ-ਪਾਣੀ, ਭੋਜਨ-ਪਾਣੀ ਅਤੇ ਹੋਰ ਭਾਂਤ-ਸੁਭਾਂਤੇ ਪਦਾਰਥਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਸੀ।

ਕਈ ਕਾਂਗਰਸਮੈਨ, ਸਰਕਾਰੀ ਅਫਸਰ ਅਤੇ ਕੈਲੀਫੋਰਨੀਆ ਦੇ ਗਵਰਨਰ ਦੇ ਨੁਮਾਇੰਦੇ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਏ। ਕਾਂਗਰਸਮੈਨ ਵਾਲੀ ਹਰਗਰ ਨੇ ਆਖਿਆ ਕਿ ਸਤੰਬਰ 11 ਦੀਆਂ ਘਟਨਾਵਾਂ ਤੋਂ ਬਾਅਦ ਕਈ ਤਰ੍ਹਾਂ ਦੀਆਂ ਚੁਣੌਤੀਆਂ ਖੜ੍ਹੀਆਂ ਹੋਈਆਂ ਹਨ ਅਤੇ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਦੋਸਤਾਂ (ਸਿੱਖਾਂ) ਨੂੰ ਹੋਰਨਾਂ ਨਾਲ ਰਲਗਡ ਨਾ ਕਰੀਏ। ਆਮ ਜਨਤਾ ਨੂੰ ਸਿੱਖ ਭਾਈਚਾਰੇ ਦੀ ਪਛਾਣ ਬਾਰੇ ਜਾਗਰੂਕ ਕਰਨ ਲਈ ਨਿਰੰਤਰ ਯਤਨਾਂ ਦੀ ਲੋੜ ਹੈ।

ਨਗਰ ਕੀਰਤਨ ਬੋਗ ਰੋਡ ਤੋਂ ਹੁੰਦਾ ਹੋਇਆ ਯੂਬਾ ਸਿਟੀ ਦੇ ਬਾਹਰ ਵਾਰ ਕੋਈ ਚਾਰ ਮੀਲ ਦਾ ਸਫਰ ਤੈਅ ਕਰਕੇ ਸ਼ਾਮ ਵੇਲੇ ਪੰਜ ਵਜੇ ਦੇ ਕਰੀਬ ਵਾਪਸ ਪਰਤਿਆ।

## ਵਿਸ਼ੇਸ਼ ਝਲਕੀਆਂ

ਪਿਛਲੇ ਸਾਲਾਂ ਦੇ ਉਲਟ ਐਤਕੀਂ ਪੰਜਾਬ ਤੋਂ ਨਾ ਤਾਂ ਕੋਈ ਸੰਤ ਬਾਬਾ ਅਤੇ ਨਾ ਹੀ ਕੋਈ ਸਿਆਸੀ ਲੀਡਰ ਇਸ ਸਾਲਾਨਾ ਸਮਾਗਮ 'ਤੇ ਸੱਦਿਆ ਗਿਆ ਪਰ ਹਰ ਸਾਲ ਵਾਂਗ ਇਸ ਸਾਲ ਵੀ ਸਿੱਖ ਸੰਸਥਾਵਾਂ ਵਲੋਂ ਗੁਰਮਤਿ ਸਾਹਿਤ ਵੰਡਣ ਦੀ ਕੋਤਾਹੀ ਰੜਕਦੀ ਰਹੀ ਜਦੋਂਕਿ ਇਸ ਸਿੱਖ ਸਮਾਗਮ ਵਿਚ ਕੁਝ ਇਸਾਈ ਪ੍ਰਚਾਰਕ ਇਸਾਈ ਮੱਤ ਦਾ ਸਚਿੱਤਰ ਸਾਹਿਤ ਵੰਡਦੇ ਵੇਖੇ ਗਏ।

***

ਜਦੋਂ ਤੋਂ ਇਹ ਨਗਰ ਕੀਰਤਨ ਅਰੰਭ ਹੋਇਆ ਹੈ, ਸ. ਦੀਦਾਰ ਸਿੰਘ ਬੈਂਸ ਅਤੇ ਉਨ੍ਹਾਂ ਦੇ ਪਰਿਵਾਰ ਦੀ ਇਸ ਉਤੇ ਪਕੜ ਹਮੇਸ਼ਾ ਰਹੀ ਹੈ। ਸ. ਦੀਦਾਰ ਸਿੰਘ ਬੈਂਸ ਨਗਰ ਕੀਰਤਨ ਦੇ ਅਰੰਭ ਹੋਣ ਵੇਲੇ ਤਾਂ ਮੌਜੂਦ ਸਨ ਪਰ ਬਾਅਦ ਵਿਚ ਉਨ੍ਹਾਂ ਨੂੰ ਨਗਰ ਕੀਰਤਨ ਵਿਚ ਨਹੀਂ ਵੇਖਿਆ ਗਿਆ। ਸ਼ਾਇਦ ਉਨ੍ਹਾਂ ਦੀ ਸਿਹਤ ਜਿਆਦਾ ਠੀਕ ਨਹੀਂ ਸੀ। ਪਿਛਲੇ ਸਾਲਾਂ ਵਿਚ ਉਨ੍ਹਾਂ ਦੀ ਨਗਰ ਕੀਰਤਨ ਵਿਚ ਹਾਜ਼ਰੀ ਕੈਲੀਫੋਰਨੀਆ ਦੇ ਸਰਕਾਰੀ ਅਫਸਰਾਂ ਅਤੇ ਚੁਣੇ ਹੋਏ ਪ੍ਰਤੀਨਿਧਾਂ ਦੇ ਨਾਲ ਬੜੀ ਨੁਮਾਇਆ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੋਈਆਂ ਚੋਣਾਂ ਵਿਚ ਸ. ਦੀਦਾਰ ਸਿੰਘ ਬੈਂਸ ਦੇ ਗਰੁੱਪ ਨੂੰ ਹਰਾ ਕੇ ਸਿੱਖ ਯੂਥ ਆਫ ਅਮੈਰਿਕਾ ਦੀ ਅਗਵਾਈ ਹੇਠ ਕਈ ਧੜਿਆਂ ਦੇ ਗਠਜੋੜ ਨੇ ਪ੍ਰਬੰਧ ਸੰਭਾਲ ਲਿਆ ਸੀ।

***

ਰਵਾਇਤੀ ਤੌਰ 'ਤੇ ਇਸ ਨਗਰ ਕੀਰਤਨ ਵਿਚ ਪੰਜਾਬ ਵਿਚ ਖਾੜਕੂ ਸਿੱਖ ਸੰਘਰਸ਼ ਅਰੰਭ ਹੋਣ ਦੇ ਸਮੇਂ ਤੋਂ ਹੀ ਵੱਖ ਵੱਖ ਖਾੜਕੂ ਧਿਰਾਂ ਦੇ ਆਗੂ ਉਚੇਚੇ ਹਾਜ਼ਰੀ ਭਰਨ ਆਉਂਦੇ ਰਹੇ ਹਨ। ਇਨ੍ਹਾਂ ਵਿਚ ਖਾਲਿਸਤਾਨ ਅਫੇਅਰਜ਼ ਦੇ ਡਾ. ਅਮਰਜੀਤ ਸਿੰਘ ਅਤੇ ਕੌਂਸਲ ਆਫ ਖਾਲਿਸਤਾਨ ਦੇ ਡਾ. ਗੁਰਮੀਤ ਸਿੰਘ ਔਲਖ ਵੀ ਸ਼ਾਮਲ ਹਨ। ਪਰ ਇਸ ਵਾਰ ਨਾ ਇਨ੍ਹਾਂ ਦੋਹਾਂ ਆਗੂਆਂ ਵਿਚੋਂ ਹੀ ਕੋਈ ਨਜ਼ਰ ਆਇਆ ਅਤੇ ਨਾ ਹੀ ਕੋਈ ਹੋਰ ਪ੍ਰਮੁੱਖ ਖਾਲਿਸਤਾਨੀ ਆਗੂ।

***

ਨਗਰ ਕੀਰਤਨ ਵਿਚ ਫਲੋਟਾਂ ਦੀ ਗਿਣਤੀ ਵੀ ਇਸ ਸਾਲ ਕੁਝ ਘੱਟ ਸੀ। ਇਹ ਫਲੋਟ ਵੀ ਬਹੁਤਾ ਕਰਕੇ ਸਥਾਨਕ ਸੰਸਥਾਵਾਂ ਦੇ ਹੀ ਸਨ। ਕੈਲੀਫੋਰਨੀਆ ਦੇ ਹੋਰਨਾਂ ਦੂਰੇਡੇ ਸ਼ਹਿਰਾਂ ਦੇ ਗੁਰੂ ਘਰਾਂ ਜਾਂ ਸੰਸਥਾਵਾਂ ਦੇ ਫਲੋਟ ਨਜ਼ਰ ਨਹੀਂ ਆਏ। ਸਿੱਖ ਯੂਥ ਆਫ ਅਮੈਰਿਕਾ ਦਾ ਫਲੋਟ ਕਿਸੇ ਵੇਲਿਆਂ 'ਚ ਬੜਾ ਭਰਵਾਂ ਹੋਇਆ ਕਰਦਾ ਸੀ। ਇਸ ਦੇ ਨਾਲ ਵੱਡੀ ਗਿਣਤੀ ਵਿਚ ਵਾਲੰਟੀਅਰ ਚਲਦੇ ਦੇਖੇ ਜਾਂਦੇ ਸਨ ਪਰ ਇਸ ਵਾਰ ਗਿਣਤੀ ਦੇ ਹੀ ਕੁਝ ਵਾਲੰਟੀਅਰ ਨਜ਼ਰ ਆਏ। ਬਾਬਾ ਜੌਹਨ ਸਿੰਘ ਗਿੱਲ ਜੋ ਆਪਣੇ ਹਮਾਇਤੀਆਂ ਨਾਲ ਬੜੀ ਸ਼ਾਨ ਨਾਲ ਇਸ ਫਲੋਟ ਨਾਲ ਹੋਇਆ ਕਰਦੇ ਸਨ, ਇਸ ਵਾਰ ਨਜ਼ਰ ਨਹੀਂ ਆਏ।

ਅਕਾਲੀ ਦਲ (ਬਾਦਲ) ਦਾ ਫਲੋਟ ਪਹਿਲੀ ਵਾਰ ਇਸ ਨਗਰ ਕੀਰਤਨ ਵਿਚ ਦੇਖਿਆ ਗਿਆ। ਇਸ ਫਲੋਟ ਨਾਲ ਸ. ਗੁਰਨਾਮ ਸਿੰਘ ਪੰਮਾ ਅਤੇ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਕੁਝ ਆਗੂ ਨਜ਼ਰ ਆਏ। ਇਸ ਤੋਂ ਪਹਿਲਾਂ ਪਵਿੰਦਰ ਸਿੰਘ ਕਰੀਹਾ ਦੇ ਯਤਨਾਂ ਨਾਲ ਅਕਾਲੀ ਦਲ ਦਾ ਇਕ ਫਲੋਟ ਸ਼ਾਮਲ ਤਾਂ ਹੋਇਆ ਕਰਦਾ ਸੀ ਪਰ ਉਹ ਫਲੋਟ ਅਕਾਲੀ ਦਲ (ਬਾਦਲ) ਦਾ ਨਹੀਂ ਸੀ ਹੋਇਆ ਕਰਦਾ।

***

ਕਿਸੇ ਵੇਲਿਆਂ 'ਚ ਖਾਸਕਰ 1990 ਤੋਂ 2004 ਤੱਕ ਇਸ ਨਗਰ ਕੀਰਤਨ ਵਿਚ ਖਾੜਕੂ ਸੁਰ ਬੜੀ ਪ੍ਰਧਾਨ ਹੋਇਆ ਕਰਦੀ ਸੀ। ਵੱਖ ਵੱਖ ਖਾੜਕੂ ਜਥੇਬੰਦੀਆਂ ਦੇ ਫਲੋਟ ਅਤੇ ਉਨ੍ਹਾਂ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿਚ ਨਜ਼ਰ ਆਉਂਦੇ ਸਨ। ਇਨ੍ਹਾਂ ਫਲੋਟਾਂ ਉਤੇ ਢਾਡੀ ਅਤੇ ਕਵੀਸ਼ਰੀ ਜਥਿਆਂ ਵਲੋਂ ਬੜੀ ਤੱਤੀ ਸੁਰ ਵਿਚ ਵਾਰਾਂ ਅਤੇ ਕਵੀਸ਼ਰੀ ਵਿਖਿਆਨ ਪੇਸ਼ ਕੀਤੇ ਜਾਂਦੇ ਸਨ ਪਰ ਪੰਜਾਬ ਵਿਚ ਜਿਉਂ ਜਿਉਂ ਹਾਲਾਤ ਬਦਲਦੇ ਗਏ, ਇਹ ਸੁਰ ਵੀ ਧੀਮੀ ਪੈਂਦੀ ਗਈ।

***

ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਪ੍ਰਬੰਧਕਾਂ ਵਲੋਂ ਨਾ ਸਿਰਫ ਪੁਲਿਸ ਦਾ ਹੀ ਸਖ਼ਤ ਪ੍ਰਬੰਧ ਕੀਤਾ ਗਿਆ ਸੀ ਸਗੋਂ ਪ੍ਰਾਈਵੇਟ ਸਕਿਉਰਿਟੀ ਦਾ ਵੀ ਪ੍ਰਬੰਧ ਸੀ। ਸੂਤਰਾਂ ਅਨੁਸਾਰ ਪ੍ਰਬੰਧਕਾਂ ਵਿਚੋਂ ਮੋਹਰੀ ਸ. ਤੇਜਿੰਦਰ ਸਿੰਘ ਦੁਸਾਂਝ ਬੁਲਟ ਪਰੂਫ ਜੈਕਟ ਪਾਈ ਵੇਖੇ ਗਏ। ਉਨ੍ਹਾਂ ਦੇ ਨਾਲ ਚਾਰ-ਚਾਰ ਸਿਕਿਓਰਟੀ ਗਾਰਡ ਵੇਖੇ ਗਏ। ਨਗਰ ਕੀਰਤਨ ਦੌਰਾਨ ਪੁਲਿਸ ਦੇ ਅਫਸਰ ਅਤੇ ਪੁਲਿਸ ਦੀਆਂ ਕਾਰਾਂ ਥਾਂ-ਥਾਂ ਦੇਖੇ ਜਾ ਸਕਦੇ ਸਨ। ਗੁਰਦਵਾਰਾ ਹਦੂਦ ਅੰਦਰ ਸਕਿਓਰਟੀ ਕੈਮਰਿਆਂ ਦਾ ਜਬਰਦਸਤ ਪ੍ਰਬੰਧ ਸੀ।

***

ਸੇਵਾ ਸਿਮਰਨ ਸੁਸਾਇਟੀ ਦੇ ਸੇਵਾਦਾਰਾਂ ਨੇ ਹਰ ਸਾਲ ਵਾਂਗ ਲੰਗਰ ਦਾ ਬਹੁਤ ਹੀ ਵਧੀਆ ਬੰਦੋਬਸਤ ਕੀਤਾ। ਇਸਦੇ ਸੇਵਾਦਾਰਾਂ ਨਿਰਮਲ ਸਿੰਘ ਜੰਡਾ (ਪ੍ਰਧਾਨ), ਰਛਪਾਲ ਸਿੰਘ ਸੰਘੇੜਾ, ਸੁਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਤਿੰਨੇ ਹੀ ਦਿਨ ਪੂਰੀ ਨਿਸ਼ਠਾ ਨਾਲ ਸੇਵਾ ਕੀਤੀ। ਦਾਨੀ ਸੱਜਣਾਂ ਸਰਬਜੀਤ ਸਿੰਘ ਥਿਆੜਾ, ਦਿਲਬਾਗ

*(ਬਾਕੀ ਸਫਾ 6 ਉਤੇ)*






**_ਤਸਵੀਰਾਂ:ਮੋਗਾ ਵੀਡੀਓ_**
*www.mogavideo.com*
**_ਤਸਵੀਰਾਂ ਉਪਰਲੀ ਵੈਬਸਾਈਟ ਤੋਂ ਡਾਊਨ ਲੋਡ ਕੀਤੀਆਂ ਜਾ ਸਕਦੀਆਂ ਹਨ।_**



# ਜੌਹਨ ਸਿੰਘ ਗਿੱਲ 'ਤੇ ਨੇਕੀ ਅਟਵਾਲ ਦੇ ਹਮਾਇਤੀਆਂ ਵਿਚਾਲੇ ਖੜਕਾ-ਦੜਕਾ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਨਗਰ ਕੀਰਤਨ ਤੋਂ ਪਹਿਲੀ ਸ਼ਾਮ ਸਿੱਖ ਯੂਥ ਆਫ ਅਮਰੀਕਾ ਦੇ ਆਗੂ ਅਤੇ ਉਘੇ ਟਰਾਂਸਪੋਰਟਰ ਜੌਹਨ ਸਿੰਘ ਗਿੱਲ ਅਤੇ ਸਟਾਕਟਨ ਵਾਸੀ ਟਰਾਂਸਪੋਰਟਰ ਸ. ਹਰਨੇਕ ਸਿੰਘ ਅਟਵਾਲ ਦੇ ਹਮਾਇਤੀਆਂ ਵਿਚਾਲੇ ਝੜਪ ਹੋ ਗਈ।


ਇਹ ਖੜਕਾ-ਦੜਕਾ ਬਾਬਾ ਜੌਹਨ ਸਿੰਘ ਗਿੱਲ ਅਤੇ ਉਨ੍ਹਾਂ ਦੇ ਹੀ ਸਾਂਢੂ ਨੇਕੀ ਅਟਵਾਲ ਦੇ ਗਰੁਪਾਂ ਵਿਚਾਲੇ ਉਦੋਂ ਹੋਇਆ ਜਦੋਂ ਡਾ. ਅਮਰਜੀਤ ਸਿੰਘ ਦੇ ਹਮਾਇਤੀ ਸਮਝੇ ਜਾਂਦੇ ਨੇਕੀ ਅਟਵਾਲ, ਗੁਲਵਿੰਦਰ (ਭਿੰਦਾ) ਗਾਖਲ, ਸਰਵਣ ਸਿੰਘ, ਕੁਲਜੀਤ ਸਿੰਘ ਨਿੱਝਰ, ਰਵਿੰਦਰ ਸਿੰਘ ਧਾਲੀਵਾਲ ਅਤੇ ਹੋਰ ਸਾਥੀ ਕੀਰਤਨ ਸੁਣਨ ਉਪਰੰਤ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿਚੋਂ ਨਿਕਲ ਕੇ ਬਾਹਰ ਆਏ ਸਨ। ਇਸੇ ਵੇਲੇ ਬਾਬਾ ਜੌਹਨ ਸਿੰਘ ਗਿੱਲ ਦੇ ਹਮਾਇਤੀ ਇਕ ਵਿਅਕਤੀ ਨੇ ਸ੍ਰੀ ਨੇਕੀ ਅਟਵਾਲ ਨੂੰ ਜੱਫਾ ਮਾਰ ਕੇ ਸੁੱਟਣ ਦੀ ਕੋਸ਼ਿਸ਼ ਕੀਤੀ। ਇਸ ਹੱਥੋਪਾਈ ਦੌਰਾਨ ਜੌਹਨ ਗਿੱਲ ਦੇ ਇਕ ਹੋਰ ਹਮਾਇਤੀ ਨੇ ਸ. ਨੇਕੀ ਦੇ ਇਕ ਹਮਾਇਤੀ ਉਤੇ ਪੈਪਰ ਸਪਰੇਅ ਕਰ ਦਿੱਤਾ। ਸ. ਨੇਕੀ ਦੇ ਭਰਾ ਅਤੇ ਹੋਰ ਹਮਾਇਤੀਆਂ ਨੇ ਪਲਾਂ ਵਿਚ ਹੀ ਹਮਲਾਵਰਾਂ ਨੂੰ ਢਾਹ ਲਿਆ ਅਤੇ ਉਨ੍ਹਾਂ ਦੀ ਚੰਗੀ ਮੁਰੰਮਤ ਵੀ ਕਰ ਦਿਤੀ। ਦੋਨਾਂ ਧਿਰਾਂ ਵਿਚਾਲੇ ਕੁਰਸੀਆਂ ਵੀ ਚੱਲੀਆਂ। ਪੁਲਿਸ ਦੇ ਝੱਟ ਹੀ ਮੌਕੇ ਉਤੇ ਪਹੁੰਚ ਜਾਣ ਕਾਰਨ ਹਾਲਾਤ ਬਹੁਤੇ ਨਾ ਵਿਗੜ ਸਕੇ। ਉਂਜ ਦੋਹਾਂ ਧਿਰਾਂ ਦੇ ਹਮਾਇਤੀ ਸਿਆਟਲ ਤਕ ਤੋਂ ਪਹੁੰਚੇ ਹੋਏ ਸਨ।

ਇਸ ਝਗੜੇ ਕਰਕੇ ਦਰਬਾਰ ਹਾਲ ਵਿਚ ਕੀਰਤਨ ਦਰਬਾਰ ਵਿਚ ਡਿਊਟੀ ਦੇ ਰਹੇ ਪ੍ਰਬੰਧਕਾਂ ਨੂੰ ਵੀ ਹਾਲ ਤੋਂ ਬਾਹਰ ਆਉਣਾ ਪਿਆ। ਨਤੀਜਾ ਇਹ ਸੀ ਕਿ ਇਕ ਰਾਗੀ ਜਥੇ ਦਾ ਸਮਾਂ ਖਤਮ ਹੋਣ ਤੋਂ ਬਾਅਦ ਨਵੇਂ ਜਥੇ ਨੂੰ ਸੱਦਾ ਦੇਣ ਵਾਲਾ ਸਟੇਜ ਸੈਕਟਰੀ ਵੀ ਨਹੀਂ ਸੀ ਲਭ ਰਿਹਾ।

ਬਾਅਦ ਵਿਚ ਜੌਹਨ ਸਿੰਘ ਗਿੱਲ ਅਤੇ ਉਸਦੇ ਸਾਥੀ ਸਿੱਖ ਯੂਥ ਆਫ ਅਮਰੀਕਾ ਵਲੋਂ ਲਾਏ ਗਏ ਲੰਗਰ ਵਿਚ ਚਲੇ ਗਏ। ਚਸ਼ਮਦੀਦ ਗਵਾਹਾਂ ਅਨੁਸਾਰ ਦੂਜੇ ਧੜੇ ਵਲੋਂ ਵਾਰ-ਵਾਰ ਲਲਕਾਰੇ ਜਾਣ ਦੇ ਬਾਵਜੂਦ ਉਨ੍ਹਾਂ ਵਿਚੋਂ ਕੋਈ ਬਾਹਰ ਨਹੀਂ ਆਇਆ। ਇਹ ਵੀ ਪਤਾ ਲੱਗਾ ਹੈ ਕਿ ਨੇਕੀ ਅਟਵਾਲ ਦੇ ਇਕ ਸਾਥੀ ਨੂੰ ਅੱਖਾਂ ਵਿਚ ਪੈਪਰ ਸਪਰੇਅ ਪੈ ਜਾਣ ਕਾਰਣ ਹਸਪਤਾਲ ਵੀ ਜਾਣਾ ਪਿਆ। ਪੁਲਿਸ ਵਲੋਂ ਕੁਝ ਵਿਅਕਤੀਆਂ ਨੂੰ ਹੱਥਕੜੀਆਂ ਵੀ ਲਾਈਆਂ ਗਈਆਂ ਪਰੰਤੂ ਕੋਈ ਗ੍ਰਿਫਤਾਰੀ ਪਾਏ ਜਾਣ ਦੀ ਪੁਸ਼ਟੀ ਨਹੀਂ ਹੋ ਸਕੀ।

ਸੂਤਰਾਂ ਅਨੁਸਾਰ ਕੁਝ ਸਮੇਂ ਬਾਅਦ ਬਾਬਾ ਜੌਹਨ ਸਿੰਘ ਗਿੱਲ ਨੂੰ ਦੋ ਪੁਲਿਸ ਐਸਕਾਰਟ ਕਾਰਾਂ ਦੀ ਮਦਦ ਨਾਲ ਉਥੋਂ ਜਾਂਦੇ ਵੇਖਿਆ ਗਿਆ। ਮੌਕੇ ਤੇ ਹਾਜਰ ਲੋਕਾਂ ਅਨੁਸਾਰ ਕਾਰ ਵਿਚ ਵੀ ਇਕ ਪੁਲਿਸ ਅਫਸਰ ਉਨ੍ਹਾਂ ਦੇ ਨਾਲ ਬੈਠਾ ਨਜ਼ਰ ਆਇਆ। ਕਿਸੇ ਗ੍ਰਿਫਤਾਰੀ ਦੀ ਪੁਸ਼ਟੀ ਨਹੀਂ ਹੋ ਸਕੀ। ਨਗਰ ਕੀਰਤਨ ਵਾਲੇ ਦਿਨ ਵੀ ਸ਼ਾਇਦ ਸੁਰੱਖਿਆ ਕਾਰਣਾਂ ਕਰਕੇ ਕਿਧਰੇ ਨਜ਼ਰ ਨਹੀਂ ਆਏ। ਨੇਕੀ ਅਟਵਾਲ ਦੇ ਅਤੇ ਉਨ੍ਹਾਂ ਦੇ ਸਾਥੀ ਨਗਰ ਕੀਰਤਨ ਵਿਚ ਵਡੀ ਗਿਣਤੀ ਵਿਚ ਹਾਜਰ ਸਨ ਤੇ ਉਨ੍ਹਾਂ ਦਾ ਗਰੁਪ ਬਿਊਟ ਹਾਊਸ ਨੇੜੇ ਖੜਾ ਪ੍ਰਤਖ ਵੇਖਿਆ ਜਾ ਸਕਦਾ ਸੀ।





**We go Global with Indian Values & Life Skills**

**CT Public School**
Pre Nry. to 10+2 (Affiliated to CBSE)
G.T. Road, Maqsudan, JALANDHAR (Pb.)

Teaching & Caring Together !



**AIR CONDITIONED HOSTELS**

- International Standards
- NRI Students pick up Indian Values
- Hundred percent Board Results of boarders
- Mint House for Doctors, Engineers and other upcoming fields
- Parental Attention to draw out the best

**Learning Centre**
For Bridging Sessional & Educational Gap of the NRI Students



Catering a Global Perspective with International Tours & Excursions

ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ

**PIVOTAL FEATURES :**
1. Personalized attention
2. Dedicated Teaching Faculty
3. Hi Tech Audio Visual Lab for communication Skills
4. Well equipped Maths Lab
5. Emphasis on Personality Development
6. Regular Swimming and Skating Classes for Primary Wing
7. Seminars & Workshops for Parents

**ASSOCIATE CT INSTITUTIONS**
❖ Engineering ❖ Pharmacy
❖ Management & I.T. ❖ Education (B.Ed.)
❖ Polytechnic ❖ Hotel Management
❖ Insurance Mgt. ❖ Retail Mgt.

Charanjit Singh 'Channi' — Chairman, CT Group of Institutions
Mrs. Lakhvinder Kaur — Principal, CTPS
+ 91-181-2250775, 2258802-03
+ 91-98149-20839, 98760-62638
www.ctpublicschool.com www.ctgroup.in
E-mail : ctps_school@yahoo.co.in

Its worth your visit !



**Bob Lynn Edwards, Jr.**
Free Initial Consultation
Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

*Ph:510-770-0500*

www.BobEdwards.com
3869 Peralta Boulevard, Fremont CA 94536-3712


*Visit us on the web:* ***punjabtimesusa.com***


**Attention Business Owners!!**



Are You Worried About Your Business When You're Not There?

**Are Worries Keeping You Awake?**

*Watch Your Business AnyTime Any Place.*

**NO PAYMENTS For 3 Months**

Financing & Lease Options For 12, 24, 36 Months Available.

*Promotion For July Free Cash Register Interface With Purchase Of Our DVR System*

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

ਵਾਜਬ ਕੀਮਤ, ਸਹੀ ਕੰਮ

**DVR UNLIMITED**

*Call:1-800-780-0032* *www.dvrunlimited.com*



ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥

**ਦੁਨੀਆਂ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਆਗਮਨ ਪੁਰਬ ਦੀ**

# ਲਖ ਲਖ ਵਧਾਈ

**East to West Realty**

A Real Estate & Investment Agency

*Hiring New Realtors*

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ



**(916) 501-3974, (916) 729-5453**

Email:nandsbrar@gmail.com

Nand S. Brar
Broker/Owner
DRE Lic No: 01816328

# ਸਿੱਖ ਜਥੇਬੰਦੀਆਂ ਵਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ

**ਪੰਜਾਬ ਟਾਈਮਜ਼ ਬਿਊਰੋ**

**ਅੰਮ੍ਰਿਤਸਰ:** 1984 ਵਿਚ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕਰਦਿਆਂ ਅਨੇਕਾਂ ਪੰਥਕ ਸੰਗਠਨਾਂ ਵਲੋਂ ਦਿਤੇ ਗਏ ਬੰਦ ਦੇ ਸੱਦੇ ਨੂੰ ਆਸ ਤੋਂ ਕਿਤੇ ਵਧ ਹੁੰਗਾਰਾ ਮਿਲਿਆ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਆਮ-ਜੀਵਨ ਪੂਰੀ ਤਰ੍ਹਾਂ ਪ੍ਰਭਾਵਤ ਹੋਇਆ ਜਦਕਿ ਕਈ ਹੋਰ ਜ਼ਿਲ੍ਹਿਆਂ ਵਿਚ ਬੰਦ ਦਾ ਅਸਰ ਘੱਟ ਸੀ।



*ਅੰਮ੍ਰਿਤਸਰ ਵਿਚ ਪੰਥਕ ਜਥੇਬੰਦੀਆਂ ਵਲੋਂ ਕੀਤਾ ਗਿਆ ਰੋਸ ਮਾਰਚ-ਫੋਟੋ:ਬਬਲੂ*

ਯਾਦ ਰਹੇ ਦਿੱਲੀ ਦੰਗਿਆਂ ਦੇ ਮਾਮਲੇ ਵਿਚ ਸਿੱਖਾਂ ਨੂੰ ਇਨਸਾਫ ਨਾ ਮਿਲਣ ਵਿਰੁਧ ਦਲ ਖਾਲਸਾ, ਦਮਦਮੀ ਟਕਸਾਲ, ਆਲ ਇੰਡੀਆਂ ਸਿੱਖ ਸਟੂਡੈਂਟਸ ਫਡਰੇਸ਼ਨ, ਖਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਲੌਂਗੋਵਾਲ ਦਲ ਵਲੋਂ ਬੰਦ ਦਾ ਇਹ ਸੱਦਾ ਦਿਤਾ ਗਿਆ ਸੀ। ਮਿਲੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਇਹ ਬੰਦ ਮੁਕੰਮਲ ਸ਼ਾਂਤਮਈ ਰਿਹਾ, ਭਾਵੇਂ ਕਿ ਕੁਝ ਕੁ ਥਾਵਾਂ ਤੇ ਛੋਟੇ ਮੋਟੇ ਲਾਠੀਚਾਰਜ ਦੀਆਂ ਘਟਨਾਵਾਂ ਵਾਪਰੀਆਂ ਹਨ। ਚੰਡੀਗੜ੍ਹ ਵਿਚ ਬੰਦ ਦਾ ਅਸਰ ਬਹੁਤ ਥੋੜਾ ਰਿਹਾ। ਬੰਦ ਦੇ ਅਸਰ ਕਾਰਨ ਅੰਮ੍ਰਿਤਸਰ, ਲੁਧਿਆਣਾ ਤੇ ਫਿਰੋਜ਼ਪੁਰ ਤੋਂ ਚੱਲਣ ਵਾਲੀਆਂ ਰੇਲਾਂ ਮੁਲਤਵੀ ਕਰ ਦਿੱਤੀਆਂ ਗਈਆਂ। ਰਾਜਪੁਰਾ, ਸ਼ੰਭੂ ਬੇਰੀਆਂ ਅਤੇ ਅੰਮ੍ਰਿਤਸਰ ਵਿਖੇ ਦਲ ਖਾਲਸਾ ਤੇ ਦਲ ਖਾਲਸਾ ਐਕਸ਼ਨ ਕਮੇਟੀ ਦੇ ਕਾਰਕੁਨਾਂ ਵਲੋਂ ਦਿਤੇ ਗਏ ਧਰਨੇ ਕਾਰਨ ਹੋਰ ਬਹੁਤ ਸਾਰੀਆਂ ਰੇਲਾਂ ਵੀ ਮੁਲਤਵੀ ਕਰਨੀਆਂ ਪਈਆਂ।

ਦਲ ਖਾਲਸਾ ਦੇ ਕਾਰਕੁਨਾ ਨੇ ਪੰਜਾਬ ਰੋਡਵੇਜ ਸਮੇਤ ਪ੍ਰਾਈਵੇਟ ਬੱਸਾਂ ਵੀ ਚੱਲਣ ਨਾ ਦਿੱਤੀਆਂ। ਰਾਜ ਦੇ ਬਹੁਤ ਹਿੱਸਿਆਂ ਵਿਚ ਦੁਕਾਨਾਂ ਤੇ ਕਾਰੋਬਾਰੀ ਅਦਾਰੇ ਬੰਦ ਰਹੇ। ਅਮ੍ਰਿਤਸਰ ਵਿਖੇ ਮੁੱਖ ਬੱਸ ਅੱਡੇ ਤੋਂ ਕੋਈ ਵੀ ਬੱਸ ਬਾਹਰ ਨਾ ਨਿਕਲਣ ਦਿੱਤੀ ਗਈ। ਇਸ ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਬਹੁਤ ਸਾਰੇ ਯਾਤਰੀ ਰੁੱਕੇ ਦਿਖੇ ਗਏ। ਸਿੱਖ ਜਥੇਬੰਦੀਆ ਦੇ ਕਾਰਕੁਨਾਂ ਨੇ ਜੰਮੂ ਦਿੱਲੀ ਰੇਲ ਮਾਰਗ, 'ਭਾਈਆਂ ਦਾ ਸ਼ਿਵਾਲਾ' ਵਿਖੇ ਸਵੇਰੇ ਚਾਰ ਵਜੇ ਹੀ ਰੋਕ ਲਿਆ। ਸ਼ਤਾਬਦੀ ਐਕਸਪ੍ਰੈਸ ਫੌਰੀ ਕੈਂਸਲ ਕਰ ਦਿੱਤੀ ਗਈ। ਕੋਈ ਵੀ ਰੇਲ ਬਾਅਦ ਦੁਪਹਿਰ ਤੱਕ ਨਾ ਆ ਸਕੀ। ਸੁਲਤਾਨਵਿੰਡ ਏਰੀਆ ਤੇ ਰਾਮਬਾਗ ਚੌਂਕ ਵਿਖੇ ਨੰਗੀਆਂ ਤਲਵਾਰਾਂ ਲੈ ਕੇ ਫਿਰ ਰਹੇ ਨੌਜਵਾਨਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਤੇ ਤਲਵਾਰਾਂ ਜਬਤ ਕਰ ਲਈਆਂ ਗਈਆਂ। ਬਾਅਦ ਵਿਚ ਇਨ੍ਹਾਂ ਨੌਜਵਾਨਾਂ ਨੂੰ ਰਿਹਾ ਕਰ ਦਿੱਤਾ ਗਿਆ। ਲੁਧਿਆਣਾ ਵਿਖੇ ਦੋ ਕੱਟੜ ਪੰਥੀ ਗੁੱਟਾਂ ਦੇ ਝਗੜੇ ਤੋਂ ਬਿਨਾਂ ਬੰਦ ਸ਼ਾਂਤਮਾਈ ਢੰਗ ਨਾਲ ਗੁਜ਼ਰ ਗਿਆ।

ਇਸ ਸ਼ਹਿਰ ਵਿਚ ਦੁਕਾਨਾਂ, ਕਾਰੋਬਾਰੀ ਅਦਾਰੇ, ਸਨਅਤੀ ਅਦਾਰੇ, ਵਿਦਿਅਕ ਅਦਾਰੇ ਬੰਦ ਰਹੇ। ਜਿਸ ਬਜ਼ਾਰ ਦੇ ਜਿਸ ਹਿੱਸੇ ਨੇ ਬੰਦ ਦੇ ਸੱਦੇ ਨੂੰ ਹੁੰਗਾਰਾ ਨਾ ਭਰਿਆ ਉਸਨੂੰ ਨੰਗੀਆਂ ਤਲਵਾਰਾਂ ਵਾਲੇ ਨੌਜਵਾਨਾਂ ਨੇ ਬੰਦ ਕਰਨ ਲਈ ਮਜਬੂਰ ਕਰ ਦਿੱਤਾ। ਪਟਿਆਲਾ ਵਿਖੇ ਪੁਲਿਸ ਨੂੰ ਹਲਕਾ ਲਾਠੀਚਾਰਜ ਕਰਨਾ ਪਿਆ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸ਼ਹਿਰ ਵਿਚ ਚੱਕਾ ਜਾਮ ਕੀਤਾ। ਕੁਝ ਸਿੱਖ ਗਰੁਪਾਂ ਨੇ ਪੰਜਾਬੀ ਯੂਨੀਵਰਸਿਟੀ ਅਤੇ ਮੁੱਖ ਬਸ ਸਟੈਂਡ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਨੇ ਪਟਿਆਲੇ ਦੇ ਬੱਸ ਸਟੈਂਡ ਸਾਹਮਣੇ ਧਰਨਾ ਦਿੱਤਾ। ਪੁਲਿਸ ਨੇ ਇਸ ਨੂੰ ਤਿੱਤਰ-ਬਿੱਤਰ ਕਰ ਦਿਤਾ ਬਹੁਤੇ ਧਰਨਾਕਾਰੀਆਂ ਪ੍ਰਦਰਸ਼ਨੀਆਂ ਨੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀਆਂ ਤਸਵੀਰਾਂ ਵਾਲੀਆਂ ਟੀ ਸ਼ਰਟਾਂ ਪਾਈਆਂ ਹੋਈਆਂ ਸਨ। ਜਲੰਧਰ ਵਿਚ ਧਰਨਾ ਅਮਨ ਅਮਾਨ ਨਾਲ ਗੁਜਰ ਗਿਆ। ਪੰਜ ਵਜੇ ਟਰੈਫਿਕ ਆਮ ਵਾਂਗ ਹੋ ਗਈ।

ਮੋਗੇ ਵਿਚ ਵੀ ਧਰਨਾਕਾਰੀਆਂ ਵਲੋਂ ਨੈਸ਼ਨਲ ਹਾਈਵੇਅ ਜਾਮ ਕੀਤਾ ਗਿਆ ਅਤੇ ਜ਼ਿਲ੍ਹਾ ਹੈਡ ਕਵਾਟਰਾਂ ਅੱਗੇ ਧਰਨੇ ਦਿੱਤੇ। ਮੋਗਾ ਬਰਨਾਲਾ ਰੋਡ ਵੀ ਬੰਦ ਕਰ ਦਿੱਤਾ ਗਿਆ। ਬਠਿੰਡਾ ਵਿਖੇ ਮੁੱਖ ਬੱਸ ਸਟੈਂਡ ਉਜਾੜ ਵਰਗਾ ਦ੍ਰਿਸ਼ ਪੇਸ਼ ਕਰ ਰਿਹਾ। ਬਾਦਲ ਟਰਾਂਸਪੋਰਟ ਸਮੇਤ ਸਾਰੀ ਟਰਾਂਸਪੋਰਟਾਂ ਬੰਦ ਰਹੀ। ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਅਬੋਹਰ ਫਾਜ਼ਿਲਕਾ ਦੇ ਬਜ਼ਾਰ ਬੰਦ ਕਰਵਾ ਦਿੱਤੇ। ਮਾਨਸਾ ਵਿਚ ਬਜ਼ਾਰ ਬੰਦ ਰਿਹਾ। ਸੰਗਰੂਰ ਅਤੇ ਬਰਨਾਲਾ ਵਿਚ ਵੀ ਬੰਦ ਦਾ ਕਾਫੀ ਪ੍ਰਭਾਵ ਰਿਹਾ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਆਪਣੇ ਆਗੂ ਬਲਵੀਰ ਸਿੰਘ ਰਾਜੇਵਾਲ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ ਨੂੰ ਮੈਮੋਰੰਡਮ ਦਿਤਾ। ਚੰਡੀਗੜ੍ਹ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਆਵਾਜਾਈ ਬੰਦ ਰਹੀ। ਵਿਦਿਅਕ ਅਦਾਰੇ ਤੇ ਵਿੱਤੀ ਕੇਂਦਰ ਖੁਲ੍ਹੇ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੰਦ ਨੂੰ ਅਮਨ ਪੂਰਬਕ ਸਿਰੇ ਲਾਉਣ ਲਈ ਰਾਜ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕੇਂਦਰ ਨੂੰ ਦਿਲੀ ਦੰਗਿਆਂ ਦਾ ਪ੍ਰਭਾਵਤ ਲੋਕਾਂ ਨੂੰ ਤੇਜੀ ਨਾਲ ਇਨਸਾਫ ਦੇਣ ਲਈ ਕਿਹਾ।

ਸਿੱਖ ਜਥੇਬੰਦੀਆਂ ਨੇ ਕਿਹਾ ਕਿ ਉਹ ਅੰਨ੍ਹੀ ਅਤੇ ਬੋਲੀ ਹੋ ਚੁਕੀ ਸਰਕਾਰ ਤਕ ਅਪਣੀ ਆਵਾਜ਼ ਪਹੁੰਚਾਉਣਾ ਚਾਹੁੰਦੇ ਹਨ ਤਾਂ ਕਿ ਸਿੱਖਾਂ ਨਾਲ ਹੋਏ ਧੱਕੇ ਦਾ ਇਨਸਾਫ਼ ਹੋ ਸਕੇ। ਆਗੂਆਂ ਨੇ ਦਸਿਆ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਛੇਤੀ ਹੀ ਇਕ ਵਫ਼ਦ ਦਿੱਲੀ ਸਥਿਤ ਸੰਯੁਕਤ ਰਾਸ਼ਟਰ ਦੇ ਦਫ਼ਤਰ ਤੱਕ ਪਹੁੰਚ ਕਰੇਗਾ।

ਤਰਨਤਾਰਨ ਵਿਖੇ ਕਰਫ਼ਿਊ ਵਰਗੇ ਹਾਲਾਤ ਬਣੇ ਰਹੇ। ਅਣਸੁਖਾਵੀਂ ਘਟਨਾ ਨਾਲ ਨਜਿਠਣ ਲਈ ਚੱਪੇ-ਚੱਪੇ ਉਤੇ ਪੁਲਿਸ ਤਾਇਨਾਤ ਕੀਤੀ ਗਈ ਸੀ। ਬਠਿੰਡਾ ਵਿਚ ਬੰਦ ਸ਼ਾਂਤੀਪੂਰਨ ਰਿਹਾ। ਨਿਜੀ ਬਸਾਂ ਬਿਲਕੁਲ ਬੰਦ ਰਹੀਆਂ। 90 ਫ਼ੀ ਸਦੀ ਦੁਕਾਨਾਂ, ਵਪਾਰਕ ਸੰਸਥਾਵਾਂ, ਪੈਟਰੋਲ ਪੰਪਾਂ ਅਤੇ ਸਿਖਿਆ ਸੰਸਥਾਵਾਂ ਬੰਦ ਰਹੀਆਂ। ਜ਼ਿਲ੍ਹੇ ਦੇ ਸੰਵੇਦਨਸ਼ੀਲ ਖੇਤਰਾਂ ਵਿਚ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ। ਵਪਾਰ ਮੰਡਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਦਿ ਜਥੇਬੰਦੀਆਂ ਨੇ ਬੰਦ ਨੂੰ ਹਮਾਇਤ ਦਿਤੀ।

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**



**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**
You can get all Homeopathic, Ayurvedic, Biochemic medicines at economical prices.
www.homeomedicine.net

Consultant /Practitioner
**GURDIP SINGH SANDHU**
**DHMS, Hons, BAMS, MDEH, 30 Years experience**
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**Real Estate and Loans Under One Roof**

**Call: Sam Chahal Tel: 916-612-5773**
**Multi-Million Dollars Producer-2007-08**

**Reo-Bankowned Properties**
**Serving from Bay Area to Sacramento**

***For Buying and Selling Residential, Commercial property and for Loans in Sacramento area***



**Sam (Sohanpreet)Chahal**
**CA Lic. 01504071**
**Realtor/Notary Public**
e-mail:sam@jassigill.com

We Help You Buy/Sell Business & Homes

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

**Golden State Realty**

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦਾ ਸਾਲਾਨਾ ਸਮਾਗਮ

**ਫਰਿਜ਼ਨੋ:** ਇਥੇ 25 ਅਕਤੂਬਰ ਨੂੰ ਹੋਇਆ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦਾ 17ਵਾਂ ਸਾਲਾਨਾ ਸਮਾਗਮ ਜਿਥੇ ਸਾਹਿਤਕਾਰਾਂ ਦਾ ਸੰਗਮ ਬਣਿਆ ਉਥੇ ਪੰਜਾਬੀ ਬੋਲੀ ਦੀ ਪੜ੍ਹਾਈ







ਨੂੰ ਉਤਸ਼ਾਹਿਤ ਕਰਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਮਾਣ-ਸਨਮਾਨ ਕੀਤਾ ਗਿਆ। ਕਵੀ ਦਰਬਾਰ ਅਤੇ ਸ਼ਾਮ ਨੂੰ ਹੋਏ ਸੰਗੀਤ ਸਮਾਗਮ ਨੇ ਚਾਹਵਾਨਾਂ ਦੀ ਚੰਗੀ ਕਵਿਤਾ ਤੇ ਸਾਹਿਤ ਸੁਣਨ ਤੋਂ ਇਲਾਵਾ ਗੀਤ-ਸੰਗੀਤ ਦੀ ਭੁੱਖ ਦੀ ਤ੍ਰਿਪਤੀ ਕੀਤੀ।

ਦੁਪਹਿਰ ਇਕ ਵਜੇ ਪਹਿਲਾ ਸਮਾਗਮ ਸ਼ੁਰੂ ਕਰਦਿਆਂ ਸੰਚਾਲਕ ਹਰਜਿੰਦਰ ਕੰਗ ਨੇ ਅਕੈਡਮੀ ਦੀਆਂ ਸਰਗਰਮੀਆਂ ਨੂੰ ਸੰਖੇਪ ਵਿਚ ਦਰਸ਼ਕਾਂ ਨਾਲ ਸਾਂਝਾ ਕੀਤਾ। ਕਰਮ ਸਿੰਘ ਮਾਨ ਨੇ 'ਮਣੀਆ' ਕਹਾਣੀ ਪੜ੍ਹ ਕੇ ਸਾਹਿਤਕ ਮਹੌਲ ਬੰਨ੍ਹ ਦਿੱਤਾ। ਨੌਜਵਾਨ ਪੀੜੀ ਦੇ ਪੰਜਾਬੀ ਸਭਿਆਚਾਰ ਨਾਲ ਜੁੜਨ ਦੇ ਮਸਲੇ ਬਾਰੇ ਗੱਲ ਸ਼ੁਰੂ ਕਰਦਿਆਂ ਸੁਖਵਿੰਦਰ ਕੰਬੋਜ਼ ਨੇ ਬੋਲੀ ਨੂੰ ਸਭਿਆਚਾਰ ਦੀ ਆਹਾਰ ਨਾੜੀ ਦੱਸਿਆ। ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਬੋਲੀ ਅਤੇ ਸਭਿਆਚਾਰ ਵਿਰਾਸਤ ਵਿਚੋਂ ਗ੍ਰਹਿਣ ਕੀਤੇ ਜਾਂਦੇ ਹਨ ਜਿਸ ਵਿਚ ਮਾਪਿਆਂ ਦਾ ਰੋਲ ਬਹੁਤ ਮਹੱਤਵਪੂਰਨ ਹੈ।ਪੰਜਾਬੀ ਸਕੂਲ ਦੀ ਅਧਿਆਪਕਾ ਦਵਿੰਦਰ ਕੌਰ ਸਿੱਧੂ, ਸੁਖਵਿੰਦਰ ਕੌਰ ਸਰਾਂ ਤੇ ਵਿਦਿਆਰਥਣ ਰਮਨੀਤ ਸਰਾਂ ਨੇ ਸਕੂਲ ਦੀਆਂ ਗਤੀਵਿਧੀਆਂ ਅਤੇ ਦਰਪੇਸ਼ ਮੁਸ਼ਕਲਾਂ ਸਾਂਝੀਆਂ ਕੀਤੀਆਂ। ਵਿਦਿਆਰਥਣਾਂ ਜੋਤੀ ਕਲੇਰ ਅਤੇ ਪਵਨਦੀਪ ਨੇ ਵੀ ਹਾਜ਼ਰੀ ਲੁਆਈ। ਪੰਜਾਬੀ ਸਭਿਆਚਾਰ ਅਤੇ ਬੋਲੀ ਦੀ ਸੇਵਾ ਕਰ ਰਹੇ ਇਲਾਕੇ ਦੇ ਪੰਜਾਬੀ ਸਕੂਲਾਂ ਨੂੰ ਸਨਮਾਨ ਪੱਤਰਾਂ ਨਾਲ ਨਿਵਾਜਿਆ ਗਿਆ।

ਉਪਰੋਕਤ ਅਧਿਆਪਕਾਂ ਤੋਂ ਇਲਾਵਾ ਗੁੱਡੀ ਸਿੱਧੂ ਅਤੇ ਜਸਵਿੰਦਰ ਸਿੰਘ ਤੱਖਰ ਨੇ ਮੌਕੇ 'ਤੇ ਹਾਜ਼ਰ ਹੋ ਕੇ ਸਨਮਾਨ ਪੱਤਰ ਪ੍ਰਾਪਤ ਕੀਤੇ ਅਤੇ ਕਰੱਦਰਜ਼ ਸਕੂਲ ਦਾ ਸਨਮਾਨ ਪੱਤਰ ਚਰਨਜੀਤ ਸਿੰਘ ਬਾਠ ਨੇ ਪ੍ਰਾਪਤ ਕੀਤਾ। ਪੁਸਤਕ ਰਿਲੀਜ਼ ਹਿੱਸੇ ਵਿਚ ਗੀਤਕਾਰ ਮੰਗਲ ਹਠੂਰ ਦਾ ਨਾਵਲ 'ਜ਼ਖ਼ਮੀ ਪੱਲ', ਪ੍ਰੋ. ਕਸ਼ਮੀਰ ਕਾਦਰ ਦਾ ਗੀਤ ਸੰਗ੍ਰਹਿ 'ਧਰਤੀ ਨੂੰ ਕਲੀ ਕਰਾ ਦੇ', ਸੰਤੋਖ ਸਿੰਘ ਮਿਨਹਾਸ ਦਾ ਕਾਵਿ ਸੰਗ੍ਰਹਿ 'ਫੁੱਲ ਤਿਤਲੀ ਤੇ ਉਹ', ਕਰਮ ਸਿੰਘ ਮਾਨ ਦਾ ਬਾਹਰਲੇ ਬੱਚਿਆਂ ਨੂੰ ਮੁੱਖ ਰੱਖ ਕੇ ਲਿਖਿਆ ਪੰਜਾਬੀ ਕਾਇਦਾ 'ਪੜ੍ਹੋ ਪੰਜਾਬੀ' ਅਤੇ ਉਨ੍ਹਾਂ ਵਲੋਂ ਹੀ ਸੰਪਾਦਤ ਸਵਰਗੀ ਮੇਜਰ ਸਿੰਘ ਰਾਏ ਦੀ ਪੁਸਤਕ 'ਯਾਰਾਂ ਨਾਲ ਬਹਾਰਾਂ' ਦੀ ਮੂੰਹ ਦਿਖਾਈ ਕੀਤੀ ਗਈ।

ਪ੍ਰਸਿੱਧ ਗੀਤਕਾਰ ਅਤੇ ਫਿਲਮਸਾਜ਼ ਸ੍ਰੀ ਇੰਦਰਜੀਤ ਸਿੰਘ ਹਸਨਪੁਰੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਹਸਨਪੁਰੀ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਪ੍ਰੋ. ਕਸ਼ਮੀਰ ਕਾਦਰ ਨੇ ਵਿਚਾਰ ਪੇਸ਼ ਕੀਤੇ ਅਤੇ ਮਾਸਟਰ ਸੁਰਜੀਤ ਸਿੰਘ ਸੰਧੂ ਨੇ ਵੀ ਹਸਨਪੁਰੀ ਨਾਲ ਆਪਣੀਆਂ ਯਾਦਾਂ ਸਾਂਝੀਆ ਕਤਿੀਆਂ।

ਬਾਅਦ ਦੁਪਹਿਰ ਕਵੀ ਦਰਬਾਰ ਹੋਇਆ ਜਿਸ ਦੀ ਪ੍ਰਧਾਨਗੀ ਰੇਸ਼ਮ ਸਿੱਧੂ, ਕਸ਼ਮੀਰ ਕਾਦਰ ਅਤੇ ਮੰਗਲ ਹਠੂਰ ਨੇ ਕੀਤੀ। ਦੋ ਦਰਜਨ ਤੋਂ ਵੱਧ ਸ਼ਾਇਰਾਂ ਨੇ ਆਪਣੇ ਵੰਨ-ਸਵੰਨੇ ਕਲਾਮਾਂ ਨਾਲ ਸਰੋਤਿਆਂ ਤੋਂ ਖੂਬ ਵਾਹ ਵਾਹ ਖੱਟੀ। ਕਵੀ ਦਰਬਾਰ ਦੀ ਸ਼ੋਭਾ ਬਣੇ ਸ਼ਾਇਰਾਂ ਵਿਚ ਸੁਖਵਿੰਦਰ ਕੰਬੋਜ਼, ਸਤੀਸ਼ ਗੁਲਾਟੀ, ਸ਼ਸ਼ੀ ਸਮੁੰਦਰਾ, ਕੁਲਵਿੰਦਰ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਦਲਜੀਤ ਰਿਆੜ, ਜਗਜੀਤ ਨੌਸ਼ਹਿਰਵੀ, ਕਸ਼ਮੀਰ ਕਾਦਰ, ਮੰਗਲ ਹਠੂਰ, ਰੇਸ਼ਮ, ਅਮਨਦੀਪ ਬੋਪਾਰਾਏ, ਸੰਤੋਖ ਮਿਨਹਾਸ, ਸਾਧੂ ਸੰਘਾ, ਸ਼ਾਹਗੀਰ ਗਿੱਲ, ਜਰਨੈਲ ਬਰਿੰਦਪੁਰੀ ਆਦਿ ਜ਼ਿਕਰਯੋਗ ਹਨ। ਸਰੋਤਿਆਂ ਨੇ ਸਮੁੱਚੇ ਕਵੀ ਦਰਵਾਰ ਦਾ ਆਨੰਦ ਮਾਣਿਆਂ।

ਸ਼ਾਮ ਢਲੇ ਸੰਗੀਤਕ ਦਰਬਾਰ ਦੀ ਸ਼ੁਰੂਆਤ ਕਰਦਿਆਂ ਰਾਜ ਬਰਾੜ ਅਤੇ ਮਿੱਕੀ ਸਰਾਂ ਨੇ ਵਧੀਆ ਰੰਗ ਬੰਨ੍ਹਿਆ। ਉਘੇ ਗਾਇਕ ਨਿਰਮਲਜੀਤ ਨਿੰਮਾ ਨੇ ਸ਼ਾਮ ਦੇ ਰੰਗ ਵਿਚ ਸੁਰਾਂ ਦੇ ਰੰਗ ਭਰ ਦਿੱਤੇ। ਚੰਦਨ ਨੇ ਖੂਬਸੂਰਤ ਗ਼ਜ਼ਲਾਂ ਗਾ ਕੇ ਸ਼ਾਮ ਨੂੰ ਹੋਰ ਵੀ ਰੰਗੀਲਾ ਕਰ ਦਿੱਤਾ। ਧਰਮਵੀਰ ਥਾਂਦੀ ਨੇ ਆਪਣੇ ਅੰਦਾਜ਼ ਵਿਚ ਗੀਤ ਪੇਸ਼ ਕਰਕੇ ਮਨ ਮੋਹ ਲਏ। ਉਘੇ ਗਾਇਕ ਸੁਖਦੇਵ ਸਾਹਿਲ ਦੇ ਸੁਰੀਲੇ ਸੁਰਾਂ ਨੇ ਗ਼ਜ਼ਲਾਂ, ਗੀਤਾਂ, ਟੱਪੇ ਅਤੇ ਕਲਾਸੀਕਲ ਗਾਇਨ ਦੀਆਂ ਵੰਨਗੀਆਂ ਪੇਸ਼ ਕਰਕੇ ਸੰਗੀਤ ਦਰਬਾਰ ਨੂੰ ਸਿਖਰਾਂ 'ਤੇ ਪਹੁੰਚਾਇਆ। ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਸਥਵਾਂ ਦੇ ਮੈਂਬਰਾਂ ਦੇ ਨਾਲ ਨਾਲ ਸੈਂਕੜੇ ਸਰੋਤਿਆਂ ਨੇ ਹਰ ਪਲ ਦਾ ਆਨੰਦ ਮਾਣਿਆ। ਅਖੀਰ ਤੱਕ ਚਾਹ ਪਾਣੀ ਅਤੇ ਭੋਜਨ ਵਰਤਦਾ ਰਿਹਾ। ਸਾਰੇ ਸਮਾਗਮ ਦੀ ਕਾਰਵਾਈ ਹਰਜਿੰਦਰ ਕੰਗ ਨੇ ਬਖੂਬੀ ਨਿਭਾਈ। ਪੁਸਤਕ ਪ੍ਰਕਾਸ਼ਕ ਸਤੀਸ਼ ਗੁਲਾਟੀ ਨੇ ਬੜੇ ਉਦਮ ਨਾਲ ਭਾਰਤ ਤੋਂ ਪੁਸਤਕਾਂ ਨਾਲ ਲਿਆ ਕੇ ਪੁਸਤਕ ਪ੍ਰਦਰਸ਼ਨੀ ਲਾਈ। ਲੋਕਾਂ ਨੇ ਪੁਸਤਕਾਂ ਖਰੀਦ ਕੇ ਪੰਜਾਬੀ ਪ੍ਰਤੀ ਆਪਣਾ ਮੋਹ ਦਿਖਾਇਆ।

## ਯੂਬਾ ਸਿਟੀ ਨਗਰ ਕੀਰਤਨ

*(ਸਫਾ 3 ਦੀ ਬਾਕੀ)*

ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ ਅਤੇ ਹੋਰ ਗੁਰਮੁਖਾਂ ਨੇ ਆਪਣੇ ਦਸਵੰਧ 'ਚੋਂ ਮਾਇਆ ਕੱਢੀ। ਸੇਵਾ ਸਿਮਰਨ ਸੁਸਾਇਟੀ ਦੇ ਸੇਵਾਦਾਰਾਂ ਦਾ ਰੋਸ ਸੀ ਕਿ ਪ੍ਰਬੰਧਕਾਂ ਨੇ ਸੁਸਾਇਟੀ ਦੇ ਰਾਸ਼ਨ ਦੇ ਟਰੱਕ ਗੁਰੂਘਰ ਦੀ ਹਦੂਦ ਅੰਦਰ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

***

ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਮਰੀਕਾ ਵਿਚ ਸੰਨ 2010 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਸਟਾਲ ਲਾਇਆ ਹੋਇਆ ਸੀ। ਉਹ ਦੱਸ ਰਹੇ ਸਨ ਕਿ ਮਰਦਮਸ਼ੁਮਾਰੀ ਵਿਚ ਸ਼ਾਮਲ ਹੋਣਾ ਸਿੱਖਾਂ ਦੀ ਪਛਾਣ ਅਤੇ ਉਨ੍ਹਾਂ ਦੀ ਅਮਰੀਕਾ ਵਿਚ ਗਿਣਤੀ ਬਾਰੇ ਜਾਣਕਾਰੀ ਲਈ ਕਿੰਨਾ ਜ਼ਰੂਰੀ ਹੈ।

***

ਕਈ ਲੋਕ ਨਿਰੋਲ ਮੇਲਾ ਵੇਖਣ ਦੇ ਮੂਡ ਵਿਚ ਵੀ ਆਏ ਹੋਏ ਸਨ ਅਤੇ ਇਸ ਮੌਕੇ ਲਾਏ ਗਏ ਵੱਖ ਵੱਖ ਸਟਾਲਾਂ 'ਤੇ ਖਰੀਦਦਾਰੀ ਕਰਨ ਵਿਚ ਮਸ਼ਰੂਫ ਸਨ। ਕਈ ਲੋਕ ਕੰਬਲਾਂ ਦੀਆਂ ਗੱਠਾਂ ਚੁੱਕੀ ਜਾਂਦੇ ਵੇਖੇ ਗਏ। ਪਾਰਕਿੰਗ ਦਾ ਕੋਈ ਬਹੁਤਾ ਵਧੀਆ ਪ੍ਰਬੰਧ ਨਹੀਂ ਸੀ ਹੋ ਸਕਿਆ। ਸ਼ਟਲ ਦਾ ਪ੍ਰਬੰਧ ਨਾ ਹੋਣ ਕਰਕੇ ਕਈ ਲੋਕਾਂ ਨੂੰ ਦੋ ਦੋ ਤਿੰਨ ਤਿੰਨ ਮੀਲ ਚੱਲਣਾ ਪਿਆ।

***

ਨਗਰ ਕੀਰਤਨ ਵਿਚ ਹਾਜ਼ਰ ਸੰਗਤਾਂ ਦੀ ਗਿਣਤੀ ਹਮੇਸ਼ਾ ਵਾਂਗ ਇਸ ਵਾਰ ਵੀ ਵੱਖ ਵੱਖ ਧਿਰਾਂ ਵਲੋਂ ਵੱਖ ਵੱਖ ਆਂਕੀ ਜਾਏਗੀ। ਯੂਬਾ ਸਿਟੀ ਤੋਂ ਛਪਦੇ ਅੰਗਰੇਜ਼ੀ ਅਖਬਾਰ ਅਪੀਲ ਡੈਮੋਕਰੈਟ ਨੇ ਇਹ ਗਿਣਤੀ 75 ਹਜ਼ਾਰ ਦੱਸੀ ਹੈ। ਜਦੋਂਕਿ ਭਾਰਤੀ ਮੂਲ ਦੀ ਇਕ ਅੰਗਰੇਜ਼ੀ ਵੈਬ ਸਾਈਟ ਨੇ ਇਹ ਗਿਣਤੀ ਦਸ ਲੱਖ ਕਹਿ ਮਾਰੀ ਹੈ। ਪੰਜਾਬੀ ਅਖਬਾਰਾਂ ਵਲੋਂ ਇਹ ਗਿਣਤੀ ਪਿਛਲੇ ਸਾਲਾਂ ਵਿਚ 40 ਹਜ਼ਾਰ ਤੋਂ ਇਕ ਲੱਖ ਦੱਸੀ ਜਾਂਦੀ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਲਗਾਤਾਰ ਇਸ ਨਗਰ ਕੀਰਤਨ ਵਿਚ ਸ਼ਾਮਲ ਹੁੰਦੇ ਕਈ ਸ਼ਰਧਾਲੂਆਂ ਨੇ ਕਿਹਾ ਕਿ ਗਿਣਤੀ ਕੁਲ ਮਿਲਾ ਕੇ ਪਿਛਲੇ ਸਾਲਾਂ ਜਿੰਨੀ ਹੀ ਸੀ।

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਗੋਲੀਬਾਰੀ ਵਿਚ ਦੋ ਹਲਾਕ

**ਅੰਮ੍ਰਿਤਸਰ:** ਬੀਤੀ 3 ਨਵੰਬਰ ਨੂੰ ਪੁਲਿਸ ਥਾਣਾ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਖੰਨਾ ਚਮਿਆਰਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਮੀਨ ਦਾ ਵਿਵਾਦ ਉਸ ਵੇਲੇ ਨਵਾਂ ਮੋੜ ਲੈ ਗਿਆ, ਜਦੋਂ ਐਸ ਜੀ ਪੀ ਸੀ ਦੀ ਟਾਸਕ ਫੋਰਸ ਅਤੇ ਕਾਸ਼ਤਕਾਰ ਕਿਸਾਨਾਂ 'ਚ ਤਕਰਾਰਬਾਜ਼ੀ ਤੋਂ ਬਾਅਦ ਚੱਲੀ ਗੋਲੀ ਦੌਰਾਨ ਦੋ ਕਿਸਾਨ ਹਲਾਕ ਅਤੇ ਕਈ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਗੋਲੀ ਚੱਲਣ ਦੌਰਾਨ ਕਸ਼ਮੀਰ ਸਿੰਘ ਪੁੱਤਰ ਪਾਲ ਸਿੰਘ ਮੌਕੇ 'ਤੇ ਹੀ ਮਾਰਿਆ ਗਿਆ, ਜਦਕਿ ਬਲਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਨੇ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਆ ਕੇ ਦਮ ਤੋੜ ਦਿੱਤਾ।

ਜ਼ਖ਼ਮੀਆਂ ਵਿਚ ਪਿੰਡ ਦਾ ਮੌਜੂਦਾ ਸਰਪੰਚ ਬਲਜੀਤ ਸਿੰਘ, ਰਣਜੀਤ ਸਿੰਘ ਤੇ ਉਸਦੀ ਮਾਤਾ, ਨੱਥਾ ਸਿੰਘ, ਚੰਨਣ ਸਿੰਘ, ਬਲਜੀਤ ਸਿੰਘ, ਪਾਲਾ ਸਿੰਘ, ਗੁਰਨਾਮ ਸਿੰਘ, ਹਰਦੀਪ ਸਿੰਘ, ਲੱਖਾ ਸਿੰਘ ਆਦਿ ਸ਼ਾਮਲ ਹਨ।

ਪਿੰਡ ਚਮਿਆਰਾ ਦੇ ਕਈ ਵਿਅਕਤੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਐਸ ਜੀ ਪੀ ਸੀ ਦੀ ਇਸ ਪਿੰਡ ਦੇ ਆਸ-ਪਾਸ 650 ਕਿੱਲ੍ਹਿਆਂ ਦੇ ਕਰੀਬ ਜ਼ਮੀਨ ਹੈ, ਜੋ ਕਿ ਕਈ ਸਾਲਾਂ ਤੋਂ ਮੁਜਾਰਿਆਂ ਰਾਹੀਂ ਵਾਹੀ ਜਾ ਰਹੀ ਸੀ। ਪਿੰਡ ਵਾਸੀਆਂ ਵਲੋਂ ਧਨਵੰਤ ਸਿੰਘ ਖਤਰਾਏ ਕਲਾਂ ਸੂਬਾ ਕਮੇਟੀ ਮੈਂਬਰ ਨੇ ਦੱਸਿਆ ਕਿ 3 ਨਵੰਬਰ ਦੀ ਸ਼ਾਮ ਵੇਲੇ ਐਸ ਜੀ ਪੀ ਸੀ ਦੇ 300 ਦੇ ਕਰੀਬ ਮੁਲਾਜ਼ਮ ਟਰੈਕਟਰ-ਟਰਾਲੀਆਂ ਤੇ ਹੋਰ ਗੱਡੀਆਂ ਉੱਪਰ ਸਵਾਰ ਹੋ ਕੇ ਆਏ। ਉਨ੍ਹਾਂ ਨੇ ਆਉਂਦਿਆਂ ਹੀ ਰਾਇਫਲਾਂ ਤੇ ਤੇਜ਼ਧਾਰ ਹਥਿਆਰਾਂ ਨਾਲ ਜ਼ਮੀਨ ਵਾਹ ਰਹੇ ਮੁਜਾਰਿਆਂ 'ਤੇ ਹਮਲਾ ਕਰਕੇ ਜ਼ਮੀਨ ਜ਼ਬਰਦਸਤੀ ਵਾਹ ਦਿੱਤੀ।

WELLS FARGO HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.**

- **Priority Buyer ® preapproval**
- **Low down payment options for qualified borrowers**
- **Purchases and refinances**
- **Wells Fargo Closing Guarantee** SM1



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.
© 2009 Wells Fargo Bank, N.A. All rights reserved. #6749110/09-1/10

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Kashmir S. Thandi**
**Office: (866) 933-3038**
**Balhar S. Rana**
**Cell:916-502-7733**

**Call For Special Price**

**4585 Pell Dr. Secramento CA, 95838**

# ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਖਿਲਾਫ ਕਾਰਵਾਈ ਦੀ ਮੰਗ


**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਆਨੰਦਪੁਰ ਸਾਹਿਬ: ਪੰਜਾਬ ਤੋਂ ਬਾਹਰੇ ਤਖ਼ਤਾਂ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਿਚਕਾਰ ਚਲ ਰਹੀ ਸਰਦ ਜੰਗ ਉਸ ਵੇਲੇ ਮਘ ਗਈ ਜਦੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਨੇ ਜਥੇਦਾਰ ਨੰਦਗੜ੍ਹ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਲਈ ਮੰਗ ਕੀਤੀ। ਉਨ੍ਹਾਂ ਇਸ ਸਬੰਧੀ ਅਕਾਲ ਤਖਤ ਨੂੰ ਵਿਸ਼ੇਸ਼ ਪੱਤਰ ਲਿਖਿਆ ਹੈ।

ਗੌਰਤਲਬ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨਾਂਦੇੜ ਵਿਖੇ ਉਥੋਂ ਦੇ ਪੰਜ ਸਿੰਘ ਸਾਹਿਬਾਨ, ਜਿਨ੍ਹਾਂ ਵਿਚ ਜਥੇਦਾਰ ਗਿਆਨੀ ਕੁਲਵੰਤ ਸਿੰਘ, ਮੀਤ ਜਥੇਦਾਰ ਜੋਤਿੰਦਰ ਸਿੰਘ, ਹੈੱਡ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ, ਮੀਤ ਗ੍ਰੰਥੀ ਕਸ਼ਮੀਰ ਸਿੰਘ, ਧੂਪੀਆ ਰਾਮ ਸਿੰਘ ਦੀ ਹੋਈ ਇਕੱਤਰਤਾ ਵਿਚ ਵਿਚਾਰ ਕਰਕੇ ਗੁਰਮਤਾ ਕੀਤਾ ਗਿਆ, "ਪ੍ਰਿਥੀਚੰਦ ਵਾਂਗ ਗੁਰੂਘਰ ਨਾ ਜਾਓ ਕਹਿਣ ਵਾਲੇ ਜਥੇਦਾਰ ਨੰਦਗੜ੍ਹ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।"

ਮੀਟਿੰਗ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਲਿਖੇ ਪੱਤਰ ਵਿਚ ਸਪਸ਼ਟ ਲਿਖਿਆ ਗਿਆ ਹੈ ਕਿ 23 ਅਕਤੂਬਰ 2009 ਨੂੰ ਇਕ ਅਖ਼ਬਾਰ ਵਿਚ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਲੋਂ ਇਹ ਬਿਆਨ ਦਿੱਤਾ ਗਿਆ ਸੀ ਕਿ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਕੋਈ ਨਾ ਜਾਵੇ। ਇਹ ਨਿੰਦਣਯੋਗ ਹੈ। ਪੱਤਰ ਵਿਚ ਲਿਖਿਆ ਗਿਆ ਹੈ, "ਭਾਵੇਂ ਅਸੀਂ ਖੁਦ ਸੁਤੰਤਰ ਵੀ ਹਾਂ ਅਤੇ ਹਰ ਤਰ੍ਹਾਂ ਨਾਲ ਜਵਾਬ ਦੇ ਸਕਦੇ ਹਾਂ, ਪਰ ਪੰਥ ਦੇ ਵੱਡੇ ਹਿੱਤਾਂ ਨੂੰ ਵੇਖਦਿਆਂ ਅਸੀਂ ਚੁੱਪ ਰਹਿ ਰਹੇ ਹਾਂ। ਕਿਉਂਕਿ ਪੰਥ ਦੇ ਪੈਰਾਂ ਥੱਲੇ ਪਹਿਲਾਂ ਹੀ ਬਹੁਤ ਕੰਡੇ ਵਿਛੇ ਹਨ। ਇਸ ਕਰਕੇ ਅਸੀਂ ਕੋਈ ਜਵਾਬੀ ਕਾਰਵਾਈ ਨਹੀਂ ਕਰ ਰਹੇ।"

ਇਸ ਪੱਤਰ ਵਿਚ ਲਿਖਿਆ ਹੈ ਕਿ ਤਖ਼ਤ ਸੱਚਖੰਡ ਸ੍ਰੀ



*ਜਥੇਦਾਰ ਬਲਵੰਤ ਸਿੰਘ ਨੰਦਗੜ੍ਹ*

ਹਜ਼ੂਰ ਸਾਹਿਬ ਜਾਣ ਤੋਂ ਰੋਕਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ। ਪੱਤਰ ਵਿਚ ਜਥੇਦਾਰ ਅਕਾਲ ਤਖ਼ਤ ਨੂੰ ਲਿਖਿਆ ਹੈ,"ਆਪ ਜੀ ਪੰਥਕ ਏਕਤਾ ਲਈ ਨਾਨਕਸ਼ਾਹੀ ਕੈਲੰਡਰ ਵਿਚ ਸੁਧਾਈ ਕਰਕੇ ਲਾਗੂ ਕਰਨ ਦਾ ਵਿਚਾਰ ਕਰ ਰਹੇ ਹੋ ਤੇ ਨਾਨਕਸ਼ਾਹੀ ਜੰਤਰੀ ਦਾ ਮਸਲਾ ਹੱਲ ਹੋਣ ਦੇ ਕਿਨਾਰੇ 'ਤੇ ਹੈ। ਇਸੇ ਤਰ੍ਹਾਂ ਜਥੇਦਾਰ ਨੰਦਗੜ੍ਹ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਕੇ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ ਤੇ ਸਜ਼ਾ ਦਿੱਤੀ ਜਾਵੇ।" ਇਸ ਪੱਤਰ ਤੋਂ ਬਾਅਦ ਜਿੱਥੇ ਸਿੱਖ ਕੌਮ ਦੇ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਵਿਵਾਦ ਜੱਗ-ਜਾਹਿਰ ਹੋ ਗਿਆ ਹੈ, ਉੱਥੇ ਸਿੰਘ ਸਾਹਿਬਾਨ ਦੇ ਵਿਚਕਾਰ ਆਰ-ਪਾਰ ਦੀ ਲੜਾਈ ਵੀ ਸ਼ੁਰੂ ਹੋ ਗਈ ਹੈ। ਇਸ ਸਬੰਧ ਵਿਚ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਫੋਨ ਉੱਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ, "ਮੈਂ ਅੱਜ ਹੀ ਇਥੇ ਆਇਆ ਹਾਂ ਅਤੇ ਮੇਰੇ ਕੋਲ ਅਜੇ ਤੱਕ ਅਜਿਹਾ ਕੋਈ ਪੱਤਰ ਨਹੀਂ ਪਹੁੰਚਿਆ। ਜਿਵੇਂ ਹੀ ਪੱਤਰ ਮਿਲਦਾ ਹੈ ਤਾਂ ਉਸ ਉੱਤੇ ਸਿੰਘ ਸਾਹਿਬਾਨ ਦੀ ਹੋਣ ਵਾਲੀ ਬੈਠਕ ਵਿਚ ਵਿਚਾਰ ਕੀਤਾ ਜਾਵੇਗਾ। ਉਸ ਅਨੁਸਾਰ ਹੀ ਫੈਸਲਾ ਲਿਆ ਜਾਵੇਗਾ।"

ਇਸ ਬਾਰੇ ਵਿਚ ਜਦ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ, "ਮੈਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਵਿਰੋਧ ਨਹੀਂ ਕਰਦਾ ਬਲਕਿ ਉਥੋਂ ਦੇ ਪ੍ਰਬੰਧਕਾਂ ਅਤੇ ਉਨ੍ਹਾਂ ਦੀ ਮਨ ਮਤਿ ਦਾ ਵਿਰੋਧ ਕਰਦਾ ਹਾਂ।" ਉਨ੍ਹਾਂ ਕਿਹਾ ਕਿ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਵਿਚੋਂ ਵਾਕ ਲਿਆ ਜਾਂਦਾ ਹੈ ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਹੋਰ ਤਾਂ ਹੋਰ ਉਥੇ ਮੂਰਤੀ ਪੂਜਾ ਕੀਤੀ ਜਾਂਦੀ ਹੈ। ਟੱਲੀਆਂ ਵਜਾ ਕੇ ਆਰਤੀ ਕੀਤੀ ਜਾਂਦੀ ਹੈ।ਉਨ੍ਹਾਂ ਪੰਜਾਬ ਦੇ ਸੰਤਾਂ ਅਤੇ ਤਖ਼ਤਾਂ ਦੇ ਸਿੰਘ ਸਾਹਿਬਾਨ ਉੱਤੇ ਵਰ੍ਹਦਿਆਂ ਕਿਹਾ ਕਿ ਉਹ ਵੀ ਹਜ਼ੂਰ ਸਾਹਿਬ ਜਾ ਕੇ ਟਿੱਕੇ ਲਗਵਾ ਕੇ ਆਉਂਦੇ ਹਨ। ਸਿੰਘ ਸਾਹਿਬਾਨ ਉਥੇ ਜਾਕੇ ਪਜ਼ਾਮੇ ਉਤਾਰ ਕੇ ਉਨ੍ਹਾਂ ਦੀ ਮਰਿਆਦਾ ਅਨੁਸਾਰ ਕਛਹਿਰਿਆਂ ਵਿਚ ਅੰਦਰ ਦਾਖਲ ਹੁੰਦੇ ਹਨ। ਇਹੀ ਨਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਸਬੰਧੀ ਹੱਥ ਖੜ੍ਹੇ ਕਰ ਚੁੱਕੀ ਹੈ। ਇੰਜ ਨੰਦਗੜ੍ਹ ਦੀ ਬਾਕੀ ਜਥੇਦਾਰਾਂ ਨਾਲ ਸੁਰ ਨਹੀਂ ਮਿਲ ਰਹੀ।


## Matrimonials

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

**ਆਦਿ ਧਰਮੀ ਲੜਕਾ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**

**Uncle invites correspondence for nephew 22, 5'11" jatt sikh handsome boy diploma in culinary arts & B.sc in hotel mgt currently working in Chandigarh, looking for well educated, beautiful girl preferablly from USA citizen or green card holder contact:301-653-7029 e-mail: balbirgoraya@yahoo.com**

**Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**


# ਹਾਮਿਦ ਕਰਜ਼ਈ ਬਿਨ ਮੁਕਾਬਲਾ ਰਾਸ਼ਟਰਪਤੀ ਐਲਾਨੇ

**ਕਾਬੁਲ :** ਅਫ਼ਗਾਨਿਸਤਾਨ ਦੇ ਚੋਣ ਕਮਿਸ਼ਨ ਨੇ ਦੂਜੇ ਪੜਾਅ ਦੀ ਚੋਣ ਰੱਦ ਕਰਦਿਆਂ ਹਾਮਿਦ ਕਰਜ਼ਈ ਨੂੰ ਜੇਤੂ ਐਲਾਨ ਦਿੱਤਾ ਹੈ। ਦੂਜੇ ਦੌਰ ਦੀ ਚੋਣ ਸ਼ਨੀਵਾਰ (7 ਨਵੰਬਰ) ਨੂੰ ਹੋਣੀ ਸੀ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਹੁਦੇ ਦੇ ਦੂਜੇ ਉਮੀਦਵਾਰ ਅਬਦੁੱਲਾ-ਅਬਦੁੱਲਾ ਨੇ ਚੋਣਾਂ ਤੋਂ ਹਟਣ ਦਾ ਐਲਾਨ ਕਰਦਿਆਂ ਕਰਜ਼ਈ ਲਈ ਰਾਹ ਪੱਧਰਾ ਕਰ ਦਿੱਤਾ ਸੀ। ਅਫ਼ਗਾਨਿਸਤਾਨ ਦੇ ਸੁਤੰਤਰ ਚੋਣ ਕਮਿਸ਼ਨਰ ਅਜ਼ੀਜ਼ ਉਲਾ ਲੁਦਿਨ ਨੇ ਇਕ ਪੱਤਰਕਾਰ ਸੰਮੇਲਨ 'ਚ ਚੋਣ ਰੱਦ ਹੋਣ ਅਤੇ ਕਰਜ਼ਈ ਦੇ ਚੁਣੇ ਜਾਣ ਦਾ ਐਲਾਨ ਕੀਤਾ। ਉਨ੍ਹਾਂ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ 7 ਨਵੰਬਰ ਦੀ ਚੋਣ ਨੂੰ ਰੱਦ ਕਰਨ ਦਾ ਫ਼ੈਸਲਾ ਬੱਚਤ ਕਰਨ ਅਤੇ ਅਫ਼ਗਾਨਿਸਤਾਨ ਨੂੰ ਹੋਰ ਵਧੇਰੇ ਢਾਹ ਨਹੀਂ ਲੱਗਣ ਦੇਣ ਦੇ ਮਕਸਦ ਨਾਲ ਕੀਤਾ ਗਿਆ ਹੈ, ਜਿਸ ਨਾਲ ਦੇਸ਼ ਨੂੰ ਸਿਆਸੀ ਅਤੇ ਆਰਥਿਕ ਤੌਰ 'ਤੇ ਨੁਕਸਾਨ ਪੁੱਜ ਸਕਦਾ ਸੀ। ਉਨ੍ਹਾਂ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਅਸੀਂ ਇਹ ਐਲਾਨ ਕਰਦੇ ਹਾਂ ਕਿ ਹਾਮਿਦ ਕਰਜ਼ਈ ਜਿਨ੍ਹਾਂ ਪਹਿਲੇ ਪੜਾਅ ਦੀ ਚੋਣ 'ਚ ਵਧ ਵੋਟਾਂ ਹਾਸਿਲ ਕੀਤੀਆਂ ਹਨ ਅਤੇ ਹੁਣ ਦੂਜੇ ਪੜਾਅ ਦੀ ਚੋਣ 'ਚ ਇਕੱਲੇ ਉਮੀਦਵਾਰ ਹਨ, ਅਫ਼ਗਾਨਿਸਤਾਨ ਦੇ ਚੁਣੇ ਹੋਏ ਰਾਸ਼ਟਰਪਤੀ ਹੋਣਗੇ। ਚੋਣ ਕਮਿਸ਼ਨ ਨੇ ਇਹ ਐਲਾਨ ਹਾਮਿਦ ਕਰਜ਼ਈ ਦੇ ਵਿਰੋਧੀ ਅਬਦੁੱਲਾ- ਦੇ ਚੋਣਾਂ ਤੋਂ ਪਿੱਛੇ ਹਟਣ ਦੇ ਐਲਾਨ ਤੋਂ ਇਕ ਦਿਨ ਬਾਅਦ ਕੀਤਾ। ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ 'ਚ ਪਹਿਲੇ ਪੜਾਅ ਦੀ ਚੋਣ 20 ਅਗਸਤ ਨੂੰ ਹੋਈ ਸੀ ਅਤੇ ਸ਼ੁਰੂਆਤੀ ਗਿਣਤੀ 'ਚ ਹਾਮਿਦ ਕਰਜ਼ਈ ਨੂੰ ਜੇਤੂ ਸਮਝਿਆ ਜਾ ਰਿਹਾ ਸੀ। ਪਰ ਬਾਅਦ 'ਚ ਜਾਂਚ ਦੌਰਾਨ ਚੋਣਾਂ 'ਚ ਵਿਆਪਕ ਧਾਂਦਲੀ ਦੇ ਦੋਸ਼ਾਂ ਨੂੰ ਸਹੀ ਪਾਇਆ ਗਿਆ, ਜਿਸ ਤੋਂ ਬਾਅਦ ਪਹਿਲੇ ਦੌਰ ਦੀ ਚੋਣ 'ਚ ਕੋਈ ਫ਼ੈਸਲਾ ਨਹੀਂ ਸੀ ਹੋ ਸਕਿਆ ਤੇ ਦੂਜੇ ਪੜਾਅ ਦੇ ਚੋਣ ਦੀ ਨੌਬਤ ਆਈ ਸੀ।

## ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ -ਇੰਦਰਕੁਮਾਰ ਗੁਜ਼ਰਾਲ

**ਨਵੀਂ ਦਿੱਲੀ:**ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜ਼ਰਾਲ ਨੇ ਕਿਹਾ ਹੈ ਕਿ 1984 'ਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਵਿਚ ਬਹੁਤ ਥੋੜਾ ਇਨਸਾਫ ਹੋ ਸਕਿਆ ਹੈ। ਪੰਜਾਬ ਦੇ ਸਿੱਖਾਂ ਲਈ ਹਰ ਸਮੇਂ ਹਾਂ ਦਾ ਨਾਹਰਾ ਮਾਰਨ ਵਾਲੀ ਸ਼ਖਸ਼ੀਅਤ ਨੇ ਕਿਹਾ ਕਿ ਇੰਦਰਾ ਗਾਂਧੀ ਨੂੰ ਮਾਰਨ ਲਈ ਸਾਰੇ ਸਿੱਖਾਂ ਨੂੰ ਜ਼ਿਮੇਵਾਰ ਨਹੀਂ ਸੀ ਠਹਿਰਾਇਆ ਜਾਣਾ ਚਾਹੀਦਾ।ਇਸ ਮਾਮਲੇ ਵਿਚ ਤੇਜ਼ੀ ਨਾਲ ਇਨਸਾਫ ਕੀਤਾ ਜਾਣਾ ਚਾਹੀਦਾ ਹੈ।

ਸੀਨੀਅਰ ਪੱਤਰਕਾਰ, ਲੇਖਕ ਅਤੇ ਸਾਬਕਾ ਰਾਜ ਸਭਾ ਮੈਂਬਰ ਸ੍ਰੀ ਕੁਲਦੀਪ ਨਈਅਰ ਨੇ ਵੀ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨਾਲ ਅਜੇ ਇਨਸਾਫ਼ ਨਹੀਂ ਹੋਇਆ। 25 ਸਾਲ ਹੋ ਗਏ ਨੇ, ਪਰ ਅੱਜ ਤਕ ਇਕ ਵੀ ਦੋਸ਼ੀ ਫ਼ਾਹੇ ਤਾਂ ਨਹੀਂ ਲੱਗਾ। ਸਿੱਖ ਕੌਮ ਨੂੰ, ਪੀੜਤਾਂ ਨੂੰ ਨਿਆਂ ਮਿਲਣਾ ਹੀ ਚਾਹੀਦਾ ਹੈ ਭਾਵੇਂ ਹੋਰ ਕਿੰਨਾ ਸਮਾਂ ਲੱਗ ਜਾਵੇ।

ਸ੍ਰੀ ਨਈਅਰ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਆਪਣੇ ਮੁਲਕ ਵਿਚ, ਆਪਣੇ ਲੋਕਾਂ ਨਾਲ ਹੋਏ ਇਸ ਵਰਤਾਰੇ 'ਤੇ ਦੁਨੀਆ ਦੇ ਇਤਿਹਾਸ 'ਚ ਥਾਂ ਬਣਾ ਚੁੱਕੇ ਇਸ ਕਤਲੇਆਮ ਬਾਰੇ ਅਜੇ ਤਕ ਕੁਝ ਪਤਾ ਨਹੀਂ ਲਾਇਆ ਜਾ ਸਕਿਆ। ਉਨ੍ਹਾਂ ਦਾ ਕਹਿਣਾ ਹੈ, 'ਪੁਲਿਸ ਤਾਂ ਦੋਸ਼ੀਆਂ ਨੂੰ ਪਾਤਾਲ 'ਚੋਂ ਵੀ ਲੱਭ ਲੈਂਦੀ ਹੈ।' ਸ੍ਰੀ ਨਈਅਰ ਨੂੰ ਅਸਲ ਵਿਚ ਹੁਣ ਤਕ ਇਹੀ ਪ੍ਰਸ਼ਨ ਤੰਗ ਕਰਦਾ ਹੈ ਕਿ ਸਜ਼ਾਵਾਂ ਦੇਣੀਆਂ ਤਾਂ ਦੂਰ ਇਸ ਦੇਸ਼ ਦੀ ਵਿਵਸਥਾ ਹੁਣ ਤਕ ਇਹ ਲੱਭਣ ਅਤੇ ਦੇਸ਼ ਨੂੰ ਇਹ ਦੱਸਣ ਵਿਚ ਹੀ ਨਾਕਾਮ ਰਹੀ ਹੈ ਕਿ ਦੇਸ਼ ਦੀ ਰਾਜਧਾਨੀ ਵਿਚ ਇਕ ਫ਼ਿਰਕੇ ਦੇ ਹਜ਼ਾਰਾਂ ਲੋਕਾਂ ਨੂੰ ਕੋਹ ਕੋਹ ਕੇ ਅਤੇ ਜ਼ਿੰਦਾ ਜਲਾ ਕੇ ਕਤਲ ਕਰ ਦੇਣ ਵਾਲੇ ਲੋਕ ਕੌਣ ਸਨ ਅਤੇ ਉਨ੍ਹਾਂ ਦੇ ਮਗਰ ਕਿਹੜੀ ਸ਼ਕਤੀ ਸੀ? ਉਨ੍ਹਾਂ ਕਿਹਾ ਕਿ ਇਕ ਫ਼ਿਰਕਾ ਕਹਿੰਦਾ ਹੈ ਕਿ ਉਨ੍ਹਾਂ ਨੇ ਸਿੱਖ ਨਹੀਂ ਮਾਰੇ, ਭਾਜਪਾ ਕਹਿੰਦੀ ਹੈ ਇਹ ਸਾਡਾ ਕੰਮ ਨਹੀਂ ਅਤੇ ਵੱਡੀ ਗੱਲ ਤਾਂ ਇਹ ਹੈ ਕਿ ਕਾਂਗਰਸ ਕਹਿੰਦੀ ਹੈ ਕਿ ਇਹ ਸਾਡਾ ਕੰਮ ਨਹੀਂ। ਸ੍ਰੀ ਨਈਅਰ ਦਾ ਕਹਿਣਾ ਹੈ ਕਿ ਇਹ ਕੋਈ ਦੰਗਾ ਨਹੀਂ ਸੀ ਕਿ ਪਤਾ ਨਾ ਲੱਗੇ ਕਿ ਕੌਣ ਕਿਸਨੂੰ ਮਾਰ ਗਿਆ। ਇਹ ਇਕਪਾਸੜ ਕਤਲੇਆਮ ਸੀ, ਹਜ਼ਾਰਾਂ ਲੋਕਾਂ ਦਾ ਕਤਲੇਆਮ। ਇਸ ਲਈ ਪਤਾ ਤਾਂ ਲੱਗਣਾ ਹੀ ਚਾਹੀਦਾ ਹੈ ਕਿ ਆਖ਼ਿਰ ਇਹ ਸਭ ਕਿਸਨੇ ਕੀਤਾ।







# ਪੰਜਾਬੀ ਲਾਗੂ ਕਰਵਾਉਣ ਲਈ ਸਾਹਿਤ ਸਭਾਵਾਂ ਨੇ ਸਿਰ ਜੋੜਿਆ

**-ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਪੰਜਾਬੀ ਭਾਸ਼ਾ ਨੂੰ ਸਰਕਾਰੇ-ਦਰਬਾਰੇ ਲਾਗੂ ਕਰਵਾਉਣ ਲਈ ਪੰਜਾਬ ਦੀਆਂ ਲੇਖਕ ਸੰਸਥਾਵਾਂ ਅਤੇ ਵੱਖ-ਵੱਖ ਵਿਚਾਰਧਾਰਾਵਾਂ ਰੱਖਣ ਵਾਲੇ ਲੇਖਕ ਆਖਰ ਇਕ ਮੰਚ ਉੱਪਰ ਆ ਗਏ ਹਨ। ਉਧਰ ਪੰਜਾਬ ਸਰਕਾਰ ਵਲੋਂ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਨੇ ਨਵੰਬਰ ਮਹੀਨਾ ਪੰਜਾਬੀ ਮਹੀਨੇ ਵਜੋਂ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਇਸ ਮਹੀਨੇ ਅੰਦਰ ਮੰਤਰੀ ਅਨੁਸਾਰ ਪੰਜਾਬੀ ਨੂੰ ਵਿਆਪਕ ਪੱਧਰ 'ਤੇ ਲਾਗੂ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਸਿੱਖਿਆ ਮੰਤਰੀ ਅਨੁਸਾਰ ਜਿਹੜੇ ਸਕੂਲਾਂ ਨੇ ਹਾਲੇ ਵੀ ਪੰਜਾਬੀ ਭਾਸ਼ਾ ਨੂੰ ਲਾਗੂ ਨਹੀਂ ਕੀਤਾ ਉਨ੍ਹਾਂ ਖ਼ਿਲਾਫ਼ ਕਾਰਵਾਈ ਲਈ ਅਲਟੀਮੇਟਮ ਦੇ ਦਿੱਤਾ ਗਿਆ ਹੈ ਤੇ ਸਮਾਂ ਖਤਮ ਹੋਣ ਤੋਂ ਬਾਅਦ ਇਨ੍ਹਾਂ ਸਕੂਲਾਂ ਦੇ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਥੇ ਜ਼ਿਕਰਯੋਗ ਹੈ ਕਿ ਲੇਖਕ ਸਭਾਵਾਂ ਸਰਕਾਰ ਤੋਂ ਮੰਗ ਕਰ ਰਹੀਆਂ ਹਨ ਕਿ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਇਕ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਜਾਵੇ ਅਤੇ ਨਾਲ ਹੀ ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਪੰਜਾਬ ਵਿਚ ਬਣੇ ਹਰ ਸਕੂਲ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕੀਤਾ ਜਾਵੇ, ਭਾਵੇਂ ਉਹ ਕਿਸੇ ਵੀ ਬੋਰਡ ਨਾਲ ਸੰਬੰਧਿਤ ਹੈ। ਇਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਸੀ ਬੀ ਐਸ ਸੀ ਬੋਰਡ ਨਾਲ ਸੰਬੰਧਿਤ ਪੰਜਾਬ ਵਿਚ ਸਥਿਤ ਬਹੁਤ ਸਾਰੇ ਸਕੂਲ ਹਾਲੇ ਵੀ ਪੰਜਾਬੀ ਭਾਸ਼ਾ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨ ਤੋਂ ਚਿਰਕਿਚਾਹਟ ਦਿਖਾ ਰਹੇ ਹਨ।

ਇਸੇ ਸੰਬੰਧ ਵਿਚ ਲੰਘੀ 2 ਨਵੰਬਰ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵਲੋਂ ਸਾਂਝੇ ਤੌਰ 'ਤੇ ਲੁਧਿਆਣਾ ਵਿਖੇ ਇਕ ਕਾਨਫਰੰਸ ਕੀਤੀ ਗਈ ਹੈ। ਇਸ ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਲੇਖਕਾਂ ਬੁੱਧੀਜੀਵੀਆਂ ਨੇ ਸ਼ਮੂਲੀਅਤ ਕੀਤੀ। ਕਨਵੈਨਸ਼ਨ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪਕੁਲਪਤੀ ਡਾ. ਐਸ ਪੀ ਸਿੰਘ ਨੇ ਕੀਤੀ। ਇਸ ਤੋਂ ਇਲਾਵਾ ਇਸ ਕਾਨਫਰੰਸ ਵਿਚ ਡਾ. ਸਤਿੰਦਰ ਸਿੰਘ ਨੂਰ, ਡਾ. ਦੀਪਕ ਮਨਮੋਹਣ, ਜਸਵੰਤ ਸਿੰਘ ਕੰਵਲ, ਸੁਰਜੀਤ ਪਾਤਰ, ਪ੍ਰੋ. ਅਨੂਪ ਸਿੰਘ ਵਿਰਕ ਅਤੇ ਤੇਜਵੰਤ ਸਿੰਘ ਮਾਨ ਜਿਹੇ ਵਿਦਵਾਨਾਂ ਨੇ ਸ਼ਿਰਕਤ ਕੀਤੀ। ਸਿਆਸੀ ਆਗੂਆਂ ਵਿਚੋਂ ਕਾਂਗਰਸੀ ਵਿਧਾਇਕ ਮੱਖਣ ਸਿੰਘ ਨੇ ਨਾ ਸਿਰਫ ਕਾਨਫਰੰਸ ਵਿਚ ਸ਼ਾਮਲ ਹੋਏ ਸਗੋਂ ਉਨ੍ਹਾਂ ਕਿਹਾ ਕਿ ਕੇਂਦਰੀ ਲੇਖਕ ਸਭਾ ਦਾ ਮੈਂਬਰ ਹੋਣ ਦੇ ਨਾਤੇ ਇਸ ਲੜਾਈ ਨੂੰ ਉਹ ਹਰ ਪਹਿਲੂ ਤੋਂ ਵਿਧਾਨ ਸਭਾ ਵਿਚ ਉਠਾਉਣ ਦਾ ਯਤਨ ਕਰਨਗੇ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਵਿਧਾਇਕ ਮੱਖਣ ਸਿੰਘ ਵਲੋਂ ਪੰਜਾਬ ਵਿਧਾਨ ਸਭਾ ਵਿਚ ਮੁੱਦਾ ਉਠਾਉਣ ਪਿਛੋਂ ਹੀ ਮੌਜੂਦਾ ਅਕਾਲੀ ਸਰਕਾਰ ਨੇ ਪੰਜਾਬੀ ਨੂੰ ਲਾਗੂ ਕਰਨ ਲਈ ਦੋ ਨਵੇਂ ਕਾਨੂੰਨ ਬਣਾਉਣ ਲਈ ਕਦਮ ਚੁੱਕੇ ਸਨ। ਪਹਿਲੇ ਐਕਟ ਵਿਚ ਰਾਜ ਵਿਚ ਹਰ ਪੱਧਰ 'ਤੇ ਪੰਜਾਬੀ ਭਾਸ਼ਾ ਲਾਗੂ ਕਰਨੀ ਲਾਜ਼ਮੀ ਹੈ। ਇਸ ਐਕਟ ਦੀ ਅਣਦੇਖੀ ਕਰਨ ਵਾਲਿਆਂ ਵਿਰੁਧ ਕਾਨੂੰਨੀ ਕਾਰਵਾਈ ਅਧੀਨ ਸਜ਼ਾਵਾਂ ਦੇਣ ਦੀ ਵਿਵਸਥਾ ਕੀਤੀ ਗਈ ਹੈ। ਜਦੋਂਕਿ ਦੂਜੇ ਐਕਟ ਤਹਿਤ ਪੰਜਾਬ ਸਰਕਾਰ ਨੇ ਰਾਜ ਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਵਿਸ਼ੇ ਨੂੰ ਲਾਜ਼ਮੀ ਕਰਾਰ ਦਿੱਤਾ ਹੈ। ਪੰਜਾਬੀ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ ਪਹਿਲੇ ਪੜਾਅ 'ਤੇ 25 ਹਜ਼ਾਰ ਰੁਪਏ, ਦੂਜੇ ਪੜਾਅ 'ਤੇ 50,000 ਰੁਪਏ ਤੇ ਤੀਜੇ ਪੜਾਅ 'ਤੇ 75,000 ਰੁਪਏ ਜੁਰਮਾਨਾ ਕਰਨ ਦਾ ਪ੍ਰਾਬਧ ਹੈ। ਜੇ ਫਿਰ ਵੀ ਕੋਈ ਅਦਾਰਾ ਇਸ ਐਕਟ ਅਧੀਨ ਕੰਮ ਨਹੀਂ ਕਰਦਾ ਤਾਂ ਉਸ ਸਿੱਖਿਆ ਅਦਾਰੇ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ। ਪਰ ਦਿਲਚਸਪ ਤੱਥ ਇਹ ਹੈ ਕਿ ਸਰਕਾਰ ਨੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਖਿਲਾਫ ਪਿਛਲੇ ਸਮੇਂ ਵਿਚ ਕੋਈ ਕਾਰਵਾਈ ਨਹੀਂ ਕੀਤੀ।

ਪੰਜਾਬੀ ਲਾਗੂ ਕਰਨ ਲਈ ਲੇਖਕਾਂ ਦੀਆਂ ਉਪਰੋਕਤ ਕੋਸ਼ਿਸ਼ਾਂ ਤੋਂ ਇਲਾਵਾ ਚੰਡੀਗੜ੍ਹ ਤੋਂ ਛਪਦੇ ਪੰਜਾਬੀ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਵਲੋਂ ਪਿਛਲੇ ਕੁਝ ਦਿਨਾਂ ਤੋਂ ਪੰਜਾਬੀ ਦੇ ਹੱਕ ਵਿਚ ਇਕ ਮੁਹਿੰਮ ਵੀ ਚਲਾਈ ਜਾ ਰਹੀ ਹੈ ਜਿਸ ਤਹਿਤ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੇ ਵਿਚਾਰ ਅਖਬਾਰ ਦੇ ਪਹਿਲੇ ਪੰਨ੍ਹੇ 'ਤੇ ਛਾਪੇ ਜਾ ਰਹੇ ਹਨ। ਇਸ ਤਹਿਤ ਪੰਜਾਬੀ ਨਾਲ ਸੰਬੰਧਤ ਸਮੱਸਿਆਵਾਂ ਨੂੰ ਸਾਹਮਣੇ ਲਿਆਂਦਾ ਜਾ ਰਿਹਾ ਹੈ।

ਪੰਜਾਬੀ ਲੇਖਕਾਂ ਅਤੇ ਸਾਹਿਤਕਾਰਾਂ ਵਲੋਂ ਭਾਵੇਂ ਇਸ ਦੌਰਾਨ ਕਾਫੀ ਗੰਭੀਰ ਮੁੱਦੇ ਉਠਾਏ ਗਏ ਹਨ ਅਤੇ ਭਾਸ਼ਾ ਟ੍ਰਿਬਿਊਨਲ ਤੋਂ ਇਲਾਵਾ ਪੰਜਾਬੀ ਨੂੰ ਰੁਜ਼ਗਾਰ ਨਾਲ ਜੋੜਨ ਦੀਆਂ ਮਹੱਤਵਪੂਰਨ ਮੰਗਾਂ ਵੀ ਰੱਖੀਆਂ ਗਈਆਂ ਹਨ ਪਰ ਭਾਸ਼ਾ ਸੰਬੰਧੀ ਚੱਲ ਰਹੀ ਇਸ ਬਹਿਸ ਵਿਚੋਂ ਉਹ ਬੁਨਿਆਦੀ ਮੁੱਦੇ ਗਾਇਬ ਹਨ ਜਿਨ੍ਹਾਂ ਕਾਰਨ ਪੰਜਾਬੀ ਦਾ ਪਤਨ ਸ਼ੁਰੂ ਹੋਇਆ ਹੈ।

ਪੰਜਾਬੀ ਭਾਸ਼ਾ ਦੇ ਕਮਜ਼ੋਰ ਹੋਣ ਦਾ ਮਸਲਾ ਅਸਲ ਵਿਚ ਪੰਜਾਬੀ ਸਭਿਆਚਾਰਕ ਕੌਮੀਅਤ ਦੇ ਆਰਥਿਕ ਅਤੇ ਸਿਆਸੀ ਪਤਨ ਨਾਲ ਜੁੜਿਆ ਹੋਇਆ ਹੈ। ਇਸ ਨੁਕਤੇ ਤੋਂ ਜਦੋਂ ਅਸੀਂ ਮੌਜੂਦਾ ਪੰਜਾਬੀ ਸਮਾਜ ਵਲ ਵੇਖਦੇ ਹਾਂ ਤਾਂ ਪੰਜਾਬੀ ਭਾਸ਼ਾ ਸਿਰਫ ਪਿੰਡਾਂ ਦੇ ਗਰੀਬ ਅਤੇ ਪਛੜੇ ਤਬਕਿਆਂ ਤੱਕ ਸੀਮਤ ਰਹਿ ਗਈ ਹੈ। ਇਸ ਤੋਂ ਇਲਾਵਾ ਗਾਉਣ ਵਜਾਉਣ ਵਾਲੇ ਗਾਇਕ ਇਸਨੂੰ ਵਰਤਦੇ ਹਨ। ਭਾਵੇਂ ਪੰਜਾਬੀ ਦੇ 5-6 ਵੱਡੇ ਰੋਜ਼ਾਨਾ ਅਖ਼ਬਾਰ ਨਿਕਲਦੇ ਹਨ ਅਤੇ ਅਨੇਕਾਂ ਹੀ ਮਹੀਨੇਵਾਰ ਮੈਗਜ਼ੀਨ ਵੀ ਛਪਦੇ ਹਨ, ਇਸਦੇ ਬਾਵਜੂਦ ਇਸ ਭਾਸ਼ਾ ਨੂੰ ਉਹ ਆਰਥਿਕ ਸੰਭਾਲਾ ਨਹੀਂ ਮਿਲ ਰਿਹਾ ਜਿਸ ਨਾਲ ਇਸ ਨੇ ਸੰਸਾਰ ਸਿਆਸਤ ਅਤੇ ਆਰਥਿਕਤਾ ਦੇ ਮੁਕਾਬਲੇ ਵਿਚ ਪੈਣਾ ਹੈ। ਸ਼ਾਇਦ ਇਸੇ ਕਾਰਨ ਯੂਨੈਸਕੋ ਵਲੋਂ ਇਸਦੇ ਖਾਤਮੇ ਦੀਆਂ ਗੱਲਾਂ ਹੋਣ ਲੱਗੀਆਂ ਹਨ।

ਭਾਸ਼ਾ ਮਾਹਿਰਾਂ ਅਨੁਸਾਰ ਪੰਜਾਬੀ ਭਾਸ਼ਾ ਦੇ ਬਚਾਅ ਲਈ ਦੋ ਗੱਲਾਂ ਬਹੁਤ ਮਹੱਤਵਪੂਰਨ ਹਨ। ਇਕ ਇਹ ਕਿ ਕਿਸੇ ਖ਼ਿੱਤੇ ਦੀ ਰਾਜਨੀਤਕ ਤਾਕਤ ਇਸਨੂੰ ਆਪਣੇ ਹਿੱਕ ਨਾਲ ਲਾਵੇ। ਦੂਜਾ ਇਹ ਕਿ ਉਸ ਖ਼ਿੱਤੇ ਦੀ ਆਰਥਿਕਤਾ ਮੁਕੰਮਲ ਰੂਪ ਵਿਚ ਇਸ ਭਾਸ਼ਾ ਵਿਚ ਚੱਲੇ ਅਤੇ ਅੰਗਰੇਜ਼ੀ ਸਿਰਫ ਵਿਦੇਸ਼ੀ ਅਤੇ ਵਿਗਿਆਨਕ ਸੰਪਰਕ ਦੀ ਭਾਸ਼ਾ ਹੋਵੇ। ਅੱਜ ਹਾਲਤ ਇਹ ਹੈ ਕਿ ਪੰਜਾਬੀ ਭਾਸ਼ਾ ਨੂੰ ਸਿਰਫ ਦਿਹਾਤੀ ਖੇਤਰ ਬੋਲਦਾ ਹੈ ਅਤੇ ਪੰਜਾਬ ਦੇ ਲਗਾਤਾਰ ਵਧ ਰਹੇ ਸ਼ਹਿਰੀਕਰਨ ਕਾਰਨ ਇਹ ਦਿਹਾਤੀ ਖੇਤਰ ਵੀ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਪੰਜਾਬ ਵਿਚ ਹੋਇਆ ਸਨਅਤੀਕਰਨ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਦੁਸ਼ਮਣ ਹੈ । ਸਨਅਤੀਕਰਨ ਨੇ ਅਬਾਦੀ ਦੇ ਅਜਿਹੇ ਵੱਡੇ ਟਾਪੂ ਉਸਾਰ ਦਿੱਤੇ ਹਨ ਜਿੱਥੋਂ ਪੰਜਾਬੀ ਭਾਸ਼ਾ ਲਗਭਗ ਮੁਕੰਮਲ ਰੂਪ ਵਿਚ ਬੇਦਖਲ ਹੋ ਗਈ ਹੈ। ਸੰਸਾਰੀਕਰਨ ਅਤੇ ਭਾਰਤ ਸਟੇਟ ਦਾ ਗੱਠਜੋੜ ਇਨ੍ਹਾਂ ਟਾਪੂਆਂ ਨੂੰ ਹੋਰ ਫੈਲਾ ਤੇ ਮਜ਼ਬੂਤ ਕਰ ਰਿਹਾ ਹੈ। ਇਸੇ ਕਰਕੇ ਪੰਜਾਬੀ ਭਾਸ਼ਾ ਦੇ ਬਚਾਅ ਲਈ ਪੰਜਾਬ ਦੇ ਸਨਅਤੀਕਰਨ ਨੂੰ ਪੰਜਾਬ ਦੀ ਰਵਾਇਤੀ ਖੇਤੀ ਨਾਲ ਜੋੜਿਆ ਜਾਣਾ ਬਹੁਤ ਜ਼ਰੂਰੀ ਹੈ। ਪੰਜਾਬ ਦੀ ਖੇਤੀ ਨਾਲ ਜੁੜਿਆ ਸਨਅਤੀਕਰਨ ਅਤੇ ਸਨਅਤੀ ਖੇਤਰ ਵਿਚ ਪੰਜਾਬੀ ਮਜ਼ਦੂਰਾਂ ਲਈ ਰੋਜ਼ਗਾਰ ਦੇ ਵਿਸ਼ੇਸ਼ ਪ੍ਰਬੰਧ ਹੀ ਪੰਜਾਬੀ ਭਾਸ਼ਾ ਦੇ ਬਚਾਓ ਦਾ ਕੋਈ ਹੀਲਾ ਕਰ ਸਕਦੇ ਹਨ। ਅਜਿਹੇ ਮਕਸਦ ਲਈ ਇਕ ਬੱਝਵੀਂ ਸਭਿਆਚਾਰਕ ਅਤੇ ਸਿਆਸੀ ਲਹਿਰ ਖੜੀ ਕਰਨ ਦੀ ਲੋੜ ਹੈ ਨਹੀਂ ਤਾਂ ਬੇਲਗਾਮ ਸੰਸਾਰੀਕਰਨ, ਜਿਹੜਾ ਸ਼ਕਤੀਸ਼ਾਲੀ ਦੇਸ਼ਾਂ ਦੀਆਂ ਸਰਹੱਦਾਂ ਨੂੰ ਮਿੱਧ ਕੇ ਸੰਸਾਰ ਨੂੰ ਇਕ ਮੁੱਠੀ 'ਚ ਬੰਦ ਕਰ ਰਿਹਾ ਹੈ, ਉਸ ਮੂਹਰੇ ਵਿਚਾਰਾ ਪੰਜਾਬੀ ਸਮਾਜ ਅਤੇ ਪੰਜਾਬੀ ਭਾਸ਼ਾ ਕਿਸ ਬਾਗ ਦੀ ਮੂਲੀ ਹੈ। ਖਾਸ ਕਰਕੇ ਉਦੋਂ ਜਦੋਂ ਕੇਂਦਰੀ ਭਾਰਤੀ ਸੱਤਾ ਵੀ ਉਸ ਦੇ ਨਾਲ ਹੋਵੇ।

# ਮਾਓਵਾਦੀਆਂ ਨਾਲ ਨਿਪਟਣ ਦੇ ਮਾਮਲੇ 'ਤੇ ਯੂ ਪੀ ਏ 'ਚ ਮੱਤਭੇਦ

**ਬਿੰਦਰ ਬਸਰਾ**

ਮਾਓਵਾਦੀਆਂ ਨੂੰ ਬੁਨਿਆਦੀ ਢਾਂਚੇ ਦੀ ਉਸਾਰੀ ਵਿਚ ਰੁਕਾਵਟ ਤੇ ਵਿਕਾਸ ਕੰਮਾਂ ਵਿਚ ਵੱਡਾ ਅੜਿਕਾ ਸਮਝਦੇ ਹੋਏ ਕੇਂਦਰ ਸਰਕਾਰ ਨਕਸਲੀ ਲਹਿਰ 'ਤੇ ਕਾਬੂ ਪਾਉਣ ਲਈ ਤਰਲੋਮੱਛੀ ਹੋ ਰਹੀ ਹੈ ਪਰ ਇਸ 'ਤੇ ਕਾਬੂ ਪਾਉਣ ਲਈ ਰਣਨੀਤੀ ਨਿਰਧਾਰਤ ਕਰਨ ਦੇ ਮਾਮਲੇ ਵਿਚ ਆਪਸੀ ਸਹਿਮਤੀ ਨਾ ਬਣਨ ਕਰਕੇ ਅਜੇ ਕੋਈ ਠੋਸ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾ ਸਕੀ। ਇਸ ਮਾਮਲੇ ਵਿਚ ਕੇਂਦਰ ਦੀ ਯੂ ਪੀ ਏ ਗਠਜੋੜ ਦੀ ਸਰਕਾਰ ਅਤੇ ਭਾਰਤੀ ਨੈਸ਼ਨਲ ਕਾਂਗਰਸ ਵਿਚਕਾਰ ਗੰਭੀਰ ਮੱਤਭੇਦ ਪੈਦਾ ਹੋ ਗਏ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਇਸ ਮਾਮਲੇ ਨੂੰ ਸਖਤੀ ਅਤੇ ਗੋਲੀ ਦੇ ਜ਼ਰੀਏ ਹੱਲ ਕਰਨ ਲਈ ਕਾਹਲੇ ਹਨ, ਜਦਕਿ ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਜਰਨਲ ਸਕੱਤਰ ਰਾਹੁਲ ਗਾਂਧੀ ਇਸ 'ਤੇ ਕਿਸੇ ਨਵੀਂ ਰਣਨੀਤੀ ਤਹਿਤ ਕਾਬੂ ਪਾਉਣ ਦੇ ਪੱਖ ਵਿਚ ਹਨ। ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਵੀ ਸਰਕਾਰ ਦੀ ਸਖਤੀ ਵਾਲੀ ਰਣਨੀਤੀ ਨਾਲ ਮੱਤਭੇਦ ਰੱਖਦੇ ਹਨ।

ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਨਕਸਲੀ ਲਹਿਰ ਨੂੰ ਸਖਤੀ ਨਾਲ ਕੁਚਲਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਆਪਣੇ ਖੂਨ ਦੀ ਆਖਰੀ ਬੂੰਦ ਰਹਿਣ ਤੱਕ ਉਹ ਭਾਰਤ ਵਿਚ ਹਥਿਆਰਬੰਦ ਸੰਘਰਸ਼ ਜਾਂ ਅਤਿਵਾਦ ਦੇ ਖਿਲਾਫ ਲੜਨਗੇ ਅਤੇ ਹਿੰਸਾ ਨੂੰ ਭਾਰੂ ਹੋਣ ਦੀ ਇਜਾਜ਼ਤ ਨਹੀਂ ਦੇਣਗੇ। ਉਨ੍ਹਾਂ ਕਿਹਾ ਜੇ ਉਹ ਹਿੰਸਾ ਛੱਡ ਦੇਣ ਤਾਂ ਕੇਂਦਰ ਸਰਕਾਰ ਗੱਲਬਾਤ ਲਈ ਤਿਆਰ ਹੈ। ਸ੍ਰੀ ਚਿਦੰਬਰਮ ਦਾ ਆਖਣਾ ਹੈ ਕਿ ਸਾਰੇ ਕੁਝ ਦੇ ਬਾਵਜੂਦ ਮਾਓਵਾਦੀ ਸਾਡੇ ਆਪਣੇ ਦੇਸ਼ ਦੇ ਹੀ ਲੋਕ ਹਨ ਨਾ ਕਿ ਪਾਕਿਸਤਾਨ ਦੇ ਅਤਿਵਾਦੀਆਂ ਵਾਂਗ ਸਾਡੇ ਦੁਸ਼ਮਣ। ਉਧਰ ਝਾਰਖੰਡ ਦੇ ਨਕਸਲਵਾਦ ਤੋਂ ਪ੍ਰਭਾਵਤ ਲਾਤੇਹਾਰ ਜਿਲ੍ਹੇ ਵਿਚ ਨਕਸਲੀਆਂ ਨੇ ਪੋਸਟਰ ਚਿਪਕਾ ਕੇ ਅਤੇ ਕਿਤਾਬਚੇ ਵੰਡ ਕੇ ਯੂ ਪੀ ਏ ਦੀ ਚੇਅਰਪਰਸਨ ਸੋਨੀਆ ਗਾਂਧੀ ਤੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੂੰ ਧਮਕੀ ਦਿੱਤੀ ਹੈ। ਇਨ੍ਹਾਂ ਕਿਤਾਬਚਿਆਂ ਵਿਚ ਨਕਸਲੀਆਂ ਨੇ ਆਪਣੇ 'ਤੇ ਹਵਾਈ ਹਮਲੇ ਕਰਨ ਦੇ ਪ੍ਰਸਤਾਵ ਦਾ ਵੀ ਵਿਰੋਧ ਕੀਤਾ ਹੈ।

# ਖਹਿਰਾ ਤੇ ਜਗੀਰ ਕੌਰ ਵਿਚਾਲੇ ਤੂੰ ਤੂੰ ਮੈਂ ਮੈਂ ਤਿੱਖੀ ਹੋਈ

**ਭੁਲੱਥ:** ਭੁਲੱਥ ਇਲਾਕੇ ਦੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਅੱਜ ਕਲ੍ਹ ਸੁਰਖੀਆਂ ਵਿਚ ਹਨ ਅਤੇ ਬੀਬੀ ਜਗੀਰ ਕੌਰ ਵਿਰੁਧ ਤਕੜੀ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਹਾਲ ਹੀ ਵਿਚ ਇਕ ਖੁਲਾਸਾ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਦੇ ਉਚ ਅਧਿਕਾਰੀਆਂ ਵਲੋਂ ਰਾਜ ਸੂਚਨਾ ਕਮਿਸ਼ਨ ਅਤੇ ਸੂਚਨਾ ਅਧਿਕਾਰ ਐਕਟ ਤਹਿਤ ਕਥਿਤ ਗਲਤ ਸੂਚਨਾਵਾਂ ਮੁਹੱਈਆ ਕਰਵਾ ਕੇ ਇਕ ਲੋਕ ਪ੍ਰਤੀਨਿਧ (ਖਹਿਰੇ ਨੂੰ) ਗੁੰਮਰਾਹ ਹੀ ਨਹੀਂ ਕੀਤਾ ਗਿਆ ਸਗੋਂ ਕਾਨੂੰਨੀ ਅਦਾਰੇ ਦਾ ਵੀ ਨਿਰਾਦਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਚ ਪੁਲਿਸ ਅਧਿਕਾਰੀਆਂ ਨੇ ਇਹ ਸਾਰਾ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਣ ਅਧਿਕਾਰਤ ਤੌਰ 'ਤੇ ਗੱਡੀ 'ਤੇ ਲਾਲ ਬੱਤੀ ਲਾਉਣ ਤੇ ਐਸਕਾਰਟ ਗੱਡੀ 'ਤੇ ਸਾਇਰਨ ਲਾਉਣ ਦੇ ਮਾਮਲਿਆਂ 'ਚ ਬਚਾਉਣ ਲਈ ਕੀਤਾ ਹੈ। ਯਾਦ ਰਹੇ ਸੁਖਪਾਲ ਸਿੰਘ ਖਹਿਰਾ ਨੇ ਬੀਬੀ ਜਗੀਰ ਕੌਰ 'ਤੇ ਆਪਣੇ ਵਾਹਨ 'ਤੇ ਲਾਲ ਬੱਤੀ ਲਗਾਉਣ ਅਤੇ ਜਿਪਸੀ 'ਤੇ ਸਕੂਟਰ ਦਾ ਨੰਬਰ ਲਗਾਉਣ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਆਈ ਜੀ ਹੈਡ ਕੁਆਟਰ ਤੇ ਲੋਕ ਸੂਚਨਾ ਅਫਸਰ ਨੂੰ ਪੱਤਰ ਲਿਖ ਕੇ ਬੀਬੀ ਵਲੋਂ ਲਾਲ ਬੱਤੀ 'ਤੇ ਸਾਇਰਨ ਦੀ ਵਰਤੋਂ ਬਾਰੇ ਜਾਣਕਾਰੀ ਮੰਗੀ ਸੀ, ਪਰ ਪੁਲਿਸ ਅਫਸਰ ਵਲੋਂ ਅਜਿਹੇ ਕਿਸੇ ਦੁਰਵਰਤੋਂ ਤੋਂ ਨਾਂਹ ਕਰ ਦਿੱਤੀ ਗਈ। ਬੀਬੀ ਜਗੀਰ ਕੌਰ ਵਲੋਂ ਵਰਤੀਆਂ ਜਾ ਰਹੀਆਂ ਦੋ ਗੱਡੀਆਂ ਦੀ ਨਿੱਜੀ ਮਾਲਕ ਵੀ ਬੀਬੀ ਜਗੀਰ ਕੌਰ ਹੈ। ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. (ਸੁਰੱਖਿਆ) ਨੇ ਸੂਚਨਾ ਐਕਟ ਤਹਿਤ ਦਿੱਤੀ ਜਾਣਕਾਰੀ 'ਚ ਮੰਨਿਆ ਹੈ ਕਿ ਦੋਵੇਂ ਵਾਹਨ ਬੀਬੀ ਜਗੀਰ ਕੌਰ ਵਲੋਂ ਵਰਤੇ ਜਾਂਦੇ ਹਨ। ਇਹਨਾਂ ਵਿਚੋਂ ਇਕ ਗੱਡੀ ਦਾ ਨੰਬਰ ਸਕੂਟਰ ਨੂੰ ਜਾਰੀ ਹੋਇਆ ਹੈ। ਰਿਕਾਰਡ ਮੁਤਾਬਕ ਫੋਰਡ ਐਂਡੇਵਰ ਗੱਡੀ ਦਾ ਨੰਬਰ ਇਕ ਇਨੋਵਾ ਨੂੰ ਜਾਰੀ ਹੋਇਆ ਹੈ। ਉਨ੍ਹਾਂ ਨੇ ਕਪੂਰਥਲਾ ਦੇ ਐਸ.ਐਸ.ਪੀ. ਨੂੰ ਉਪਰੋਕਤ ਦੋਨੋਂ ਵਾਹਨਾਂ ਵਿਰੁਧ ਕਾਨੂੰਨੀ ਕਾਰਵਾਈ ਕਰਨ ਦੀ ਹਦਾਇਤ ਦਿੱਤੀ।

ਕਪੂਰਥਲਾ ਦੇ ਐਸ.ਐਸ.ਪੀ ਨੇ ਖਹਿਰਾ ਵਲੋਂ ਲਾਏ ਦੋਸ਼ਾ ਦਾ ਖੰਡਨ ਕੀਤਾ ਅਤੇ ਕਿਹਾ ਕਿ ਬੀਬੀ ਜਗੀਰ ਕੌਰ ਵਲੋਂ ਇਨਾਂ ਗੱਡੀਆਂ ਦੀ ਕਦੇ ਵੀ ਵਰਤੋਂ ਨਹੀਂ ਕੀਤੀ ਗਈ। ਪੁਲਿਸ ਅਫਸਰਾਂ ਦੇ ਇਸ ਵਰਤਾਰੇ ਤੋਂ ਬਾਅਦ ਖਹਿਰਾ ਨੇ ਇਕ ਸੀ.ਡੀ. ਕਮਿਸ਼ਨ ਦੇ ਸਪੁਰਦ ਕੀਤੀ ਅਤੇ ਮੀਡੀਆ ਅਗੇ ਵੀ ਬੀਬੀ ਜਗੀਰ ਕੌਰ ਵਲੋਂ ਲਾਲ ਬੱਤੀ ਦੀ ਕਥਿਤ ਨਜਾਇਜ਼ ਵਰਤੋਂ ਦੀ ਵੀਡੀਓ ਰਿਕਾਰਡਿੰਗ ਵਿਖਾਈ।

ਬੀਬੀ ਜਗੀਰ ਕੌਰ ਨੇ ਖਹਿਰਾ ਦੇ ਲਗਾਏ ਦੋਸ਼ਾਂ ਨੂੰ ਝੂਠ ਕਿਹਾ। ਉਨ੍ਹਾਂ ਕਿਹਾ ਕਿ ਸੁਖਪਾਲ ਖਹਿਰਾ ਕੋਲ ਹੋਰ ਮੁੱਦਾ ਨਹੀਂ ਹੈ, ਇਸ ਲਈ ਉਹ ਫਜ਼ੂਲ ਦੇ ਮੁੱਦੇ ਉਠਾ ਰਹੇ ਹਨ। ਉਨ੍ਹਾਂ ਉਲਟਾ ਕਿਹਾ ਹੈ ਕਿ ਖਹਿਰਾ ਵਲੋਂ ਪਿਛਲੇ ਦਿਨੀਂ ਕਪੂਰਥਲਾ ਜ਼ਿਲ੍ਹੇ ਵਿਚ ਧਰਨਾ ਦਿੱਤਾ ਗਿਆ ਸੀ, ਜਦੋਂ ਕਿ ਜ਼ਿਲ੍ਹੇ 'ਚ ਧਾਰਾ 144 ਲਾਗੂ ਹੋਈ ਸੀ। ਬੀਬੀ ਨੇ ਕਿਹਾ ਦੂਜਿਆਂ ਨੂੰ ਅਨੁਸ਼ਾਸਨ ਦਾ ਉਪਦੇਸ਼ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਅੰਦਰ ਝਾਤ ਮਾਰ ਲੈਣੀ ਚਾਹੀਦੀ ਹੈ। ਪੰਜਾਬ ਰਾਜ ਸੂਚਨਾ ਕਮਿਸ਼ਨ ਵਲੋਂ ਆਈ.ਪੀ.ਐਸ. ਅਧਿਕਾਰੀਆਂ ਨੂੰ ਅਸਾਸੇ ਸੂਚਨਾ ਕਾਨੂੰਨ ਦੇ ਦਾਇਰੇ 'ਚ ਲਿਆਂਦੇ ਜਾਣ ਦੇ ਹੁਕਮ ਨਾਲ ਪੰਜਾਬ ਦੇ ਪੁਲਿਸ ਅਧਿਕਾਰੀਆਂ ਨੂੰ ਤਕੜਾ ਝਟਕਾ ਲੱਗਿਆ ਹੈ। ਇਸ ਦੌਰਾਨ ਪੁਲਿਸ ਅਧਿਕਾਰੀ ਆਪਣੀ ਸੰਪਤੀ ਜਨਤਕ ਹੋਣ ਬੱਚਣ ਲਈ ਕਈ ਤਰ੍ਹਾਂ ਦੇ ਪਾਪੜ ਵੇਲ ਰਹੀ ਹੈ।


**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧ੍ਰਡ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਹਿਰਾਸਤੀ ਮੌਤਾਂ ਵਿਚ ਪੰਜਾਬ ਦਾ ਨੰਬਰ ਹੁਣ ਚੌਥਾ

**ਚੰਡੀਗੜ੍ਹ:** ਪੁਲਿਸ ਹਿਰਾਸਤ ਦੌਰਾਨ ਮੌਤਾਂ ਦੇ ਮਾਮਲੇ ਵਿਚ ਪੰਜਾਬ ਦਾ ਨਾਂ ਚੌਥੇ ਨੰਬਰ ਉੱਤੇ ਆਉਂਦਾ ਹੈ। ਪੁਲਿਸ ਹਿਰਾਸਤ ਵਿਚ ਸਭ ਤੋਂ ਵਧ ਮੌਤਾਂ ਉੱਤਰ ਪ੍ਰਦੇਸ਼ ਵਿਚ ਹੋਈਆਂ ਹਨ। ਇਹ ਅੰਕੜੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ ਤੋਂ ਪਤਾ ਲੱਗੇ ਹਨ।

ਰਿਪੋਰਟ ਅਨੁਸਾਰ ਪਿਛਲੇ ਸਾਲ ਦੌਰਾਨ ਯੂ.ਪੀ. ਵਿਚ ਪੁਲਿਸ ਹਿਰਾਸਤ 'ਚ ਕੁੱਲ 232 ਮੌਤਾਂ ਹੋਈਆਂ ਜਦੋਂਕਿ ਪੁਲਿਸ ਮੁਕਾਬਲੇ ਵਿਚ ਮਰੇ 41 ਲੋਕਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ।

ਦੂਜੇ ਨੰਬਰ 'ਤੇ ਆਂਧਰਾ ਪ੍ਰਦੇਸ਼ ਵਿਚ 197 ਮੌਤਾਂ ਹੋਈਆਂ ਹਨ ਜਦੋਂਕਿ ਬਿਹਾਰ ਵਿਚ ਪੁਲਿਸ ਹਿਰਾਸਤ ਦੌਰਾਨ 157 ਜਣੇ ਮਾਰੇ ਗਏ ਹਨ। ਪੰਜਾਬ ਵਿਚ ਪਿਛਲੇ ਸਾਲ ਕੁੱਲ 151 ਜਣੇ ਪੁਲਿਸ ਹਿਰਾਸਤ ਵਿਚ ਮਾਰੇ ਗਏ। ਇਸ ਤਰ੍ਹਾਂ ਪੰਜਾਬ ਦਾ ਚੌਥਾ ਨੰਬਰ ਹੈ। ਦੇਸ਼ ਵਿਚ ਨੌਂ ਸੂਬੇ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਅਜਿਹੇ ਵੀ ਹਨ ਜਿਨ੍ਹਾਂ ਵਿਚ ਪਿਛਲੇ ਸਾਲ ਦੌਰਾਨ ਨਾ ਪੁਲੀਸ ਹਿਰਾਸਤ ਦੌਰਾਨ ਕੋਈ ਮੌਤ ਹੋਈ ਅਤੇ ਨਾ ਹੀ ਕੋਈ ਨਾਗਰਿਕ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਇਨ੍ਹਾਂ ਰਾਜਾਂ ਵਿਚ ਜੰਮੂ-ਕਸ਼ਮੀਰ, ਮਨੀਪੁਰ, ਨਾਗਾਲੈਂਡ, ਸਿੱਕਮ, ਦਾਦਰ ਤੇ ਨਗਰ ਹਵੇਲੀ, ਦਮਨ ਦਿਓ ਅਤੇ ਪਾਂਡੀਚੇਰੀ ਦਾ ਨਾਂ ਆਉਂਦਾ ਹੈ।

ਪੁਲੀਸ ਮੁਕਾਬਲਿਆਂ ਦੇ ਮਾਮਲੇ ਵਿਚ ਬਿਹਾਰ ਤੋਂ ਬਾਅਦ ਮਹਾਂਰਾਸ਼ਟਰ ਦਾ ਨੰਬਰ ਆਉਂਦਾ ਹੈ ਜਿੱਥੇ 10 ਮੌਤਾਂ ਹੋਈਆਂ। ਦਿੱਲੀ ਵਿਚ ਪੰਜ ਅਤੇ ਉੱਤਰਾਖੰਡ ਵਿਚ 7 ਜਣੇ ਮਾਰੇ ਗਏ। ਆਸਾਮ ਵਿਚ ਚਾਰ, ਗੁਜਰਾਤ ਅਤੇ ਹਰਿਆਣਾ ਵਿਚ ਦੋ-ਦੋ ਅਤੇ ਆਂਧਰਾ ਪ੍ਰਦੇਸ਼, ਬਿਹਾਰ, ਤਾਮਿਲਨਾਡੂ ਅਤੇ ਝਾਰਖੰਡ ਵਿਚ ਇਕ ਇਕ ਵਾਰ ਪੁਲੀਸ ਮੁਕਾਬਲਾ ਬਣਿਆ।

ਹਿਰਾਸਤੀ ਮੌਤਾਂ ਬਾਰੇ ਰਿਪੋਰਟ ਵਿਚ ਦਿੱਤੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੌਰਾਨ ਅਰੁਣਾਂਚਲ ਪ੍ਰਦੇਸ਼ ਵਿਚ ਚਾਰ, ਆਸਾਮ ਵਿਚ 134, ਗੋਆ 'ਚ ਦੋ, ਗੁਜਰਾਤ 'ਚ 57, ਹਰਿਆਣਾ 'ਚ 48, ਹਿਮਾਚਲ ਪ੍ਰਦੇਸ਼ 'ਚ ਦੋ, ਕਰਨਾਟਕ ਵਿਚ 53, ਕੇਰਲਾ 'ਚ 36, ਮੱਧ ਪ੍ਰਦੇਸ਼ 'ਚ ਦੋ, ਕਰਨਾਟਕ ਵਿਚ 53, ਕੇਰਲਾ 'ਚ 36, ਮੱਧ ਪ੍ਰਦੇਸ਼ 'ਚ 52, ਮਹਾਰਾਸ਼ਟਰ 'ਚ 45 ਮੇਘਾਲਿਆ 'ਚ ਪੰਜ, ਮਿਜ਼ੋਰਮ 'ਚ ਦੋ, ਉੜੀਸਾ 'ਚ 63, ਰਾਜਸਥਾਨ 'ਚ 58, ਤਾਮਿਲਨਾਡੂ ਵਿਚ 104, ਤ੍ਰਿਪੁਰਾ 'ਚ ਦੋ, ਪੱਛਮੀ ਬੰਗਾਲ ਵਿਚ 85, ਦਿੱਲੀ 'ਚ ਪੰਜ, ਝਾਰਖੰਡ ਵਿਚ ਇਕ ਅਤੇ ਉਤਰਾਖੰਡ 'ਚ ਛੇ ਮੌਤਾਂ ਹੋਈਆਂ।

ਕਮਿਸ਼ਨ ਦੀ ਰਿਪੋਰਟ ਵਿਚ ਇਹ ਗਿਣਤੀ ਸਿਰਫ ਹਿਰਾਸਤ ਦੌਰਾਨ ਹੋਈਆਂ ਮੌਤਾਂ ਦੇ ਸਾਬਤ ਹੋਏ ਮਾਮਲਿਆਂ ਦੀ ਦਿੱਤੀ ਗਈ ਹੈ। ਹਿਰਾਸਤ ਦੌਰਾਨ ਮੌਤਾਂ ਦੀਆਂ ਸ਼ਿਕਾਇਤਾਂ ਦੇ ਮਾਮਲੇ ਇਸਤੋਂ ਕਿਤੇ ਵਧ ਹਨ।

ਰਿਪੋਰਟ ਅਨੁਸਾਰ ਹਿਰਾਸਤ ਦੌਰਾਨ ਪੂਰੇ ਦੇਸ਼ 'ਚ 8 ਮੌਤਾਂ ਦੀ ਗਿਣਤੀ 1525 ਦੱਸੀ ਗਈ ਹੈ ਤੇ ਮੁਕਾਬਲਿਆਂ ਦੀ ਗਿਣਤੀ ਤਾਂ 17341 ਹੈ। ਇਕੱਲੇ ਬਿਹਾਰ ਵਿਚ ਹੀ ਇਸ ਨਾਲ ਸਬੰਧਤ 8412 ਸ਼ਿਕਾਇਤਾਂ ਮਿਲੀਆਂ ਹਨ। ਪੰਜਾਬ ਵਿਚ ਅਜਿਹੀਆਂ ਸ਼ਿਕਾਇਤਾਂ ਦੀ ਗਿਣਤੀ 382 ਹੈ। ਉਂਜ ਬਿਹਾਰ 'ਚ ਅਜਿਹੀਆਂ 1824, ਉਸਤੋਂ ਘੱਟ ਹਰਿਆਣਾ 'ਚ 707 ਅਤੇ ਦਿੱਲੀ 'ਚ 938 ਸ਼ਿਕਾਇਤਾਂ ਮਿਲੀਆਂ ਹਨ। ਕੇਵਲ ਇਕ ਸ਼ਿਕਾਇਤ ਵਾਲੇ ਰਾਜਾਂ ਵਿਚ ਲਕਸ਼ਦੀਪ ਅਤੇ ਸਿੱਕਮ ਦਾ ਨਾਂ ਆਉਂਦਾ ਹੈ। ਆਂਧਰਾ ਪ੍ਰਦੇਸ਼ ਦੇ 625 ਚੰਡੀਗੜ੍ਹ 'ਚ 26, ਮਹਾਰਾਸ਼ਟਰ ਵਿਚ 685 ਅਤੇ ਰਾਜਸਥਾਨ 'ਚ 595 ਸ਼ਿਕਾਇਤਾਂ ਪ੍ਰਾਪਤ ਹੋਈਆਂ।ਰਿਪੋਰਟ ਮੁਤਾਬਕ ਪੂਰੇ ਦੇਸ਼ 'ਚ ਪੁਲੀਸ ਹਿਰਾਸਤ ਦੌਰਾਨ ਵਧੀਕੀਆਂ ਦੀਆਂ ਇਕ ਸਾਲ ਵਿਚ 93421 ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ ਵਿਚੋਂ 47252 ਨੂੰ ਸੁਣਵਾਈ ਦੇ ਮੁੱਢ ਵਿਚ ਹੀ ਖਾਰਜ ਕਰ ਦਿੱਤਾ ਗਿਆ। ਲਗਪਗ 27000 ਕੇਸ ਅਜਿਹੇ ਹਨ ਜਿਨ੍ਹਾਂ ਵਿਚ ਕਮਿਸ਼ਨ ਨੇ ਆਪਣੇ ਪੱਧਰ 'ਤੇ ਹਦਾਇਤਾਂ ਦੇ ਕੇ ਕੇਸ ਖਤਮ ਕਰ ਦਿੱਤੇ। ਇਕ ਸਾਲ 'ਚ ਦੇਸ਼ 'ਚ ਬਣਾਏ ਗਏ ਪੁਲੀਸ ਮੁਕਾਬਲਿਆਂ ਦੀ ਗਿਣਤੀ 81 ਅਤੇ ਪੁਲੀਸ ਹਿਰਾਸਤ ਵਿਚ ਕੁੱਲ 1525 ਮੌਤਾਂ ਹੋਈਆਂ। ਹਥਲੀ ਰਿਪੋਰਟ ਵਿਚ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਸਮੇਤ ਕੁੱਲ 37 ਰਾਜਾਂ ਦੇ ਅੰਕੜੇ ਦਿੱਤੇ ਗਏ ਹਨ। ਕੁੱਲ 37 ਰਾਜਾਂ ਵਿਚੋਂ 22 ਰਾਜਾਂ ਵਿਚ ਪਿਛਲੇ ਸਾਲ ਦੌਰਾਨ ਪੁਲੀਸ ਮੁਕਾਬਲੇ ਹੋਣ ਤੋਂ ਬਚਾਅ ਰਿਹਾ ਹੈ। ਦੱਸਣਯੋਗ ਹੈ ਕਿ ਇਹ ਗਿਣਤੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੁੱਜੀਆਂ ਸ਼ਿਕਾਇਤਾਂ ਦੀ ਹੈ ਜਦੋਂ ਕਿ ਕੁਝ ਕੇਸ ਅਜਿਹੇ ਵੀ ਹੋਣਗੇ ਜਿਹੜੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ ਨਹੀਂ ਕਰਵਾਏ ਜਾ ਸਕੇ।

# ਨਿਹੰਗਾਂ ਵਲੋਂ ਪੁਲਿਸ ਪਾਰਟੀ 'ਤੇ ਫਾਇਰਿੰਗ

**ਮੌੜ ਮੰਡੀ:** ਨੇੜਲੇ ਪਿੰਡ ਚਨਾਰਥਲ ਖਾਨਾ ਦੀ ਬਾਬਾ ਵੀਰ ਸਿੰਘ ਧੀਰ ਸਿੰਘ ਨਿਹੰਗ ਛਾਉਣੀ 'ਚੋਂ ਕੁਝ ਮੁਲਜ਼ਮ ਨਿਹੰਗਾਂ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਪਾਰਟੀ 'ਤੇ ਨਿਹੰਗਾਂ ਨੇ ਫਾਇਰਿੰਗ ਕਰ ਦਿੱਤੀ। ਫਾਇਰਿੰਗ ਦੌਰਾਨ ਭਾਵੇਂ ਪੁਲਿਸ ਥਾਣਾ ਮੌੜ ਦੇ ਮੁਖੀ ਸਤੀਸ਼ ਕੁਮਾਰ ਵਾਲ-ਵਾਲ ਬਚ ਗਏ, ਪ੍ਰੰਤੂ ਉਨ੍ਹਾਂ ਨਾਲ ਗਿਆ ਸੁਖਵਿੰਦਰ ਸਿੰਘ ਉਰਫ਼ ਬਬਲੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ। ਜ਼ਖ਼ਮੀ ਵਿਅਕਤੀ ਨੂੰ ਸਿਵਲ ਹਸਪਤਾਲ ਮੌੜ 'ਚ ਲਿਆਂਦਾ ਗਿਆ, ਪਰ ਉਸ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸ ਨੂੰ ਬਠਿੰਡਾ ਰੈਫ਼ਰ ਕਰ ਦਿੱਤਾ ਗਿਆ।

ਪੁਲਿਸ ਪਾਰਟੀ ਵਲੋਂ ਬਚਾਅ ਲਈ ਕੀਤੀ ਗਈ ਜਵਾਬੀ ਫਾਇਰਿੰਗ ਦੌਰਾਨ ਨਿਹੰਗ ਆਸਾ ਸਿੰਘ ਦੇ ਪੈਰ 'ਚ ਗੋਲੀ ਲੱਗੀ, ਜਿਸ ਨੂੰ ਜ਼ਖ਼ਮੀ ਹਾਲਤ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਬਾਕੀ ਦੇ ਨਿਹੰਗ ਭੱਜਣ 'ਚ ਸਫ਼ਲ ਹੋ ਗਏ। ਜ਼ਿਕਰਯੋਗ ਹੈ ਕਿ ਨਿਹੰਗਾਂ ਵਲੋਂ ਕੀਤੀ ਗਈ ਫਾਇਰਿੰਗ ਕਾਰਨ ਗੁੱਸੇ 'ਚ ਆਏ ਪਿੰਡ ਵਾਸੀਆਂ ਨੇ ਪਹਿਲਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਨਿਹੰਗਾਂ ਦੀ ਛਾਉਣੀ 'ਚੋਂ ਚੁੱਕ ਕੇ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਲਿਆਂਦਾ ਅਤੇ ਬਾਅਦ 'ਚ ਨਿਹੰਗਾਂ ਦੀ ਛਾਉਣੀ ਨੂੰ ਢਹਿ-ਢੇਰੀ ਕਰ ਦਿੱਤਾ। ਪਿੰਡ ਵਾਸੀਆਂ ਦੇ ਦੱਸਣ ਮੁਤਾਬਕ ਪੰਚਾਇਤੀ ਥਾਂ 'ਚ ਬਣਾਈ ਨਿਹੰਗ ਛਾਉਣੀ 'ਚ ਰਹਿੰਦੇ ਕੁਝ ਨਿਹੰਗਾਂ ਵਲੋਂ ਗ਼ਲਤ ਕੰਮਾਂ ਨੂੰ ਅੰਜਾਮ ਦਿੱਤਾ ਜਾਂਦਾ ਸੀ।

# ਤੀਹਰੇ ਕਤਲ ਦੇ ਮੁੱਖ ਦੋਸ਼ੀ ਨੂੰ ਫਾਂਸੀ ਦੀ ਸਜ਼ਾ



ਮ੍ਰਿਤਕ ਭਰਾਵਾਂ ਦੀਆਂ ਫੋਟੋਆਂ ਤੇ ਸੱਜੇ ਫਾਂਸੀ ਦੀ ਸਜ਼ਾ ਪਾਉਣ ਵਾਲਾ ਜੀਤੀ

**ਰੂਪਨਗਰ:** ਰੂਪਨਗਰ ਦੇ ਐਡੀਸ਼ਨਲ ਸੈਸ਼ਨ ਜੱਜ ਮਨਦੀਪ ਪੰਨੂ ਨੇ ਮੁਹਾਲੀ ਜ਼ਿਲ੍ਹੇ ਦੇ ਕੁਰਾਲੀ ਥਾਣੇ ਅਧੀਨ ਪੈਂਦੇ ਪਿੰਡ ਤਕੀਪੁਰ ਵਿਚ ਹੋਈ ਤਿੰਨ ਭਰਾਵਾਂ ਦੀ ਹੱਤਿਆ ਦੇ ਦੋਸ਼ ਵਿਚ ਇਕ ਮੁਲਜ਼ਮ ਨੂੰ ਫਾਂਸੀ ਦੀ ਸਜ਼ਾ ਅਤੇ ਉਸਦੇ ਭਰਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਜ਼ਿਕਰਯੋਗ ਹੈ ਕਿ 16 ਫਰਵਰੀ, 2006 ਨੂੰ ਪਿੰਡ ਤਕੀਪੁਰ ਵਿਖੇ ਕੁਝ ਵਿਅਕਤੀਆਂ ਨੇ ਜ਼ਮੀਨੀ ਵਿਵਾਦ ਦੇ ਚੱਲਦਿਆਂ ਸੈਣੀ ਭਾਈਚਾਰੇ ਨਾਲ ਸਬੰਧਤ ਤਿੰਨ ਭਰਾਵਾਂ ਰਵਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਕੁਲਵੰਤ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਪੁਲੀਸ ਨੇ ਇਸ ਸਬੰਧੀ ਕੁਰਾਲੀ ਪੁਲੀਸ ਸਟੇਸ਼ਨ ਵਿਚ ਮੁਲਜ਼ਮ ਜਗਜੀਤ ਸਿੰਘ ਉਰਫ ਜੀਤੀ, ਉਸਦੇ ਭਰਾ ਬਲਜੀਤ ਸਿੰਘ, ਮਾਂ ਰਣਜੀਤ ਕੌਰ ਤੇ ਪਤਨੀ ਬਲਦੀਪ ਕੌਰ ਵਾਸੀ ਤਕੀਪੁਰ ਅਤੇ ਰਣਜੀਤ ਸਿੰਘ ਤੇ ਦਵਿੰਦਰ ਸਿੰਘ ਵਾਸੀ ਪੜੌਲ ਵਿਰੁਧ ਭਾਰਤੀ ਦੰਡਾਵਲੀ ਦੀ ਧਾਰਾ ਅਧੀਨ ਕੇਸ ਦਰਜ ਕੀਤਾ ਸੀ। ਇਸ ਮੁਕੱਦਮੇ ਦੀ ਸੁਣਵਾਈ ਖਤਮ ਹੋਣ ਉਪਰੰਤ ਐਡੀਸ਼ਨਲ ਸੈਸ਼ਨ ਜੱਜ, ਰੂਪਨਗਰ ਮਨਦੀਪ ਪੰਨੂ ਨੇ ਜਗਜੀਤ ਸਿੰਘ ਜੀਤੀ ਅਤੇ ਉਸ ਦੇ ਭਰਾ ਬਲਜੀਤ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ। ਜਦੋਂਕਿ ਰਣਜੀਤ ਕੌਰ, ਰਣਜੀਤ ਸਿੰਘ, ਬਲਦੀਪ ਕੌਰ ਅਤੇ ਦਵਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਸੀ। ਫਾਜਲ ਜੱਜ ਨੇ ਜੀਤੀ ਨੂੰ ਭਾਰਤੀ ਦੰਡਾਵਲੀ ਦੀ ਧਾਰਾ 302, 34 ਅਧੀਨ ਫਾਂਸੀ ਦੀ ਸਜ਼ਾ ਸੁਣਾਈ ਜਦੋਂ ਕਿ ਬਲਜੀਤ ਸਿੰਘ ਨੂੰ ਇਨ੍ਹਾਂ ਧਾਰਾਵਾਂ ਅਧੀਨ ਉਮਰਕੈਦ ਦੀ ਸਜ਼ਾ ਸੁਣਾਈ। ਇਸਤੋਂ ਇਲਾਵਾ 5000 ਰੁਪਏ ਜੁਰਮਾਨਾ ਵੀ ਲਾਇਆ। ਅਦਾਲਤ ਨੇ ਬਲਜੀਤ ਸਿੰਘ ਨੂੰ ਆਰਮਜ਼ ਐਕਟ ਦੀ ਧਾਰਾ 25 ਅਧੀਨ ਇਕ ਸਾਲ ਦੀ ਬਾਮੁਸ਼ੱਕਤ ਕੈਦ ਅਤੇ 500 ਰੁਪਏ ਜੁਰਮਾਨਾ ਅਤੇ ਧਾਰਾ 27 ਅਧੀਨ ਤਿੰਨ ਸਾਲ ਦੀ ਬਾਮੁਸ਼ੱਕਤ ਕੈਦ ਤੇ 500 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਅਤੇ ਕਿਹਾ ਕਿ ਇਹ ਸਾਰੀਆਂ ਸਜ਼ਾਵਾਂ ਨਾਲੋ-ਨਾਲ ਚੱਲਣਗੀਆਂ।

# ਨਰਵਾਣਾ ਨਹਿਰ 'ਚ ਦੋ ਸਕੇ ਭਰਾ ਡੁੱਬ ਕੇ ਮਰੇ

**ਫਤਿਹਗੜ੍ਹ ਸਾਹਿਬ :** ਸਰਹਿੰਦ ਨੇੜਿਓਂ ਸਾਨੀਪੁਰ ਪਾਸੋਂ ਲੰਘਦੀ ਨਰਵਾਣਾ ਨਹਿਰ ਵਿਚ ਦੋ ਸਕੇ ਭਰਾਵਾਂ ਦੇ ਅਚਾਨਕ ਡੁੱਬ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਦਰਸ਼ਨ ਸਿੰਘ ਬਿੱਲੂ (30) ਤੇ ਰਾਮਪਾਲ ਸਿੰਘ (22) ਪੁੱਤਰ ਕਾਕਾ ਸਿੰਘ ਵਾਸੀ ਪਿੰਡ ਬਧੌਛੀ ਕਲਾਂ ਜੋ ਕਿ ਬੀਤੇ ਦਿਨੀਂ ਸਰਹਿੰਦ ਤੋਂ ਮਜ਼ਦੂਰੀ ਕਰਕੇ ਸਾਈਕਲ 'ਤੇ ਸਵਾਰ ਹੋ ਕੇ ਸਾਨੀਪੁਰ ਨਹਿਰ ਦੀ ਪਟੜੀ 'ਤੇ ਵਾਪਸ ਆਪਣੇ ਘਰ ਪਰਤ ਰਹੇ ਸਨ ਅਚਾਨਕ ਨਹਿਰ ਵਿਚ ਡਿੱਗ ਪਏ। ਜਾਣਕਾਰੀ ਅਨੁਸਾਰ ਪਿੰਡ ਵਾਸੀਆਂ ਨੇ ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਰਾਮਪਾਲ ਸਿੰਘ ਦੀ ਲਾਸ਼ ਨੂੰ ਆਦਮਪੁਰ ਨੇੜੇ ਹੁਸੈਨਪੁਰ ਦੇ ਰਸਤੇ ਨਹਿਰ ਵਿਚੋਂ ਉਸ ਸਮੇਂ ਕੱਢ ਲਿਆ, ਜਦੋਂ ਉਸ ਦੀ ਲਾਸ਼ ਨਹਿਰ ਵਿਚ ਡਿੱਗੇ ਪਏ ਸਫੈਦੇ ਦੇ ਦਰੱਖਤ ਚ ਫਸੀ ਪਈ ਸੀ।


Real Estate and Home Loans

For buying or selling your home

Call Aman Hundal at: 209-918-6464

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com



ਫਾਰਮਰਜ਼ ਇੰਸ਼ੋਰੈਂਸ

*Auto*Home*Life*Business *Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal

(209)345-0183

khundal@farmersagent.com

CA insurance License # 0F96503

1900 Standiford Ave.
Modesto, Ca 95350

FARMERS INSURANCE GROUP
Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਕੈਪਟਨ ਤੋਂ ਪਾਰਟੀ ਹਾਈ ਕਮਾਨ ਗੁੱਸੇ ਸੀ?

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੀ ਚੋਣ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾ ਸਿਰਫ ਇਕ ਤਰ੍ਹਾਂ ਨਾਲ ਚਰਚਾ ਦਾ ਵਿਸ਼ਾ ਬਣ ਗਏ ਸਗੋਂ ਸੂਬੇ ਦੇ ਕਾਂਗਰਸੀ ਆਗੂਆਂ ਦੀ ਨੁਕਤਾਚੀਨੀ ਦੇ ਸ਼ਿਕਾਰ ਵੀ ਹੋ ਗਏ। ਨਵੀਂ ਕਾਇਮ 12ਵੀਂ ਰਾਜ ਵਿਧਾਨ ਸਭਾ ਦੇ ਬੀਤੇ ਦਿਨ ਬੁਲਾਏ ਗਏ ਇਕ ਦਿਨਾਂ ਸੈਸ਼ਨ ਦੌਰਾਨ ਇਨੈਲੋ ਅਤੇ ਭਾਜਪਾ ਮੈਂਬਰਾਂ ਨੇ ਸੂਬਾ ਸਰਕਾਰ ਨੂੰ ਇਹ ਕਹਿ ਕੇ ਕਰੜੇ ਹੱਥੀਂ ਲੈਣ ਦੀ ਕੋਸ਼ਿਸ਼ ਕੀਤੀ ਜਦੋਂ ਪੰਜਾਬ ਵਿਧਾਨ ਸਭਾ ਵਿਚ ਸੂਬੇ ਨਾਲ ਹੋਏ ਪਾਣੀਆਂ ਦੀ ਵੰਡ ਦੇ ਸਮਝੌਤੇ ਨੂੰ ਰੱਦ ਕਰਨ ਦਾ ਮਤਾ ਪਾਸ ਹੋਇਆ ਸੀ ਤਦ ਉਥੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਹੀ ਸੀ। ਵਿਰੋਧੀ ਮੈਂਬਰਾਂ ਵਲੋਂ ਉਠਾਏ ਗਏ ਇਸ ਮੁੱਦੇ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਸਾਬਕਾ ਸਿੰਚਾਈ ਮੰਤਰੀ ਕੈਪਟਨ ਅਜੇ ਯਾਦਵ ਅਤੇ ਸਾਬਕਾ ਸੰਸਦੀ ਮਾਮਲਿਆਂ ਦੇ ਮੰਤਰੀ ਰਣਦੀਪ ਸੂਰਜੇਵਾਲਾ ਨੇ ਵਾਰੀ-ਵਾਰੀ ਇਹ ਜਤਲਾਉਣ ਦੀ ਕੋਸ਼ਿਸ਼ ਕੀਤੀ ਕਿ ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਵਲੋਂ ਪਾਸ ਕਰਵਾਏ ਗਏ ਇਸ ਪ੍ਰਸਤਾਵ ਦੇ ਵਿਰੋਧ ਵਿਚ ਕੀ-ਕੀ ਕਦਮ ਚੁੱਕੇ ਗਏ। ਸੂਰਜੇਵਾਲਾ ਨੇ ਇਥੋਂ ਤਕ ਖੁਲਾਸਾ ਕਰ ਦਿਤਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਇਸ ਕਾਰਵਾਈ ਤੋਂ ਪਾਰਟੀ ਹਾਈ ਕਮਾਨ ਤਕ ਨਾਰਾਜ਼ ਸੀ। ਹੁੱਡਾ ਨੇ ਵੀ ਕਿਹਾ ਕਿ ਉਨ੍ਹਾਂ ਨੇ ਆਪਣੀ ਪਾਰਟੀ ਦੀ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਸੀ ਜਿਸ ਦੇ ਚਲਦਿਆਂ ਹੁਣ ਇਹ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਸੂਬੇ ਦੇ ਆਗੂਆਂ ਲਈ ਇਹ ਮੁੱਦਾ ਇੰਨਾ ਗੁੰਝਲਦਾਰ ਬਣ ਚੁੱਕਾ ਹੈ ਕਿ ਇਕ ਪਾਸੇ ਜਿਥੇ ਵਿਰੋਧੀ ਪਾਰਟੀਆਂ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਵਿਚ ਹੋ ਰਹੀ ਦੇਰੀ ਲਈ ਕਾਂਗਰਸ 'ਤੇ ਦੋਸ਼ ਮੜ੍ਹ ਰਹੀਆਂ ਹਨ ਉੱਥੇ ਕਾਂਗਰਸੀ ਨੇਤਾ ਇਸ ਦੇ ਲਈ ਓਮ ਪ੍ਰਕਾਸ਼ ਚੌਟਾਲਾ ਦੀ ਪ੍ਰਕਾਸ਼ ਸਿੰਘ ਬਾਦਲ ਨਾਲ ਮਿੱਤਰਤਾ ਨੂੰ ਦੋਸ਼ੀ ਠਹਿਰਾ ਰਹੇ ਹਨ। ਹੁੱਡਾ ਦਾ ਇਥੋਂ ਤੱਕ ਕਹਿਣਾ ਹੈ ਕਿ ਜੇ ਇਨੈਲੋ ਰਾਜੀਵ-ਲੌਂਗੋਵਾਲ ਸਮਝੌਤੇ ਦਾ ਵਿਰੋਧ ਨਾ ਕਰਦੀ ਤਾਂ ਇਹ ਨਹਿਰ ਪਹਿਲਾਂ ਹੀ ਬਣ ਕੇ ਤਿਆਰ ਹੋ ਗਈ ਹੁੰਦੀ। ਅਮਰਿੰਦਰ ਨੇ ਇਸ ਵਾਰੀ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਪਾਰਟੀ ਦੇ ਪ੍ਰਚਾਰ ਵਿਚ ਹਿੱਸਾ ਨਹੀਂ ਲਿਆ। ਇਸ ਸਬੰਧ ਵਿਚ ਜਦੋਂ ਬੀਤੇ ਦਿਨੀਂ ਪੱਤਰਕਾਰਾਂ ਨੇ ਹੁੱਡਾ ਨੂੰ ਇਸ ਬਾਰੇ ਪੁੱਛਿਆ ਕਿ ਕੀ ਨਦੀ ਜਲ ਸਮਝੌਤੇ ਨੂੰ ਰੱਦ ਕਰਨ ਕਾਰਨ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਚੋਣ ਪ੍ਰਚਾਰ ਤੋਂ ਦੂਰ ਰੱਖਿਆ ਗਿਆ ਤਾਂ ਉਨ੍ਹਾਂ ਦਾ ਜੁਆਬ ਸੀ ਕਿ ਉਹ ਗਾਂਧੀਵਾਦੀ ਵਿਚਾਰਧਾਰਾ ਦੇ ਵਿਅਕਤੀ ਹਨ ਇਸ ਲਈ ਉਹ ਪਾਪ ਨਾਲ ਤਾਂ ਨਫਰਤ ਕਰਦੇ ਹਨ ਪਰ ਪਾਪੀ ਨਾਲ ਨਹੀਂ। ਇਸ ਲਈ ਨਾ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਸੂਬੇ ਵਿਚ ਪਾਰਟੀ ਪ੍ਰਚਾਰ ਲਈ ਸੱਦਿਆ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਆਉਣ ਤੋਂ ਰੋਕਿਆ ਗਿਆ। ਇਹ ਕਹਿ ਕਿ ਇਕ ਤਰਾਂ ਨਾਲ ਉਨ੍ਹਾਂ ਨੇ ਕੈਪਟਨ ਅਮਰਿੰਦਰ ਨੂੰ ਆਪਣੇ ਵਿਚਾਰਾਂ ਵਿਚ ਪਾਪੀ ਕਰਾਰ ਦੇ ਦਿੱਤਾ ਹੈ। ਉਧਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਹਰਿਆਣਾ ਦੇ ਕੁਝ ਕਾਂਗਰਸੀ ਆਗੂਆਂ ਵਲੋਂ ਪਾਣੀਆਂ ਦੀ ਵੰਡ ਨੂੰ ਲੈ ਕੇ ਕੀਤੀ ਗਈ ਟਿੱਪਣੀ 'ਤੇ ਫਿਲਹਾਲ ਆਪਣਾ ਕੋਈ ਪ੍ਰਤੀਕਰਮ ਨਹੀਂ ਪ੍ਰਗਟਾਇਆ ਗਿਆ। ਅਮਰਿੰਦਰ ਦੇ ਨਜ਼ਦੀਕੀ ਆਗੂਆਂ ਨੇ ਦੱਸਿਆ ਕਿ ਆਪਣੇ ਮੁੱਖ ਮੰਤਰੀ ਕਾਲ ਦੇ ਪਹਿਲੇ 2 ਸਾਲਾਂ 'ਚ ਕੈਪਟਨ ਵਲੋਂ ਪੰਜਾਬ ਵਿਧਾਨ ਸਭਾ 'ਚ ਪਾਣੀਆਂ ਦੀ ਵੰਡ ਦੇ ਸਮਝੌਤੇ ਨੂੰ ਰੱਦ ਕਰਨ ਦਾ ਪ੍ਰਸਤਾਵ ਪਾਸ ਕਰਵਾਇਆ ਗਿਆ ਸੀ। ਉਨ੍ਹਾਂ ਦੇ ਹਮਾਇਤੀਆਂ ਨੇ ਕਿਹਾ ਕਿ ਜੇ ਹਾਈਕਮਾਨ ਨਾਰਾਜ਼ ਹੁੰਦੀ ਤਾਂ ਉਨ੍ਹਾਂ ਨੂੰ 5 ਸਾਲ ਤਕ ਮੁੱਖ ਮੰਤਰੀ ਦੇ ਅਹੁਦੇ 'ਤੇ ਨਾ ਰਹਿਣ ਦਿੱਤਾ ਜਾਂਦਾ। ਇਥੋਂ ਤਕ ਕਿ ਜਦੋਂ ਕੈਪਟਨ ਵਿਰੁਧ ਬਗਾਵਤ ਦੀ ਚਿੰਗਾਰੀ ਉਠੀ ਸੀ, ਉਸ ਵੇਲੇ ਵੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਲੋਂ ਉਨ੍ਹਾਂ ਦਾ ਬਚਾਅ ਕੀਤਾ ਗਿਆ ਸੀ।

## ਕੈਪਟਨ ਧੜਾ ਇਸ ਮੁੱਦੇ 'ਤੇ ਚੁੱਪ

ਇਸ ਦੌਰਾਨ ਸੂਬਾ ਕਾਂਗਰਸ 'ਚ ਧੜੇਬੰਦੀ ਹਾਲੇ ਜਾਰੀ ਹੈ। ਉਸ ਸਮੇਂ ਇਹ ਹੋਰ ਤਿੱਖੀ ਹੋ ਗਈ, ਜਦੋਂ ਕੇ ਪੀ ਧੜੇ ਦੇ ਸਮਰਥਕਾਂ ਨੇ ਕੈਪਟਨ ਧੜੇ ਦੇ ਵਿਧਾਇਕਾਂ ਦੀ ਮੀਟਿੰਗ 'ਚ ਨਾ ਜਾਣ ਦੀ ਸ਼ਿਕਾਇਤ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਲਗਾ ਦਿੱਤੀ ਹੈ। ਬੀਤੇ ਦਿਨੀਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਵਰਿੰਦਰ ਸ਼ਰਮਾ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸੀ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਵਲੋਂ ਪਾਰਟੀ ਵਿਧਾਇਕਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਸੱਦੀ ਮੀਟਿੰਗ 'ਚ ਜਿਹੜੇ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸ਼ਾਮਲ ਨਹੀਂ ਹੋਏ, ਉਨ੍ਹਾਂ ਵਿਰੁਧ ਅਨੁਸ਼ਾਸਨੀ ਕਾਰਵਾਈ ਲਈ ਪਾਰਟੀ ਦੀ ਕੁਲ ਹਿੰਦ ਪ੍ਰਧਾਨ ਸੋਨੀਆ ਗਾਂਧੀ ਤੇ ਪਾਰਟੀ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਸ਼ਿਕਾਇਤਾਂ ਭੇਜੀਆਂ ਗਈਆਂ ਹਨ।

ਕੇ ਪੀ ਧੜੇ ਵਲੋਂ ਅਸਲ 'ਚ ਵਿਧਾਇਕਾਂ ਦੀ ਗੈਰ-ਹਾਜ਼ਰੀ ਦੇ ਬਹਾਨੇ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇ ਪੀ ਤੇ ਕੈਪਟਨ 'ਚ ਚੱਲ ਰਹੀ ਆਪਸੀ ਖਹਿਬਾਜ਼ੀ ਸਿਖ਼ਰਾਂ ਛੋਹਣ ਲੱਗ ਪਈ ਹੈ।

# ਕੈਪਟਨ ਤੇ ਵਡੇ ਬਾਦਲ ਵਿਚਾਲੇ ਨੋਕ-ਝੋਕ ਤਿੱਖੀ

## ਅਕਾਲੀ ਭਾਜਪਾ ਸਰਕਾਰ ਤੋਂ ਕਾਂਗਰਸੀ ਵਿਧਾਇਕਾਂ ਨੂੰ ਜਾਨ ਦਾ ਖਤਰਾ - ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੀ 28 ਅਕਤੂਬਰ ਨੂੰ 5 ਕਾਂਗਰਸੀ ਵਿਧਾਇਕਾਂ ਸਮੇਤ ਰਾਜ ਦੇ ਰਾਜਪਾਲ ਐਸ ਐਫ ਰੋਡਰਿਗਜ਼ ਨੂੰ ਇਕ ਮੈਮੋਰੰਡਮ ਦੇ ਕੇ ਕਿਹਾ ਕਿ ਅਕਾਲੀਆਂ ਦੀ ਧੱਕੇਸ਼ਾਹੀ ਹੁਣ ਬਰਦਾਸ਼ਤ ਤੋਂ ਬਾਹਰ ਹੋ ਚੁੱਕੀ ਹੈ ਅਤੇ ਉਹ ਹੁਣ ਇਸ ਨੂੰ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕਰਨਗੇ।



ਉਨ੍ਹਾਂ ਸ਼ਿਕਾਇਤ 'ਚ ਕਿਹਾ ਕਿ ਅਕਾਲੀਆਂ ਵਲੋਂ ਸ਼ਰ੍ਹੇਆਮ ਕਾਂਗਰਸੀ ਵਰਕਰਾਂ 'ਤੇ ਧੱਕੇਸ਼ਾਹੀ ਕਾਰਨ ਇੱਥੋਂ ਤੱਕ ਕਿ ਬੀਤੇ ਦਿਨੀਂ 5 ਕਾਂਗਰਸੀ ਵਿਧਾਇਕਾਂ ਨੂੰ ਥਾਣੇ 'ਚ ਬੰਦ ਕਰਕੇ ਰੱਖਿਆ ਗਿਆ। ਕੈਪਟਨ ਨੇ ਰਾਜਪਾਲ ਨੂੰ ਜਾਣੂ ਕਰਾਇਆ ਕਿ ਰਾਮਪੁਰਾ ਫੂਲ ਪੁਲਿਸ ਵਲੋਂ ਕਿਸੇ ਵਿਅਕਤੀ ਦੇ ਕੰਮ 'ਚ ਗਏ 5 ਕਾਂਗਰਸੀ ਵਿਧਾਇਕਾਂ ਗੁਰਪ੍ਰੀਤ ਸਿੰਘ ਕਾਂਗੜ, ਮੱਖਣ ਸਿੰਘ, ਅਜੀਤ ਸਿੰਘ ਸ਼ਾਂਤ, ਜੋਗਿੰਦਰ ਸਿੰਘ ਪੰਜਗਰਾਈਂ ਤੇ ਅਜਾਇਬ ਸਿੰਘ ਭੱਟੀ ਨੂੰ ਦੋ ਘੰਟੇ ਥਾਣੇ 'ਚ ਬੰਦ ਰੱਖਿਆ ਗਿਆ । ਉਨ੍ਹਾਂ ਕਿਹਾ ਕਿ ਇਨ੍ਹਾਂ ਵਿਧਾਇਕਾਂ ਨੂੰ ਪੁਲਿਸ ਵਲੋਂ ਸਾਬਕਾ ਅਕਾਲੀ ਮੰਤਰੀ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਦੇ ਇਸ਼ਾਰੇ 'ਤੇ ਜਾਣਬੁੱਝ ਕੇ ਪੁਲਿਸ ਵਲੋਂ ਤੰਗ-ਪ੍ਰੇਸ਼ਾਨ ਤੇ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਾਬਕਾ ਮੁੱਖ ਮੰਤਰੀ ਨੇ ਰਾਜਪਾਲ ਕੋਲ ਰੋਸ ਪ੍ਰਗਟ ਕਰਦੇ ਹੋਏ ਮੰਗ ਕੀਤੀ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਸਮੇਤ ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਖ਼ਿਲਾਫ਼ ਉੱਚ ਪੱਧਰੀ ਜਾਂਚ ਦਾ ਹੁਕਮ ਦਿੱਤਾ ਜਾਵੇ।

ਇਸ ਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਹੈ ਕਿ ਉਕਤ 5 ਕਾਂਗਰਸੀ ਵਿਧਾਇਕਾਂ ਦੀ ਜਾਨ ਨੂੰ ਖ਼ਤਰਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਤੁਰੰਤ ਜ਼ੈਡ ਪਲਸ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਰਾਜਪਾਲ ਨੂੰ ਦਿੱਤੇ ਮੈਮੋਰੰਡਮ ਵਿਚ ਕੈਪਟਨ ਸਿੰਘ ਨੇ ਕਿਹਾ ਹੈ ਕਿ ਪੂਰੇ ਪੰਜਾਬ ਸਮੇਤ ਖ਼ਾਸ ਕਰਕੇ ਬਠਿੰਡੇ ਜ਼ਿਲ੍ਹੇ 'ਚ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਬਦਲਾ ਲਊ ਭਾਵਨਾ ਨਾਲ ਕਾਂਗਰਸੀ ਵਰਕਰਾਂ ਤੇ ਵਿਧਾਇਕਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਉਨ੍ਹਾਂ 'ਤੇ ਝੂਠੇ ਕੇਸ ਦਰਜ ਕਰਾ ਰਹੇ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਸਿੰਘ ਨੇ ਅਕਾਲੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸੱਤਾ ਦੇ ਨਸ਼ੇ 'ਚ ਕਾਂਗਰਸੀਆਂ ਨੂੰ ਤੰਗ ਕਰਨਾ ਬੰਦ ਕਰਨ ਨਹੀਂ ਤਾਂ ਨਤੀਜੇ ਠੀਕ ਨਹੀਂ ਹੋਣਗੇ । ਉਨ੍ਹਾਂ ਰਾਜਪਾਲ ਨੂੰ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ 10 ਹਜ਼ਾਰ ਕਾਂਗਰਸੀ ਵਰਕਰਾਂ 'ਤੇ ਝੂਠੇ ਕੇਸ ਦਰਜ ਕੀਤੇ ਜਾ ਚੁੱਕੇ ਹਨ ਅਤੇ ਹੁਣ ਸਥਿਤੀ ਬਰਦਾਸ਼ਤ ਤੋਂ ਬਾਹਰ ਹੁੰਦੀ ਜਾ ਰਹੀ ਹੈ। ਕੈਪਟਨ ਨੇ ਕਿਹਾ ਕਿ ਜੇਕਰ ਅਕਾਲੀਆਂ ਦੀ ਧੱਕੇਸ਼ਾਹੀ ਕਾਰਨ ਪੰਜਾਬ 'ਚ ਅੱਗ ਲੱਗੀ ਜਾਂ ਹਾਲਾਤ ਖ਼ਰਾਬ ਹੋਏ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਸਰਕਾਰ ਜ਼ਿੰਮੇਵਾਰ ਹੋਵੇਗੀ।

ਅੱਧਾ ਘੰਟਾ ਰਾਜਪਾਲ ਨਾਲ ਚੱਲੀ ਮੀਟਿੰਗ 'ਚ ਅਮਰਿੰਦਰ ਸਿੰਘ ਨੇ ਉਨ੍ਹਾਂ ਦੇ ਇਸ ਮਸਲੇ 'ਤੇ ਤੁਰੰਤ ਦਖ਼ਲ ਦੀ ਮੰਗ ਕੀਤੀ।

ਰਾਜਪਾਲ ਨੂੰ ਮੈਮੋਰੰਡਮ ਦੇਣ ਸਮੇਂ ਕੈਪਟਨ ਸਿੰਘ ਦੇ ਨਾਲ ਰਾਮਪੁਰਾ ਫੂਲ ਤੋਂ ਕਾਂਗਰਸੀ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ, ਨਥਾਣਾ ਤੋਂ ਵਿਧਾਇਕ ਅਜੈਬ ਸਿੰਘ ਭੱਟੀ, ਨਿਹਾਲ ਸਿੰਘ ਵਾਲਾ ਤੋਂ ਅਜੀਤ ਸਿੰਘ ਸ਼ਾਂਤ, ਪੰਜਗਰਾਈਂ ਤੋਂ ਜੋਗਿੰਦਰ ਸਿੰਘ ਪੰਜਗਰਾਈਂ ਅਤੇ ਪੱਖੋ ਕਲਾਂ ਤੋਂ ਮੱਖਣ ਸਿੰਘ ਸ਼ਾਮਲ ਸਨ।

## ਪ੍ਰਸਿੱਧ ਲੇਖਕ ਡਾ. ਗੁਲਜ਼ਾਰ ਮੁਹੰਮਦ ਗੌਰੀਆ ਨਹੀਂ ਰਹੇ

**ਸਮਰਾਲਾ :** ਪ੍ਰਸਿੱਧ ਪੰਜਾਬੀ ਲੇਖਕ ਤੇ ਆਲੋਚਕ ਡਾ. ਗੁਲਜ਼ਾਰ ਮੁਹੰਮਦ ਗੌਰੀਆ (54) 30 ਅਕਤੂਬਰ ਸ਼ਾਮ ਕਰੀਬ 5.30 ਵਜੇ ਲੁਧਿਆਣਾ ਦੇ ਅਪੋਲੋ ਹਸਪਤਾਲ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ਼ ਗਏ। ਜਾਣਕਾਰੀ ਅਨੁਸਾਰ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਸਕੂਲ ਵਿੱਚ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਲੁਧਿਆਣਾ ਦੇ ਅਪੋਲੋ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਸੀ। ਦਿਮਾਗ ਦੀ ਨਾੜੀ ਫਟ ਜਾਣ ਕਰਕੇ ਉਹ ਬੇਹੋਸ਼ੀ ਦੀ ਅਵਸਥਾ ਵਿੱਚ ਚਲੇ ਗਏ ਤੇ ਸ਼ਾਮ 5.30 ਵਜੇ ਉਨ੍ਹਾਂ ਆਖ਼ਰੀ ਸਾਹ ਲਿਆ। ਪੰਜਾਬੀ ਲੇਖਕ ਮੰਚ, ਅਧਿਆਪਕ ਚੇਤਨਾ ਮੰਚ, ਭ੍ਰਿਸ਼ਟਾਚਾਰ ਵਿਰੋਧੀ ਫ਼ਰੰਟ, ਅਕਸ-ਰੰਗ-ਮੰਚ ਨੇ ਡਾ. ਗੌਰੀਆ ਦੀ ਹੋਈ ਬੇ-ਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਕੈਪਟਨ ਬੁਖਲਾਹਟ 'ਚ ਮੇਰੇ ਖ਼ਿਲਾਫ਼ ਬਿਆਨਬਾਜ਼ੀ ਕਰ ਰਿਹੈ-ਬਾਦਲ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਇਕ ਮਾਯੂਸ ਵਿਅਕਤੀ ਹੈ, ਜਿਸ ਕੋਲ ਨਾਂ ਤਾਂ ਆਪਣੀ ਪਾਰਟੀ 'ਚ ਕੋਈ ਅਹੁਦਾ ਹੈ ਤੇ ਨਾ ਹੀ ਉਹ ਪਾਰਟੀ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੁੰਦਾ ਹੈ। ਉਹ ਸਿਰਫ਼ ਦੂਜਿਆਂ 'ਤੇ ਚਿੱਕੜ ਸੁੱਟਣਾ ਜਾਣਦਾ ਹੈ। ਕੈਪਟਨ ਅਮਰਿੰਦਰ ਵਲੋਂ ਉਨ੍ਹਾਂ 'ਤੇ ਲਾਏ ਧੱਕੇਸ਼ਾਹੀ ਅਤੇ ਕਾਂਗਰਸੀ ਆਗੂਆਂ ਦੇ ਝੂਠੇ ਪਰਚੇ ਦਰਜ ਕਰਨ ਦੇ ਦੋਸ਼ਾਂ ਨੂੰ ਨਕਾਰਦਿਆਂ ਸ. ਬਾਦਲ ਨੇ ਕਿਹਾ ਕਿ ਕੈਪਟਨ ਬੁਖਲਾਹਟ 'ਚ ਆਣ ਕੇ ਉਨ੍ਹਾਂ ਖ਼ਿਲਾਫ਼ ਬਿਆਨਬਾਜ਼ੀ ਕਰ ਰਿਹਾ ਹੈ।

ਸ. ਬਾਦਲ ਨੇ ਇਹ ਵਿਚਾਰ ਲੰਘੀ 28 ਅਕਤੂਬਰ ਇਥੇ ਸਿਵਲ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਹਫ਼ਤਾਵਾਰੀ ਗੱਲਬਾਤ ਕਰਦਿਆਂ ਆਖੇ। ਉਨ੍ਹਾਂ ਕਿਹਾ ਕਿ ਰਾਜ ਵਿਚ ਕਾਂਗਰਸੀ ਅਤੇ ਅਕਾਲੀ ਵਿਧਾਇਕਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾ ਰਿਹਾ ਹੈ ਅਤੇ ਸਰਕਾਰ ਕਿਸੇ ਖ਼ਿਲਾਫ਼ ਵੀ ਬਦਲਾ ਲਊ ਭਾਵਨਾ ਨਾਲ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਬਠਿੰਡਾ ਵਿਖੇ 5 ਕਾਂਗਰਸੀ ਵਿਧਾਇਕਾਂ ਨੂੰ ਥਾਣੇ 'ਚ ਬੰਦ ਕਰਨ ਦੀ ਘਟਨਾ ਸਬੰਧੀ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਕਿਸੇ ਦੀ ਵੀ ਇਹ ਜ਼ੁਰਅਤ ਨਹੀਂ ਕਿ ਉਹ ਵਿਧਾਇਕਾਂ ਨੂੰ ਥਾਣੇ 'ਚ ਡੱਕ ਸਕੇ। ਚਾਹੇ ਉਹ ਅਕਾਲੀ ਹੋਣ ਜਾਂ ਕਾਂਗਰਸੀ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕ ਖ਼ੁਦ ਆਪਣੇ ਕਿਸੇ ਹਮਾਇਤੀ ਦੇ ਹੱਕ 'ਚ ਥਾਣੇ ਗਏ ਸਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ 'ਚ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।




ਇਸ ਦੇ ਨਾਲ ਹੀ ਪੱਤਰਕਾਰਾਂ ਵਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਸ. ਬਾਦਲ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੇ ਕੰਮਾਂ ਵਿਚ ਦਖ਼ਲ ਨਹੀਂ ਦਿੰਦੇ ਅਤੇ ਨਾ ਹੀ ਉਨ੍ਹਾਂ ਨੇ ਕਦੇ ਐਸ ਜੀ ਪੀ ਸੀ ਦੇ ਪ੍ਰਧਾਨ ਜਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਿਸੇ ਕੰਮ ਬਾਰੇ ਕੋਈ ਸਿਫਾਰਸ਼ ਕੀਤੀ ਹੈ। ਸ. ਬਾਦਲ ਨੇ ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਵਲੋਂ ਉਨ੍ਹਾਂ 'ਤੇ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਅਕਾਲ ਤਖ਼ਤ ਸਿੱਖਾਂ ਦੀ ਸਰਵਉਚ ਸੰਸਥਾ ਹੈ ਅਤੇ ਉਸ ਦੇ ਕੰਮਾਂ ਤੇ ਫੈਸਲਿਆਂ ਵਿਚ ਮੈਂ ਕਦੀ ਵੀ ਦਖ਼ਲ ਨਹੀਂ ਦੇ ਸਕਦਾ।


**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

**RAJ SINGH**
**Cell:510-452-7370**

Notary Free

RAJ SINGH
M.A., M.Ed Retd. Principal
Realtor & Financial Adviser
Lic#01776459 & OG22467

*30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।*


MISSIONPEAK BROKERS, INC.
PEAK OF EXCELLENCE

46560 Fremont Blvd.
Suite #111 Fremont,
CA 94538
singhrajpaul@yahoo.com



**ਡਾਇਮੰਡ ਹੇਅਰ ਕਟਿੰਗ ਸਲੂਨ**

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



TONY

**For men, women & Children**

*ਹੇਅਰ ਕੱਟ ਸਪੈਸ਼ਲ 8 ਡਾਲਰ*

Make-up
Hair cut
Perm
Hair styler

Color
Facial, Threading
Bridal Make-up
Body Art (Henna)

26655 Mission Blvd.
Hayward,
CA 94544

*Wednesday thru Monday 10 am to 7pm,*
*Sunday 11 am to 6.00 pm Tuesday closed*

**Ph: 510-582-2472 Cell: (510) 825-0820**

# ਚੋਣਾਂ ਪਿਛੋਂ ਹਰਿਆਣਾ 'ਚ ਹੁਣ ਮੰਤਰੀ ਬਣਨ ਦੀ ਦੌੜ ਤੇਜ਼ ਹੋਈ

**ਚੰਡੀਗੜ੍ਹ :** ਦੂਜੀ ਵਾਰ ਹਰਿਆਣਾ ਦਾ ਮੁੱਖ ਮੰਤਰੀ ਬਣਨ ਤੋਂ 4 ਦਿਨ ਬਾਅਦ ਭੁਪਿੰਦਰ ਸਿੰਘ ਹੁੱਡਾ ਨੇ ਲੰਘੀ 28 ਅਕਤੂਬਰ ਨੂੰ ਰਾਜ ਵਿਧਾਨ ਸਭਾ 'ਚ ਭਰੋਸੇ ਦਾ ਵੋਟ ਹਾਸਲ ਕਰ ਲਿਆ। 40 ਸੀਟਾਂ ਨਾਲ ਸੂਬੇ 'ਚ ਸਭ ਤੋਂ ਵੱਡੀ ਸਿਆਸੀ ਪਾਰਟੀ ਬਣਕੇ ਸਾਹਮਣੇ ਆਈ ਕਾਂਗਰਸ ਨੇ 7 ਆਜ਼ਾਦ ਵਿਧਾਇਕਾਂ ਤੇ ਬਸਪਾ ਦੇ 1 ਵਿਧਾਇਕ ਵਲੋਂ ਬਿਨਾਂ ਸ਼ਰਤ ਦਿੱਤੇ ਗਏ ਸਮਰਥਨ ਨਾਲ 47 ਵੋਟਾਂ ਪ੍ਰਾਪਤ ਕੀਤੀਆਂ, ਜਦਕਿ ਬਹੁਮਤ ਸਾਬਤ ਕਰਨ ਲਈ 46 ਦੀ ਲੋੜ ਸੀ। ਇਸ ਦੌਰਾਨ ਹਰਿਆਣਾ ਜਨਹਿਤ ਕਾਂਗਰਸ (ਹਜਕਾਂ) ਦੇ ਨਵਨਿਯੁਕਤ ਵਿਧਾਇਕ ਬਹੁਮਤ ਬਾਰੇ ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਥੋਂ ਤੁਰਦੇ ਬਣੇ।

ਇਸ ਤੋਂ ਪਹਿਲਾਂ ਨੌਜਵਾਨ ਕਾਂਗਰਸੀ ਆਗੂ ਰਣਦੀਪ ਸਿੰਘ ਸੂਰਜੇਵਾਲਾ ਨੇ ਸਪੀਕਰ ਦੇ ਅਹੁਦੇ ਲਈ ਹਰਿਆਣਾ ਦੇ ਸੀਨੀਅਰ ਸਿੱਖ ਕਾਂਗਰਸੀ ਆਗੂ ਹਰਮੋਹਿੰਦਰ ਸਿੰਘ ਚੱਠਾ ਦਾ ਨਾਂ ਪੇਸ਼ ਕੀਤਾ, ਜਿਸ 'ਤੇ ਸਾਰੇ ਵਿਧਾਇਕਾਂ ਨੇ ਆਪਣੀ ਸਹਿਮਤੀ ਦੇ ਦਿੱਤੀ, ਜਦਕਿ ਡਿਪਟੀ ਸਪੀਕਰ ਬਾਰੇ ਫ਼ੈਸਲਾ ਅੱਗੇ ਪਾ ਦਿੱਤਾ ਗਿਆ।


ਇਸ ਤੋਂ ਬਾਅਦ ਸੂਬੇ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੇ ਉਨ੍ਹਾਂ ਨੂੰ ਹਫ਼ਤੇ ਦੇ ਅੰਦਰ-ਅੰਦਰ ਬਹੁਮਤ ਸਾਬਤ ਕਰਨ ਲਈ ਕਿਹਾ ਸੀ, ਜੋ ਕਿ ਉਨ੍ਹਾਂ ਸਾਬਤ ਕਰਕੇ ਆਪਣੀ ਦੂਜੀ ਪਾਰੀ ਦੀ ਠੋਸ ਸ਼ੁਰੂਆਤ ਕੀਤੀ। ਬਹੁਮਤ ਸਾਬਤ ਕਰਨ ਮੌਕੇ ਪ੍ਰਮੁੱਖ ਵਿਰੋਧੀ ਧਿਰ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਵਿਧਾਨ ਸਭਾ ਦੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਦੀ ਇਸ ਗੱਲ ਦਾ ਵਿਰੋਧ ਕੀਤਾ ਕਿ ਭਰੋਸੇ ਦੀ ਵੋਟ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤੀ ਜਾਵੇ। ਸ੍ਰੀ ਹੁੱਡਾ ਨੇ ਮੌਕੇ ਦੀ ਨਜ਼ਾਕਤ ਵੇਖਦਿਆਂ ਸਪੀਕਰ ਨੂੰ ਕਿਹਾ ਕਿ ਉਹ ਸ੍ਰੀ ਚੌਟਾਲਾ ਦੀ ਇਹ ਇੱਛਾ ਵੀ ਪੂਰੀ ਕਰ ਦੇਣ। ਉਨ੍ਹਾਂ ਕਿਹਾ ਕਿ ਹਰ ਵਿਧਾਇਕ ਨੂੰ ਖੜ੍ਹਾ ਕਰਕੇ ਹੀ ਉਸ ਦੀ ਰਾਏ ਪੁੱਛੀ ਜਾਵੇ। ਇਸ ਤੋਂ ਬਾਅਦ ਸਪੀਕਰ ਨੇ ਸ੍ਰੀ ਹੁੱਡਾ ਦੀ ਗੱਲ ਮੰਨਦਿਆਂ ਹਰੇਕ ਵਿਧਾਇਕ ਤੋਂ ਵਾਰੀ-ਵਾਰੀ ਪੁੱਛਿਆ ਅਤੇ ਹੁੱਡਾ ਨੇ ਭਰੋਸੇ ਦਾ ਵੋਟ ਜਿੱਤ ਲਿਆ।

ਸੂਤਰਾਂ ਅਨੁਸਾਰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਕਾਂਗਰਸ ਨੂੰ ਸਮਰਥਨ ਦੇਣ ਵਾਲੇ ਸੱਤ ਆਜ਼ਾਦ ਵਿਧਾਇਕਾਂ ਸਮੇਤ ਹੋਰ ਸਾਰੇ ਚਾਹਵਾਨ ਉਮੀਦਵਾਰਾਂ ਨੂੰ ਆਪਣੀ ਕੈਬਨਿਟ 'ਚ ਥਾਂ ਦੇਣ ਲਈ ਬੜੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੱਤ ਦੇ ਸੱਤ ਆਜ਼ਾਦ ਵਿਧਾਇਕ, ਜਿਨ੍ਹਾਂ ਨੇ ਬਿਨਾਂ ਸ਼ਰਤ ਕਾਂਗਰਸ ਨੂੰ ਸਮਰਥਨ ਦਿੱਤਾ ਸੀ, ਸਮੇਤ ਕਾਂਗਰਸ ਦੇ ਸੀਨੀਅਰ ਲੀਡਰ, ਮੰਤਰੀ ਬਣਨ ਦੇ ਇੱਛੁਕ ਹਨ।ਇਨ੍ਹਾਂ ਵਿਚੋਂ ਕਿਰਨ ਚੌਧਰੀ, ਅਜੇ ਸਿੰਘ ਯਾਦਵ, ਹਰਮੋਹਿੰਦਰ ਸਿੰਘ ਚੱਠਾ, ਰਣਦੀਪ ਸਿੰਘ ਸੂਰਜੇਵਾਲਾ, ਸਵਿੱਤਰੀ ਜਿੰਦਲ, ਸਾਬਕਾ ਸਪੀਕਰ ਰਘੁਬੀਰ ਸਿੰਘ ਕਾਦਿਆਨ, ਵਿਨੋਦ ਸ਼ਰਮਾ, ਸੁਮਿਤਾ ਸਿੰਘ ਤੇ ਪ੍ਰੋਫੈਸਰ ਸੰਪਤ ਸਿੰਘ ਵੀ ਕੈਬਨਿਟ 'ਚ ਸ਼ਾਮਲ ਹੋਣ ਸਬੰਧੀ ਦਾਅਵੇ ਪੇਸ਼ ਕਰ ਰਹੇ ਹਨ।

ਇਸ ਤੋਂ ਇਲਾਵਾ ਝੱਜਰ ਵਿਧਾਨ ਸਭਾ ਸੀਟ ਤੋਂ ਜਿੱਤ ਕੇ ਆਈ ਵਿਧਾਇਕ ਗੀਤਾ ਭੁੱਕਲ ਵੀ ਰਾਖਵੇਂ ਕੋਟੇ ਅਧੀਨ ਕੈਬਨਿਟ 'ਚ ਆਪਣਾ ਦਾਅਵਾ ਪੇਸ਼ ਕਰ ਰਹੀ ਹੈ। ਵੋਟਾਂ ਦੇ ਹਿੱਸੇ ਮੁਤਾਬਕ ਕੈਬਨਿਟ 'ਚ ਇੱਕ ਸੀਟ ਪੰਜਾਬੀ ਵਿਧਾਇਕ ਨੂੰ ਦੇਣੀ ਵੀ ਜ਼ਰੂਰੀ ਹੋਵੇਗੀ।

ਸੱਤ ਆਜ਼ਾਦ ਉਮੀਦਵਾਰਾਂ ਸਮੇਤ ਇਸ ਸਮੇਂ ਸਪੀਕਰ ਤੇ ਉਪ ਮੁੱਖ ਮੰਤਰੀ ਦੇ ਅਹੁਦੇ ਸਮੇਤ 13 ਉੱਚ ਅਹੁਦਿਆਂ ਲਈ ਕੁੱਲ 17 ਚਾਹਵਾਨ ਉਮੀਦਵਾਰ ਮੈਦਾਨ 'ਚ ਹਨ। ਸਾਬਕਾ ਵਿੱਤ ਮੰਤਰੀ ਬਿਰੇਂਦਰ ਸਿੰਘ, ਸਿੱਖਿਆ ਤੇ ਟਰਾਂਸਪੋਰਟ ਮੰਤਰੀ ਮਾਂਗੇ ਰਾਮ ਗੁਪਤਾ,



**ਅਜ਼ਾਦ ਵਿਧਾਇਕਾਂ ਨੂੰ ਖਰੀਦਣ ਦੇ ਦੋਸ਼ ਲਾਏ ਚੋਟਾਲਾ ਨੇ**

ਪੁਰਾਤਤਵ ਤੇ ਅਜਾਇਬਘਰ ਵਿਭਾਗ ਦੀ ਰਾਜ ਮੰਤਰੀ ਮੀਨਾ ਮੰਡਲ ਅਤੇ ਮੁੱਖ ਪਾਰਲੀਮਾਨੀ ਸਕੱਤਰ ਕ੍ਰਿਸ਼ਨਾ ਪੰਡਿਤ ਜੋ ਕਿ ਇਸ ਵਾਰ ਚੋਣ ਹਾਰ ਚੁੱਕੇ ਹਨ ਅਤੇ ਸਿਹਤ ਮੰਤਰੀ ਕਰਤਾਰ ਦੇਵੀ ਦੀ ਮੌਤ ਹੋਣ ਕਾਰਨ ਇਨ੍ਹਾਂ ਦੇ ਅਹੁਦਿਆਂ 'ਤੇ ਸਾਰੇ ਚਾਹਵਾਨ ਉਮੀਦਵਾਰਾਂ ਨੂੰ ਥਾਂ ਦੇਣਾ ਹੁੱਡਾ ਲਈ ਕਾਫ਼ੀ ਮੁਸ਼ਕਿਲ ਦਿਖ ਰਿਹਾ ਹੈ। ਦੂਜੇ ਪਾਸੇ ਇਨੈਲੋ ਮੁਖੀ ਓਮ ਪ੍ਰਕਾਸ ਚੌਟਾਲਾ, ਜਿਸ ਦੇ ਕੋਲ ਅਕਾਲੀ ਦਲ ਸਮੇਤ 32 ਵਿਧਾਇਕ ਹਨ ਬੜੀ ਬੇਸਬਰੀ ਨਾਲ ਕੈਬਨਿਟ ਦੇ ਵਿਸਥਾਰ ਦੀ ਇੰਤਜ਼ਾਰ ਕਰ ਰਹੇ ਹਨ।

ਜਾਣਕਾਰੀ ਅਨੁਸਾਰ ਚੌਟਾਲਾ ਇਨੈਲੋ ਨੂੰ ਸਰਕਾਰ ਬਣਾਉਣ ਲਈ ਸਮਰਥਨ ਦੇਣ ਬਦਲੇ ਪਹਿਲਾਂ ਹੀ ਕੁਲਦੀਪ ਬਿਸ਼ਨੋਈ ਨੂੰ ਮੁੱਖ ਮੰਤਰੀ ਦੀ ਗੱਦੀ ਦਾ ਲਾਲਚ ਦੇ ਚੁੱਕੇ ਹਨ। ਇਨੈਲੋ ਕੈਬਨਿਟ ਦੇ ਵਿਸਥਾਰ ਤੋਂ ਬਾਅਦ ਆਪਣੇ ਪੱਤੇ ਖੋਲ੍ਹੇਗੀ, ਕਿਉਂਕਿ ਚੌਟਾਲਾ ਸਾਹਿਬ ਉਨ੍ਹਾਂ ਲੀਡਰਾਂ ਦਾ ਇੰਤਜ਼ਾਰ ਕਰ ਰਹੇ ਹਨ, ਜਿਹੜੇ ਕੈਬਨਿਟ 'ਚੋਂ ਬਾਹਰ ਰੱਖੇ ਜਾਣਗੇ, ਤਾਂ ਕਿ ਉਨ੍ਹਾਂ ਨੂੰ ਮੰਤਰੀ ਪਦ ਦਾ ਲਾਲਚ ਦੇ ਕੇ ਆਪਣੇ ਵਲ ਕੀਤਾ ਜਾਵੇ।

ਇਸੇ ਲਈ ਸ਼ਾਇਦ ਚੋਟਾਲਾ ਨੇ ਕਿਹਾ ਹੈ ਕਿ ਜੋੜ ਤੋੜ ਨਾਲ ਬਣੀ ਕਾਂਗਰਸ ਸਰਕਾਰ ਦੇ ਜ਼ਿਆਦਾ ਸਮਾਂ ਚੱਲਣ ਦੇ ਆਸਾਰ ਨਹੀਂ ਹਨ। ਇਸ ਸਰਕਾਰ ਦੇ ਗਠਨ ਲਈ ਕਾਂਗਰਸ ਨੇ ਲੋਕਤੰਤਰ ਦੇ ਹਰ ਕਾਇਦੇ ਕਾਨੂੰਨ ਨੂੰ ਦਰ-ਕਿਨਾਰ ਕੀਤਾ ਹੈ। ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਆਪਣੇ ਐਲਨਾਵਾਦ ਹਲਕੇ ਦੇ ਪਿੰਡਾਂ ਦਾ ਧੰਨਵਾਦੀ ਦੌਰਾ ਕਰਦਿਆਂ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਰਕਾਰ ਬਹੁਤੀ ਦੇਰ ਨਹੀਂ ਚੱਲੇਗੀ।

ਸ੍ਰੀ ਚੌਟਾਲਾ ਨੇ ਲੰਘੀ 30 ਅਕਤੂਬਰ ਨੂੰ ਹਲਕੇ ਦੇ ਪਿੰਡ ਅਰਨੀਆਂਵਾਲੀ, ਰੰਧਾਵਾ, ਨਿਰਬਾਣ, ਰੁਪਾਣਾ, ਦੜਬਾ, ਮਾਖੋਸਰਾਣੀ, ਸ਼ਕਰ ਮੰਦੋਰੀ, ਰੁਪਾਣਾ ਬਿਸ਼ਨੋਈਆਂ, ਜੋਗੀਵਾਲਾ, ਖੇੜੀ, ਚਾਹਰਵਾਲਾ, ਗੀਗੋਰਾਣੀ ਅਤੇ ਤਕਰਾਂਵਾਲੀ ਆਦਿ ਵਿਚ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਾਂਗਰਸ ਦੀ ਹਾਈ ਕਮਾਨ ਸਦਾ ਹੀ ਨੈਤਿਕਤਾ ਦੇ ਗੀਤ ਗਾਉਂਦੀ ਰਹਿੰਦੀ ਹੈ, ਪਰ ਹੁਣ ਕਾਂਗਰਸ ਦੀ ਨੈਤਿਕਤਾ ਕਿੱਥੇ ਗਈ ਜਦੋਂ ਕਾਂਗਰਸ ਪਾਰਟੀ ਨੇ ਸਰਕਾਰ ਬਣਾਉਣ ਲਈ ਆਜ਼ਾਦ ਵਿਧਾਇਕਾਂ ਦੀ ਖਰੀਦੋ ਫਰੋਖਤ ਕੀਤੀ ਅਤੇ ਉਨ੍ਹਾਂ ਨੂੰ ਸਰਕਾਰੀ ਮਸ਼ੀਨਰੀ ਦੇ ਬਲ 'ਤੇ ਬੰਧਕ ਬਣਾਇਆ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਚੁਣੇ ਹੋਏ ਜਨ ਪ੍ਰਤੀਨਿਧੀਆਂ ਦੀ ਖਰੀਦ ਕਰਨਾ ਨੈਤਿਕਤਾ ਵਾਲਾ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਿਛਲੀ ਸਰਕਾਰ ਵਿਚ ਵੀ ਇਨੈਲੋ ਨੇ ਵਿਰੋਧੀ ਧਿਰ ਦੀ ਭੂਮਿਕਾ ਜ਼ਿੰਮੇਵਾਰੀ ਨਾਲ ਨਿਭਾਈ ਸੀ ਅਤੇ ਹੁਣ ਵੀ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸੂਬੇ ਦੀ ਜਨਤਾ ਨੇ ਇਨੈਲੋ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ ਉਸ ਨੂੰ ਇਨੈਲੋ ਪੂਰੀ ਇਮਾਨਦਾਰੀ ਨਾਲ ਨਿਭਾਏਗਾ।

## ਅਨਾਦ ਕਾਵਿ ਸਨਮਾਨ ਅਮਰਜੀਤ ਚੰਦਨ ਨੂੰ

**ਨਵੀਂ ਦਿੱਲੀ:** ਇਸ ਸਾਲ ਅਨਾਦ ਕਾਵਿ ਸਨਮਾਨ ਪਰਵਾਸੀ ਪੰਜਾਬੀ ਕਵੀ ਅਮਰਜੀਤ ਚੰਦਨ ਨੂੰ ਦਿੱਤਾ ਜਾਵੇਗਾ। ਇਹ ਫੈਸਲਾ ਪਿਛਲੇ ਦਿਨੀਂ ਪ੍ਰੋਫੈਸਰ ਸਤਿਆਪਾਲ ਗੌਤਮ ਦੀ ਪ੍ਰਧਾਨਗੀ ਹੇਠ ਇਥੇ ਜਿਊਰੀ ਦੀ ਮੀਟਿੰਗ ਵਿਚ ਕੀਤਾ ਗਿਆ। ਜਿਊਰੀ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇਸ ਸਾਲ ਦਾ ਸਨਮਾਨ ਪੰਜਾਬੀ ਕਵਿਤਾ ਨੂੰ ਕੌਮਾਂਤਰੀ ਮੰਜ਼ਰ 'ਤੇ ਲਿਜਾਣ ਵਿਚ ਭਰਵਾਂ ਯੋਗਦਾਨ ਪਾਉਣ ਵਾਲੇ ਸ੍ਰੀ ਚੰਦਨ ਨੂੰ ਦਿੱਤਾ ਜਾਵੇਗਾ। ਕਵਿਤਾ ਵਿਚ ਵਿਲੱਖਣ ਕਿਸਮ ਦਾ ਦੱਖਣੀ ਏਸ਼ੀਆ ਦਾ ਇਹ ਇਕਮਾਤਰ ਸਾਹਿਤਕ ਸਨਮਾਨ ਹੈ।



## ਬਾਦਲ ਸੰਤ ਫਤਿਹ ਸਿੰਘ ਦੇ ਸਮਾਗਮ 'ਚ ਨਾ ਗਏ

**ਰਾਮਪੁਰਾ ਫੂਲ :** ਪੰਜਾਬੀ ਭਾਸ਼ਾ ਦੀ ਮੁੱਦਈ ਕਹਾਉਣ ਵਾਲੀ ਅਕਾਲੀ-ਭਾਜਪਾ ਦੀ ਸਰਕਾਰ ਦੇ ਰਾਜ ਵਿਚ ਪੰਜਾਬੀ ਸੂਬੇ ਦੇ ਮੋਢੀ ਆਗੂ ਸੰਤ ਫਤਿਹ ਸਿੰਘ ਨੂੰ ਬਰਸੀ ਮੌਕੇ ਇਸ ਵਾਰ ਰਾਜ ਪੱਧਰ ਦਾ ਸਨਮਾਨ ਨਸੀਬ ਨਾ ਹੋਇਆ। ਹਾਲਾਂਕਿ ਸੰਤ ਫਤਿਹ ਸਿੰਘ ਦੀ ਹਰ ਉਹ ਬਰਸੀ ਵਿਚ ਮੁੱਖ ਮੰਤਰੀ ਸਮੇਤ ਪੰਜਾਬ ਦੀ ਵਜ਼ਾਰਤ ਦੇ ਸਿਰਮੌਰ ਆਗੂ ਪਹੁੰਚਦੇ ਰਹੇ ਹਨ। ਪਰ ਇਸ ਵਾਰ ਪੰਜਾਬ ਸਰਕਾਰ ਵਲੋਂ ਪਾਰਲੀਮਾਨੀ ਸਕੱਤਰ ਜਗਦੀਪ ਸਿੰਘ ਨਕਈ ਤੋਂ ਬਿਨਾਂ ਕੋਈ ਵੀ ਹੋਰ ਦਿਖਾਈ ਨਾ ਦਿੱਤਾ।

ਸੰਤ ਫਤਿਹ ਸਿੰਘ ਦੀ 37ਵੀਂ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਬਦਿਆਲਾ ਵਿਚ ਮਨਾਈ ਗਈ ਬਰਸੀ ਦੇ ਸਮਾਗਮ ਮੌਕੇ ਲੋਕ ਸਭਾ ਹਲਕਾ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਉਨ੍ਹਾਂ ਦੀ ਯਾਦ ਵਿੱਚ ਖੇਡ ਸਟੇਡੀਅਮ ਉਸਾਰਨ ਦਾ ਨਵਾਂ ਵਾਧਾ ਕੀਤਾ। ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਲਵੀਰ ਸਿੰਘ ਘੁੰਨਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਗਰੂਪ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ। ਪਰ ਸਾਰੀਆਂ ਕਿਆਸ-ਅਰਾਈਆਂ ਦੇ ਉਲਟ ਪੰਜਾਬ ਦੇ ਕਿਸੇ ਵੀ ਮੰਤਰੀ ਨੇ ਪੰਜਾਬੀ ਸੂਬੇ ਦੀ ਹੋਂਦ ਲਈ ਲੜਨ ਵਾਲੇ ਸੰਤ ਫਤਿਹ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚਣ ਦੀ ਲੋੜ ਨਾ ਸਮਝੀ। ਦਿਲਚਸਪ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਹੀ ਸਰਕਾਰ ਵਿੱਚ ਕਈ ਵਾਰ ਅਜਿਹਾ ਹੋਇਆ ਹੈ। ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਦੇ-ਕਦੇ ਰਾਜ ਪੱਧਰੀ ਬਰਸੀ ਮਨਾਉਂਦੇ ਹਨ।ਇਸ ਵਾਰ ਵੀ ਬਰਸੀ ਸਮਾਗਮਾਂ ਨੂੰ ਅਣਗੌਲਿਆ ਕੀਤਾ ਗਿਆ।


**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com

2123 Port Way, San Jose, CA 95133

*CST: 2097308-40*



Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES

**We Also Offer Notary Service**



**Editing & Translation**

**Professional Text Editing in English and Translation Work from Punjabi to English (Academic, Technical and Creative)**

**Prithvi Raj**

prithviraj46@yahoo.com

shaprithvi@gmail.com

Cell (India)-094173-50789



**B & Sons Travel**

➢All Airlines ➢International and Domestic

➢Wholesale Fares Around the World

**We Will Beat or Match any Fare !**

**Office Hours**
**Mon-Fri:**
9am -6pm
**Saturday**
9am-5pm



CST. REG. # 2092042-40

President : Avtar Singh

**Tel:707-703-1451, Cell:707-688-6094**

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere



NCP College of Nursing

Educate | Grow | Succeed


**100% NCLEX-PN Pass Rate!**
SSF Campus
5 Consecutive Quarters
January 1008 - March 2009

**Affordable Payment Plans!**
Up to 10 years Repayment Terms on Approved Credit

**Start your career now!**
Find a job fast using our Job Placement Office.

Full Time
Part Time
Day & Evening

Start Your Nursing Career Today!



12 Month LVN Program • 20 Day CNA Program

- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Choose which is right for you...
Your career is a call away. **Call today!**

www.ncpcollegeofnursing.com

**Peninsula Campus**
257 Longford Drive #5
So. San Francisco, CA 94080
1.800.339.5145

**East Bay Campus**
21615 Hesperian Blvd, Ste A
Hayward, CA 94541
1.800.611.4054



FARMERS INSURANCE GROUP
Symbol of Superior Service

**FARMERS**®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਭਾਜਪਾ ਦੇ ਜੋਸ਼ੀ ਦਾ ਐਸ. ਐਸ. ਪੀ. ਵਿਰੁਧ ਜਹਾਦ ਕੀ ਦਰਸਾਵੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਭਾਜਪਾ ਆਗੂ ਸ੍ਰੀ ਅਨਿਲ ਜੋਸ਼ੀ ਕਿਸੇ ਵਿਵਾਦ ਵਿਚ ਪਹਿਲੀ ਵਾਰ ਨਹੀਂ ਫਸੇ। ਪਾਠਕਾਂ ਨੂੰ ਚੇਤੇ ਹੋਵੇਗਾ ਕਿ ਪੰਚਾਇਤ ਚੋਣਾਂ ਵੇਲੇ ਤਰਨਤਾਰਨ ਦੇ ਇਲਾਕੇ ਵਿਚ ਭਾਜਪਾ ਅਤੇ ਅਕਾਲੀ ਕਾਰਕੁੰਨਾਂ ਵਿਚ ਹੋਏ ਕਿਸੇ ਝਗੜੇ ਕਾਰਨ ਪੁਲਿਸ ਕੁਝ ਭਾਜਪਾ ਕਾਰਕੁੰਨਾਂ ਨੂੰ ਫੜ ਕੇ ਸੰਬੰਧਤ ਥਾਣੇ ਲੈ ਗਈ ਸੀ। ਜੋਸ਼ੀ ਦਾ ਪਿਛੋਕੜ ਕਿਉਂਕਿ ਤਰਨਤਾਰਨ ਦਾ ਹੈ, ਇਸ ਲਈ ਕੁਝ ਭਾਜਪਾ ਕਾਰਜਕਰਤਾਵਾਂ ਨੂੰ ਨਾਲ ਲੈ ਕੇ ਜਦੋਂ ਉਹ ਥਾਣੇ ਪੁੱਜੇ ਤਾਂ ਅਕਾਲੀ ਕਾਰਜਕਰਤਾਵਾਂ ਨੇ ਉਨ੍ਹਾਂ ਦੀ ਚੰਗੀ ਗਿੱਦੜਕੁੱਟ ਕੀਤੀ ਸੀ ਅਤੇ ਜੋਸ਼ੀ ਦੀ ਕਾਰ ਨੂੰ ਕਾਫੀ ਨੁਕਸਾਨ ਪਹੁੰਚਾਇਆ ਸੀ। ਜੋਸ਼ੀ ਜੀ ਆਪਣੇ ਹਮਾਇਤੀਆਂ ਨਾਲ ਮੁਸ਼ਕਲ ਨਾਲ ਜਾਨ ਬਚਾਅ ਕੇ ਭੱਜੇ ਸਨ ਅਤੇ ਦੋ-ਤਿੰਨ ਹੋਰ ਕਾਰਕੁੰਨਾਂ ਨਾਲ ਕੁਝ ਦਿਨ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖਲ ਵੀ ਰਹੇ ਸਨ। ਉਸ ਮਾਮਲੇ ਦਾ ਕੀ ਬਣਿਆ, ਬਾਅਦ ਵਿਚ ਉਸ ਦੀ ਕੋਈ ਧੁਖ ਨਹੀਂ ਸੀ ਨਿਕਲੀ।

ਅੰਮ੍ਰਿਤਸਰ ਦੀਆਂ ਮਿਊਂਸਪਲ ਚੋਣਾਂ ਵਿਚ ਵੀ ਈਸਟ ਮੋਹਨ ਨਗਰ ਦੇ ਇਲਾਕੇ ਵਿਚ ਇਕ ਬੂਥ ਉਪਰ ਉਨ੍ਹਾਂ ਖੁਦ ਹੁੱਲੜਬਾਜ਼ਾਂ ਦੀ ਅਗਵਾਈ ਕੀਤੀ ਸੀ। ਉਨ੍ਹਾਂ ਦੋਵਾਂ ਮਾਮਲਿਆਂ ਕਾਰਨ ਉਨ੍ਹਾਂ ਦੀ ਕਾਫੀ 'ਪ੍ਰਸਿੱਧੀ' ਵੀ ਹੋਈ ਸੀ।

ਜੋਸ਼ੀ ਜੀ ਕਿੰਨੇ ਜ਼ਿੱਦੀ ਸੁਭਾਅ ਦੇ ਹਨ, ਸੰਬੰਧਤ ਖ਼ਬਰ ਦਾ ਇਹ ਹਿੱਸਾ ਹੀ ਦਰਸਾ ਦੇਂਦਾ। "ਪੰਜਾਬ ਭਾਜਪਾ ਦੇ ਮਾਮਲਿਆਂ ਦੇ ਇੰਚਾਰਜ ਸ੍ਰੀ ਬਲਬੀਰ ਪੁੰਜ ਨੇ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਫੇਰੀ ਪਾਈ ਸੀ ਪਰ ਉਹ ਵੀ ਸ੍ਰੀ ਜੋਸ਼ੀ ਨੂੰ ਆਪਣੀ ਰੋਸ ਯੋਜਨਾ ਛੱਡਣ ਲਈ ਨਹੀਂ ਸਨ ਮਨਾ ਸਕੇ।"

ਸ੍ਰੀ ਜੋਸ਼ੀ ਦਾ ਐਸ. ਐਸ. ਪੀ. ਅੰਮ੍ਰਿਤਸਰ ਨਾਲ ਪੰਗਾ ਉਦੋਂ ਪਿਆ, ਜਦੋਂ ਉਪਰੋਕਤ ਰਿਪੋਰਟ ਅਨੁਸਾਰ ਦੀਵਾਲੀ ਦੀ ਰਾਤ ਨੂੰ ਪੁਲਿਸ ਦੇ ਕੁਝ ਕਥਿਤ ਜੁਆਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਕੋਲੋਂ ਕੁਝ ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਕੋਈ ਡੇਢ ਲੱਖ ਰੁਪਿਆ ਵੀ ਫੜਿਆ ਗਿਆ ਸੀ। ਦੂਜਾ ਕਾਰਨ ਇਸ ਝਗੜੇ ਦਾ ਇਹ ਦੱਸਿਆ ਜਾਂਦਾ ਹੈ ਕਿ ਜਦੋਂ ਐਸ. ਐਸ. ਪੀ. ਨੇ ਜੋਸ਼ੀ ਦੀਆਂ ਫੋਟੋਆਂ ਵਾਲੇ ਬੋਰਡਾਂ ਸਣੇ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚੋਂ ਅਜਿਹੇ ਬੋਰਡ ਉਤਾਰਨੇ ਸ਼ੁਰੂ ਕਰ ਦਿੱਤੇ ਤਾਂ ਜੋਸ਼ੀ ਜੀ ਲੋਹੇ-ਲਾਖੇ ਹੋ ਗਏ।

ਪਤਾ ਨਹੀਂ ਇਸ ਧਾਰਨਾ ਨੂੰ ਕੁਝ ਲੋਕ ਕਿਉਂ ਚੰਬੜੇ ਬੈਠੇ ਹਨ ਕੀ ਦੀਵਾਲੀ ਵਾਲੇ ਦਿਨ ਜੂਆ ਖੇਡਣਾ ਜ਼ਰੂਰੀ ਹੁੰਦਾ ਹੈ। ਇਸ ਧਾਰਨਾ ਦੇ ਪ੍ਰਭਾਵ ਹੇਠਾਂ ਹੀ ਜੋਸ਼ੀ ਜੀ ਦੇ ਹਲਕੇ ਵਿਚੋਂ ਵੀ



**ਜੇ ਇਸ ਵਰਤਾਰੇ ਨੂੰ ਠੱਲ੍ਹ ਨਾ ਪਾਈ ਗਈ ਤਾਂ ਹਰ ਐਰਾ-ਗੈਰਾ ਅਫ਼ਸਰਾਂ ਨਾਲ ਆਢਾ ਲੈਣ ਲੱਗ ਪਵੇਗਾ**

ਕੁਝ ਲੋਕਾਂ ਨੂੰ ਜੂਆ ਖੇਡਦਿਆਂ ਫੜ ਲਿਆ ਗਿਆ ਸੀ। ਜੋਸ਼ੀ ਜੀ ਉਨ੍ਹਾਂ ਵਿਅਕਤੀਆਂ ਵਿਰੁਧ ਸੰਬੰਧਤ ਥਾਣੇ ਵਿਚ ਦਰਜ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਐਸ. ਐਸ. ਪੀ. ਨੂੰ ਜਾ ਮਿਲੇ। ਐਸ. ਐਸ. ਪੀ. ਸਾਹਿਬ ਨੇ ਉਨ੍ਹਾਂ ਦੀ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜੋਸ਼ੀ ਜੀ ਵੱਟ ਖਾ ਗਏ। ਪਤਾ ਨਹੀਂ ਵੱਟ ਉਨ੍ਹਾਂ ਆਪਣੇ ਬੋਰਡ ਉਤਾਰਨ ਖਾਧਾ ਜਾਂ ਜੁਆਰੀਆਂ ਦੇ ਪਰਚੇ ਨਾ ਰੱਦ ਕਰਨ ਕਾਰਨ। ਸਪੱਸ਼ਟ ਤੌਰ 'ਤੇ ਆਪਣੇ ਬਿਆਨਾਂ ਵਿਚ ਉਹ ਜੂਆਰੀਆਂ ਵਿਰੁਧ ਪਰਚੇ ਨੂੰ ਝੂਠਾ ਪਰਚਾ ਕਹਿੰਦੇ ਹਨ, ਪਰ ਇਸ ਗੱਲ ਦਾ ਜਵਾਬ ਉਹ ਨਹੀਂ ਦਿੰਦੇ ਕਿ ਝੂਠਾ ਪਰਚਾ ਦਰਜ ਕਰਨ ਲਈ ਕਿਹੜਾ ਪੁਲਿਸ ਕਰਮਚਾਰੀ ਹੈ, ਜਿਹੜਾ ਆਪਣੇ ਕੋਲੋਂ ਡੇਢ ਲੱਖ ਰੁਪਿਆ ਜਾਮਾ ਤਲਾਸ਼ੀ ਵਜੋਂ ਵਿਖਾਏਗਾ? ਨਾਲੇ ਪਰਚਾ ਤਾਂ ਸੰਬੰਧਤ ਥਾਣੇ ਵਾਲਿਆਂ ਦਰਜ ਕੀਤਾ ਅਤੇ ਐਸ. ਐਸ. ਪੀ. ਦਾ 'ਕਸੂਰ' ਕੇਵਲ ਏਨਾ ਹੈ ਕਿ ਉਨ੍ਹਾਂ ਪਰਚਾ ਰੱਦ ਕਰਨ ਲਈ ਸੰਬੰਧਤ ਜੋਸ਼ੀ ਜੀ ਦੇ ਕਹਿਣ 'ਤੇ ਹੁਕਮ ਨਹੀਂ ਦਿੱਤਾ। ਨਾਲੇ ਫਿਰ ਜੋਸ਼ੀ ਜੀ ਨੇ ਸੰਬੰਧਤ ਐਸ. ਐਚ. ਓ. ਵਿਰੁਧ ਝੂਠਾ ਪਰਚਾ ਦਰਜ ਕਰਨ ਵਿਰੁਧ ਕਾਰਵਾਈ ਕਰਨ ਲਈ ਆਵਾਜ਼ ਬੁਲੰਦ ਕਿਉਂ ਨਾ ਕੀਤੀ?

ਇਸੇ ਦੌਰਾਨ ਕਿਸੇ ਗੈਰ ਸਰਕਾਰੀ ਜਥੇਬੰਦੀ ਵਲੋਂ ਜੋਸ਼ੀ ਜੀ ਦਾ ਵਾ-ਵੇਲੇ ਵਿਰੋਧ ਅਤੇ ਐਸ. ਐਸ. ਪੀ. ਵਿਰੁਧ ਬੋਲੇ ਗਏ ਅਪਸ਼ਬਦਾਂ ਦੇ ਸੰਬੰਧ ਵਿਚ ਇਕ ਜਨਹਿਤ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਕੀਤੀ ਸੀ। ਹਾਈਕੋਰਟ ਨੇ ਇਸ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ ਇਹ ਹੁਕਮ ਜਾਰੀ ਕਰ ਦਿੱਤਾ ਸੀ ਕਿ ਆਪਣੇ ਵਿਰੁਧ ਵਰਤੇ ਗਏ ਅਪਸ਼ਬਦਾਂ ਲਈ ਐਸ. ਐਸ. ਪੀ. ਸਾਹਿਬ ਬਣਦੀ ਕਾਰਵਾਈ ਕਰ ਸਕਦੇ ਹਨ। ਪਤਾ ਨਹੀਂ ਐਸ. ਐਸ. ਪੀ. ਸਾਹਿਬ ਨੇ ਹਾਲੇ ਤਕ ਅਜਿਹਾ ਕਿਉਂ ਨਹੀਂ ਕੀਤਾ।

ਐਸ. ਐਸ. ਪੀ. ਕੰਵਰ ਵਿਜੇ ਪ੍ਰਤਾਪ ਸਿੰਘ ਨੂੰ ਅਸੀਂ ਓਦੋਂ ਦੇ ਜਾਣਦੇ ਹਾਂ, ਜਦੋਂ ਉਹ ਆਪਣਾ ਕੋਰਸ ਪੂਰਾ ਕਰਕੇ ਅੰਮ੍ਰਿਤਸਰ ਦੇ ਥਾਣਾ ਬੀ ਡਵੀਜ਼ਨ, ਸੁਲਤਾਨਵਿੰਡ ਗੇਟ ਵਿਚ ਅਮਲੀ ਤਜਰਬਾ ਹਾਸਲ ਕਰਨ ਲਈ ਆ ਕੇ ਲੱਗੇ ਸਨ। ਬਾਅਦ ਵਿਚ ਉਨ੍ਹਾਂ ਐਸ. ਪੀ. ਵਜੋਂ ਅੰਮ੍ਰਿਤਸਰ ਦੇ ਬਦਨਾਮ ਗੁਰਦਾ ਘੁਟਾਲੇ ਦੀ ਪੜਤਾਲ ਕੀਤੀ ਸੀ ਅਤੇ ਕੁਝ ਨਾਮਵਰ ਨੇਤਾਵਾਂ ਨਾਲ ਸੰਬੰਧਤ ਡਾਕਟਰ ਦੇ ਸੰਬੰਧ ਸਾਹਮਣੇ ਲਿਆਉਣ ਕਾਰਨ ਸਜ਼ਾ ਵਜੋਂ ਉਨ੍ਹਾਂ ਦੀ ਤਬਦੀਲੀ ਫਿਰੋਜ਼ਪੁਰ ਵਲ ਕਰ ਦਿੱਤੀ ਗਈ ਸੀ।

ਪ੍ਰੰਤੂ ਜਦੋਂ ਦੇ ਉਹ ਐਸ. ਐਸ. ਪੀ. ਬਣ ਕੇ ਅੰਮ੍ਰਿਤਸਰ ਆਏ ਸਨ, ਸ਼ਹਿਰ ਦੇ ਦਾਨਿਸ਼ਵਰ ਅਤੇ ਸਿਆਸੀ ਹਲਕਿਆਂ ਵਿਚ ਉਨ੍ਹਾਂ ਦਾ ਬਿੰਬ ਇਕ ਸੁਘੜ ਅਫ਼ਸਰ ਵਾਲਾ ਬਣਿਆ ਆ ਰਿਹਾ ਹੈ। ਇਹ ਪਹਿਲਾ ਮੌਕਾ ਹੈ ਕਿ ਜਨ ਪ੍ਰਤੀਨਿਧ ਨੇ ਉਨ੍ਹਾਂ ਵਿਰੁਧ ਅਜਿਹੇ ਇਲਜ਼ਾਮ ਲਗਾਏ ਸਨ। ਸਾਡੇ ਇਸ ਕਥਨ ਦੀ ਪੁਸ਼ਟੀ ਖੁਦ ਭਾਜਪਾ ਦੀ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਕਰਨਲ ਅਮਰੀਕ ਸਿੰਘ ਦੇ ਇਸ ਬਿਆਨ ਤੋਂ ਹੁੰਦੀ ਹੈ ਕਿ ਭਾਜਪਾ ਦੀ ਇਕਾਈ ਨੇ ਇਕ ਪ੍ਰਸਤਾਵ ਪਾਸ ਕਰਕੇ ਜੋਸ਼ੀ ਵਿਰੁਧ ਜ਼ਾਬਤੇ ਦੀ ਕਾਰਵਾਈ ਕਰਨ ਦੀ ਮੰਗ ਕੀਤੀ। ਸ੍ਰੀ ਨਵਜੋਤ ਸਿੰਘ ਸਿੱਧੂ, ਐਮ. ਪੀ ਸਣੇ ਕਿਸੇ ਵੀ ਨਾਮਣਾ ਵਾਲੇ ਭਾਜਪਾ ਨੇਤਾ ਅਤੇ ਅੰਮ੍ਰਿਤਸਰ ਤੋਂ ਭਾਜਪਾ ਦੀ ਦੂਜੀ ਵਿਧਾਇਕ ਬੀਬੀ ਲਕਸ਼ਮੀ ਕਾਂਤਾ ਚਾਵਲਾ, ਜੋ ਕਿ ਮੰਤਰੀ ਵੀ ਹਨ, ਨੇ ਭਲਾ ਜੋਸ਼ੀ ਦੀ ਮੰਗ ਦੀ ਹਮਾਇਤ ਕਿਉਂ ਨਹੀਂ ਕੀਤੀ? ਇਹ ਗੱਲ ਸਭ ਲੋਕ ਜਾਣਦੇ ਹਨ। ਜੋਸ਼ੀ ਜੀ ਦੇ ਪੈਰੋਕਾਰ ਵਾਰ ਵਾਰ ਉਸ ਰਾਜਿੰਦਰ ਮੋਹਨ ਸਿੰਘ ਛੀਨਾ ਦਾ ਨਾਂ ਆਪਣੇ ਹਮਾਇਤੀ ਵਜੋਂ ਉਛਾਲ ਰਹੇ ਸਨ, ਜਿਨ੍ਹਾਂ ਨੇ ਜੋਸ਼ੀ ਜੀ ਪਿੱਛੇ ਖਲੋਣ ਦਾ ਨਾਟਕ ਹੀ ਇਸ ਲਈ ਕੀਤਾ ਹੈ ਕਿ ਉਨ੍ਹਾਂ ਦੇ ਵਿਰੋਧੀ ਸਿੱਧੂ ਸਾਹਿਬ ਜੋਸ਼ੀ ਜੀ ਦੀ ਪਿੱਠ 'ਤੇ ਨਹੀਂ ਆਏ।

ਨਾਮ ਗਿਣਾਉਣ ਲੱਗਿਆਂ ਉਹ ਕੁਝ ਕੌਂਸਲਰਾਂ ਦੇ ਨਾਮ ਵੀ ਆਪਣੇ ਹਮਾਇਤੀਆਂ ਵਜੋਂ ਪੇਸ਼ ਕਰਦੇ ਰਹੇ, ਪ੍ਰੰਤੂ ਭਾਜਪਾ ਨੇਤਾ ਤਾਂ ਇਕ ਪਾਸੇ, ਅੰਮ੍ਰਿਤਸਰ ਭਾਜਪਾ ਦੇ ਆਮ ਕਾਰਜਕਰਤਾਵਾਂ ਦੀ ਭਾਰੀ ਬਹੁਗਿਣਤੀ ਵੀ ਜੋਸ਼ੀ ਜੀ ਦੇ ਇਸ ਪੈਂਤੜੇ ਦੀ ਹਮਾਇਤ ਨਹੀਂ ਸੀ ਕਰਦੀ।

ਭਲਾ ਹੋਵੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਰਾਜਨਾਥ ਸਿੰਘ ਜੀ ਦਾ, ਜਿਨ੍ਹਾਂ ਰਾਜ ਦੇ ਪ੍ਰਧਾਨ ਸ੍ਰੀ ਭੰਡਾਰੀ ਨੂੰ ਭੇਜ ਕੇ ਜੋਸ਼ੀ ਜੀ ਨੂੰ ਇਸ ਘੁੰਮ-ਘੇਰ ਵਿਚੋਂ ਕੱਢਣ ਵਿਚ ਸਹਾਇਤਾ ਕੀਤੀ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਜਿਸ ਢੰਗ ਨਾਲ ਸਿਆਸੀ ਦਬਾਅ ਅਧੀਨ ਐਸ. ਐਸ. ਪੀ. ਸ੍ਰੀ ਕੰਵਰ ਵਿਜੇ ਪ੍ਰਤਾਪ ਸਿੰਘ ਦਾ ਤਬਾਦਲਾ ਕੀਤਾ ਗਿਆ ਹੈ, ਉਹ ਭਲੇ ਦੇ ਸੰਕੇਤ ਨਹੀਂ ਦਿੰਦਾ। ਜੇ ਇਸ ਵਰਤਾਰੇ ਨੂੰ ਠੱਲ੍ਹ ਨਾ ਪਾਈ ਗਈ ਤਾਂ ਹਰ ਐਰਾ-ਗੈਰਾ ਹਰ ਉਸ ਅਫ਼ਸਰ ਨਾਲ ਆਢਾ ਲੈਣ ਲੱਗ ਪਵੇਗਾ, ਜਿਹੜਾ ਕਿਸੇ ਸਿਆਸੀ ਦਬਾਅ ਵਿਚ ਆ ਕੇ ਠੀਕ ਫੈਸਲੇ ਵਾਪਸ ਲੈਣ ਤੋਂ ਇਨਕਾਰ ਕਰ ਦਿੰਦਾ ਹੈ।

# ਹਾਕਮਾਂ ਦੀ ਧੜੇਬੰਦੀ ਦਾ ਮੋਹਰਾ ਬਣੇ ਕੁੰਵਰ ਵਿਜੈ ਪ੍ਰਤਾਪ

**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਨਿਲ ਜੋਸ਼ੀ ਅਤੇ ਜ਼ਿਲ੍ਹਾ ਪੁਲਸ ਮੁਖੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਚਾਲੇ ਚੱਲਿਆ ਆ ਰਿਹਾ ਟਕਰਾਅ ਜਿੱਥੇ ਪੁਲਸ ਮੁਖੀ ਦੇ ਤਬਾਦਲੇ ਨਾਲ ਸ਼ਾਂਤ ਹੋ ਗਿਆ ਹੈ, ਓਥੇ ਇਹ ਉੱਚ ਅਧਿਕਾਰੀਆਂ ਲਈ ਇੱਕ ਸਬਕ ਵੀ ਦੇ ਗਿਆ ਹੈ ਕਿ ਸੱਤਾਧਾਰੀ ਧਿਰ ਦੀ ਅੰਦਰੂਨੀ ਧੜੇਬੰਦੀ ਦਾ ਮੋਹਰਾ ਬਣਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੁੰਦਾ। ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਕਾਰਜਕਾਲ ਵੇਲੇ ਅੰਮ੍ਰਿਤਸਰ ਸ਼ਹਿਰ ਹੀ ਨਹੀਂ, ਸਗੋਂ ਸਮੁੱਚਾ ਜ਼ਿਲ੍ਹਾ ਸੱਤਾਧਾਰੀ ਧਿਰਾਂ ਦੀ ਖਾਨਾਜੰਗੀ 'ਚ ਬਦਲ ਗਿਆ ਸੀ। ਜ਼ਿਲ੍ਹਾ ਪੁਲਸ ਮੁਖੀ ਨੂੰ ਭਾਜਪਾ ਦੀ ਤੇਜ਼ ਤਰਾਰ ਆਗੂ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਤੇ ਲੋਕ ਸਭਾ ਮੈਂਬਰ ਨਵਜੋਤ ਸਿੱਧੂ ਦਾ ਥਾਪੜਾ ਹਾਸਲ ਸੀ। ਉਹ ਬੀਬੀ ਚਾਵਲਾ ਨੂੰ ਹੀ ਆਪਣਾ ਇਸ਼ਟ ਸਮਝਣ ਲੱਗੇ ਸਨ ਤੇ ਅਕਾਲੀ ਆਗੂਆਂ ਨੂੰ ਉਹ ਕੋਈ ਖਾਸ ਅਹਿਮੀਅਤ ਨਹੀਂ ਦੇ ਰਹੇ ਸਨ। ਭਾਜਪਾ ਵਿਧਾਇਕ ਅਨਿਲ ਜੋਸ਼ੀ ਨਾਲ ਉਨ੍ਹਾਂ ਦਾ ਟਕਰਾਅ ਕੋਈ ਨਵਾਂ ਨਹੀਂ ਸੀ, ਉਹ ਪਿਛਲੇ ਦੋ ਸਾਲ ਤੋਂ ਚੱਲਦਾ ਆ ਰਿਹਾ ਸੀ। ਜੋਸ਼ੀ ਨੂੰ ਉਸ ਸਮੇਂ ਹੋਰ ਬਲ ਮਿਲ ਗਿਆ, ਜਦ ਰਾਜਿੰਦਰ ਮੋਹਨ ਸਿੰਘ ਛੀਨਾ ਉਨ੍ਹਾਂ ਦੇ ਨਾਲ ਆ ਕੇ ਖੜੋ ਗਏ, ਜਿਨ੍ਹਾਂ ਨਾਲ ਨਗਰ ਸੁਧਾਰ ਟਰੱਸਟ ਦੀ ਚੇਅਰਮੈਨੀ ਨੂੰ ਲੈ ਕੇ ਸਿੱਧੂ ਨੇ ਤੂਫਾਨ ਖੜਾ ਕਰੀ ਰੱਖਿਆ ਸੀ। ਇਸ ਤੂਫਾਨ ਨੇ ਜੋਸ਼ੀ-ਛੀਨਾ ਜੋੜੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੱਤਾ।



ਅਕਾਲੀ ਦਲ 'ਚ ਮਾਝੇ ਦੇ ਜਰਨੈਲ ਵਜੋਂ ਮਸ਼ਹੂਰ ਬਿਕਰਮ ਸਿੰਘ ਮਜੀਠੀਆਂ ਦੀ ਸਿੱਧੂ ਨਾਲ ਅੰਦਰਖਾਤੇ 'ਦੁਸ਼ਮਣੀ' ਕਿਸੇ ਤੋਂ ਗੁੱਝੀ ਨਹੀਂ। ਉਨ੍ਹਾਂ ਵੀ ਇਸ ਜੋੜੀ ਦੇ ਪੈਰ ਪੱਕੇ ਕਰਨ 'ਚੋਂ ਕੋਈ ਕਸਰ ਨਹੀਂ ਛੱਡੀ। ਮਜੀਠੀਆ ਨੇ ਇਸ ਲੜਾਈ 'ਚ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ। ਪਹਿਲਾ ਤਾਂ ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਬਦਲਵਾ ਕੇ ਸਿੱਧੂ ਨੂੰ ਦੱਸ ਦਿੱਤਾ ਕਿ ਉਨ੍ਹਾਂ ਦਾ ਮੁਕਾਬਲਾ ਕਰਨਾ ਸੌਖਾ ਨਹੀਂ ਤੇ ਦੂਸਰਾ ਇਹ ਕਿ ਉਨ੍ਹਾਂ ਆਪਣੀ ਸ਼ਰੀਕ ਭਾਜਪਾ ਦਾ ਸੱਜਾ ਹੱਥ ਬਣਿਆ ਪੁਲਸ ਅਫਸਰ ਚੁਪੇ ਹੋਏ ਅੰਬ ਦੀ ਗਿਟਕ ਵਾਂਗ ਵਗਾਹ ਕੇ ਪਰ੍ਹਾਂ ਮਾਰਿਆ ਹੈ, ਕਿਉਂਕਿ ਆਪਣੇ ਜ਼ਿਲ੍ਹੇ 'ਚ ਉਹ ਭਾਜਪਾ ਦੀ ਸੁਪਰਮੇਸੀ ਕਿਸੇ ਵੀ ਤਰ੍ਹਾਂ ਗਵਾਰਾ ਨਹੀਂ ਸਨ ਕਰ ਸਕਦੇ।

ਦੱਸਿਆ ਜਾਂਦਾ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਾਨ ਨੂੰ ਖਤਰੇ ਦੀਆਂ ਰਿਪੋਰਟਾਂ ਵੀ ਉਨ੍ਹਾਂ ਨੂੰ ਸ਼ਹਿ ਦੇ ਰਹੇ ਭਾਜਪਾ ਦੇ ਧੜੇ ਵਲੋਂ ਹੀ ਮੀਡੀਆ ਵਿਚ ਲਗਵਾਈਆਂ ਗਈਆਂ ਸਨ, ਪਰ ਜਾਨ ਨੂੰ ਖਤਰੇ ਦਾ ਇਹ ਡਰਾਮਾ ਪੂਰੀ ਤਰ੍ਹਾਂ ਫਲਾਪ ਹੋ ਗਿਆ, ਕਿਉਂਕਿ ਨਾ ਤਾਂ ਮੁੱਖ ਮੰਤਰੀ ਤੇ ਨਾ ਹੀ ਆਮ ਲੋਕਾਂ ਨੂੰ ਇਹ ਗੱਲ ਹਜ਼ਮ ਹੋ ਸਕੀ। ਭਰੋਸੇਯੋਗ ਸੂਤਰਾਂ ਅਨੁਸਾਰ ਬੀਬੀ ਚਾਵਲਾ ਨੇ ਜ਼ਿਲ੍ਹਾ ਪੁਲਸ ਮੁਖੀ ਦਾ ਤਬਾਦਲਾ ਰੁਕਵਾਉਣ ਲਈ ਪੂਰੀ ਵਾਹ ਲਾਈ, ਪਰ ਮੁੱਖ ਮੰਤਰੀ ਨੇ ਉਨ੍ਹਾਂ ਦੀ ਇੱਕ ਨਹੀਂ ਸੁਣੀ। ਫਿਰ ਉਨ੍ਹਾਂ ਇਹ ਕੋਸ਼ਿਸ਼ ਵੀ ਕੀਤੀ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਹੋਰ ਕਿਸੇ ਜ਼ਿਲ੍ਹੇ ਦੇ ਪੁਲਸ ਮੁਖੀ ਵਜੋਂ ਬਦਲ ਦਿੱਤਾ ਜਾਵੇ, ਪਰ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇਹ ਕਹਿ ਕੇ ਤੋਰ ਦਿੱਤਾ ਕਿ ਆਪਣੀ ਪਾਰਟੀ ਦੇ ਪ੍ਰਧਾਨ ਰਾਜਿੰਦਰ ਭੰਡਾਰੀ ਕੋਲੋਂ ਅਖਵਾ ਦਿਓ, ਜੋ ਕਹਿਣਗੇ, ਮੈਂ ਕਰ ਦੇਵਾਂਗਾ। ਇਸ ਤਰ੍ਹਾਂ ਸਿਆਸਤਦਾਨਾਂ ਦਾ ਮੋਹਰਾ ਬਣੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ, ਜਿਹੜੇ ਕਿਡਨੀ ਕਾਂਡ ਦੇ ਚੈਂਪੀਅਨ ਵਜੋਂ ਜਾਣੇ ਜਾਂਦੇ ਸਨ, 82 ਆਈ ਆਰ ਬੀ ਬਟਾਲੀਅਨ ਦਾ ਕਮਾਂਡੈਂਟ ਲਗਾ ਕੇ ਚੰਡੀਗੜ੍ਹ ਦੀ ਸੁਖਨਾ ਝੀਲ ਦੀਆਂ ਲਹਿਰਾਂ ਗਿਣਨ 'ਤੇ ਲਾ ਦਿੱਤਾ।

ਯਾਦ ਰਹੇ ਲੰਘੀ 28 ਅਕਤੂਬਰ ਨੂੰ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਨਿਲ ਜੋਸ਼ੀ ਅਤੇ ਉਨ੍ਹਾਂ ਦੇ 101 ਹਮਾਇਤੀਆਂ ਨੇ ਇਥੇ ਹਾਲ ਗੇਟ ਦੇ ਬਾਹਰ ਚੱਲ ਰਹੀ ਆਪਣੀ ਲੜੀਵਾਰ ਭੁੱਖ ਹੜਤਾਲ ਅਚਾਨਕ ਖਤਮ ਕਰ ਦਿੱਤੀ ਸੀ। ਭਾਜਪਾ ਦੇ ਦਬਾਅ ਹੇਠ ਆ ਕੇ ਪੰਜਾਬ ਸਰਕਾਰ ਨੇ ਐਸ.ਐਸ.ਪੀ. ਨੂੰ ਬਦਲ ਕੇ ਕਮਾਂਡੈਂਟ 82ਵੀਂ ਬਟਾਲੀਅਨ ਪੀ.ਏ.ਪੀ. ਚੰਡੀਗੜ੍ਹ 'ਚ ਤੈਨਾਤ ਕਰ ਦਿਤਾ ਹੈ। ਉਨ੍ਹਾਂ ਦੀ ਥਾਂ 'ਤੇ ਏ.ਆਈ.ਜੀ. ਸੀ.ਆਈ.ਡੀ. ਪਵਨ ਕੁਮਾਰ ਰਾਏ ਨੂੰ ਨਵਾਂ ਐਸ.ਐਸ.ਪੀ. ਬਣਾਇਆ ਗਿਆ ਹੈ।

# ਪੰਜਾਬ ਦੀ ਸੱਤਾਧਾਰੀ ਲੀਡਰਸ਼ਿਪ ਨੂੰ ਕੁਝ ਵੀ ਪਤਾ ਨਹੀਂ ਲੱਗ ਰਿਹਾ

**-ਬੀ ਕੇ ਚੰਮ**

ਜਦੋਂ ਚੰਗਾ ਪ੍ਰਸ਼ਾਸਨ ਪਿਛੋਕੜ 'ਚ ਚਲਾ ਜਾਂਦਾ ਹੈ ਤਾਂ ਫਿਰ ਸੱਤਾਧਾਰੀ ਆਮ ਤੌਰ 'ਤੇ ਖੁਦ ਨੂੰ ਉਲਝਣ ਭਰੀ ਸਥਿਤੀ 'ਚ ਮਹਿਸੂਸ ਕਰਦੇ ਹਨ। ਪੰਜਾਬ 'ਚ 32 ਮਹੀਨੇ ਪੁਰਾਣੀ ਅਕਾਲੀ-ਭਾਜਪਾ ਸਰਕਾਰ ਵੀ ਖੁਦ ਨੂੰ ਆਰਥਿਕ ਤੇ ਸਿਆਸੀ ਤੌਰ 'ਤੇ ਇਸੇ ਤਰ੍ਹਾਂ ਦੀ ਦੁਚਿੱਤੀ 'ਚ ਮਹਿਸੂਸ ਕਰ ਰਹੀ ਹੈ। ਆਰਥਿਕ ਮੋਰਚੇ 'ਤੇ ਇਸ ਦੀਆਂ ਸਮੱਸਿਆਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ ਤੇ ਮਾਲੀ ਸੰਕਟ ਤੋਂ ਪੀੜਤ ਇਹ ਸੂਬਾ ਦਿਵਾਲੀਆ ਹੋਣ ਵਲ ਵਧ ਰਿਹਾ ਹੈ। ਜ਼ਿਆਦਾਤਰ ਪ੍ਰਾਜੈਕਟਾਂ 'ਤੇ ਧਨ ਦੀ ਕਮੀ ਕਾਰਨ ਕੰਮ ਅਮਲੀ ਤੌਰ 'ਤੇ ਠੱਪ ਪਿਆ ਹੈ। ਜੇ ਸਰਕਾਰ ਇਸ ਸੰਕਟ 'ਚੋਂ ਨਿਕਲਣ ਲਈ ਵਾਧੂ ਸੋਮੇ ਜੁਟਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਕਦਮ ਉਸ ਦੇ ਲਈ ਸਿਆਸੀ ਤੌਰ 'ਤੇ ਉਲਟ ਸਿੱਧ ਹੋ ਸਕਦਾ ਹੈ। ਅਕਾਲੀ-ਭਾਜਪਾ ਗਠਜੋੜ 2008 'ਚ ਉਦਾਰਤਾ ਨਾਲ ਦਿੱਤੀਆਂ ਜਾਣ ਵਾਲੀਆਂ ਸਬਸਿਡੀਜ਼ 'ਤੇ ਹੋਰ ਰਾਹਤਾਂ ਦੇ ਵਾਅਦੇ ਕਰਕੇ ਸੱਤਾ 'ਚ ਆਇਆ ਸੀ।

ਹੁਣ ਲੋਕਾਂ 'ਤੇ ਕੋਈ ਨਵਾਂ ਬੋਝ ਪਾਇਆ ਜਾਂਦਾ ਹੈ ਤਾਂ ਉਸ ਨਾਲ ਜਨ ਵਿਰੋਧ ਪੈਦਾ ਹੋ ਸਕਦਾ ਹੈ, ਜਿਸ ਨਾਲ ਇਸ ਸਮੇਂ ਧੜੇਬੰਦੀ ਤੋਂ ਪੀੜਤ ਕਾਂਗਰਸ, ਜੋ ਖੁਦ ਪੈਦਾ ਕੀਤੀ ਸੁਸਤ ਅਵਸਥਾ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੀ ਹੈ, ਨੂੰ ਸਰਕਾਰ ਵਿਰੁਧ ਅੰਦੋਲਨ ਚਲਾਉਣ ਦਾ ਮੌਕਾ ਮਿਲ ਸਕਦਾ ਹੈ। ਜੇ ਕੋਈ ਟੈਕਸ ਸਿਰਫ ਸ਼ਹਿਰ ਵਾਲਿਆਂ 'ਤੇ ਹੀ ਲਾਗੂ ਕੀਤਾ ਗਿਆ, ਜੋ ਪਹਿਲਾਂ ਹੀ ਵਾਧੂ ਸੋਮੇ ਜੁਟਾਉਣ ਸੰਬੰਧੀ ਚੁੱਕੇ ਗਏ ਕਦਮਾਂ ਦਾ ਬੋਝ ਸਹਿਣ ਕਰ ਰਹੇ ਹਨ, ਤਾਂ ਉਸ ਨਾਲ ਸੱਤਾਧਾਰੀ ਸਹਿਯੋਗੀ ਭਾਜਪਾ ਨਾਰਾਜ਼ ਹੋਵੇਗੀ। ਉਹ ਕਾਫੀ ਸਮੇਂ ਤੋਂ ਇਹ ਮੰਗ ਕਰ ਰਹੀ ਹੈ ਕਿ ਜੇ ਕੋਈ ਨਵੇਂ ਟੈਕਸ ਲਗਾਏ ਜਾਂਦੇ ਹਨ ਤਾਂ ਉਹ ਸ਼ਹਿਰ ਤੇ ਦਿਹਾਤੀ ਖੇਤਰਾਂ'ਚ ਬਰਾਬਰ ਤੌਰ 'ਤੇ ਲਗਾਏ ਜਾਣ। ਜੇ ਨਵੇਂ ਟੈਕਸ ਸਿਰਫ ਸ਼ਹਿਰੀ ਖੇਤਰਾਂ 'ਚ ਹੀ ਲਗਾਏ ਗਏ ਤਾਂ ਇਸ ਨਾਲ ਉਸ ਦੇ ਸ਼ਹਿਰੀ ਜਨ-ਆਧਾਰ ਖੇਤਰ ਨੂੰ ਠੇਸ ਲੱਗੇਗੀ ਤੇ ਸੱਤਾਧਾਰੀ ਗਠਜੋੜ 'ਚ ਮੱਤਭੇਦ ਹੋਰ ਵਧਣਗੇ।

ਜੇ ਨਵੇਂ ਟੈਕਸ ਦਿਹਾਤੀ ਖੇਤਰਾਂ 'ਤੇ ਵੀ ਲਾਗੂ ਕੀਤੇ ਗਏ ਤਾਂ ਇਸ ਨਾਲ ਅਕਾਲੀ ਦਲ ਦੇ ਵਿਆਪਕ ਦਿਹਾਤੀ ਜੱਟ ਸਿੱਖ ਜਨ ਆਧਾਰ ਨੂੰ ਠੇਸ ਲੱਗੇਗੀ।ਇਸ ਤ੍ਰਾਸਦੀ ਭਰਪੂਰ ਸਥਿਤੀ ਦਾ ਸਿੱਟਾ ਇਹ ਹੈ ਕਿ ਸੱਤਾਧਾਰੀ ਪਾਰਟੀ ਲਈ ਦੁਚਿੱਤੀ ਵਾਲੀ ਸਥਿਤੀ ਪੈਦਾ ਹੁੰਦੀ ਜਾ ਰਹੀ ਹੈ। ਮਿਸਾਲ ਵਜੋਂ ਜਦੋਂ ਹੁਣੇ ਹੁਣੇ ਘਰੇਲੂ ਤੇ ਉਦਯੋਗਿਕ ਖਪਤਕਾਰਾਂ ਲਈ ਬਿਜਲੀ ਦੀਆਂ ਦਰਾਂ ਵਧਾਈਆਂ ਗਈਆਂ ਤਾਂ ਭਾਜਪਾ ਨੇ ਇਸ ਦਾ ਵਿਰੋਧ ਕਰਦਿਆਂ ਮੰਗ ਕੀਤੀ ਸੀ ਕਿ ਜਿਸ ਤਰ੍ਹਾਂ ਖੇਤੀ ਖੇਤਰ ਨੂੰ ਬਿਜਲੀ 'ਤੇ ਸਬਸਿਡੀ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਘਰੇਲੂ ਤੇ ਉਦਯੋਗਿਕ ਖੇਤਰ 'ਚ ਖਪਤਕਾਰਾਂ ਲਈ ਕੀਤੇ ਗਏ ਵਾਧੇ ਨੂੰ ਸਰਕਾਰ ਖੁਦ ਸਹਿਣ ਕਰੇ। ਵਾਧੂ ਸੋਮੇ ਜੁਟਾਉਣ ਤੇ ਸਬਸਿਡੀਜ਼ ਦੇ ਸਾਰੇ ਮਾਮਲੇ 'ਤੇ ਵਿਚਾਰ ਕਰਨ ਤੇ ਫੈਸਲਾ ਲੈਣ ਲਈ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਲੋਕਲ ਬਾਡੀਜ਼ ਮੰਤਰੀ ਮਨੋਰੰਜਨ ਕਾਲੀਆ 'ਤੇ ਆਧਾਰਤ ਦੋ ਮੈਂਬਰੀ ਕਮੇਟੀ ਗਠਨ ਕੀਤਾ ਗਿਆ। ਇਸ ਕਮੇਟੀ ਨੂੰ ਅਪਣੇ ਸੁਝਾਅ ਦੇਣ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਪਰ ਇਸੇ ਦੌਰਾਨ ਬਿਜਲੀ ਬੋਰਡ ਨੇ ਵਧੀਆਂ ਹੋਈਆਂ ਬਿਜਲੀ ਦਰਾਂ ਦੇ ਆਧਾਰ 'ਤੇ ਖਪਤਕਾਰਾਂ ਨੂੰ ਬਿੱਲ ਭੇਜਣੇ ਸ਼ੁਰੂ ਕਰ ਦਿੱਤੇ।ਉਸ ਨੇ ਸਰਕਾਰ ਨੂੰ ਇਸ ਗੱਲ ਦਾ ਕੋਈ ਸੰਕੇਤ ਵੀ ਨਹੀਂ ਦਿੱਤਾ ਕਿ ਵਧੀ ਹੋਈ ਰਕਮ ਨੂੰ ਬਾਅਦ ਦੇ ਉਨ੍ਹਾਂ ਬਿੱਲਾਂ 'ਚ ਐਡਜਸਟ ਕਰ ਲਿਆ ਜਾਵੇਗਾ, ਜੋ ਸਰਕਾਰ ਵਲੋਂ ਸਬਸਿਡੀ ਬਾਰੇ ਕੀਤੇ ਫੈਸਲੇ ਮਗਰੋਂ ਜਾਰੀ ਕੀਤੇ ਜਾਣਗੇ।

ਭਾਜਪਾ ਵਲੋਂ ਵਿਰੋਧ ਕੀਤੇ ਜਾਣ 'ਤੇ ਆਖਰ ਕਮੇਟੀ ਦੀ ਪਹਿਲੀ ਬੈਠਕ ਹੋਈ ਤੇ ਉਹ ਵੀ ਇਕ ਮਹੀਨੇ ਦੀ ਸਮਾਂ ਹੱਦ ਮੁੱਕਣ ਤੋਂ ਬਾਅਦ। ਇਹ ਕਮੇਟੀ ਅਜੇ ਤੱਕ ਆਪਣੇ ਸੁਝਾਅ ਦੇਣ 'ਚ ਅਸਫਲ ਰਹੀ ਹੈ। ਪੰਜਾਬ ਤੇ ਇਥੋਂ ਦੇ ਲੋਕਾਂ ਦੇ ਪ੍ਰਸ਼ੰਸਕ ਤੇ ਸ਼ੁਭਚਿੰਤਕ ਇਸ ਗੱਲੋਂ ਜ਼ਰੂਰ ਨਾਰਾਜ਼ ਹੋ ਰਹੇ ਹੋਣਗੇ ਕਿ ਕਦੇ ਭਾਰਤ ਦੇ ਖੁਸ਼ਹਾਲ ਸੂਬਿਆਂ 'ਚੋਂ ਇਕ, ਪੰਜਾਬ ਅੱਜ ਪ੍ਰਸ਼ਾਸਨ ਤੇ ਆਰਥਿਕ ਖੇਤਰ ਵਿਚ ਬਾਕੀ ਰਾਜਾਂ ਨਾਲੋਂ ਪਛੜ ਗਿਆ ਹੈ।

ਕੁਝ ਮਾਹਿਰ ਤਾਂ ਇਸ ਦੀ ਬਰਾਬਰੀ ਯੂ. ਪੀ. ਤੇ ਬਿਹਾਰ ਨਾਲ ਕਰਨ ਲੱਗ ਪਏ ਹਨ, ਹਾਲਾਂਕਿ ਸੂਬੇ ਦੀਆਂ ਪਿਛਲੀਆਂ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸੂਬੇ ਦੀ ਮੰਦਭਾਗੀ ਗਿਰਾਵਟ ਵਾਲੀ ਸਥਿਤੀ 'ਚ ਆਪਣਾ ਯੋਗਦਾਨ ਪਾਇਆ ਹੈ। ਪਰ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਦੌਰ 'ਚ ਸਥਿਤੀ ਹੋਰ ਜ਼ਿਆਦਾ ਵਿਗੜੀ ਹੈ।ਸੂਬੇ ਦੀ ਚਿੰਤਾਜਨਕ ਆਰਥਿਕ ਸਥਿਤੀ 'ਤੇ ਇਕ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਸਾਲ ਦੇ ਅਖੀਰ ਤਕ ਸੂਬੇ ਸਿਰ 63200 ਕਰੋੜ ਰੁਪਏ ਕਰਜ਼ੇ ਦਾ ਬੋਝ ਪੈਣ ਦੀ ਸੰਭਾਵਨਾ ਹੈ। ਸਰਕਾਰ ਹਰ ਮਹੀਨੇ 400 ਕਰੋੜ ਰੁਪਏ ਦੀਆਂ ਸਰਕਾਰੀ ਸਕਿਉਰਿਟੀਜ਼ ਦੀ ਵਿਕਰੀ ਤੇ 500-600 ਕਰੋੜ ਰੁਪਏ ਦਾ ਕਰਜ਼ਾ ਲੈਂਦੀ ਜਾ ਰਹੀ ਹੈ। ਪੰਜਾਬ ਹੁਣ ਕਰਜ਼ਾ ਲੈਣ ਲਈ ਦਿੱਤੀ ਗਈ ਛੋਟ ਦੀ ਹੱਦ ਦੇ ਨੇੜੇ ਪਹੁੰਚ ਰਿਹਾ ਹੈ। ਪੰਜਾਬ 31 ਮਾਰਚ 2010 ਤੱਕ 6219 ਕਰੋੜ ਰੁਪਏ ਤਕ ਹੀ ਕਰਜ਼ਾ ਲੈ ਸਕਦਾ ਹੈ ਜਦਕਿ ਇਹ ਹੁਣ ਤਕ 4300 ਕਰੋੜ ਰੁਪਏ ਦੇ ਕਰਜ਼ੇ ਲੈ ਚੁੱਕਾ ਹੈ, ਜਿਸ 'ਚੋਂ 1200 ਕਰੋੜ ਰੁਪਏ ਪਹਿਲਾਂ ਲਏ ਕਰਜ਼ਿਆਂ ਲਈ ਚੁਕਾਏ ਗਏ ਹਨ। ਇਸ ਮਾਲੀ ਸੰਕਟ ਕਾਰਨ ਸਰਕਾਰ ਦੇ ਆਏ ਦਿਨ ਦੇ ਕੰਮਕਾਜ 'ਤੇ ਵੀ ਬੁਰਾ ਅਸਰ ਪੈ ਰਿਹਾ ਹੈ। ਸੂਬੇ ਦੇ ਮਾਲੀਆ ਸੋਮੇ 'ਤੇ ਕਰਜ਼ਿਆਂ ਦੀ ਰਕਮ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨ ਬਿੱਲਾਂ ਤੇ ਵਧਦੇ ਕਰਜ਼ਿਆਂ ਦੇ ਵਿਆਜ ਆਦਿ ਦੀ ਅਦਾਇਗੀ ਲਈ ਵੀ ਪੂਰੀ ਨਹੀਂ ਪੈ ਰਹੀ। ਸਰਕਾਰੀ ਮੁਲਾਜ਼ਮਾਂ ਦੀ ਤਨਖਾਹ 'ਚ ਕੀਤੇ ਗਏ ਵਾਧੇ ਦੀਆਂ ਬਕਾਇਆ ਰਕਮਾਂ ਦੇ ਇਸ ਸਾਲ ਅਦਾ ਕੀਤੇ ਜਾਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ।ਰਾਜ ਸਰਕਾਰ ਕੇਂਦਰ ਵਲੋਂ ਦਿੱਤੇ ਜਾਣ ਵਾਲੇ ਸੈਂਕੜੇ ਕਰੋੜ ਰੁਪਏ ਦੀਆਂ ਗ੍ਰਾਂਟਾਂ ਨੂੰ ਇਸ ਵਜ੍ਹਾ ਕਰਕੇ ਗੁਆ ਰਹੀ ਹੈ ਕਿਉਂਕਿ ਇਸ ਸੰਬੰਧੀ ਉਹ ਆਪਣੇ ਵਲੋਂ ਪਾਏ ਜਾਣ ਵਾਲੇ ਯੋਗਦਾਨ ਨੂੰ ਪੂਰਾ ਕਰਨ 'ਚ ਸਫਲ ਨਹੀਂ ਹੋ ਰਹੀ। ਗਠਜੋੜ ਸਰਕਾਰ ਨੇ ਜਿਨ੍ਹਾਂ ਬਿਜਲੀ ਯੋਜਨਾਵਾਂ ਦੀ ਉਸਾਰੀ ਤੇ ਉਨ੍ਹਾਂ ਨੂੰ 3 ਵਰ੍ਹਿਆਂ 'ਚ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ, ਉਨ੍ਹਾਂ ਦੀ ਉਸਾਰੀ ਦੀ ਤਰੱਕੀ ਦਾ ਕੋਈ ਵੀ ਸੰਕੇਤ ਦਿਖਾਈ ਨਹੀਂ ਦੇ ਰਿਹਾ।

ਸਿਆਸੀ ਮੋਰਚੇ 'ਤੇ ਸੱਤਾਧਾਰੀ ਗਠਜੋੜ ਦੀਆਂ ਪਾਰਟੀਆਂ ਅਕਸਰ ਸਰਕਾਰ ਦੀ ਮਾਲੀ ਹਾਲਤ ਤੇ ਪ੍ਰਸ਼ਾਸਨ ਦੀ ਕੀਮਤ 'ਤੇ ਆਪੋ-ਆਪਣੇ ਸਿਆਸੀ ਹਿੱਤਾਂ ਨੂੰ ਵਧਾਉਣਾ ਚਾਹੁੰਦੀਆਂ ਹਨ। ਇਨ੍ਹਾਂ ਦਰਮਿਆਨ ਮੱਤਭੇਦਾਂ ਤੇ ਟਕਰਾਵਾਂ ਤੋਂ ਕਦੇ ਕਦੇ ਅਜਿਹਾ ਲੱਗਦਾ ਹੈ ਕਿ ਇਸ ਨਾਲ ਸੂਬੇ 'ਚ ਸਿਆਸੀ ਅਸਥਿਰਤਾ ਪੈਦਾ ਹੋ ਜਾਵੇਗੀ ਪਰ ਨੇੜਲੇ ਭਵਿੱਖ 'ਚ ਦੋਹਾਂ ਸੱਤਾਧਾਰੀ ਪਾਰਟੀਆਂ ਵਲੋਂ ਅੱਡ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

# ਬਰਨਾਲਾ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੀਟਾਂ ਲੜਨ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਸੁਪਰੀਮੋ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਕਿਹਾ ਹੈ ਕਿ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਤੇ ਸਾਬਕਾ ਕੈਬਨਿਟ ਮੰਤਰੀ ਮਨਜੀਤ ਸਿੰਘ ਕਲਕੱਤਾ ਦੇ ਹੱਥ ਲੌਂਗੋਵਾਲ ਦਲ ਦੀ ਵਾਗਡੋਰ ਦੇਣ ਦਾ ਲਗਭਗ ਫੈਸਲਾ ਲਿਆ ਜਾ ਚੁੱਕਾ ਹੈ।



ਬੀਤੀ 31 ਅਕਤੂਬਰ ਨੂੰ ਇੱਥੇ ਸਰਕਟ ਹਾਊਸ ਵਿਖੇ ਪਾਰਟੀ ਦੇ ਸਿਰ ਕੱਢ ਲੀਡਰਾਂ ਦੀ ਮੌਜੂਦਗੀ ਵਿਚ ਬੀਬੀ ਬਰਨਾਲਾ ਨੇ ਪਾਰਟੀ ਦੀ ਪ੍ਰਧਾਨ ਦੀ ਹੈਸੀਅਤ ਵਜੋਂ ਮੀਡੀਆ ਸਾਹਮਣੇ ਇਹ ਐਲਾਨ ਕੀਤਾ ਕਿ ਸ. ਕਲਕੱਤਾ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਹੋਣਗੇ।

ਰਿਪੋਰਟ ਹੈ ਕਿ ਮਨਜੀਤ ਸਿੰਘ ਕਲਕੱਤਾ ਨੂੰ ਪੇਸ਼ਕਸ਼ ਭਾਵੇਂ ਪਾਰਟੀ ਦੇ ਸਰਪ੍ਰਸਤੀ ਕਰਨ ਦੀ ਹੋਈ ਹੈ। ਪਰ ਸਹੀ ਮਾਈਨਿਆਂ ਵਿਚ ਕਲਕੱਤਾ ਪਾਰਟੀ ਨੂੰ ਪੰਜਾਬ ਦੇ ਰਾਜਨੀਤਕ ਹਲਕਿਆਂ ਵਿਚ ਅਗਵਾਈ ਦੇਣਗੇ। ਬੀਤੀ 31 ਅਕਤੂਬਰ ਨੂੰ ਕਲਕੱਤਾ-ਬਰਨਾਲਾ ਦਰਮਿਆਨ ਹੋਈ ਰਾਜਨੀਤਕ ਏਕਤਾ ਮੌਕੇ ਸ਼੍ਰੋਮਣੀ ਅਕਾਲੀ ਦਲ 1920 ਦੀ ਸ਼ਮੂਲੀਅਤ ਦੇਖਣ ਨੂੰ ਨਹੀਂ ਮਿਲੀ ਪਰ ਦੱਸਿਆ ਜਾ ਰਿਹਾ ਹੈ ਕਿ ਬਾਦਲ ਵਿਰੁਧ ਖੋਲ੍ਹੇ ਜਾਣ ਵਾਲੇ ਸਿੱਧੇ ਮੋਰਚੇ ਵਿਚ ਪਾਰਟੀ ਪ੍ਰਧਾਨ ਰਵੀਇੰਦਰ ਸਿੰਘ ਤੇ ਬਾਕੀ ਬਾਦਲ ਵਿਰੋਧੀ ਧੜੇ ਲੌਂਗੋਵਾਲ ਦਲ ਦਾ ਸਮਰਥਨ ਕਰਨਗੇ। ਬੀਬੀ ਬਰਨਾਲਾ ਨੇ ਸੱਦੀ ਪੱਤਰਕਾਰ ਮਿਲਣੀ ਵਿਚ ਦੱਸਿਆ ਕਿ ਇਤਹਾਸਕ ਗੁਰਦੁਆਰਿਆਂ ਨੂੰ ਬਾਦਲਕਿਆਂ ਦੀ ਹਕੂਮਤ ਤੋਂ ਨਿਜ਼ਾਤ ਦਿਵਾਉਣ ਲਈ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 'ਚ ਸਾਬਤ ਸੂਰਤ ਸਿੱਖ ਲੀਡਰਾਂ ਨੂੰ ਚੋਣ ਮੈਦਾਨ 'ਚ ਉਤਾਰਾਂਗੇ।

ਮਨਜੀਤ ਸਿੰਘ ਕਲਕੱਤਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੱਤਰਕਾਰਾਂ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਲੀਡਰਸ਼ਿਪ ਨੇ ਜਿਸ ਆਸ ਨਾਲ ਮੇਰੀ ਜ਼ਿੰਮੇਵਾਰੀ ਤੈਅ ਕੀਤੀ ਹੈ, ਮੈਂ ਉਨ੍ਹਾਂ ਦੀ ਆਸ ਨੂੰ ਕਮਜ਼ੋਰ ਨਹੀਂ ਪੈਣ ਦੇਵਾਂਗਾ। ਉਨ੍ਹਾਂ ਬਾਦਲ ਦਲ 'ਤੇ ਤਿਖੀ ਟਿੱਪਣੀ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਐਂਡ ਕੰਪਨੀ ਦੇ ਕਬਜ਼ੇ 'ਚੋਂ ਇਕੱਲੇ ਗੁਰਦੁਆਰੇ ਹੀ ਰਿਹਾਅ ਨਹੀਂ ਕਰਵਾਏ ਜਾਣਗੇ। ਬਲਕਿ ਸੱਤਾ ਦੇ ਗਲਿਆਰਿਆਂ ਵਿਚੋਂ ਵੀ ਬਾਦਲਕਿਆਂ ਨੂੰ ਬਾਹਰਲਾ ਰਸਤਾ ਵਿਖਾਇਆ ਜਾਵੇਗਾ। ਚੇਤੇ ਰਹੇ ਕਿ ਸੁਰਜੀਤ ਸਿੰਘ ਬਰਨਾਲਾ ਆਪ ਤਾਂ ਸਿੱਧੇ ਤੌਰ 'ਤੇ 31 ਅਕਤੂਬਰ ਦੇ ਰਾਜਸੀ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋਏ ਪਰ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ 1920 ਦੇ ਸਿਰਕੱਢ ਆਗੂ ਰਘਬੀਰ ਸਿੰਘ, ਦਰਸ਼ਨ ਸਿੰਘ ਤੇ ਕੁਝ ਹੋਰ ਨੇਤਾਵਾਂ ਨਾਲ ਬੰਦ ਕਮਰਾ ਮੀਟਿੰਗ ਜ਼ਰੂਰ ਕੀਤੀ। ਬਾਦਲ ਵਿਰੋਧੀ ਖੇਮੇ ਵਿਚੋਂ ਮੋਰਚਾ ਖੋਲ੍ਹੀ ਬੈਠੇ ਕਈ ਆਗੂ ਅੰਦਰਖ਼ਾਤੇ ਸ. ਕਲਕੱਤਾ ਨੂੰ ਮਿਲੇ ਰਾਜਨੀਤਕ ਹਲਕਿਆਂ 'ਚ ਆਉਣ ਵਾਲੇ ਦਿਨਾਂ ਵਿਚ ਕਲਕੱਤਾ ਵਲੋਂ ਕੀਤੀ ਜਾਣ ਵਾਲੀ ਸਫ਼ਬੰਦੀ ਮੌਕੇ ਪਾਰਟੀ ਵਿਚ ਜ਼ਿੰਮੇਵਾਰੀ ਲੈਣ ਦੀ ਇੱਛਾ ਵੀ ਜ਼ਾਹਿਰ ਕੀਤੀ। ਸ. ਕਲਕੱਤਾ ਨੇ ਕਿਹਾ ਕਿ ਪਾਰਟੀ ਲੀਡਰਸ਼ਿਪ ਨਾਲ ਵਿਚਾਰ-ਵਟਾਂਦਰਾ ਕਰਕੇ ਦਸੰਬਰ ਵਿਚ ਪਾਰਟੀ ਦਾ ਨਵੇਂ ਸਿਰਿਓਂ ਗਠਤ ਕੀਤਾ ਜਾਵੇਗਾ।

## ਮਨਜੀਤ ਸਿੰਘ ਕਲਕੱਤਾ ਵਲੋਂ ਧੁੰਮਾ ਦੇ ਨਾਂ ਖੁੱਲ੍ਹਾ ਖਤ

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਮਨਜੀਤ ਸਿੰਘ ਕਲਕੱਤਾ ਨੇ ਚਰਚਿਤ ਪੰਥਕ ਮੁੱਦਿਆਂ ਨੂੰ ਲੈ ਕੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ ਨੂੰ ਚਾਰ ਸਫਿਆਂ ਦੇ ਖੁੱਲ੍ਹੇ ਪੱਤਰ ਵਿਚ ਸਿਧਾਂਤਕ ਏਕਤਾ ਅਪਨਾਉਣ ਬਾਰੇ ਸੁਝਾਅ ਦਿੱਤੇ। ਉਨ੍ਹਾਂ ਗਿਆਨੀ ਹਰਨਾਮ ਸਿੰਘ ਨੂੰ ਟਕਸਾਲ ਦੀ ਸਿੱਖ ਇਤਿਹਾਸ 'ਚ ਕੀ ਮਹੱਤਤਾ ਹੈ ਬਾਰੇ ਜਾਣਕਾਰੀ ਦਿੱਤੀ।

ਸ. ਕਲਕੱਤਾ ਨੇ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਦੋਂ 1996 'ਚ ਸੰਤ ਸਮਾਜ ਦਾ ਅੰਮ੍ਰਿਤਸਰ 'ਚ ਗਠਨ ਕੀਤਾ ਗਿਆ ਸੀ ਤਾਂ ਉਦੋਂ ਉਨ੍ਹਾਂ ਦੀ ਕੋਈ ਸਰਗਰਮ ਪਹਿਚਾਣ ਨਹੀਂ ਸੀ ਤੇ ਨਾ ਹੀ ਟਕਸਾਲ ਦੇ ਮੁਖੀ ਹੀ ਸਨ। ਮਨਜੀਤ ਸਿੰਘ ਨੇ ਹਰਨਾਮ ਸਿੰਘ ਨੂੰ ਸਵਾਲ ਕੀਤਾ ਕਿ ਤੁਸੀਂ ਬਾਕੀ ਸਾਰੇ ਪੰਥਕ ਮਸਲਿਆਂ ਨੂੰ ਵਿਸਾਰ ਕੇ ਇਕੱਲਾ ਕੈਲੰਡਰ ਦੀ ਸੋਧ ਨੂੰ ਸਿੱਖਾਂ ਦਾ ਅਹਿਮ ਹਿੱਸਾ ਮੰਨੀ ਬੈਠੇ ਹੋ।ਪੱਤਰ ਦੀਆਂ ਅੰਤਿਮ ਸਤਰਾਂ ਵਿਚ ਸ. ਕਲਕੱਤਾ ਨੇ ਟਕਸਾਲ ਤੇ ਸੰਤ ਸਮਾਜ ਨੂੰ ਭਰੋਸਾ ਦਿੰਦਿਆਂ ਇਹ ਕਿਹਾ ਹੈ ਕਿ ਜੇਕਰ ਪੰਥਕ ਏਕਤਾ ਦੇ ਹੱਕ ਵਿਚ ਕੈਲੰਡਰ ਹੀ ਰੋਕ ਹੈ ਤਾਂ ਅਸੀਂ ਵੀ ਚਾਹੁੰਦੇ ਹਾਂ ਕਿ ਲੋੜੀਂਦੀ ਤਬਦੀਲੀ ਕਰ ਲਈ ਜਾਵੇ। ਅਸੀਂ ਸਹਿਯੋਗ ਦੇਵਾਂਗੇ ਪ੍ਰੰਤੂ ਪੰਥ ਨੂੰ ਇਹ ਵਿਸ਼ਵਾਸ ਦਿਵਾਇਆ ਜਾਵੇ ਕਿ ਇਸ ਉਪਰੰਤ ਇਸ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵੀ ਪ੍ਰਵਾਨ ਕਰ ਲੈਣਗੇ। ਉਨ੍ਹਾਂ ਦਿੱਤੀ ਦਲੀਲ ਵਿਚ ਕਿਹਾ ਹੈ ਕਿ ਕੈਲੰਡਰ ਨੂੰ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ, ਸਿੰਘ ਸਭਾਵਾਂ ਪਹਿਲਾਂ ਹੀ ਪ੍ਰਵਾਨ ਕਰ ਚੁੱਕੀਆਂ ਹਨ ਤੇ ਇਤਰਾਜ਼ ਕੇਵਲ ਉਹ ਲੋਕ ਕਰਦੇ ਹਨ ਜਿਨ੍ਹਾਂ ਵਲੋਂ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਨਾਲੋਂ ਆਪੋ-ਆਪਣੇ ਡੇਰਿਆਂ ਦੇ ਮੁਖੀਆਂ ਦੀਆਂ ਬਰਸੀਆਂ ਮਨਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਹੋਰ ਵੀ ਕਈ ਸਵਾਲ ਸੰਤ ਸਮਾਜ ਦੇ ਮੁਖੀ ਨੂੰ ਕੀਤੇ ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਹਫਤੇ ਸ. ਸੁਰਜੀਤ ਸਿੰਘ ਬਰਨਾਲਾ ਦਰਬਾਰ ਸਾਹਿਬ ਆਏ ਸਨ ਕਮੇਟੀ ਵਲੋਂ ਉਨ੍ਹਾਂ ਨੂੰ ਸਿਰੋਪਾ ਨਹੀਂ ਦਿੱਤਾ ਗਿਆ।

# ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਮੱਕੜ ਮੁੜ ਦਾਅਵੇਦਾਰ

**ਜਗਰਾਉਂ :** ਆਉਂਦੀ 25 ਨਵੰਬਰ ਨੂੰ ਵਰਤਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚੋਂ ਹੋਣ ਜਾ ਰਹੀ ਪ੍ਰਧਾਨ ਦੀ ਚੋਣ ਬਾਰੇ ਦਾਅਵੇਦਾਰਾਂ 'ਚ ਬਹੁਤੀ ਭੱਜ ਦੌੜ ਨਹੀਂ ਹੈ, ਕਿਉਂਕਿ ਸਾਰੇ ਅਕਾਲੀ ਆਗੂ ਜਾਣਦੇ ਹਨ ਕਿ ਅਕਾਲੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਆਪਣੇ ਮਨ ਦੀ ਕਰਦੇ ਹਨ ਅਤੇ ਉਹ ਆਪਣੇ ਢਿੱਡ ਦਾ ਭੇਤ ਕਿਸੇ ਨਾਲ ਸਾਂਝਾ ਨਹੀਂ ਕਰਦੇ। ਪ੍ਰੰਤੂ ਅਕਾਲੀ ਦਲ ਦੇ ਨੌਜਵਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭਰਮਾਉਣ ਲਈ ਕੋਸ਼ਿਸ਼ਾਂ ਜ਼ਰੂਰ ਤੇਜ਼ ਹੋ ਗਈਆਂ ਹਨ। ਇਹ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਅਖੀਰਲੇ ਪ੍ਰਧਾਨ ਦੀ ਚੋਣ ਹੋਵੇਗੀ, ਕਿਉਂਕਿ ਅਗਲੇ ਸਾਲ ਸ਼੍ਰੋਮਣੀ ਕਮੇਟੀਆਂ ਦੀਆਂ ਨਵੀਆਂ ਚੋਣਾਂ ਦੀ ਪੱਕੀ ਉਮੀਦ ਹੈ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਵਰਤਮਾਨ ਪ੍ਰਧਾਨ ਅਵਤਾਰ ਸਿੰਘ ਮੱਕੜ ਹੀ ਮੁੱਖ ਦਾਅਵੇਦਾਰ ਹਨ ਕਿਉਂਕਿ ਦੂਜੇ ਚਾਰ ਵੱਡੇ ਦਾਅਵੇਦਾਰਾਂ, ਜਿਨ੍ਹਾਂ 'ਚ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਸੇਵਾ ਸਿੰਘ ਸੇਖਵਾਂ, ਅਲਵਿੰਦਰਪਾਲ ਸਿੰਘ ਪੱਖੋਕੇ ਤੇ ਬੀਬੀ ਜਗੀਰ ਕੌਰ ਸ਼ਾਮਲ ਹਨ, ਨੂੰ ਬਾਦਲ ਵਲੋਂ ਸਰਕਾਰ 'ਚ ਥਾਂ ਦੇ ਕੇ ਉਨ੍ਹਾਂ ਦਾ ਪਹਿਲਾਂ ਹੀ ਪੱਤਾ ਕੱਟ ਦਿੱਤਾ ਗਿਆ ਹੈ। ਇਸ ਸਮੇਂ ਮੱਕੜ ਤੋਂ ਇਲਾਵਾ ਦੂਜੇ ਵੱਡੇ ਦਾਅਵੇਦਾਰਾਂ 'ਚ ਬਾਦਲ ਦੇ ਵਿਸ਼ਵਾਸਪਾਤਰਾਂ 'ਚ ਸ਼ਾਮਲ ਰਾਜਿੰਦਰ ਸਿੰਘ ਮਹਿਤਾ, ਸੁਖਦੇਵ ਸਿੰਘ ਭੌਰ, ਗੁਰਪਾਲ ਸਿੰਘ ਗੋਰਾ ਤੋਂ ਇਲਾਵਾ ਕਰਨੈਲ ਸਿੰਘ ਪੰਜੋਲੀ ਤੇ ਹਰਿਆਣਾ ਤੋਂ ਰਘੁਜੀਤ ਸਿੰਘ ਵਿਰਕ ਵੀ ਸ਼ਾਮਲ ਹਨ।

ਕਰਨੈਲ ਸਿੰਘ ਪੰਜੋਲੀ ਆਪਣੀ ਵਫਾਦਾਰੀ ਦਾ ਮੁੱਲ ਮੁੜਵਾਉਣਾ ਚਾਹੁੰਦਾ ਹੈ, ਜਦੋਂ ਕਿ ਰਾਜਿੰਦਰ ਸਿੰਘ ਮਹਿਤਾ ਮਾਝੇ ਦੇ ਨਾਂ 'ਤੇ ਬਾਜ਼ੀ ਮਾਰਨੀ ਚਾਹੁੰਦਾ ਹੈ। ਸੁਖਦੇਵ ਸਿੰਘ ਭੌਰ ਆਪਣੇ ਤਜਰਬੇ ਨੂੰ ਦੱਸ ਕੇ ਅਤੇ ਟੌਹੜਾ ਧੜੇ ਦੇ ਪੂਰਨ ਭਰੋਸੇ ਨੂੰ ਜਿੱਤਣ ਲਈ ਆਪਣਾ ਦਾਅਵਾ ਪੇਸ਼ ਕਰ ਰਹੇ ਹਨ। ਜਥੇਦਾਰ ਅਵਤਾਰ ਸਿੰਘ ਮੱਕੜ ਦੇ ਰਾਹ 'ਚ ਇਸ ਵਾਰ ਸੰਤ ਸਮਾਜ ਰੋੜਾ ਬਣ ਕੇ ਖੜ੍ਹਾ ਹੋ ਗਿਆ ਜਾਪਦਾ ਹੈ। ਕਿਉਂਕਿ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ 'ਤੇ ਸੰਤ ਸਮਾਜ ਨੇ ਸਾਰਾ ਨਜ਼ਲਾ ਹੀ ਜਥੇਦਾਰ ਮੱਕੜ 'ਤੇ ਝਾੜ ਛੱਡਿਆ ਸੀ। ਸੰਤ ਸਮਾਜ ਤੋਂ ਇਲਾਵਾ ਹਰਿਆਣੇ ਲਈ ਵੱਖਰੀ ਸ਼੍ਰੋਮਣੀ ਕਮੇਟੀ ਦਾ ਮੁੱਦਾ ਵੀ ਅਕਾਲੀ ਦਲ ਲਈ ਗੰਭੀਰ ਬਣਿਆ ਹੋਇਆ ਹੈ। ਭਾਵੇਂ ਕਿ ਹਰਿਆਣੇ 'ਚ ਕਲਿਆਂਵਾਲੀ ਵਿਧਾਨ ਸਭਾ ਸੀਟ ਜਿੱਤ ਕੇ ਅਕਾਲੀ ਇਹ ਦਮਗਜੇ ਮਾਰ ਰਹੇ ਹਨ ਕਿ ਹਰਿਆਣੇ ਦੇ ਸਿੱਖ ਵੱਖਰੀ ਸ਼੍ਰੋਮਣੀ ਕਮੇਟੀ ਦੇ ਹੱਕ 'ਚ ਨਹੀਂ, ਪ੍ਰੰਤੂ ਹਕੀਕਤ ਨੂੰ ਉਹ ਵੀ ਜਾਣਦੇ ਹਨ ਕਿ ਇਹ ਮੁੱਦਾ ਕਿਸੇ ਸਮੇਂ ਵੀ ਅਕਾਲੀ ਦਲ ਲਈ ਗਲੇ ਦੀ ਹੱਡੀ ਬਣ ਸਕਦਾ ਹੈ।

ਰਾਜਸੀ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਦਲ ਨੂੰ ਉਨ੍ਹਾਂ ਦੇ ਨੇੜਲੇ ਹਲਕੇ 'ਇਕ ਤੀਰ ਨਾਲ ਦੋ ਸ਼ਿਕਾਰ' ਕਰਨ ਦੀ ਸਲਾਹ ਦੇ ਰਹੇ ਹਨ। ਇਸ ਨੀਤੀ ਤਹਿਤ ਹਰਿਆਣੇ ਤੋਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਨੂੰ ਸ਼੍ਰੋਮਣੀ ਕਮੇਟੀ ਦਾ ਨਵਾਂ ਪ੍ਰਧਾਨ ਥਾਪਿਆ ਜਾ ਸਕਦਾ ਹੈ। ਇਕ ਤਾਂ ਇਸ ਪ੍ਰਧਾਨ ਦੀ ਮਿਆਦ ਚਾਰ-ਪੰਜ ਮਹੀਨੇ ਦੀ ਹੀ ਹੈ, ਦੂਸਰਾ ਇਸ ਨਾਲ ਹਰਿਆਣੇ ਦੇ ਸਿੱਖਾਂ ਪਾਸੋਂ ਉਨ੍ਹਾਂ ਨਾਲ ਵਿਤਕਰੇ ਦਾ ਮੁੱਦਾ ਖੁੱਸ ਜਾਵੇਗਾ ਅਤੇ ਹਰਿਆਣੇ ਦੀ ਵੱਖਰੀ ਕਮੇਟੀ ਦਾ ਮੁੱਦਾ ਇਕ ਵਾਰ ਤਾਂ ਠੰਡੇ ਬਸਤੇ 'ਚ ਚਲਿਆ ਜਾਵੇਗਾ।

ਮੱਕੜ ਨੂੰ ਪ੍ਰਧਾਨਗੀ ਤੋਂ ਹਟਾ ਕੇ ਸ. ਬਾਦਲ ਸੰਤ ਸਮਾਜ ਨੂੰ ਵੀ ਖੁਸ਼ ਕਰ ਲੈਣਗੇ ਅਤੇ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਸੰਤ ਸਮਾਜ ਨੂੰ ਬਾਦਲ ਵਿਰੋਧੀ ਦਲਾਂ ਦੇ ਇਕੱਠ 'ਚ ਜਾਣ ਤੋਂ ਰੋਕਿਆ ਜਾ ਸਕੇਗਾ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਵੀ ਪ੍ਰਧਾਨਗੀ ਦੀ ਤਕੜੀ ਦਾਅਵੇਦਾਰ ਹੈ ਅਤੇ ਮੱਕੜ ਦੀ ਥਾਂ ਲੈਣ ਲਈ ਯਤਨ ਕਰ ਰਹੀ ਹੈ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808

balwindernats@yahoo.com

14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥


# A & I Trucking Co.

**123 E Lee Rd Watsonville,CA Ph: 831-763-7805**


ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ

**ਮਿ੍ਰਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ**

# ਕੋਟਾਨਿ ਕੋਟਿ ਵਧਾਈ



ਇਕਬਾਲ ਸਿੰਘ



ਪਲਵਿੰਦਰ ਸਿੰਘ



ਅਮੋਲਕ ਸਿੰਘ ਗਾਖਲ

# ਏ. ਐਂਡ ਆਈ. ਟਰੱਕਿੰਗ

ਵਾਟਸਨਵਿਲ, ਕੈਲੇਫੋਰਨੀਆ

# ਸਮੁੱਚਾ ਨਿਜ਼ਾਮ ਬਦਲਣ ਦਾ ਹੋਕਾ ਦੇ ਗਿਆ .ਗਦਰੀ ਬਾਬਿਆਂ ਦਾ ਮੇਲਾ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ :** 18ਵੇਂ ਗ਼ਦਰੀ ਬਾਬਿਆਂ ਦੇ ਮੇਲੇ ਦੇ ਚੌਥੇ ਤੇ ਆਖਰੀ ਦਿਨ ਦੇਸ਼ ਭਗਤ ਯਾਦਗਾਰ ਹਾਲ ਦਾ 'ਕਿਰਤੀ ਵਿਹੜਾ' ਦਿਨ ਦੇ ਚੜ੍ਹਾਅ ਦੇ ਨਾਲ ਹੀ ਨੱਕੋ-ਨੱਕ ਭਰ ਗਿਆ। ਪੰਜਾਬ ਦੇ ਕੋਨੇ-ਕੋਨੇ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਗਈ ਰਾਤ ਤੱਕ ਕਾਫਲੇ ਇਨਕਲਾਬੀ ਨਾਅਰੇ ਮਾਰਦੇ ਹੋਏ ਗ਼ਦਰੀ ਬਾਬਿਆਂ ਦੇ ਮੇਲੇ 'ਚ ਸ਼ਾਮਲ ਹੁੰਦੇ ਰਹੇ।

ਮੇਲੇ 'ਚ ਸ਼ਾਮਲ ਨੌਜਵਾਨਾਂ ਦੀ ਗਿਣਤੀ ਇਨਕਲਾਬੀ ਲਹਿਰ ਦੇ ਉਜਲੇ ਭਵਿੱਖ ਦੀ ਗਵਾਹੀ ਭਰ ਰਹੀ ਸੀ। ਦਿਨ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਦਿਆਂ ਦੇਸ਼ ਭਗਤ ਯਾਦਗਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਨੌਨਿਹਾਲ ਸਿੰਘ ਨੇ ਗਦਰ ਲਹਿਰ ਦੇ ਆਖਰੀ ਚਿਰਾਗ ਬਾਬਾ ਭਗਤ ਸਿੰਘ ਬਿਲਗਾ ਨੂੰ ਯਾਦ ਕਰਦਿਆਂ ਗਦਰ, ਕਿਰਤੀ ਤੇ ਹੋਰਨਾਂ ਇਨਕਲਾਬੀ ਜਮਹੂਰੀ ਲਹਿਰਾਂ ਦੇ ਸ਼ਹੀਦਾਂ ਦੇ ਸੁਪਨਿਆਂ ਨੂੰ ਸੰਜੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਰ ਹਾਲ ਜਿੱਥੇ ਸਾਂਝੀਆਂ ਲੋਕ ਹਿੱਤੂ ਸਰਗਰਮੀਆਂ ਦਾ ਥੜ੍ਹਾ ਹੈ, ਉਥੇ ਸੰਗਰਾਮੀ ਧਿਰਾਂ ਨੂੰ ਇੱਕਠੇ ਹੋਣ ਦਾ ਹੋਕਾ ਵੀ ਦਿੰਦਾ ਹੈ। ਇਸ ਤੋਂ ਬਾਅਦ ਦੇਸ਼ ਭਗਤ ਯਾਦਗਰ ਕਮੇਟੀ ਦੇ ਟਰੱਸਟੀ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਗਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਉਨ੍ਹਾਂ ਆਪਣੇ ਕੁੰਜੀਵਤ ਸੰਬੋਧਨ ਵਿਚ ਕਿਹਾ ਕਿ ਅਜ਼ਾਦ ਭਾਰਤ ਲਈ ਗਦਰੀ ਬਾਬਿਆਂ ਦੀ ਸੋਚ ਸੀ ਕਿ ਆਰਥਿਕ, ਰਾਜਨੀਤਕ ਤੇ ਸਮਾਜਿਕ ਗੁਲਾਮੀ ਨੂੰ ਜੜ੍ਹੋਂ ਖਤਮ ਕਰਕੇ ਬਰਾਬਰਤਾ ਵਾਲਾ ਤੇ ਧਰਮ ਨਿਰਪੱਖ ਰਾਜ ਪ੍ਰਬੰਧ ਸਥਾਪਤ ਕੀਤਾ ਜਾਵੇ, ਪਰ ਉਨ੍ਹਾਂ ਦੇ ਸੁਪਨੇ ਸਾਕਾਰ ਨਹੀਂ ਹੋਏ। ਉਨ੍ਹਾ ਕਿਹਾ ਕਿ ਦੇਸ਼ ਦੀ ਅਜ਼ਾਦੀ ਦੇ ਫੌਰੀ ਮਕਸਦ ਵਿਚ ਭਾਵੇਂ ਇੱਕ ਵਾਰ ਗਦਰ ਲਹਿਰ ਅਸਫਲ ਕਰ ਦਿੱਤੀ ਗਈ ਸੀ, ਪਰ ਗਦਰ ਪਾਰਟੀ ਦੇ ਕਰਤਿਆਂ ਦੀ ਇਨਕਲਾਬੀ ਚਿਣਗ ਵੱਖ-ਵੱਖ ਰੂਪਾਂ ਵਿਚ ਜ਼ਿੰਦਾ ਰਹੀ ਅਤੇ ਭਾਈ ਸੰਤੋਖ ਸਿੰਘ ਤੇ ਉਸ ਦੇ ਸਾਥੀਆਂ ਨੇ 'ਕਿਰਤੀ ਪਾਰਟੀ' ਦਾ ਮੁੱਢ ਬੰਨ੍ਹਿਆ। ਉਨ੍ਹਾਂ ਕਿਹਾ ਕਿ ਨਿੱਜੀ ਮੁਨਾਫੇ ਦੀ ਹਵਸ ਨੇ ਸਮਾਜ ਵਿਚ ਅੱਜ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਮਨੁੱਖ ਦਾ ਜਿਊਣਾ ਦੁੱਭਰ ਹੋ ਗਿਆ ਹੈ। ਉਨ੍ਹਾ ਗਦਰੀ ਬਾਬਿਆਂ ਦੇ ਸੁਪਨੇ ਸਾਕਾਰ ਕਰਨ



ਲਈ ਨਰੋਏ ਸਮਾਜ ਦੀ ਸਿਰਜਣਾ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਝੰਡੇ ਦਾ ਗੀਤ ਪੇਸ਼ ਕੀਤਾ ਗਿਆ।


ਹੰਸਾ ਸਿੰਘ ਦੀ ਨਿਰਦੇਸ਼ਨ ਹੇਠ ਨਵਚਿੰਤਨ ਕਲਾ ਮੰਚ ਬਿਆਸ, ਲੋਕ ਰੰਗ ਮੰਚ ਉਮਰਪੁਰ, ਚੇਤਨਾ ਕਲਾ ਮੰਚ ਬਰਨਾਲਾ, ਦਰਪਣ ਰੰਗ ਮੰਚ ਸਾਹਨੇਵਾਲ, ਸਰਕਾਰੀ ਹਾਈ ਸਕੂਲ ਚਾਨੀਆਂ ਅਤੇ ਸ਼ਹੀਦ ਭਗਤ ਸਿੰਘ ਸਕੂਲ ਗੱਗੜਭਾਣਾ ਦੀਆਂ ਟੀਮਾਂ ਦੇ ਕਲਾਕਾਰਾਂ ਨੇ ਹਰ ਰੰਗ ਦੇ ਇਸ ਗੀਤ ਰਾਹੀਂ ਇਤਿਹਾਸ, ਵਿਰਾਸਤ ਦਾ ਸੁਮੇਲ ਕਰਦਿਆਂ ਲੋਕ ਸੰਗਰਾਮ ਦਾ ਸੱਦਾ ਦਿੱਤਾ।

ਉਪਰੰਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਕਾਰੀ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਮੇਲੇ ਵਿਚ ਸ਼ਾਮਲ ਲੋਕਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਨੂੰ ਲੋਕ ਵਿਰਾਸਤ ਨਾਲ ਜੁੜਨ ਦਾ ਸੱਦਾ ਦਿੱਤਾ। ਉਸ ਤੋਂ ਬਾਅਦ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਸੀਨੀਅਰ ਟਰਸਟੀ ਕਾਮਰੇਡ ਰਾਜੇਸ਼ਵਰ ਸਿੰਘ ਅਤੇ ਸੱਭਿਆਚਾਰ ਵਿੰਗ ਦੇ ਕਨਵੀਨਰ ਕਾਮਰੇਡ ਗੁਰਮੀਤ ਦੁਆਰਾ ਸੋਵੀਨਰ ਰਿਲੀਜ਼ ਕੀਤਾ ਗਿਆ। ਦਿਨ ਦੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਆਗਾਜ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੀ ਡਾ. ਨਵੇਦਤਾ ਦੇ 'ਦੇਹ ਸ਼ਿਵਾ ਵਰ ਮੋਹੇ' ਨਾਲ ਹੋਇਆ। ਇਸੇ ਦੌਰਾਨ ਸ਼ਹੀਦ ਊਧਮ ਸਿੰਘ ਕਸੇਲ ਦੇ ਪਿੰਡ ਕਸੇਲ ਨੂੰ ਸਨਮਾਨਤ ਕੀਤਾ ਗਿਆ। ਮੇਲੇ 'ਚ ਲੱਗੇ ਹੋਏ ਉਸਾਰੂ ਤੇ ਇਨਕਲਾਬੀ ਸਾਹਿਤ ਦੇ ਸੈਂਕੜੇ ਤੋਂ ਵਧ ਸਟਾਲਾਂ 'ਤੇ ਸਾਹਿਤ ਪ੍ਰੇਮੀਆਂ ਦੀ ਭੀੜ ਤੋਂ ਬਿਨਾਂ ਕਿਰਤੀ ਵਿਹੜੇ ਵਿਚ ਸਰੋਤਿਆਂ ਨੂੰ ਮਾਲਵਾ ਹੇਕ ਗਰੁੱਪ, ਗਰਚਾ ਮਿਊਜਿਕਲ ਅਕੈਡਮੀ, ਲੋਕ ਗੀਤ ਮੰਡਲੀ ਭਦੌੜ, ਸੈਲੀਬਰੇਸ਼ਨ ਮਿਊਜ਼ੀਕਲ ਗਰੁੱਪ ਲੁਧਿਆਣਾ, ਲੋਕ ਸੰਗੀਤ ਮੰਡਲੀ ਛਾਜਲੀ, ਕਵੀਸ਼ਰੀ ਜਥਾ ਅਮਰਜੀਤ ਰਸੂਲਪੁਰੀ ਤੇ ਸਾਥੀ, ਗੱਗੜਭਾਣਾ ਸਕੂਲ ਦੇ ਵਿਦਿਆਰਥੀਆਂ ਦੀ ਕੋਰਿਓਗ੍ਰਾਫ਼ੀ, ਮਲਵਈ ਗਿੱਧਾ ਅਤੇ ਨਵਚਿੰਤਨ ਕਲਾ ਮੰਚ ਬਿਆਸ ਦੀ ਚਿਰਾਗ ਨੇ ਸਾਰਾ ਦਿਨ ਇਨਕਲਾਬੀ ਪੇਸ਼ਕਾਰੀਆਂ ਨਾਲ ਕੀਲੀ ਰੱਖਿਆ ਤੇ ਅਜੋਕੇ ਲੋਕ-ਮਾਰੂ ਸਮਾਜਿਕ ਢਾਂਚੇ ਉਤੇ ਤਿੱਖੀਆਂ ਚੋਟਾਂ ਵੀ ਕੀਤੀਆਂ।

ਢਲੀ ਸ਼ਾਮ ਮੁੱਖ ਸਟੇਜ ਉਪਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਕਾਮਰੇਡ ਮੰਗਤ ਰਾਮ ਪਾਸਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਂਝੇ ਸੰਘਰਸ਼ਾਂ ਨੂੰ ਵਿੱਢਣਾ ਹੀ ਗ਼ਦਰੀ ਬਾਬਿਆਂ ਨੂੰ ਸੱਚੀ ਸਰਧਾਂਜ਼ਲੀ ਹੈ। ਉਪਰੰਤ ਆਰਥਿਕ ਅਤੇ ਮਾਨਸਿਕ ਤਣਾਵਾਂ ਵਿਚ ਘਿਰੇ ਹੋਏ ਮਨੁੱਖ ਦੀ ਛਟਪਟਾਹਟ ਨੂੰ ਬਿਆਨਦਾ 'ਨੀਂਦ ਕਿਉਂ ਰਾਤ ਭਰ ਆਉਂਦੀ ਨਹੀਂ' ਨਾਟਕ ਯੁਵਾ ਮੰਚ ਵਲੋਂ ਖੇਡਿਆ ਗਿਆ, ਜਿਸ ਦੇ ਲੇਖਕ ਤੇ ਨਿਰਦੇਸ਼ਕ ਵਿਕਰਮ ਸਨ। ਇਸ ਤੋਂ ਬਾਅਦ ਚੱਲ ਸੋ ਚੱਲ ਨਾਟਕ 'ਪਿੰਡ ਬੋਲਦਾ ਹੈ' ਫੁਲਵਾੜੀ ਕਲਾ ਕੇਂਦਰ ਲੋਹੀਆਂ ਦੇ ਵਿਦਿਆਰਥੀਆਂ ਨੇ ਲੇਖਕ ਅਤੇ ਨਿਰਦੇਸ਼ਕ ਜਗੀਰ ਜੋਸਣ ਦੀ ਅਗਵਾਈ ਵਿਚ ਖੇਡਿਆ। ਵਰਿਆਮ ਸਿੰਘ ਸੰਧੂ ਦੀ ਕਹਾਣੀ 'ਤੇ ਅਧਾਰਿਤ ਨਾਟਕ 'ਆਪਣਾ-ਆਪਣਾ ਹਿੱਸਾ' ਪ੍ਰੋ. ਅਜਮੇਰ ਔਲਖ ਦੀ ਨਿਰਦੇਸ਼ਨਾ ਵਿਚ ਖੇਡਿਆ ਗਿਆ। ਨਾਟਕਾਂ ਦੇ ਅਗਲੇ ਸਿਲਸਿਲੇ ਵਿਚ ਸਿਰਜਣਾ ਕਲਾ ਮੰਚ ਵਲੋਂ ਨਿਰਦੇਸ਼ਕ ਨਰਿੰਦਰ ਸਾਂਘੀ ਦੀ ਅਗਵਾਈ 'ਚ ਵਿਅੰਗਾਤਮਕ ਨਾਟਕ 'ਸਬਜ਼ਬਾਗ਼' ਖੇਡਿਆ, ਫਿਰ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਵਿਚ 'ਹਿਰਮਾ ਦੀ ਅਮਰ ਕਹਾਣੀ'। ਇਸੇ ਤਰ੍ਹਾਂ ਲੇਖਕ ਅਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦਾ ਨਾਟਕ 'ਪਰਮਵੀਰ ਚੱਕਰ' ਅਤੇ ਚੇਤਨਾ ਕਲਾ ਕੇਂਦਰ ਵਲੋਂ ਨਿਰਦੇਸ਼ਕ ਗੁਰਪ੍ਰੀਤ ਦੀ ਅਗਵਾਈ ਵਿਚ ਨਾਟਕ 'ਹਿੰਮਤ ਸਿੰਘ ਦਾ ਹੁਲੀਆ' ਖੇਡਿਆ ਗਿਆ, ਜਿਨ੍ਹਾਂ ਸਰੋਤਿਆਂ ਨੂੰ ਮੰਤਰ-ਮੁਗਧ ਕਰਦੇ ਹੋਏ ਮੌਜੂਦਾ ਨਿਜ਼ਾਮ ਵਿਰੁਧ ਬੇਹੱਦ ਜੋਸ਼ ਨਾਲ ਓਤ-ਪੋਤ ਕਰ ਦਿੱਤਾ। ਸਟੇਜ ਦੀ ਸੰਚਾਲਨਾ ਸਾਂਝੇ ਤੌਰ 'ਤੇ ਗੁਰਮੀਤ ਸੱਭਿਆਚਾਰਕ ਸਕੱਤਰ, ਬੀਬੀ ਰਘਬੀਰ ਕੌਰ ਟਰੱਸਟੀ, ਪ੍ਰੋ. ਵਰਿਆਮ ਸਿੰਘ ਸੰਧੂ ਅਤੇ ਕਾਮਰੇਡ ਅਮੋਲਕ ਸਿੰਘ ਸਹਾਇਕ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ ਨੇ ਕੀਤੀ। ਮੇਲੇ ਦੌਰਾਨ 'ਭਗਤੀ ਅਤੇ ਸ਼ੂਦਰ' (ਡਾ. ਸੇਵਾ ਸਿੰਘ), 'ਆਪਣੀ ਹੀ ਮੌਤ ਨੂੰ 'ਵਾਜ਼ਾਂ ਮਾਰ ਰਿਹਾ ਹੈ ਮਨੁੱਖ' (ਵਿਜੇ ਬੱਬੇਲੀ), 'ਕਿਸਾਨ ਖੁਦਕਸ਼ੀਆਂ' (ਡਾ. ਸੁਰਿੰਦਰ ਸਿੰਘ ), 'ਛੱਲਾਂ ਲਹਿਰਾਂ ਦੀਆਂ' (ਜਸਦੇਵ ਸਿੰਘ ਲਲਤੋਂ), 'ਗ਼ਦਰ ਪਾਰਟੀ ਦਾ ਇਤਿਹਾਸਕ ਪੁਰਸ਼ ਬਾਬਾ ਭਗਤ ਸਿੰਘ ਬਿਲਗਾ' (ਡਾ: ਜਸਵੀਰ ਕੌਰ ਗਿੱਲ) ਅਤੇ 'ਅਜ਼ਾਦੀ ਦਾ ਹੋਕਾ ਆਦਿ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company
Sacramento Office : 120 Hoxsie Ct, Folsom CA 95630
Fremont Office : 39650 Liberty St. #200 Fremont CA 94538
Bakersfield Office : PO Box 40728 Bakersfield CA 93384
Cell : 916-337-1683
Off : 916-983-4890
Off : 510-624-4190
Fax : 916-984-0110
mc101048@gmail.com
THE COMPANY YOU KEEP

GSR Business Services
242 N Sutter St#401 Stockton CA 95202
To make your business a corporation or LLC call us for best services and rock bottom prices.
We serve trucking Industry to get ICC Authority & DOT.
ਤੁਸੀਂ ਆਪਣੇ ਕਾਰੋਬਾਰ ਨੂੰ ਇਕ ਕਾਰਪੋਰੇਸ਼ਨ ਜਾਂ ਐਲ ਐਲ ਸੀ ਬਣਾਉਣਾ ਚਾਹੁੰਦੇ ਹੋ?
ਬਹੁਤ ਹੀ ਵਾਜਬ ਫੀਸ ਉਤੇ ਬਿਹਤਰੀਨ ਸੇਵਾਵਾਂ



ਅਸੀਂ ਟਰਕਿੰਗ ਕੰਪਨੀਆਂ ਲਈ ਆਈ ਸੀ ਸੀ ਅਥਾਰਟੀ ਅਤੇ ਡੀ ਓ ਟੀ ਲੈਣ ਲਈ ਵੀ ਮਦਦ ਕਰਦੇ ਹਾਂ
ਫੋਨ:209-547-0994, 707 688 6884
ਫੈਕਸ:209-465-2344

# ਪੰਜਾਬ ਟਾਈਮਜ਼

ਸਨਿਚਰਵਾਰ, 7 ਨਵੰਬਰ, 2009


*ਗ਼ਲਤਫਹਿਮੀ ਬਹਿਸ ਨਾਲ ਨਹੀਂ ਸਗੋਂ ਵਿਚਾਰ ਸਮਝਣ ਨਾਲ ਦੂਰ ਹੁੰਦੀ ਹੈ -ਮਹਾਤਮਾ ਬੁੱਧ*

## ਸੰਪਾਦਕੀ

# ਪੰਜਾਬ ਦੇ ਕਿਸਾਨ ਫਿਰ ਨਜ਼ਰਅੰਦਾਜ਼

ਕੇਂਦਰ ਸਰਕਾਰ ਨੇ ਝੋਨੇ ਦੀ ਫਸਲ ’ਤੇ 50 ਰੁਪਏ ਬੋਨਸ ਪ੍ਰਤੀ ਕੁਇੰਟਲ ਦੇਣ ਦਾ ਐਲਾਨ ਕੀਤਾ ਹੈ। 29 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਤੋਂ ਬਾਅਦ ਇਸ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬੋਨਸ ਦੀ ਅਦਾਇਗੀ ਨਾਲ ਸਰਕਾਰੀ ਖਜ਼ਾਨੇ ‘ਤੇ 1884.79 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਖੁੱਲ੍ਹੇ ਬਾਜ਼ਾਰ ਵਿਚ ਚੌਲਾਂ ਦੀਆਂ ਕੀਮਤਾਂ ਹੋਰ ਵਧ ਸਕਦੀਆਂ ਹਨ ਕਿਉਂਕਿ ਦੇਸ਼ ਵਿਚ ਇਸ ਸਾਲ ਚੌਲਾਂ ਦਾ ਉਤਪਾਦਨ ਘਟਣ ਦੀ ਸੰਭਾਵਨਾ ਹੈ। ਇਸੇ ਲਈ ਸਰਕਾਰ ਕੇਂਦਰੀ ਪੂਲ ਲਈ ਵੱਧ ਤੋਂ ਵੱਧ ਝੋਨਾ ਖਰੀਦਣਾ ਚਾਹੁੰਦੀ ਹੈ। ਖੁਰਾਕ ਮੰਤਰਾਲੇ ਦੇ ਕੁਝ ਸੀਨੀਅਰ ਅਧਿਕਾਰੀਆਂ ਨੇ ਇਸ ਕਿਸਮ ਦੇ ਖਦਸ਼ੇ ਵੀ ਪ੍ਰਗਟ ਕੀਤੇ ਹਨ ਕਿ ਇਸ ਸਾਲ ਝੋਨੇ ਦੀ ਆਮਦ ਵਿਚ 22 ਫੀਸਦੀ ਕਮੀ ਆ ਸਕਦੀ ਹੈ। ਪਿਛਲੇ ਸਾਲ ਸਰਕਾਰੀ ਏਜੰਸੀਆਂ ਨੇ 28 ਅਕਤੂਬਰ ਤਕ 75 ਲੱਖ ਟਨ ਝੋਨਾ ਖਰੀਦਿਆ ਸੀ ਅਤੇ ਇਸ ਸਾਲ 73.70 ਲੱਖ ਟਨ ਝੋਨਾ ਖਰੀਦਿਆ ਹੈ। ਇੰਜ ਕੁਲ ਮਿਲਾ ਕੇ ਵੇਖਿਆਂ ਕੋਈ ਬਹੁਤਾ ਫਰਕ ਨਜ਼ਰ ਨਹੀਂ ਆਉਂਦਾ ਪਰ ਝੋਨੇ ਦੀ ਇਹ ਆਮਦ ਜ਼ਿਆਦਾ ਕਰਕੇ ਉਤਰੀ ਭਾਰਤ, ਖਾਸ ਕਰਕੇ ਪੰਜਾਬ ਅਤੇ ਹਰਿਆਣਾ ਦੀਆਂ ਮੰਡੀਆਂ ਵਿਚ ਹੀ ਹੋਈ ਹੈ। ਸਰਕਾਰ ਨੇ ਇਸ ਸਾਲ ਕੇਂਦਰੀ ਪੂਲ ਵਿਚ 294 ਲੱਖ ਟਨ ਝੋਨਾ ਖਰੀਦਣ ਦਾ ਟੀਚਾ ਰੱਖਿਆ ਹੈ। ਸਰਕਾਰ ਨੇ ਅਗਸਤ ਵਿਚ ਆਮ ਝੋਨੇ ਦੀ ਕੀਮਤ 950 ਰੁਪਏ ਅਤੇ ਚੰਗੀ ਕੁਆਲਿਟੀ ਦੇ ਝੋਨੇ ਦੀ ਕੀਮਤ 980 ਰੁਪਏ ਪ੍ਰਤੀ ਕੁਇੰਟਲ ਐਲਾਨੀ ਸੀ। ਇੰਝ ਕੇਂਦਰ ਸਰਕਾਰ ਵਲੋਂ ਦਿੱਤਾ ਜਾਣ ਵਾਲਾ ਬੋਨਸ ਇਸ ਝੋਨੇ ਉਪਰ ਵਾਧੂ ਹੋਵੇਗਾ।

ਕੇਂਦਰ ਵਲੋਂ ਐਲਾਨੇ ਗਏ ਬੋਨਸ ਨੂੰ ਪੰਜਾਬ ਦੇ ਮੁੱਖ ਮੰਤਰੀ ਅਤੇ ਦੋ ਵੱਡੀਆਂ ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਮਜ਼ਾਕ ਦੱਸਿਆ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 50 ਰੁਪਏ ਬੋਨਸ ਬਹੁਤ ਹੀ ਘੱਟ ਹੈ ਅਤੇ ਇਹ ਵੀ ਦੇਰ ਨਾਲ ਦਿੱਤਾ ਗਿਆ ਹੈ। ਉਨ੍ਹਾਂ ਇਸ ਬੋਨਸ ਨੂੰ ਕਿਸਾਨਾਂ ਨਾਲ ਕੀਤਾ ਗਿਆ ਮਜ਼ਾਕ ਦੱਸਿਆ। ਉਨ੍ਹਾਂ ਕਿਹਾ ਕਿ ਬਾਰਸ਼ ਘੱਟ ਹੋਣ ਕਾਰਨ ਕਿਸਾਨਾਂ ਨੇ ਬੜੀ ਮੁਸ਼ਕਲ ਅਤੇ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਝੋਨਾ ਪਾਲਿਆ ਹੈ ਇਸ ਕਰਕੇ ਪੰਜਾਬ ਨੂੰ ਵਿਸ਼ੇਸ਼ ਰਿਆਇਤ ਦੇਣ ਦੀ ਜ਼ਰੂਰਤ ਹੈ ਪਰ ਇਹ ਮੰਗ ਕੇਂਦਰੀ ਖੇਤੀ ਮੰਤਰੀ ਸ੍ਰੀ ਸ਼ਰਦ ਪਵਾਰ ਨੇ ਹੁੰਗਾਰਾ ਭਰ ਕੇ ਵੀ ਸਵੀਕਾਰ ਨਹੀਂ ਕੀਤੀ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਪਵਾਰ ਪਿਛਲੇ ਦਿਨੀਂ ਪੰਜਾਬ ਫੇਰੀ ‘ਤੇ ਆਏ ਸਨ ਅਤੇ ਉਨ੍ਹਾਂ ਨੇ ਕੁਝ ਮੰਡੀਆਂ ਦਾ ਦੌਰਾ ਵੀ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਬਾਰਸ਼ ਘੱਟ ਹੋਣ ਕਾਰਨ ਕਿਉਂਕਿ ਪੰਜਾਬ ਦੇ ਕਿਸਾਨਾਂ ਨੂੰ ਵਧੇਰੇ ਖਰਚਾ ਕਰਨਾ ਪਿਆ ਹੈ, ਇਸ ਲਈ ਉਨ੍ਹਾਂ ਨੂੰ ਵੱਖਰਾ ਪੈਕੇਜ ਵੀ ਦਿੱਤਾ ਜਾ ਸਕਦਾ ਹੈ। ਪਰ ਆਪਣੇ ਬੋਨਸ ਐਲਾਨਣ ਸਮੇਂ ਕੇਂਦਰ ਸਰਕਾਰ ਨੇ ਬਾਕੀ ਸਾਰੇ ਦੇਸ਼ ਦੇ ਨਾਲ ਹੀ ਪੰਜਾਬ ਦੇ ਕਿਸਾਨਾਂ ਨੂੰ ਵੀ 50 ਰੁਪਏ ਕੁਇੰਟਲ ਦੇ ਹਿਸਾਬ ਨਾਲ ਬੋਨਸ ਦੇ ਦਿੱਤਾ ਹੈ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰੀ ਅਜਮੇਰ ਸਿੰਘ ਲੱਖੋਵਾਲ ਨੇ ਵੀ ਘੱਟ ਬੋਨਸ ਦੇਣ ਦੀ ਤਿੱਖੀ ਆਲੋਚਨਾ ਕੀਤੀ ਹੈ ਅਤੇ ਕਿਹਾ ਕਿ ਕਿਸਾਨਾਂ ਨੂੰ ਘੱਟੋ-ਘੱਟ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਣਾ ਚਾਹੀਦਾ ਹੈ।

ਇਕ ਅੰਦਾਜ਼ੇ ਮੁਤਾਬਕ ਬਾਰਸ਼ ਘੱਟ ਹੋਣ ਕਾਰਨ ਪੰਜਾਬ ਦੇ ਕਿਸਾਨਾਂ ਦਾ ਝੋਨੇ ਉਪਰ 1520 ਰੁਪਏ ਕੁਇੰਟਲ ਮਗਰ ਖਰਚਾ ਹੋਇਆ ਹੈ ਅਤੇ ਇੰਜ ਉਨ੍ਹਾਂ ਨੂੰ 570 ਰੁਪਏ ਦਾ ਘਾਟਾ ਇਕ ਕੁਇੰਟਲ ਮਗਰ ਪੈਂਦਾ ਹੈ। ਜੇ ਕਿਸਾਨਾਂ ਦਾ ਝੋਨੇ ਨੂੰ ਪਾਲਣ ਦੇ ਮਾਮਲੇ ਵਿਚ ਘਾਟਾ ਉਪਰੋਕਤ ਅੰਦਾਜ਼ੇ ਮੁਤਾਬਕ ਨਾ ਵੀ ਅੰਕਿਆ ਜਾਵੇ ਤਾਂ ਵੀ ਇਹ ਤਾਂ ਸਪੱਸ਼ਟ ਹੀ ਹੈ ਕਿ ਪਾਣੀ ਦੀ ਘਾਟ ਕਾਰਨ ਪੰਜਾਬ ਵਿਚ ਝੋਨੇ ਦੀ ਫਸਲ ਪਾਲਣ ਲਈ ਕਿਸਾਨਾਂ ਨੂੰ ਜਿੰਨਾ ਮਹਿੰਗਾ ਡੀਜ਼ਲ ਬਾਲ ਕੇ ਇਹ ਫਸਲ ਪਾਲਣੀ ਪਈ ਹੈ, ਉਸ ਹਿਸਾਬ ਨਾਲ ਕੇਂਦਰ ਸਰਕਾਰ ਵਲੋਂ ਐਲਾਨੇ ਗਏ ਭਾਅ ਅਤੇ ਦਿੱਤੇ ਗਏ ਬੋਨਸ ਘਾਟੇ ਵਾਲਾ ਸੌਦਾ ਹੀ ਹੈ।

ਯਾਦ ਰਹੇ ਪੰਜਾਬ ਵਿਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਯੂਨੀਅਨਾਂ ਪਿਛਲੇ ਲੰਮੇ ਸਮੇਂ ਤੋਂ ਇਹ ਮੰਗ ਕਰਦੀਆਂ ਰਹੀਆਂ ਹਨ ਕਿ ਕਿਸਾਨਾਂ ਦੀਆਂ ਫਸਲਾਂ ਦੇ ਭਾਅ ਕੀਮਤ ਸੂਚਕ ਅੰਕ ਨਾਲ ਜੋੜੇ ਜਾਣ। ਉਨ੍ਹਾਂ ਦੀ ਮੰਗ ਹੈ ਕਿ ਜਿਵੇਂ ਮਹਿੰਗਾਈ ਵਧਣ ਨਾਲ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਦੀਆਂ ਹਨ, ਇਸੇ ਤਰ੍ਹਾਂ ਕਿਸਾਨਾਂ ਦੀਆਂ ਫਸਲਾਂ ਦੇ ਭਾਅ ਵੀ ਕੀਮਤਾਂ ਦੇ ਵਧਣ ਦੇ ਹਿਸਾਬ ਨਾਲ ਹੀ ਵਧਾਏ ਜਾਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦਾ ਜਿਊਣ ਜੋਗਾ ਮੁਨਾਫਾ ਕਾਇਮ ਰਹੇ। ਦੂਜੇ ਪਾਸੇ ਕਿਸਾਨ ਵਿਰੋਧੀ ਲਾਬੀ ਦਾ ਆਖਣਾ ਹੈ ਕਿ ਜੇ ਖੁਰਾਕੀ ਫਸਲਾਂ ਨੂੰ ਕੀਮਤ ਸੂਚਕ ਅੰਕ ਨਾਲ ਜੋੜ ਦਿੱਤਾ ਗਿਆ ਤਾਂ ਇਹ ਦੇਸ਼ ਦੀ ਬਹੁਤ ਵੱਡੀ ਗਰੀਬ ਆਬਾਦੀ ਦੇ ਖਰੀਦ ਘੇਰੇ ‘ਚੋਂ ਬਾਹਰ ਹੋ ਜਾਣਗੀਆਂ। ਪਰ ਸਵਾਲ ਇਹ ਉਠਦਾ ਹੈ ਕਿ ਕਿਸਾਨ ਦਾ ਜਿਹੜਾ ਫਸਲਾਂ ਨੂੰ ਪਾਲਣ ਉਪਰ ਵਧਵਾਂ ਖਰਚਾ ਹੁੰਦਾ ਹੈ, ਉਸ ਨੂੰ ਭਾਅ ਉਸ ਹਿਸਾਬ ਨਾਲ ਕਿਉਂ ਨਾ ਦਿੱਤਾ ਜਾਵੇ? ਗਰੀਬ ਆਬਾਦੀ ਨੂੰ ਖੁਰਾਕ ਮੁਹੱਈਆ ਕਰਾਉਣਾ ਸਰਕਾਰ ਦਾ ਫਰਜ਼ ਹੈ। ਇਥੇ ਸਰਕਾਰ ਨੂੰ ਖੁਦ ਦਖਲ ਦੇਣ ਦੀ ਲੋੜ ਹੈ। ਨਿਸ਼ਚਿਤ ਹੀ ਕਿਸਾਨੀ ਫਸਲਾਂ ਦੇ ਭਾਅ ਕੀਮਤ ਸੂਚਕ ਅੰਕ ਨਾਲ ਜੋੜੇ ਜਾਣੇ ਚਾਹੀਦੇ ਹਨ ਅਤੇ ਆਮ ਗਰੀਬ ਲੋਕਾਈ ਨੂੰ ਸਸਤੀ ਖੁਰਾਕ ਮੁਹੱਈਆ ਕਰਾਉਣ ਲਈ ਜਿਹੜਾ ਖਰਚਾ ਲੋੜੀਂਦਾ ਹੈ, ਉਹ ਕੇਂਦਰ ਸਰਕਾਰ ਵਲੋਂ ਦਿੱਤਾ ਜਾਣਾ ਚਾਹੀਦਾ ਹੈ। ਇੰਜ ਗਰੀਬ ਲੋਕਾਈ ਤੱਕ ਖੁਰਾਕੀ ਫਸਲਾਂ ਵੀ ਪਹੁੰਚ ਸਕਦੀਆਂ ਹਨ ਅਤੇ ਦੂਜੇ ਪਾਸੇ ਕਿਸਾਨਾਂ ਨੂੰ ਆਪਣੀ ਫਸਲ ਦਾ ਸਹੀ ਭਾਅ ਵੀ ਮਿਲ ਸਕਦਾ ਹੈ। ਕਿਸੇ ਕਲਿਆਣਕਾਰੀ ਰਾਜ ਦੀ ਇਹੋ ਨਿਸ਼ਾਨੀ ਹੁੰਦੀ ਹੈ ਕਿ ਉਹ ਆਪਣੇ ਦਖਲ ਰਾਹੀਂ ਆਰਥਿਕਤਾ ਨੂੰ ਸਾਵੀਂ ਅਤੇ ਇਨਸਾਫਪੂਰਨ ਰੱਖਦਾ ਹੈ। ਅਜਿਹੇ ਮਸਲਿਆਂ ਨੂੰ ਬਾਜ਼ਾਰ ਉਪਰ ਨਹੀਂ ਛੱਡਿਆ ਜਾ ਸਕਦਾ ਜਿਹੜੇ ਵਿਸ਼ਾਲ ਲੋਕਾਈ ਦੇ ਖੁਰਾਕ ਜਿਹੇ ਬੁਨਿਆਦੀ ਅਧਿਕਾਰਾਂ ਨਾਲ ਸੰਬੰਧਤ ਹਨ ਤੇ ਦੂਜੇ ਪਾਸੇ ਜਿਹੜੇ ਕਿਸਾਨਾਂ ਦੇ ਜੀਣ-ਥੀਣ ਦੇ ਮਸਲਿਆਂ ਨਾਲ ਵੀ ਉਲਝੇ ਵਿਲਟੇ ਹੋਏ ਹਨ। ਪੰਜਾਬ ਦੀ ਆਰਥਿਕਤਾ ਕਿਉਂਕਿ ਹਾਲੇ ਮੁੱਖ ਰੂਪ ਵਿਚ ਖੇਤੀ ‘ਤੇ ਹੀ ਮੁਨੱਸਰ ਹੈ ਅਤੇ ਪੰਜਾਬ ਦਾ ਸਨਅਤੀਕਰਨ ਪੰਜਾਬ ਦੇ ਲੋਕਾਂ ਨਾਲ ਆਰਥਿਕ ਰੂਪ ਵਿਚ ਜੁੜਿਆ ਹੋਇਆ ਨਹੀਂ ਹੈ, ਇਸ ਲਈ ਖੇਤੀ ਦਾ ਸੰਕਟ ਪੰਜਾਬ ਦੇ ਆਮ ਲੋਕਾਂ ਦਾ ਹੀ ਸੰਕਟ ਬਣ ਜਾਂਦਾ ਹੈ। ਪੰਜਾਬ ਦਾ ਖੇਤੀ ਸੰਕਟ ਆਮ ਤੌਰ ‘ਤੇ ਸਥਾਨਕ ਵਪਾਰਕ ਲੋਕਾਈ ਨੂੰ ਵਿਆਪਕ ਪੱਧਰ ‘ਤੇ ਪ੍ਰਭਾਵਤ ਕਰਦਾ ਹੈ। ਖੇਤੀ ਮੰਦੇ ਨਾਲ ਬਾਜ਼ਾਰ ਠੰਢੇ ਹੋਣ ਲੱਗਦੇ ਹਨ। ਇਸ ਹਾਲਤ ਵਿਚ ਸਰਕਾਰ ਦਾ ਇਹ ਫਰਜ਼ ਜ਼ਰੂਰ ਬਣਦਾ ਹੈ ਕਿ ਉਹ ਆਰਥਿਕਤਾ ਨੂੰ ਸਹੀ ਰੂਪ ਵਿਚ ਅੱਗੇ ਤੋਰਨ ਲਈ ਸਮੇਂ ਸਿਰ ਆਪਣਾ ਦਖਲ ਦੇਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮੂੰਹ ਆਈ ਬਾਤ!*

ਕਤਲੇਆਮ ਗੁਜਰਾਤ ਵਿਚ ਜਦੋਂ ਹੋਇਆ,
ਵਿਧਵਾ ਬੇਗਮਾਂ ਮਾਰੀ ਸੀ ਭੁੱਬ ਕਿੱਦਾਂ?
ਡਾਂਗਾਂ ਫੇਰ ਕੇ ਕਿਵੇਂ ਬਿਹਾਰੀਆਂ ਦੇ,
ਸੈਨਾ ਸ਼ਿਵਾਂ ਦੀ ਰਹੀ ਸੀ ਹੁੱਬ ਕਿੱਦਾਂ?
ਦੁਾਅਵਾ ਜੂਨ ਦਾ ਸਾਕਾ ਕਰਵੌਣ ਵਾਲਾ,
ਗਿਆ ਸਿੱਖਾਂ ਦੇ ਸੀਨੇ ਵਿਚ ਖੁੱਭ ਕਿੱਦਾਂ?
ਕੰਡੇ ਬੀਜੇ ਸੀ ਜਿਹੜੇ ਘੱਟ-ਗਿਣਤੀਆਂ ਲਈ,
ਗਏ ਉਹ ਭਗਵਿਆਂ ਪੈਰੀਂ ਹੀ ਚੁੱਭ ਕਿੱਦਾਂ?
‘ਪੰਜਾ’ ਹੂੰਝ ਕੇ ਲੈ ਗਿਆ ਜਿੱਤ ਦੇਖੋ,
ਆਈ ‘ਕਮਲ’ ’ਤੇ ਘੜੀ ਅਸ਼ੁੱਭ ਕਿੱਦਾਂ?
ਇਹ ਤਾਂ ‘ਮੋਦੀ’ ਤੇ ‘ਠਾਕਰੇ’ ਜਾਣਦੇ ਨੇ,
ਬੇੜੀ ਭਾਜਪਾ ਦੀ ਗਈ ਏ ਡੁੱਬ ਕਿੱਦਾਂ?

# ਹਰਿਆਣਾ ’ਚ ਸੰਘਰਸ਼ ਕਰ ਰਹੀ ਪੰਜਾਬੀ

**ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਹੋਂਦ ਪਿੱਛੇ ਪੰਜਾਬੀਆਂ ਦੁਆਰਾ ਸਦੀਆਂ ਤੋਂ ਕੀਤੀ ਗਈ ਜਦੋ-ਜਹਿਦ, ਸੰਘਰਸ਼, ਪ੍ਰਾਪਤੀਆਂ ਅਤੇ ਕੁਰਬਾਨੀਆਂ ਦੀ ਆਹਟ ਸੁਣਾਈ ਦਿੰਦੀ ਹੈ। ਪੰਜਾਬੀ ਭਾਸ਼ਾ ਦੇ ਮਾਖਿਓਂ ਮਿੱਠੇ ਸੁਭਾਅ ਨੂੰ ਪੰਜਾਬੀਆਂ ਦੁਆਰਾ ਜ਼ਿੰਦਗੀ ਨੂੰ ਖੂਬਸੂਰਤ ਢੰਗ ਨਾਲ ਜਿਊਣ ਦੀ ਤਮੰਨਾ ਵਿਚੋਂ ਪੈਦਾ ਹੋਈ ਭਾਵਨਾ ਦੀ ਪੁਕਾਰ ਕਿਹਾ ਜਾ ਸਕਦਾ ਹੈ। ਉਂਜ ਵੀ ਮੋਹ, ਮਮਤਾ, ਮਿਠਾਸ, ਮਿਸਰੀ ਅਤੇ ਮੁਹੱਬਤ ਤੋਂ ਬਿਨਾ ਜ਼ਿੰਦਗੀ ਰਸਹੀਣ ਤੇ ਰੰਗਹੀਣ ਧੁੰਦੂਕਾਰੇ ਦਾ ਨਾਂ ਬਣ ਕੇ ਹੀ ਰਹਿ ਜਾਂਦੀ ਹੈ।**

**ਡਾ. ਸੁਦਰਸ਼ਨ ਗਾਸੋ**

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਮਿਠਾਸ ਅਤੇ ਸਾਰਥਕਤਾ ਨੂੰ ਪੂਰੇ ਵਿਸ਼ਵ ਵਿਚ ਪ੍ਰਵਾਨਗੀ ਅਤੇ ਪ੍ਰਸ਼ੰਸਾ ਮਿਲਣੀ ਸ਼ੁਰੂ ਹੋ ਗਈ ਹੈ। ਦੁਨੀਆਂ ਦੇ ਕੋਨੇ-ਕੋਨੇ ਵਿਚ ਜਾ ਵਸੇ ਪੰਜਾਬੀਆਂ ਨੇ ਆਪਣੇ ਸਮੂਹਿਕ ਉਪਰਾਲਿਆਂ, ਉੱਦਮਾਂ, ਪ੍ਰਾਪਤੀਆਂ ਅਤੇ ਹੁਨਰੀ ਪ੍ਰਦਰਸ਼ਨ ਦੁਆਰਾ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਵਹਾਰਕ, ਲੌਕਿਕ ਅਤੇ ਅਲੌਕਿਕ ਮਹੱਤਵ ਨੂੰ ਸਥਾਪਤ ਕੀਤਾ ਹੈ। ਭਾਸ਼ਾ ਅਤੇ ਸਭਿਆਚਾਰ ਕਿਸੇ ਇਕ ਦਿਨ ਵਿਚ ਪੈਦਾ ਨਹੀਂ ਹੁੰਦੇ, ਸਗੋਂ ਇਹ ਸਦੀਆਂ ਦੇ ਸਮੂਹਿਕ ਮਾਨਵੀ ਉਪਰਾਲਿਆਂ, ਸਮੂਹਿਕ ਸੋਚ ਅਤੇ ਸੂਝ ਵਿਚੋਂ ਉਤਪੰਨ ਹੁੰਦੇ ਹਨ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਹੋਂਦ ਪਿੱਛੇ ਪੰਜਾਬੀਆਂ ਦੁਆਰਾ ਸਦੀਆਂ ਤੋਂ ਕੀਤੀ ਗਈ ਜਦੋ-ਜਹਿਦ, ਸੰਘਰਸ਼, ਪ੍ਰਾਪਤੀਆਂ ਅਤੇ ਕੁਰਬਾਨੀਆਂ ਦੀ ਆਹਟ ਸੁਣਾਈ ਦਿੰਦੀ ਹੈ।

ਪੰਜਾਬੀ ਭਾਸ਼ਾ ਦੇ ਮਾਖਿਓਂ ਮਿੱਠੇ ਸੁਭਾਅ ਨੂੰ ਪੰਜਾਬੀਆਂ ਦੁਆਰਾ ਜ਼ਿੰਦਗੀ ਨੂੰ ਖੂਬਸੂਰਤ ਢੰਗ ਨਾਲ ਜਿਊਣ ਦੀ ਤਮੰਨਾ ਵਿਚੋਂ ਪੈਦਾ ਹੋਈ ਭਾਵਨਾ ਦੀ ਪੁਕਾਰ ਕਿਹਾ ਜਾ ਸਕਦਾ ਹੈ। ਉਂਜ ਵੀ ਮੋਹ, ਮਮਤਾ, ਮਿਠਾਸ, ਮਿਸਰੀ ਅਤੇ ਮੁਹੱਬਤ ਤੋਂ ਬਿਨਾ ਜ਼ਿੰਦਗੀ ਰਸਹੀਣ ਤੇ ਰੰਗਹੀਣ ਧੁੰਦੂਕਾਰੇ ਦਾ ਨਾਂ ਬਣ ਕੇ ਹੀ ਰਹਿ ਜਾਂਦੀ ਹੈ।

ਪੰਜਾਬੀ ਸਭਿਆਚਾਰ ਦੀ ਸਾਰਥਕਤਾ ਅਤੇ ਸ੍ਰੇਸ਼ਟਤਾ ਪੰਜਾਬੀਆਂ ਦੁਆਰਾ ਆਪਣੇ ਜੀਵਨ ਨੂੰ ਉੱਚ ਇਨਸਾਨੀ ਕਦਰਾਂ-ਕੀਮਤਾਂ ਨਾਲ ਪ੍ਰਣਾਈ ਸੋਚ ਦੁਆਰਾ ਅਤੇ ਸਰਬੱਤ ਦੇ ਭਲੇ ਵਾਲੀ ਭਾਵਨਾ ਨਾਲ ਜਿਊਣ ਕਰਕੇ ਹੀ ਹੈ। ਪੰਜਾਬੀ ਆਪਣੀ ਅਣਖ, ਆਪਣੇ ਇਮਾਨ ਅਤੇ ਦੁਨੀਆਂ ਦੇ ਅਮਨ ਨੂੰ ਬਰਕਰਾਰ ਰੱਖਣ ਵਾਸਤੇ ਹਮੇਸ਼ਾ ਹਰੇਕ ਕਿਸਮ ਦੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਪੰਜਾਬੀ ਭਾਸ਼ਾ ਨੂੰ ਵਿਦੇਸ਼ਾਂ ਵਿਚ ਇਸ ਦਾ ਬਣਦਾ ਸਤਿਕਾਰ ਦਿੱਤਾ ਜਾ ਰਿਹਾ ਹੈ, ਪ੍ਰੰਤੂ ਪੰਜਾਬੀ ਭਾਸ਼ਾ ਨੂੰ ਆਪਣੇ ਹੀ ਦੇਸ਼ ਵਿਚ ਆਪਣੇ ਹੱਕੀ ਸਥਾਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਹਰਿਆਣਾ ਪ੍ਰਾਂਤ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਪੂਰੀ ਤਰ੍ਹਾਂ ਦਰੁੱਸਤ ਨਹੀਂ ਹੈ। ਪੰਜਾਬੀਆਂ ਦੀ ਹੱਕੀ ਆਵਾਜ਼ ਨੂੰ ਅਨੇਕਾਂ ਵਾਰੀ ਅਣਸੁਣਿਆ ਕੀਤਾ ਜਾਂਦਾ ਰਿਹਾ ਹੈ। ਅਫਸਰਸ਼ਾਹੀ ਹੁਕਮਰਾਨਾਂ ਦੇ ਕੰਨ ਭਰ ਦਿੰਦੀ ਹੈ। ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਸਥਾਨ, ਦਰਜਾ ਦੇਣਾ ਹੁਕਮਰਾਨਾਂ ਦਾ ਕਦੇ ਵੀ ਏਜੰਡਾ ਨਹੀਂ ਰਿਹਾ। ਜਦੋਂ ਲੋਕ ਕੁਝ ਸ਼ੋਰ ਮਚਾਉਂਦੇ ਹਨ, ਕੁਝ ਊਣਤਾਵਾਂ, ਘਾਟਾਂ ਦਾ ਜ਼ਿਕਰ ਕਰਦੇ ਹਨ ਤਾਂ ਉਸ ਸਮੇਂ ਸੱਤਾਧਾਰੀ ਵਰਗ ਕੁਝ ਮੰਗਾਂ ਮੰਨ ਕੇ ਸਭ ਕੁਝ ਠੀਕ-ਠਾਕ ਹੈ ਦਾ ਫੁਰਮਾਨ ਜਾਰੀ ਕਰ ਦਿੰਦੇ ਹਨ। ਇਸੇ ਤਰ੍ਹਾਂ ਸਥਿਤੀ ਵਿਚ ਬੁਨਿਆਦੀ ਪਰਿਵਰਤਨ ਨਹੀਂ ਵਾਪਰਦੇ। ਇਸਦੇ ਨਾਲ ਕਦੇ-ਕਦੇ ਅਜਿਹੇ ਤੁਗਲਕੀ ਫੁਰਮਾਨ ਵੀ ਜਾਰੀ ਹੁੰਦੇ ਰਹਿੰਦੇ ਹਨ, ਜਿਸ ਨਾਲ ਸਥਿਤੀ ਬਹੁਤ ਬਦਤਰ ਬਣਨ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਹਰਿਆਣਾ ਵਿਚ ਰਹਿੰਦੇ ਸਮੂਹ ਪੰਜਾਬੀਆਂ, ਲੇਖਕਾਂ, ਬੁੱਧੀਜੀਵੀਆਂ, ਸਿੱਖ ਸੰਸਥਾਵਾਂ ਅਤੇ ਪੱਤਰਕਾਰਾਂ ਦੇ ਸਮੂਹਿਕ ਉਪਰਾਲਿਆਂ ਦੁਆਰਾ ਹਰਿਆਣਾ ਵਿਚ ਪੰਜਾਬੀ ਭਾਸ਼ਾ ਆਪਣੀ ਹੋਂਦ ਬਰਕਰਾਰ ਰੱਖਣ ਵਿਚ ਕਾਮਯਾਬ ਰਹੀ ਹੈ। ਹਰਿਆਣਾ ਬਣਨ ਤੋਂ ਕੁਝ ਸਮਾਂ ਬਾਅਦ ਪੰਜਾਬੀ ਭਾਸ਼ਾ ਨੂੰ ਮੁੱਢੋਂ ਖਤਮ ਕਰਨ ਲਈ ਤੇਲਗੂ ਭਾਸ਼ਾ ਨੂੰ ਰਾਜ ਦੀ ਦੂਸਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਸੀ, ਪ੍ਰੰਤੂ ਪੰਜਾਬੀਆਂ ਦੇ ਕਈ ਸਾਲਾਂ ਦੇ ਸੰਘਰਸ਼ ਕਰਨ ਬਾਅਦ ਸੰਨ 2004 ਵਿਚ ਉਸ ਸਮੇਂ ਦੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਰਾਜ ਵਿਚ ਦੂਜੀ ਸਰਕਾਰੀ ਭਾਸ਼ਾ ਬਣਾਉਣ ਦਾ ਬਿੱਲ ਪਾਸ ਕੀਤਾ।

30 ਨਵੰਬਰ 2004 ਨੂੰ ਹਰਿਆਣਾ ਵਿਧਾਨ ਸਭਾ ਵਿਚ ਇਸ ਸਬੰਧੀ ਉਸ ਸਮੇਂ ਦੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਪ੍ਰੋ. ਸੰਪਤ ਸਿੰਘ ਨੇ ਇਕ ਮਤਾ ਪੇਸ਼ ਕੀਤਾ, ਜਿਸਨੂੰ ਸਦਨ ਨੇ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ। ਬਿੱਲ ਵਿਚ ਕਿਹਾ ਗਿਆ ਸੀ ਕਿ ‘‘ਰਾਜ ਦੇ ਪੰਜਾਬੀ ਬੋਲਦੇ ਲੋਕਾਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਅਤੇ ਉਮੰਗ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾ ਬਣਾਇਆ ਜਾਵੇ।’’

ਪ੍ਰੰਤੂ ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਦਾ ਦਰਜਾ ਦੇਣ ਵਾਲਾ ਗਜ਼ਟ ਨੋਟੀਫਿਕੇਸ਼ਨ ਅੱਜ ਪੰਜਾਂ ਸਾਲਾਂ ਬਾਅਦ ਵੀ ਜਾਰੀ ਨਹੀਂ ਹੋ ਸਕਿਆ। ਇਹ ਗੱਲ ਸਹੀ ਹੈ ਕਿ ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਇਹ ਬਣਦਾ ਸਥਾਨ ਨਹੀਂ ਮਿਲ ਸਕਿਆ।

ਪੰਜਾਬੀ ਭਾਸ਼ਾ ਨੂੰ ਉਸਦੇ ਅਸਲੀ ਹੱਕ ਤੋਂ ਮਹਿਰੂਮ ਰੱਖਿਆ ਜਾ ਰਿਹਾ ਹੈ। ਇਹ ਵੀ ਸਹੀ ਹੈ ਕਿ ਪੰਜਾਬੀ ਲੋਕਾਂ ਦੀ ਭਾਸ਼ਾ ਹੈ। ਹਰਿਆਣਾ ਦੇ ਤਕਰੀਬਨ ਚਾਲੀ ਪ੍ਰਤੀਸ਼ਤ ਲੋਕ ਪੰਜਾਬੀ ਬੋਲਦੇ, ਪੜ੍ਹਦੇ ਤੇ ਲਿਖਦੇ ਹਨ। ਪੰਜਾਬੀ ਭਾਸ਼ਾ ਨੂੰ ਤਕਰੀਬਨ 100% ਲੋਕ ਸਮਝਦੇ ਹਨ ਅਤੇ ਇਹ ਵੀ ਸਹੀ ਹੈ ਕਿ ਬਹੁਤੇ ਹਰਿਆਣਾ ਵਾਸੀ ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਇਸ ਦਾ ਬਣਦਾ ਰੁਤਬਾ ਮਿਲਣ ਨਾਲ ਖੁਸ਼ ਹੋਣਗੇ। ਇਸ ਨਾਲ ਹਰਿਆਣਾ ਵਿਚ ਵਸੇ ਪੰਜਾਬੀਆਂ ਅਤੇ ਹਰਿਆਣਾ ਵਾਸੀ ਵੀਰਾਂ ਦੀਆਂ ਆਪਸੀ ਸਮਾਜਿਕ ਤੰਦਾਂ ਹੋਰ ਮਜ਼ਬੂਤ ਹੋਣਗੀਆਂ। ਸਮਾਜਿਕ ਰਿਸ਼ਤਿਆਂ ਵਿਚ ਮੋਹ, ਮਮਤਾ ਤੇ ਮਿਠਾਸ ਦੀ ਹਵਾ ਵਗਣੀ ਸ਼ੁਰੂ ਹੋਵੇਗੀ।

ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ, ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਿਚ ਲੜੇ ਗਏ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਆਪਣੇ ਦੇਸ਼ ਦੀ ਭਾਸ਼ਾ ਹਿੰਦੀ ਅਤੇ ਸਥਾਨਕ ਲੋਕਾਂ ਦੀਆਂ ਭਾਸ਼ਾਵਾਂ ਪੰਜਾਬੀ, ਬੰਗਾਲੀ, ਗੁਜਰਾਤੀ ਆਦਿ ਦੇ ਮਹੱਤਵ ਨੂੰ ਸਮਝਿਆ ਗਿਆ ਸੀ। ਪ੍ਰੰਤੂ ਅੱਜ ਆਜ਼ਾਦੀ ਦੇ 62 ਸਾਲਾਂ ਬਾਅਦ ਵੀ ਅਸੀਂ ਭਾਸ਼ਾਈ ਮਾਨਸਿਕ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਨਹੀਂ ਸਕੇ। ਆਪਣੀਆਂ ਸਥਾਨਕ ਲੋਕ ਭਾਸ਼ਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕੀ ਸਥਾਨ ਨਾ ਦੇਣਾ ਸਮੇਂ ਦੀਆਂ ਸਰਕਾਰਾਂ ਵਲੋਂ ਦੇਸ਼ ਭਗਤਾਂ ਅਤੇ ਰਾਸ਼ਟਰ ਉਸਰੱਈਆਂ ਦੇ ਸੁਪਨਿਆਂ ਨਾਲ ਧਰੋਹ ਕਮਾਉਣਾ ਹੀ ਕਿਹਾ ਜਾ ਸਕਦਾ ਹੈ। ਇਹ ਕਿਹੋ ਜਿਹੀ ਆਜ਼ਾਦੀ ਹੈ, ਜਿਸ ਵਿਚ ਮਨੁੱਖ ਆਪਣੀ ਇੱਛਾ ਅਨੁਸਾਰ ਨਾ ਲਿਖ ਸਕਦਾ ਹੋਵੇ, ਆਪਣੀ ਇੱਛਾ ਅਨੁਸਾਰ ਨਾ ਪੜ੍ਹ ਸਕਦਾ ਹੋਵੇ। ਇੰਜ ਲੱਗਦਾ ਹੈ ਕਿ ਸਭਿਆਚਾਰ ਅਤੇ ਭਾਸ਼ਾ ਦੀ ਆਜ਼ਾਦੀ ਲਈ ਇਕ ਹੋਰ ਲੜਾਈ ਭਾਰਤੀਆਂ ਨੂੰ ਅਤੇ ਪੰਜਾਬੀਆਂ ਨੂੰ ਲੜਨੀ ਪਵੇਗੀ। ਪੰਜਾਬੀ ਭਾਸ਼ਾ ਨੂੰ ਇਸ ਦਾ ਬਣਦਾ ਰੁਤਬਾ ਬਹਾਲ ਕਰਵਾਉਣ ਲਈ ਹਰਿਆਣਾ ਵਿਚ ਪੰਜਾਬੀ ਸਾਹਿਤਕਾਰ, ਲੋਕ ਅਤੇ ਭਾਸ਼ਾ ਪ੍ਰੇਮੀ ਜਾਗਰਿਤ ਤੇ ਸੰਗਠਿਤ ਹੋ ਰਹੇ ਹਨ।

ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਸਾਹਿਤਕਾਰਾਂ, ਕਲਾਕਾਰਾਂ, ਚਿੰਤਕਾਂ ਅਤੇ ਬੁੱਧੀਜੀਵੀਆਂ ਨੂੰ ਦੇਸ਼ ਅਤੇ ਕੌਮ ਦਾ ਸਰਮਾਇਆ ਸਮਝਿਆ ਜਾਂਦਾ ਹੈ। ਆਜ਼ਾਦ ਭਾਰਤ ਵਿਚ ਇਸ ਦੇ ਉਲਟ ਹੋ ਰਿਹਾ ਹੈ। ਸਾਡੇ ਇਸ ਤਰ੍ਹਾਂ ਦੀ ਭਾਵਨਾ ਪੂਰਨ ਰੂਪ ਵਿਚ ਪੈਦਾ ਨਹੀਂ ਹੋ ਸਕੀ। ਹਰਿਆਣਾ ਵਿਚ ਪੰਜਾਬੀ ਲੇਖਕ ਵੀ ਅਜਿਹੀ ਬਦਤਰ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਸਰਕਾਰ ਨੂੰ ਲੇਖਕਾਂ, ਕਲਾਕਾਰਾਂ ਲਈ ਸਹਾਇਤਾ ਫੰਡ ਮੁਹੱਈਆ ਕਰਵਾਉਣਾ ਚਾਹੀਦਾ ਹੈ ਜਿਸ ਵਿਚ ਲੋੜਵੰਦ, ਬਜ਼ੁਰਗ ਅਤੇ ਬਿਮਾਰੀਆਂ ਨਾਲ ਜੂਝ ਰਹੇ ਲੇਖਕਾਂ ਦੀ ਸਹਾਇਤਾ ਕੀਤੀ ਜਾ ਸਕੇ।


ਅਨੇਕਾਂ ਬਿਮਾਰੀਆਂ ਨਾਲ ਜੂਝ ਰਹੇ ਸਾਹਿਤਕਾਰ ਹਰਭਜਨ ਸਿੰਘ ਰੈਣੂ ਨੂੰ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਦਿੱਤੀ ਗਈ ਦੋ ਲੱਖ ਦੀ ਸਹਾਇਤਾ ਵੀ ਨਾਕਾਫੀ ਹੈ, ਕਿਉਂਕਿ ਇਲਾਜ ਦਾ ਖਰਚਾ ਹੀ ਲੱਖਾਂ ਦਾ ਹੈ। ਅਜਿਹਾ ਹਾਲ ਹੀ ਪੰਜਾਬੀ ਦੇ ਹੋਰ ਬਿਰਧ ਲੇਖਕਾਂ ਹਰੀ ਸਿੰਘ ਦਿਲਬਰ, ਸੁਰਜੀਤ ਸਿੰਘ ਸੁਰਜੀਤ ਆਦਿ ਦਾ ਹੈ। ਸਰਕਾਰ ਨੂੰ ਅਜਿਹੇ ਲੇਖਕਾਂ ਦੀ ਬਿਮਾਰੀ ਦਾ ਪੂਰਾ ਖਰਚਾ ਅਦਾ ਕਰਨਾ ਚਾਹੀਦਾ ਹੈ।

# ਸਿੱਖਾਂ ਦੀ ਦਸਤਾਰ ਨੂੰ ਬਰਮਿੰਘਮ ਦੇ ਸਿਲੇਬਸ ਵਿਚ ਥਾਂ

ਪੱਛਮੀ ਮੁਲਕਾਂ ਵਿਚ 11 ਸਤੰਬਰ ਦੇ ਹਮਲੇ ਮਗਰੋਂ ਸਿੱਖਾਂ ਵਲੋਂ ਸਜਾਈ ਜਾਂਦੀ ਦਸਤਾਰ ਬਾਰੇ ਫੈਲੀਆਂ ਮਾਨਤਾਵਾਂ ਨੂੰ ਦੂਰ ਕਰਨ ਸਬੰਧੀ ਫਿਲਮ ਨੂੰ ਬਰਮਿੰਘਮ ਸਿਟੀ ਕੌਂਸਲ ਨੇ ਧਾਰਮਿਕ ਸਿੱਖਿਆ ਦੇ ਆਪਣੇ ਸਿਲੇਬਸ ਵਿਚ ਸ਼ਾਮਲ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਅਮਰੀਕਾ ਵਿਚ 11 ਸਤੰਬਰ ਅਤੇ ਲੰਡਨ ਵਿਚ ਜੁਲਾਈ 2005 ਵਿਚ ਹੋਈ ਗੋਲੀਬਾਰੀ ਮਗਰੋਂ ਦਸਤਾਰ ਸਜਾਉਣ ਵਾਲੇ ਕਈ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਕੌਂਸਲ ਵਲੋਂ ਟਰਬਨਾਲੌਜੀ ਫਿਲਮ ਨੂੰ ਸਿਲੇਬਸ ਵਿਚ ਸ਼ਾਮਲ ਕਰਨ ਦਾ ਅਰਥ ਹੈ ਕਿ ਹੁਣ ਅਧਿਆਪਕ ਵਿਦਿਆਰਥੀਆਂ ਨੂੰ ਦਸਤਾਰ ਬਾਰੇ ਜਾਣਕਾਰੀ ਦੇਣ ਲਈ ਇਸ ਨੂੰ ਦਿਖਾ ਸਕਣਗੇ।

ਫਿਲਮ ਵਿਚ ਇਸ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਇਹ ਪ੍ਰਤੀਕ ਕਿਵੇਂ ਅਤਿਵਾਦ ਨਾਲ ਜੁੜ ਗਿਆ। ਧਾਰਮਿਕ ਸਿੱਖਿਆ ਸਲਾਹਕਾਰ ਸਿਮੋਨ ਵਾਈਟ ਹਾਊਸ ਨੇ ਕਿਹਾ, ‘‘ਇਹ ਮੌਜੂਦਾ ਸਮੇਂ ਦੀਆਂ ਗਲਤ ਧਾਰਨਾਵਾਂ ਨੂੰ ਸਮਝਣ ਲਈ ਅਹਿਮ ਹੈ ਅਤੇ ਫਿਰਕਿਆਂ ਦਰਮਿਆਨ ਸਬੰਧ ਸਥਾਪਤ ਕਰਨ ‘ਚ ਵੀ ਅਹਿਮ ਭੂਮਿਕਾ ਨਿਭਾਏਗੀ।’’ ਫਿਲਮ ਨਿਰਮਾਤਾ ਜੈ ਸਿੰਘ ਜੌਹਲ ਨੇ ਕਿਹਾ, ਟਰਬਨਾਲੌਜੀ ਦਾ ਉਦੇਸ਼ ਹੈ ਕਿ ਅਸੀਂ ਲੋਕਾਂ ਵਿਚ ਇਸ ਬਾਰੇ ਫੈਲੀ ਗਲਤ ਧਾਰਨਾ ਨੂੰ ਦੂਰ ਕਰੀਏ ਅਤੇ ਦੱਸੀਏ ਕਿ ਜੋ ਇਹ ਸਜਾਉਂਦਾ ਹੈ ਉਸ ਲਈ ਇਸ ਦੀ ਕੀ ਮਹੱਤਤਾ ਹੈ।’ ਫਿਲਮ ਨੂੰ ਨਿਊ ਯਾਰਕ ਵਿਚ ਸਿੱਖ ਇੰਟਰਨੈਸ਼ਨਲ ਫਿਲਮ ਫੈਸਟੀਵਲ ਅਤੇ ਟੋਰਾਂਟੇ ਦੇ ਸਪਿਨਿੰਗ ਵ੍ਹੀਲ ਫਿਲਮ ਫੈਸਟੀਵਲ ਵਿਚ ਖਾਸੀ ਪ੍ਰਸ਼ੰਸਾ ਮਿਲੀ ਸੀ। ਬਰਮਿੰਘਮ ਦੇ ਜੌਹਲ ਨੇ ਕਿਹਾ, ‘‘ਮੈਂ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਦਸਤਾਰ ਦਾ ਇਸਲਾਮ, ਸਿੱਖ ਤੇ ਇਥੋਂ ਤਕ ਕਿ ਈਸਾਈ ਭਾਈਚਾਰੇ ਲਈ ਵੀ ਕੀ ਮਹੱਤਵ ਹੈ।’’



# ਭਾਜਪਾ ਨੂੰ ਪੀੜ੍ਹੀ ਹੇਠ ਸੋਟਾ ਫੇਰਨ ਦੀ ਲੋੜ

**ਡੇਵਿਡ ਐਨਿਲ ਲੌਂਗਫੈਲੋ**

ਧਰਮ-ਨਿਰਪੇਖ ਰਾਸ਼ਟਰ ਦਾ ਸੰਵਿਧਾਨ ਸਾਨੂੰ ਸੁਰੱਖਿਆ ਦੇਣ ਲਈ ਵਚਨਬੱਧ ਹੈ ਅਤੇ ਅਸੀਂ ਇਥੋਂ ਦੇ ਸੁਹਿਰਦ ਨਾਗਰਿਕ ਹਾਂ। ਅਸੀਂ ਮੁਸਲਮਾਨ ਜਾਂ ਇਸਾਈ ਦੇਸ਼ ਦੀ ਘੱਟ ਗਿਣਤੀ ਭਾਵੇਂ ਹੋਈਏ, ਪਰ ਸਾਡਾ ਯੋਗਦਾਨ ਦੇਸ਼ ਦੇ ਵਿਕਾਸ ਲਈ ਸਰਬੋਤਮ ਹੈ ਅਤੇ ਸਾਡੀਆਂ ਪ੍ਰਾਪਤੀਆਂ ਸਾਡੇ ਆਕਾਰ ਨਾਲੋਂ ਕਿਤੇ ਵੱਧ ਹਨ। ਅਸੀਂ ਪੜ੍ਹੇ-ਲਿਖੇ ਲੋਕ ਹਾਂ ਅਤੇ ਸ਼ਾਨੋ ਸ਼ੌਕਤ ਦੀ ਜ਼ਿੰਦਗੀ ਜਿਊਣਾ ਆਪਣਾ ਹੱਕ ਸਮਝਦੇ ਹਾਂ।

ਇਹ ਠੀਕ ਹੈ ਕਿ ਸਿਆਸਤ ਦੇ ਗੋਲੇ ਕਬੂਤਰ ਆਪਣੇ ਚਿੱਟੇ ਖੰਭਾਂ ਦੀ ਕਪਟ ਵਿੱਦਿਆ ਰਾਹੀਂ ਸਾਡੇ ਉਤੇ ਹਰ ਸੰਭਵ ਵਾਰ ਕਰ ਕੇ ਸਾਨੂੰ ਦਬਾਉਣ ਲੱਗੇ ਹੋਏ ਹਨ। ਇਹ ਵੀ ਠੀਕ ਹੈ ਕਿ ਸਿਆਸੀ ਪਛਤਾਪਣ ਸਾਨੂੰ ਦਿਨ ਪ੍ਰਤੀ ਦਿਨ ਗਿਰਾਵਟ ਵਲ ਲਿਜਾ ਰਿਹਾ ਹੈ। ਇਸ ਵਿਚ ਗਲਤੀ ਸਾਡੀ ਆਪਣੀ ਵੀ ਹੈ, ਕਿਉਂਕਿ ਅਸੀਂ ਅਜਿਹੀ ਲੀਡਰਸ਼ਿਪ ਸਥਾਪਤ ਨਹੀਂ ਕਰ ਸਕੇ, ਜੋ ਸਾਨੂੰ ਸਹੀ ਸੇਧ ਦੇ ਕੇ ਸਾਡੀ ਰਹਿਨੁਮਾਈ ਕਰ ਸਕੇ। ਪਵਿੱਤਰ ਬਾਈਬਲ ਵਿਚ ਸਾਨੂੰ ਕਈ ਅਗਿਆਰਥਾਂ ਦਾ ਵਚਨਬੱਧ ਹੋਣਾ ਪੈਂਦਾ ਹੈ, ਜਿਵੇਂ ਗਰੀਬ ਦੀ ਮਜ਼ਦੂਰੀ ਉਸਦੇ ਪਸੀਨਾ ਸੁੱਕਣ ਤੋਂ ਪਹਿਲਾਂ ਦੇਵੋ, ਆਪਣੇ ਸਹਿਯੋਗੀਆਂ ਅਤੇ ਗੁਆਂਢੀਆਂ ਨੂੰ ਪਿਆਰ ਕਰਨਾ, ਗਰੀਬ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਉਸਨੂੰ ਜਾਗਰੂਕ ਕਰਨਾ, ਗਰੀਬੀ, ਬੀਮਾਰੀ, ਭੁੱਖ ਅਤੇ ਅਗਿਆਨਤਾ ਵਿਰੁਧ ਯੁੱਧ ਛੇੜਨਾ, ਆਦਿ। ਸਾਨੂੰ ਇਨ੍ਹਾਂ ਸਭ ਫਰਜ਼ਾਂ ਤੋਂ ਵਿਹਲ ਨਹੀਂ ਮਿਲਦੀ ਕਿ ਮੋਮੋਠਗਣੀ ਪੈਂਤੜੇਬਾਜ਼ੀ ਰਾਹੀਂ ਝੂਠ ਦਾ ਸਹਾਰਾ ਲੈ ਕੇ ਤੁਹਾਡੀਆਂ ਤਲੀਆਂ ਚੱਟੀਏ ਕਿ ਸਾਨੂੰ ਸਿਆਸੀ ਪ੍ਰਤੀਨਿਧਤਾ ਦੇਵੋ। ਤੁਹਾਡੇ ਨਾਲ ਰਾਗ ਅਲਾਪਣ ਵਾਲੇ ਅਤੇ ਚਮਚਾਗਿਰੀ ਕਰਨ ਵਾਲੇ ਕੁਝ ਇਸਾਈ ਲੋਕਾਂ, ਜਿਵੇਂ ਜਾਰਜ ਫਰਨਾਂਡੇਜ਼ ਵਰਗਿਆਂ ਨੂੰ ਅਸੀਂ ਆਪਣੇ ਭਾਈਚਾਰੇ ਦੇ ਮੈਂਬਰ ਨਹੀਂ ਸਮਝਦੇ। ਜਾਰਜ ਸਾਹਿਬ ਫਾਦਰ ਦਾ ਕੋਰਸ ਕਰਨ ਗਏ ਅਤੇ ਵਿਚੇ ਹੀ ਛੱਡ ਆਏ ਅਤੇ ਸੜਕ ਛਾਪ ਟੈਕਸੀ ਯੂਨੀਅਨ ਦੇ ਪ੍ਰਧਾਨ ਬਣ ਗਏ। ਅਜਿਹੇ ਲੋਕਾਂ ਨੇ ਨਾ ਕੁਝ ਇਸਾਈਆਂ ਦਾ ਸੰਵਾਰਿਆ ਅਤੇ ਨਾ ਹੀ ਤੁਹਾਡਾ।

ਇਸ ਤੋਂ ਪਹਿਲਾਂ ਹਰਿਆਣੇ ਦੇ ਇਕ ਤਾਊ ਦੇਵੀ ਲਾਲ ਨੇ ਬਦਤਮੀਜ਼ੀ ਕੀਤੀ ਅਤੇ ਭਾਰਤ ਦੇ ਕੁਝ ਇਸਾਈਆਂ ਨੂੰ ਬੁਰਾ ਭਲਾ ਕਿਹਾ ਸੀ। ਇਸ 'ਤੇ ਮੁਜ਼ਾਹਰੇ ਹੋਏ ਤੇ ਬਗਾਵਤ ਫੈਲੀ। ਫਲਸਰੂਪ ਉਸ ਨੂੰ ਮੁਆਫੀ ਮੰਗਣੀ ਪਈ। ਸਿਆਸੀ ਖੇਡ ਦਾ ਇਕ ਘਿਨਾਉਣਾ ਪਹਿਲੂ ਇਹ ਵੀ ਹੈ ਕਿ ਪਹਿਲਾਂ ਕਿਸੇ ਦੀਆਂ ਰਗਾਂ 'ਤੇ ਸਵਾਰ ਹੋ ਕੇ ਉਸਨੂੰ ਡਰਾਓ ਜਾਂ ਹਾਵੀ ਹੋਣ ਦੀ ਕੋਸ਼ਿਸ਼ ਕਰੋ, ਪਰ ਜੇਕਰ ਉਹ ਨਾ ਡਰੇ ਤਾਂ ਆਪ ਡਰ ਕੇ ਪਿੱਛੇ ਹਟ ਜਾਓ। ਇਹ ਵਰਤਾਰਾ ਤੁਹਾਡੀ ਮੌਜੂਦਾ ਹਾਲਤ ਦਾ ਚਿਤਰਨ ਕਰਦਾ ਹੈ। ਜੇਕਰ ਤੁਸੀਂ ਪੱਖਪਾਤੀ ਸਿਆਸੀ ਰਵੱਈਆ ਨਾ ਅਪਨਾਉਂਦੇ ਤਾਂ ਦਾਰਾ ਸਿੰਘ ਵਰਗੇ ਨੀਚ ਨੂੰ ਚਿਰੋਕਣੀ ਫਾਂਸੀ ਹੋ ਜਾਣੀ ਸੀ। ਇਸ ਜਨੂੰਨੀ ਨੇ ਆਸਟਰੇਲੀਅਨ ਮਿਸ਼ਨਰੀ ਅਤੇ ਉਸਦੇ ਦੋ ਬੱਚੇ ਜਿੰਦਾ ਅੱਗ ਵਿਚ ਸਾੜ ਦਿੱਤੇ। ਇਲਾਹੀ ਜੋਤ ਦਾ ਮਾਲਕ ਧਰਮਰਾਜ ਇਸ ਦਾ ਲੇਖਾ ਤੁਹਾਥੋਂ ਜ਼ਰੂਰ ਮੰਗੇਗਾ। ਇਹ ਤੁਹਾਡਾ ਵਿਸ਼ਵਾਸ ਵੀ ਹੈ ਅਤੇ ਕਰਮ ਕਾਂਡ ਦੀ ਪ੍ਰਚੱਲਤ ਥਿਊਰੀ ਵੀ। ਤੁਸੀਂ ਵਿਕਾਸ ਦੇ ਕਿਹੜੇ ਖੇਤਰ ਦੀ ਗੱਲ ਕਰੋਗੇ, ਜਿੱਥੇ ਸਾਡਾ ਯੋਗਦਾਨ ਭਰਪੂਰ ਨਾ ਹੋਵੇ?

ਖੁਸ਼ਵੰਤ ਸਿੰਘ ਦੇ ਇਕ ਲੇਖ ਮੁਤਾਬਕ ਇਸਾਈ ਭਾਰਤੀ ਵਸੋਂ ਦਾ 3% ਹਨ, ਜਦੋਂਕਿ ਉਨ੍ਹਾਂ ਵਿਚ ਸਾਖਰਤਾ ਦਰ 100% ਹੈ। ਦੂਸਰੇ ਪਾਸੇ ਸਿੱਖ ਭਾਰਤੀ ਵਸੋਂ ਦਾ 2% ਹਨ, ਪਰ ਉਨ੍ਹਾਂ ਵਿਚ ਸਾਖਰਤਾ ਦਰ 30-40% ਦੇ ਨੇੜੇ ਤੇੜੇ ਹੈ। ਐਥੇ ਲਘੂ ਬਾਦਲ ਜਾਂ ਗੁਰੂ ਬਾਦਲ ਜਾਂ ਸਿੱਖ ਵੈਟੀਕਨ ਕਾਊਂਸਲ ਦੇ ਪੋਪ ਮੱਕੜ ਸਾਹਿਬ ਨੂੰ ਇਸ ਗੰਭੀਰ ਸਮੱਸਿਆ ਉਤੇ ਵਿਚਾਰ ਕਰਨ ਦੀ ਲੋੜ ਹੈ। ਅਡਵਾਨੀ ਸਾਹਿਬ, ਆਪਣੇ ਜਨੂੰਨ ਅਥਵਾ ਸਨਕਪੁਣੇ ਨੂੰ ਤਿਆਗ ਕੇ ਜ਼ਰਾ ਸੋਚੋ ਕਿ ਅਸੀਂ ਵਿਦੇਸ਼ੀ ਮੂਲ ਦੇ ਲੋਕ ਨਹੀਂ, ਲੋਕਤੰਤਰ ਦਾ ਹੀ ਇਕ ਵੱਡਮੁੱਲਾ ਹਿੱਸਾ ਹਾਂ। ਜਦੋਂ ਸਾਡੀ ਕੋਈ ਸੰਸਥਾ ਜਾਂ ਵਿਅਕਤੀ ਆਰਥਿਕ ਮਦਦ ਲਈ ਬੇਨਤੀ ਕਰਦਾ ਹੈ ਤਾਂ ਜਵਾਬ ਤਿਆਰ ਬਰ ਤਿਆਰ ਹੁੰਦਾ ਹੈ, 'ਯਹ ਤੋਂ ਇਸਾਈ ਹੈਂ...!' ਚਿੰਤਨ ਬੈਠਕ ਵਿਚ ਅਡਵਾਨੀ ਨੂੰ ਇਹ ਵੀ ਏਜੰਡਾ ਅਪਨਾਉਣ ਦੀ ਲੋੜ ਹੈ ਕਿ ਭਾਜਪਾ ਸਿਰਫ ਹਿੰਦੂ ਵੋਟਾਂ ਸਹਾਰੇ ਨਹੀਂ ਜਿੱਤਣੀ, ਬਲਕਿ 75% ਵੋਟਰ ਇਸਾਈ, ਮੁਸਲਮਾਨ, ਪੱਛੜੇ ਵਰਗਾਂ ਦੇ ਲੋਕ, ਦਲਿਤ ਅਥਵਾ ਖਾਨਾਬਦੋਸ਼ ਕਬੀਲੇ ਹਨ।

ਅਡਵਾਨੀ ਜੀ ਵਰੁਣ ਗਾਂਧੀ ਜਿਹੇ ਬੇਲਗਾਮ ਛੋਕਰੇ ਦੇ ਮੂੰਹ 'ਤੇ ਛਿੱਕਲੀ ਚੜ੍ਹਾਉ। ਉਸਨੂੰ ਖੁਦ ਨੂੰ ਨਹੀਂ ਪਤਾ ਕਿ ਉਹ ਹਿੰਦੂ ਹੈ, ਸਿੱਖ ਹੈ ਜਾਂ ਪਾਰਸੀ। ਗੜਬੜ ਘੁਟਾਲੇ ਵਿਚ ਜਦੋਂ ਹਾਲਾਤ ਗੁੰਝਲਦਾਰ ਅਤੇ ਬੇਤਰਤੀਬੀ ਦਾ ਸ਼ਿਕਾਰ ਹੋਣ, ਅਨਪੜ੍ਹ ਜਨਤਾ ਖੋਤੇ ਨੂੰ ਵੀ ਵੋਟ ਪਾ ਦਿੰਦੀ ਹੈ। ਜੇਕਰ ਵਰੁਣ ਗਾਂਧੀ ਹਾਲ ਦੀ ਘੜੀ ਜਿੱਤ ਗਿਆ ਹੈ ਤਾਂ ਕੋਈ ਅਲੋਕਾਰੀ ਗੱਲ ਨਹੀਂ ਹੋਈ, ਪ੍ਰੰਤੂ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ। ਛੋਟੀਆਂ-ਛੋਟੀਆਂ 566 ਰਿਆਸਤਾਂ ਵਿਚ ਵੰਡਿਆ ਭਾਰਤ ਗਰਦਸ਼ ਦੇ ਦੌਰ ਵਿਚੋਂ ਕਾਫੀ ਦੇਰ ਗੁਜ਼ਰਦਾ ਰਿਹਾ ਹੈ। ਸਭ ਤੋਂ ਪਹਿਲਾ ਮਿਸ਼ਨਰੀ ਥਾਮਸ ਰੋ ਅਕਬਰ ਦੇ ਦਰਬਾਰ ਵਿਚ ਆਇਆ ਅਤੇ ਉਸਨੇ ਸਥਾਨਕ ਭਾਸ਼ਾ ਦੇ ਮਾਧਿਅਮ ਰਾਹੀਂ ਸਕੂਲ ਚਲਾਉਣ ਦੀ ਇਜਾਜ਼ਤ ਮੰਗੀ, ਪਰ ਅਕਬਰ ਨੇ ਫ਼ਾਰਸੀ, ਉਰਦੂ ਅਤੇ ਅਰਬੀ 'ਤੇ ਜ਼ੋਰ ਦਿੱਤਾ। ਚਰਚ ਦੇ ਸਹਿਯੋਗ ਨਾਲ ਇਕ ਲਾਇਬ੍ਰੇਰੀ ਕਾਇਮ ਕੀਤੀ ਗਈ। ਸਿੱਖ ਜਗਤ ਹੁਣ ਮੰਨਣ ਲੱਗਾ ਹੈ ਕਿ ਜ਼ਖਮੀ ਹਾਲਤ ਵਿਚ ਨਾਂਦੇੜ ਦੇ ਰਸਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਅੰਗਰੇਜ਼ ਡਾਕਟਰ ਨੇ ਅਟੈਂਡ ਕੀਤਾ ਸੀ।

ਵਾਸਤਵਿਕ ਰੂਪ ਵਿਚ ਕੈਥੋਲਿਕ ਚਰਚ ਦੇ ਜੈਸੂਇਟ ਆਰਡਰ ਦੇ 2 ਸਕੇ ਭਾਈ ਫਾਦਰ ਸਨ, ਜਿਨ੍ਹਾਂ ਦਾ ਹੈੱਡ ਆਫਿਸ ਗੋਆ ਸੀ। ਇਕ ਡਾਕਟਰ ਸੀ ਤੇ ਦੂਸਰਾ ਥਿਓਲਿਜੀਅਨ। ਇਸ ਡਾਕਟਰ ਨੇ ਸਰਬੰਸਦਾਨੀ ਦਾ ਛੁਰਾ ਲੱਗਣ ਉਪਰੰਤ ਇਲਾਜ ਕੀਤਾ ਅਤੇ ਦੂਸਰਾ ਔਰੰਗਜ਼ੇਬ ਦਾ ਦੋਸਤ ਸੀ, ਜੋ ਮੁਗਲ ਸਮਰਾਟ ਨਾਲ ਕਸ਼ਮੀਰ ਤੱਕ ਜਾਂਦਾ ਸੀ। ਮੁਗਲ ਕਸ਼ਮੀਰ ਨੂੰ ਕਿਸੇ ਕੀਮਤ 'ਤੇ ਵੀ ਗੁਆਉਣਾ ਨਹੀਂ ਸੀ ਚਾਹੁੰਦੇ। ਅੰਗਰੇਜ਼ ਟੌਡੀ ਬੱਚੇ ਸਨ, ਪੈਸੇ ਦੇ ਪੁੱਤ। ਉਨ੍ਹਾਂ ਨੇ 50 ਲੱਖ ਰੁਪਈਆਂ ਤੋਂ ਵੀ ਉੱਪਰ ਲੈ ਕੇ ਕਸ਼ਮੀਰ ਮਹਾਰਾਜਾ ਗੁਲਾਬ ਸਿੰਘ ਕੋਲ ਵੇਚ ਦਿੱਤਾ। ਇਤਿਹਾਸ 25 ਲੱਖ ਰੁਪਏ ਦੀ ਗਵਾਹੀ ਭਰਦਾ ਹੈ। ਇਸਾਈ ਮਿਸ਼ਨਰੀਆਂ ਨੇ ਭਾਰਤ ਨੂੰ ਚੰਗੀ ਵਿੱਦਿਆ ਪ੍ਰਣਾਲੀ ਦਿੱਤੀ। ਸੂਚਨਾ ਦੇ ਨਵੇਂ ਤਕਨੀਕੀ ਢੰਗ ਸਿਖਾਏ। ਭਾਰਤ ਨੂੰ ਸੱਭਿਅਤਾ ਦਾ ਮਰਕਜ਼ ਬਣਾਇਆ। ਸਿਹਤ ਸੇਵਾਵਾਂ ਲਈ ਅਣਗਿਣਤ ਸਿਹਤ ਕੇਂਦਰ ਖੋਲ੍ਹੇ। ਇਸਾਈਆਂ ਦੇ ਭਾਰਤ ਵਿਚ ਐਨੇ ਕੁ ਹਸਪਤਾਲ ਹਨ, ਜਿੰਨੇ ਕਿ ਭਾਜਪਾ ਨੇ ਸੱਤਾ ਵਿਚ ਰਹਿ ਕੇ ਵੀ ਨਹੀਂ ਖੋਲ੍ਹੇ ਹੋਣਗੇ, ਸਿਵਾਏ ਰਾਮ ਮੰਦਰ ਦੀਆਂ ਸ਼ਿਲਾਵਾਂ ਤਰਾਸ਼ਣ ਦੇ। ਇਸ ਤੋਂ ਇਲਾਵਾ ਚਰਚ ਨੇ ਭਾਰਤੀ ਜਨਤਾ ਨੂੰ ਬੀਮਾਰੀਆਂ ਦੇ ਕਹਿਰ ਪ੍ਰਤੀ ਜਾਗਰੂਕ ਕਰਵਾਇਆ। ਮਾਤਾ ਦੀ ਬੀਮਾਰੀ ਨੂੰ ਪਰੋਹਿਤ ਮੰਡਲੀ ਟੂਣੇ ਟਾਮਣ ਦੀ ਕਿਰਿਆ ਰਾਹੀਂ ਪੂਜਦੀ ਹੈ ਅਤੇ ਬੀਮਾਰੀ ਦਾ ਹੋਣਾ ਮਾਤਾ ਦਾ ਕਹਿਰ ਸਮਝਿਆ ਜਾਂਦਾ ਸੀ। ਪਹਿਲਾਂ-ਪਹਿਲ ਕੱਟੜਪੰਥੀਆਂ ਦੀ ਵਿਰੋਧਤਾ ਨੇ ਮਿਸ਼ਨਰੀਆਂ ਦੇ ਕੰਮ ਵਿਚ ਰੋੜਾ ਅਟਕਾਉਣ ਦੀ ਕੋਸ਼ਿਸ਼ ਕੀਤੀ। ਅਖੀਰ ਮਾਤਾ ਦੀ ਬੀਮਾਰੀ ਦਾ ਭਾਰਤ ਦੀ ਜ਼ਮੀਨ ਉਤੋਂ ਨਾਮੋ ਨਿਸ਼ਾਨ ਹੀ ਮਿਟ ਗਿਆ। ਕੋਹੜ ਦੇ ਰੋਗੀਆਂ ਲਈ ਆਸ਼ਰਮ ਖੋਲ੍ਹਣ ਵਿਚ ਇਸਾਈਆਂ ਨੇ ਪਹਿਲ ਕੀਤੀ।

ਅੱਜ ਅਡਵਾਨੀ ਮੁਤੱਸਬੀ ਅਤੇ ਉਸਦੇ ਧਰਮ-ਸ਼ਾਸਕ ਮਹਾਰਥੀ ਦਰਿੰਦਗੀ ਦੀ ਹੱਦ 'ਤੇ ਉਤਰ ਆਏ ਹਨ। ਕੀ ਸਾਡੀਆਂ ਸੰਸਥਾਵਾਂ ਦਾ ਭਾਰਤ ਦੀ ਜਨਤਾ ਨੂੰ ਕੋਈ ਫਾਇਦਾ ਨਹੀਂ? ਇਸਾਈਆਂ ਦੇ ਘਰ ਢਾਹ ਕੇ ਉਨ੍ਹਾਂ ਨੂੰ ਜੰਗਲਾਂ ਵਿਚ ਭੱਜ ਜਾਣ ਲਈ ਕਿਉਂ ਮਜ਼ਬੂਰ ਕਰਦੇ ਹੋ? ਧਰਮ ਪ੍ਰਚਾਰ ਸਾਡਾ ਵੀ ਹੱਕ ਹੈ, ਕੋਈ ਸੁਣੇ ਜਾਂ ਨਾ ਸੁਣੇ। ਅਡਵਾਨੀ ਸਾਹਿਬ, ਰਤਾ ਮੁੱਛ 'ਤੇ ਹੱਥ ਰੱਖ ਕੇ ਚੇਤਨ ਅਵਸੱਥਾ ਵਿਚ ਸਾਡੀ ਦਰਦ ਭਰੀ ਕਹਾਣੀ ਸੁਣੋ। ਤੁਸੀਂ ਵੀ ਅੱਜ ਜਿਨਾਹ ਦੀ ਤਾਰੀਫ ਕਰਦੇ ਨਹੀਂ ਥੱਕਦੇ। ਆਖਰ ਕਬਰ ਵਿਚ ਬੈਠੇ ਯੋਰਪੀਨ ਰੰਗ ਵਿਚ ਰੰਗੇ ਜਿਨਾਹ ਨੇ ਕੀ ਅਜਿਹਾ ਜਾਦੂ ਕਰ ਦਿੱਤਾ? ਗੈਰਾਂ ਪੇ ਕਰਮ ਅਪਨੋਂ ਪੇ ਸਿਤਮ, ਐ ਜਾਨੇ ਵਫ਼ਾ ਯਿਹ ਜ਼ੁਲਮ ਨਾ ਕਰ...। ਕਿਸੇ ਵੀ ਸ਼ਹਿਰ ਵਿਚ ਬਾਲ ਠਾਕਰੇ ਦੇ ਬਦਨਾਮ ਗੁੰਡੇ 'ਯਿਹ ਇਸਾਈ ਬਨਾਤੇ ਹੈਂ' ਕਹਿ ਕੇ ਇਸਾਈਆਂ 'ਤੇ ਜ਼ੁਲਮ ਕਰਦੇ ਹਨ। ਅਜਿਹੇ ਗੁੰਡਿਆਂ ਦੇ ਥੈਲਿਆਂ ਵਿਚ ਸ਼ਿਵ ਸੈਨਾ ਦਾ ਸ਼ਨਾਖਤੀ ਕਾਰਡ ਅਤੇ ਭੜਕਾਊ ਮਸਾਲਾ ਜ਼ਰੂਰ ਹੁੰਦਾ ਹੈ। ਅਸੀਂ ਪੁੱਛਦੇ ਹਾਂ ਕਿ ਜਦੋਂ ਦੇਸ਼ ਗੁਲਾਮ ਹੋਇਆ, ਉਦੋਂ ਇਹ ਬਰਸਾਤੀ ਸੰਸਥਾਵਾਂ ਕਿੱਧਰ ਗਈਆਂ ਸਨ? ਅੱਜ ਦੇਸ਼ ਭਗਤ ਮੰਗਲ ਪਾਂਡੇ ਨੂੰ ਤੁਸੀਂ ਕਿਸ ਕੈਟੇਗਰੀ ਵਿਚ ਰੱਖਦੇ ਹੋ? ਉਸ ਮਹਾਨ ਸੂਰਬੀਰ ਹਿੰਦੂ ਦੇ ਨਾਂ 'ਤੇ ਕਿੰਨੇ ਕੁ ਸਮਾਰਕ ਤੁਸੀਂ ਉਸਾਰੇ ਹਨ? ਅੱਜ ਭਗਤ ਸਿੰਘ ਨੂੰ ਗੁਰਦਵਾਰਾ ਸਿਆਸਤ ਨੇ ਅਤੇ ਮੰਗਲ ਪਾਂਡੇ ਨੂੰ ਹਿੰਦੂ ਜਨੂੰਨੀ ਰਾਜਨੀਤੀ ਨੇ ਉੱਕਾ ਹੀ ਵਿਸਾਰ ਛੱਡਿਆ ਹੈ। ਅਡਵਾਨੀ ਸਾਹਿਬ, ਚੋਣਾਂ ਦੌਰਾਨ ਹਰ ਪੇਪਰ ਵਿਚ ਤੁਹਾਡੀ ਇਸ਼ਤਿਹਾਰਬਾਜ਼ੀ ਹੁੰਦੀ ਸੀ। 'ਬਸ ਚਾਰ ਦਿਨ ਕੀ ਬਾਤ ਹੈ, ਮੈਂ ਬਨੂੰ ਪ੍ਰਧਾਨ ਮੰਤਰੀ' ਅਤੇ ਕਈ ਵਾਰ ਅਖ਼ਬਾਰ ਦਾ ਪੂਰੇ ਦਾ ਪੂਰਾ ਫਰੰਟ ਪੇਜ ਤੁਹਾਡੀ ਪ੍ਰਸ਼ੰਸਾ ਦਾ ਡੰਕਾ ਵਜਾਉਂਦਾ ਸੀ। ਮੇਰੇ ਇਕ ਰਫ ਐਸਟੀਮੇਟ ਮੁਤਾਬਕ ਲਗਭਗ 1400 ਕਰੋੜ ਰੁਪਈਆ ਪਾਰਟੀ ਨੇ, ਜਨਤਾ ਜਨਾਰਧਨ ਨੇ, ਵਪਾਰੀ ਤਬਕੇ ਨੇ ਤੁਹਾਡੇ ਪ੍ਰਧਾਨ ਮੰਤਰੀ ਬਣਨ ਦੀ ਆਸ ਵਿਚ ਅਖ਼ਬਾਰਾਂ ਨੂੰ ਪ੍ਰਸ਼ੰਸਾ ਕਰਨ ਲਈ ਦਿੱਤਾ। ਅਡਵਾਨੀ ਬਾਬੂ, ਇਸ ਵਿਚ ਅਜਿਹੇ ਲੋਕ ਵੀ ਹਨ, ਜਿਨ੍ਹਾਂ ਨੂੰ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਪੇਟ ਭਰ ਕੇ ਰੋਟੀ ਨਸੀਬ ਨਹੀਂ ਹੁੰਦੀ ਤੇ ਤੁਸੀਂ ਸੁਗਲ ਸੁਗਲ ਵਿਚ ਹੀ ਕਰੋੜਾਂ ਰੁਪਏ ਡਕਾਰ ਗਏ। ਤੁਹਾਡੇ ਰਾਜ ਕਾਲ ਸਮੇਂ ਇਸਾਈ ਮੁਰਦਿਆਂ ਦੀਆਂ ਕਬਰਾਂ ਜਨੂੰਨੀ ਲੋਕਾਂ ਨੇ ਪੁੱਟੀਆਂ। ਉਨ੍ਹਾਂ ਦਾ ਸ਼ੁੱਧੀ ਦੇ ਨਾਂ 'ਤੇ ਧਰਮ ਬਦਲਿਆ ਗਿਆ ਤੇ ਹਿੰਦੂ ਰੀਤੀ ਅਨੁਸਾਰ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਅਸੀਂ ਐਥੇ ਪੁੱਛਣ ਲਈ ਮਜਬੂਰ ਹਾਂ ਕਿ ਮਜ਼ਹਬ ਕੀ ਹੁੰਦਾ ਹੈ? ਕੀ ਭਾਰਤ ਧਰਮ-ਨਿਰਪੱਖ ਰਾਸ਼ਟਰ ਨਹੀਂ? ਅਸੀਂ ਤੁਹਾਡੀ ਪੈਂਤੜੇਬਾਜ਼ੀ ਮੁਤਾਬਕ ਕਹਿ ਸਕਦੇ ਹਾਂ ਕਿ ਭਾਰਤ ਵਿਚ ਸਿਰਫ 20% ਇਸਾਈ ਹਨ ਤੇ 80% ਹਿੰਦੂ।

ਅਡਵਾਨੀ ਬਾਬੂ ਇਕ ਵਿਲੱਖਣ ਸੁਭਾਅ ਦਾ ਮਾਲਕ ਹੈ। ਉਹ ਵੀ ਕੀ ਕਰੇ, ਸਿੰਧੀ ਲੋਕਾਂ ਨੂੰ ਗੁੱਸਾ ਆਉਂਦਾ ਹੀ ਬਹੁਤ ਹੈ। ਵੇਖੋ ਨਾ ਜੀ, ਜੇਕਰ ਕਿਤੇ ਪ੍ਰਧਾਨ ਮੰਤਰੀ ਬਣ ਵੀ ਜਾਂਦਾ ਤਾਂ ਉਸਨੇ ਪ੍ਰੈਸ ਦੀ ਆਜ਼ਾਦੀ 'ਤੇ ਧਾਵਾ ਬੋਲਣਾ ਸੀ। ਖੁਦ ਆਪ ਸੰਕਟ ਮੋਚਨ ਬਣ ਕੇ ਹਿੰਦੂ ਰਾਸ਼ਟਰ ਦੇ ਭਜਨ ਅਲਾਪਣੇ ਸਨ।

# ਰਾਹੁਲ ਗਾਂਧੀ ਵਰਗਾ ਹੋਰ ਕੋਈ ਨਾ

**ਵੇਦਪ੍ਰਤਾਪ ਵੈਦਿਕ**

ਰਾਹੁਲ ਗਾਂਧੀ ਅਸਲ ਵਿਚ ਗਾਂਧੀ ਨਹੀਂ ਹੈ। ਉਹ ਹੈ, ਰਾਹੁਲ-ਸੋਨੀਆ ਜਾਂ ਰਾਹੁਲ-ਰਾਜੀਵ ਜਾਂ ਰਾਹੁਲ-ਇੰਦਰਾ ਜਾਂ ਰਾਹੁਲ-ਨਹਿਰੂ ਜਾਂ ਰਾਹੁਲ ਫਿਰੋਜ਼ ਗਾਂਧੀ। ਗਾਂਧੀ ਨਾਲ ਉਨ੍ਹਾਂ ਦੀ ਦੂਰ-ਦੂਰ ਤੱਕ ਕੋਈ ਰਿਸ਼ਤੇਦਾਰੀ ਨਹੀਂ ਹੈ। ਰਾਹੁਲ ਦੇ ਦਾਦਾ, ਜਿਨ੍ਹਾਂ ਨੂੰ ਅਸੀਂ ਗਲਤੀ ਨਾਲ ਫਿਰੋਜ਼ ਗਾਂਧੀ ਕਹਿੰਦੇ ਹਾਂ, ਉਹ ਆਪਣਾ ਉਪਨਾਮ 'ਘੰਦੀ' ਲਿਖਿਆ ਕਰਦੇ ਸਨ, ਜਿਵੇਂ ਕਿ ਪਾਰਸੀ ਲੋਕ ਅਕਸਰ ਲਿਖਿਆ ਕਰਦੇ ਹਨ। ਪਰ ਆਪਣੇ ਆਚਰਣ ਕਾਰਨ ਰਾਹੁਲ, ਗਾਂਧੀ ਜੀ ਦੇ ਜਿੰਨੇ ਕਰੀਬ ਲਗਦੇ ਹਨ, ਖੁਦ ਗਾਂਧੀ ਜੀ ਦੇ ਪੋਤੇ ਪੋਤੀਆਂ ਵੀ ਉਨੇ ਨਹੀਂ ਲਗਦੇ। ਬੈਰਿਸਟਰ ਮੋਹਨਦਾਸ ਕਰਮਚੰਦ ਗਾਂਧੀ ਜਦ ਦੱਖਣੀ ਅਫਰੀਕਾ ਤੋਂ ਵਾਪਿਸ ਆਏ ਤਾਂ ਉਨ੍ਹਾਂ ਦੇ ਗੁਰੂ ਗੋਪਾਲਕ੍ਰਿਸ਼ਨ ਗੋਖਲੇ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਪਹਿਲਾਂ ਭਾਰਤ ਨੂੰ ਦੇਖੋ, ਜਾਣੋ, ਪਹਿਚਾਣੋ ਅਤੇ ਫਿਰ ਦੇਸ਼ ਸੇਵਾ ਦੇ ਮੈਦਾਨ ਵਿਚ ਉਤਰੋ। ਗਾਂਧੀ ਨੇ ਗੋਖਲੇ ਦੀ ਸਲਾਹ ਮੰਨੀ ਅਤੇ ਭਾਰਤ ਦਾ ਚੱਕਰ ਲਗਾਇਆ। ਗਾਂਧੀ ਨੇ ਜਦ ਭਾਰਤ ਨੂੰ ਦੇਖਿਆ ਤਾਂ ਉਨ੍ਹਾਂ ਦਾ ਦਿਮਾਗ ਚੱਕਰ ਖਾ ਗਿਆ। ਬੈਰਿਸਟਰ ਮਰ ਗਿਆ ਅਤੇ ਮਹਾਤਮਾ ਪੈਦਾ ਹੋ ਗਿਆ।

ਕਹਿਣ ਦਾ ਮਤਲਬ ਇਹ ਨਹੀਂ ਕਿ ਰਾਹੁਲ, ਗਾਂਧੀ ਹੈ ਜਾਂ ਗਾਂਧੀ ਬਣਨ ਜਾ ਰਿਹਾ ਹੈ। ਉਨ੍ਹਾਂ ਨੇ ਕੋਈ ਸੁਤੰਤਰਤਾ ਸੰਗਰਾਮ ਨਹੀਂ ਲੜਨਾ ਹੈ। ਉਨ੍ਹਾਂ ਨੇ ਰਾਜਨੀਤੀ ਕਰਨੀ ਹੈ ਅਤੇ ਰਾਜਨੀਤੀ ਖਾਲਾ ਜੀ ਦਾ ਵਾੜਾ ਨਹੀਂ ਹੈ। ਉਨ੍ਹਾਂ ਦੇ ਪਿਤਾ ਰਾਜੀਵ ਦੀ ਰਾਜਨੀਤੀ ਨੇ ਕਿਹੋ ਜਿਹੀ ਗਤ ਬਣਾਈ, ਇਹ ਸਾਰਿਆਂ ਨੂੰ ਪਤਾ ਹੈ। ਰਾਹੁਲ ਨੇ ਵੀ ਰਾਜਨੀਤੀ ਹੀ ਕਰਨੀ ਹੈ। ਇਸ ਲਈ ਉਨ੍ਹਾਂ ਦਾ ਹਸ਼ਰ ਕੀ ਹੋਵੇਗਾ, ਇਹ ਭਵਿੱਖ ਹੀ ਦੱਸੇਗਾ। ਗਾਂਧੀ ਜੇਕਰ ਜੀਉਂਦੇ ਰਹਿੰਦੇ ਅਤੇ ਰਾਜਨੀਤੀ ਕਰਦੇ, ਤਾਂ ਪਤਾ ਨਹੀਂ ਕੀ ਹੁੰਦਾ। ਸ਼ਾਇਦ ਉਹ ਲੈਨਿਨ-ਸਤਾਲਿਨ, ਮਾਓ ਜਾਂ ਫਿਦੇਲ ਕਾਸਤਰੋ ਦੀ ਸ਼੍ਰੇਣੀ ਵਿਚ ਆ ਜਾਂਦੇ। ਪਰ ਗਾਂਧੀ ਜਿਸ ਤਰ੍ਹਾਂ ਰਹੇ ਅਤੇ ਜਿਸ ਤਰ੍ਹਾਂ ਗਏ, ਉਸ ਨੇ ਉਨ੍ਹਾਂ ਨੂੰ ਮਾਨਵ ਇਤਿਹਾਸ ਵਿਚ ਬੇਜੋੜ ਬਣਾ ਦਿੱਤਾ ਹੈ। ਕਿਸੇ ਦੂਜੇ ਗਾਂਧੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਰ ਕੀ ਗਾਂਧੀ ਤੋਂ ਕੁਝ ਸਿੱਖਣ ਦੀ ਵੀ ਪਾਬੰਦੀ ਹੈ? ਜੇਕਰ ਰਾਹੁਲ ਗਾਂਧੀ ਸਾਡੇ ਗਾਂਧੀ ਦੀ ਤਰ੍ਹਾਂ ਦੇਸ਼ ਵਿਚ ਘੁੰਮ ਰਹੇ ਹਨ ਤਾਂ ਉਸ ਵਿਚ ਗਲਤ ਕੀ ਹੈ? ਕੁਝ ਲੋਕ ਕਹਿ ਰਹੇ ਹਨ, ਇਹ ਨਾਟਕ ਹੈ। ਮੰਨ ਲਓ ਕਿ ਇਹ ਨਾਟਕ ਹੈ ਤਾਂ ਤੁਹਾਨੂੰ ਕਿਸ ਨੇ ਰੋਕਿਆ ਨਾਟਕ ਕਰਨ ਤੋਂ? ਤੁਸੀਂ ਵੀ ਇਹ ਨਾਟਕ ਕਿਉਂ ਨਹੀਂ ਕਰਦੇ? ਕਿਸੇ ਗਰੀਬ ਦੀ ਝੋਂਪੜੀ ਵਿਚ ਤੁਸੀਂ ਰਾਤ ਗੁਜ਼ਾਰਾ ਕਿਉਂ ਨਹੀਂ ਬਿਤਾਉਂਦੇ? ਕਿਸੇ ਕਿਸਾਨ ਦੇ ਘਰ ਪਾਲਥੀ ਮਾਰ ਕੇ ਤੁਸੀਂ ਟੁੱਕੜ ਕਿਉਂ ਨਹੀਂ ਚਬਾਉਂਦੇ? ਹੈਂਡ ਪੰਪ ਤੋਂ ਪਾਣੀ ਕੱਢ ਕੇ ਤੁਸੀਂ ਕਿਉਂ ਨਹੀਂ ਨਹਾਉਂਦੇ? ਚਿੱਟਾ ਕੁੜਤਾ-ਪਜਾਮਾ ਪਾ ਕੇ ਮਜ਼ਦੂਰਾਂ ਅਤੇ ਕਿਸਾਨਾਂ ਤੋਂ ਉਨ੍ਹਾਂ ਦਾ ਦੁਖੜਾ ਤੁਸੀਂ ਕਿਉਂ ਨਹੀਂ ਸੁਣਦੇ?

ਇਸ ਤਰ੍ਹਾਂ ਨਹੀਂ ਹੈ ਕਿ ਸਾਡੇ ਦੇਸ਼ ਦੇ ਸਾਰੇ ਨੇਤਾ ਆਪਣੀ ਜਨਤਾ ਤੋਂ ਕੱਟੇ ਹੋਏ ਹਨ। ਇਹ ਸਾਰੇ, ਉਪਰੋਕਤ ਸਾਰਾ ਕੁਝ ਉਸ ਤੋਂ ਵੀ ਜ਼ਿਆਦਾ ਕਰਦੇ ਹਨ, ਜੋ ਰਾਹੁਲ ਕਰ ਰਹੇ ਹਨ। ਪਰ ਇਹ ਸਭ ਤਦ ਤੱਕ ਹੀ ਹੁੰਦਾ ਹੈ, ਜਦ ਤਕ ਕਿ ਉਹ ਨਿਚਲੇ ਪੱਧਰ ਤੇ ਹੁੰਦੇ ਹਨ। ਜਦੋਂ ਤੱਕ ਕਿ ਉਨ੍ਹਾਂ ਨੂੰ ਨਾਮ, ਅਹੁਦਾ ਜਾਂ ਪੈਸਾ ਹਾਸਿਲ ਨਹੀਂ ਹੋਇਆ ਹੁੰਦਾ ਹੈ, ਪਰ ਜਿਵੇਂ ਹੀ ਰਾਜਨੀਤੀ ਦੀ ਬੱਸ ਦੇ ਪਾਇਦਾਨ 'ਤੇ ਪੈਰ ਰੱਖਣ ਦਾ ਮੌਕਾ ਉਨ੍ਹਾਂ ਨੂੰ ਮਿਲਦਾ ਹੈ, ਉਹ ਆਮ ਜਨਤਾ ਤੋਂ ਬੇਖਬਰ ਹੋ ਜਾਂਦੇ ਹਨ। ਕਦੋਂ ਸਾਹਸੀ ਨਖ਼ਰਾ, ਕਦੋਂ ਸਾਮੰਤੀ ਅੰਦਾਜ਼ ਅਤੇ ਕਦੋਂ ਸ੍ਰੇਸ਼ਠਤਾ ਦੀ ਸੜ੍ਹਿਆਂਦ ਉਨ੍ਹਾਂ ਦੇ ਦਿਮਾਗ ਨੂੰ ਕਾਬੂ ਕਰ ਲੈਂਦੀ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ। ਜਨਤਾ ਦੇ ਨੌਕਰ ਜਨਤਾ ਦੇ ਮਾਲਕ ਬਣ ਬੈਠਦੇ ਹਨ। ਲੋਕਤੰਤਰ ਸਿਰ ਪਰਨੇ ਖੜ੍ਹਾ ਹੋ ਜਾਂਦਾ ਹੈ। ਗਾਂਧੀ ਦਾ ਰਸਤਾ ਲੋਕਤੰਤਰ ਨੂੰ ਉਸਦੇ ਪੈਰਾਂ 'ਤੇ ਖੜ੍ਹਾ ਕਰਦਾ ਹੈ। ਰਾਹੁਲ ਗਾਂਧੀ ਉਸੇ ਰਸਤੇ 'ਤੇ ਚਲਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਦੇਸ਼ ਦੇ ਕਿਸੇ ਨੌਜਵਾਨ ਜਾਂ ਪ੍ਰੌੜ ਨੇਤਾ ਨੂੰ ਨਹੀਂ ਜਾਣਦਾ, ਜਿਸਦੇ ਕੋਲ ਰਾਹੁਲ ਜਿਹਾ ਨਾਮ, ਅਹੁਦਾ, ਪੈਸਾ ਅਤੇ ਪ੍ਰਭੁੱਤਾ ਹੋਵੇ ਅਤੇ ਉਹ ਰਾਹੁਲ ਦੀ ਤਰ੍ਹਾਂ 'ਇੰਡੀਆ' ਤੋਂ ਨਿਕਲ ਕੇ 'ਭਾਰਤ' ਵਿਚ ਘੁੰਮ ਰਿਹਾ ਹੋਵੇ। ਇਹ ਕੀ ਕੋਈ ਘੱਟ ਵੱਡੀ ਗੱਲ ਹੈ ਕਿ ਜਿਸ ਜਵਾਨ ਨੂੰ ਕਾਂਗਰਸ ਦੀ ਦੂਸਰੀ ਪਾਰੀ ਵਿਚ ਕੋਈ ਪ੍ਰਧਾਨ ਮੰਤਰੀ ਜਾਂ ਮੰਤਰੀ ਬਨਣ ਤੋਂ ਨਹੀਂ ਰੋਕ ਸਕਦਾ ਸੀ, ਉਹ ਅੱਜ ਸਿਰਫ ਸਾਂਸਦ ਕੀ, ਮਾਮੂਲੀ ਵਰਕਰਾਂ ਦੀ ਤਰ੍ਹਾਂ ਪਿੰਡ ਪਿੰਡ ਘੁੰਮ ਰਿਹਾ ਹੈ।

ਉਹ ਜੇਕਰ ਕਦੇ ਪ੍ਰਧਾਨ ਮੰਤਰੀ ਬਣੇਗਾ ਤਾਂ ਇਹ ਨਹੀਂ ਮੰਨਿਆ ਜਾਵੇਗਾ ਕਿ ਉਸ ਨੂੰ ਉਪਰ ਤੋਂ ਥੋਪਿਆ ਗਿਆ ਹੈ। ਉਹ ਆਪਣਾ ਪ੍ਰਧਾਨ ਮੰਤਰੀ ਪਦ ਖੁਦ ਅਰਜਿਤ ਕਰ ਰਿਹਾ ਹੈ। ਗੁਆਂਢੀ ਦੇਸ਼ਾਂ ਵਿਚ ਵੀ ਬਹੁਤ ਰਾਹੁਲ ਉਭਰੇ, ਜਿਵੇਂ ਬੇਨਜ਼ੀਰ ਭੁੱਟੋ, ਨਰੇਸ਼ ਵੀਰੇਂਦਰ, ਹਸੀਨਾ ਵਾਜਿਦ, ਵਾਂਗਚੁਕ, ਸੂ.ਚੀ, ਚੰਦਰਿਕਾ ਕੁਮਾਰਤੁੰਗ ਅਤੇ ਰਾਜੀਵ ਗਾਂਧੀ, ਪਰ ਕੀ ਇਨ੍ਹਾਂ ਵਿਚੋਂ ਕਿਸੇ ਨੇ ਵੀ ਰਾਹੁਲ ਦੀ ਤਰ੍ਹਾਂ ਆਪਣੇ ਦੇਸ਼ ਦੀ ਖਾਕ ਛਾਣੀ?

ਹੁਣ ਤੋਂ ਲਗਭਗ ਚਾਰ ਸਾਲ ਪਹਿਲਾਂ ਜਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕਾਬੁਲ ਗਏ ਤਾਂ ਮੈਨੂੰ ਵੀ ਨਾਲ ਲੈ ਗਏ ਸਨ। ਮੈਨੂੰ ਪੱਤਰਕਾਰਾਂ ਦੀ ਭੀੜ ਵਿਚ ਸ਼ਾਮਿਲ ਕਰ ਦਿੱਤਾ ਗਿਆ। ਪਰ ਸ਼ਾਮ ਨੂੰ ਬਾਦਸ਼ਾਹ ਜ਼ਾਹਿਰਸ਼ਾਹ ਦੇ



ਬੇਟੇ, ਪੋਤੇ ਅਤੇ ਨਾਤੀ-ਸ਼ਹਿਜਾਦੇ ਮੀਰ ਵਾਇਜ਼, ਮੁਸਤਫਾ ਅਤੇ ਨਾਦਿਰ ਮੈਨੂੰ ਹੋਟਲ ਤੋਂ ਰਾਜਮਹਲ ਵਿਚ ਲੈ ਗਏ। ਸ਼ਹਿਜਾਦੀ ਲੀਮਾ ਨੇ ਮੇਰੇ ਲਈ ਸ਼ਾਕਾਹਾਰੀ ਭੋਜਨ ਪੇਸ਼ ਕੀਤਾ ਅਤੇ ਕਿਹਾ ਕਿ ਤੁਸੀਂ ਕਹੋ ਤਾਂ ਇਕ ਹੋਰ ਹਿੰਦੁਸਤਾਨੀ ਖਾਸ ਮਹਿਮਾਨ ਨੂੰ ਇਸ ਭੋਜ 'ਤੇ ਬੁਲਾ ਲਵਾਂ। ਪੰਜ ਸੱਤ ਮਿੰਟ ਵਿਚ ਰਾਹੁਲ ਆ ਗਏ। ਚਾਰ ਘੰਟੇ ਦੇ ਉਸ ਨਿੱਘੇ ਵਾਰਤਾਲਾਪ ਵਿਚ ਰਾਹੁਲ ਨੇ ਜੋ ਛਬੀ ਮੇਰੇ ਦਿਮਾਗ ਵਿਚ ਬਿਠਾਈ, ਉਹ ਇਹ ਸੀ ਕਿ ਇਹ ਲੜਕਾ ਬੁੱਧੀਮਾਨ ਹੈ, ਜਿਗਿਆਸੂ ਹੈ, ਸਹਿਜ ਹੈ, ਸ਼ਹਿਨਸ਼ੀਲਤਾ ਅਤੇ ਮਾਣਤਾਣ ਵਾਲਾ ਹੈ। ਇਹ ਛਵੀ ਹੁਣ ਹੋਰ ਗਹਿਰੀ ਹੁੰਦੀ ਜਾ ਰਹੀ ਹੈ।

ਇਕ ਨਵਾਂ ਤਰਕ ਵੀ ਦਿਮਾਗ ਵਿਚ ਉਦੇ ਹੋ ਰਿਹਾ ਹੈ। ਉਹ ਇਹ ਕਿ ਆਪਣੇ ਆਚਰਣ ਨਾਲ ਰਾਹੁਲ ਵੰਸ਼ਵਾਦ ਦੇ ਦੋਸ਼ ਨੂੰ ਪਤਲਾ ਕਰਦੇ ਚਲੇ ਜਾ ਰਹੇ ਹਨ। 10 ਸਾਲ ਦੀ ਸਿੱਖਿਆ ਤੋਂ ਬਾਅਦ ਜਦ ਇਹ ਨੌਜਵਾਨ ਨੇਤਾ ਪਾਰਟੀ ਅਤੇ ਸਰਕਾਰ ਦੀ ਕਮਾਨ ਸੰਭਾਲੇਗਾ ਤਾਂ ਲੋਕ ਉਸਦਾ ਪਿਛੋਕੜ ਨਹੀਂ, ਆਉਣ ਵਾਲੇ ਸਮੇਂ ਨੂੰ ਯਾਦ ਕਰਨਗੇ। ਉਸਦਾ ਵੰਸ਼ ਨਹੀਂ, ਉਸਦੀ ਤਤਕਾਲਿਕ ਛਵੀ ਹੀ ਨਿਰਣਾਇਕ ਹੋਵੇਗੀ। ਜੇਕਰ ਉਸ ਵਿਚ ਆਪਣਾ ਦਮਖਮ ਹੋਵੇਗਾ ਤਾਂ ਉਸਨੂੰ ਲੋਕ ਸਵੀਕਾਰ ਆਪਣੇ ਆਪ ਕਰਨਗੇ ਵਰਨਾ ਉਹ ਇਤਿਹਾਸ ਦੇ ਕਿਸੇ ਕੋਨੇ ਵਿਚ ਸਮਾ ਜਾਵੇਗਾ।


ਹਿੰਦੁਸਤਾਨ ਦੇ ਲੋਕ ਭੋਂਦੂ ਨਹੀਂ ਹਨ, ਚਾਲਾਕ ਹਨ। ਉਹ ਬਾਪ ਦੀ ਕਮਾਈ ਵਾਲੇ ਨੇਤਾਵਾਂ ਨੂੰ ਇਕ ਹੱਦ ਤੋਂ ਅਗੇ ਨਹੀਂ ਵਧਣ ਦਿੰਦੇ। ਜੇਕਰ ਭਾਰਤ ਦਾ ਲੋਕਤੰਤਰ ਵੰਸ਼ਵਾਦ 'ਤੇ ਆਧਾਰਿਤ ਹੁੰਦਾ ਤਾਂ ਹੁਣ ਤਕ ਬਣੇ 13 ਪ੍ਰਧਾਨ ਮੰਤਰੀਆਂ ਵਿਚੋਂ ਸਿਰਫ ਦੋ ਪ੍ਰਧਾਨ ਮੰਤਰੀ ਵੀ ਵੰਸ਼ਵਾਦ ਦੇ ਕਾਰਨ ਕਿਉਂ ਬਣੇ? ਨਹਿਰੂ ਤਾਂ ਆਪਣੇ ਬਲਬੂਤੇ ਬਣੇ, ਪਰ ਮੰਨ ਲਓ ਕਿ ਇੰਦਰਾ ਅਤੇ ਰਾਜੀਵ ਗਾਂਧੀ ਆਪਣੇ ਪਿਤਾ ਅਤੇ ਮਾਤਾ ਦੇ ਕਾਰਨ ਬਣੇ ਤਾਂ ਵੀ ਕੀ ਇਹ ਤੱਥ ਸਾਨੂੰ ਯਾਦ ਨਹੀਂ ਕਿ ਜਦ ਇੰਦਰਾ ਬਣੀ ਤਾਂ ਨਹਿਰੂ ਜੀਵਤ ਨਹੀਂ ਸੀ ਅਤੇ ਜਦ ਰਾਜੀਵ ਬਣੇ ਤਾਂ ਇੰਦਰਾ ਜੀਵਤ ਨਹੀਂ ਸੀ। ਇਹ ਅਹੁਦੇ ਉਨ੍ਹਾਂ ਨੂੰ ਪਾਰਟੀ ਨੇ ਦਿੱਤੇ, ਉਨ੍ਹਾਂ ਦੇ ਮਾਤਾ-ਪਿਤਾ ਨੇ ਨਹੀਂ। ਕੀ ਵਜ੍ਹਾ ਹੈ ਕਿ ਬਾਕੀ 10 ਪ੍ਰਧਾਨ ਮੰਤਰੀਆਂ ਦਾ ਕੋਈ ਬੇਟਾ ਜਾਂ ਬੇਟੀ ਪ੍ਰਧਾਨ ਮੰਤਰੀ ਨਹੀਂ ਬਣ ਸਕਿਆ? ਉਨ੍ਹਾਂ ਵਿਚ ਕਰਮ ਕਰਨ ਦੀ ਸ਼ਕਤੀ ਹੁੰਦੀ ਤਾਂ ਉਹ ਵੀ ਬਣ ਜਾਂਦੇ। ਗਾਂਧੀ ਤੋਂ ਵੱਡਾ ਪ੍ਰਤਾਪੀ ਨੇਤਾ ਭਾਰਤ ਵਿਚ ਕੋਈ ਨਹੀਂ ਹੋਇਆ, ਪਰ ਗਾਂਧੀ ਦੇ ਪੋਤੇ ਪੜਪੋਤੇ ਕਿਥੇ ਹਨ, ਕੀ ਕਰ ਰਹੇ ਹਨ? ਉਨ੍ਹਾਂ ਵਿਚੋਂ ਕਿਸੇ ਨੂੰ ਫੜ ਕੇ ਜਨਤਾ ਨੇ ਹਾਲੇ ਤੱਕ ਪ੍ਰਧਾਨ ਮੰਤਰੀ ਕਿਉਂ ਨਹੀਂ ਬਣਾਇਆ?

ਸੱਚਾਈ ਤਾਂ ਇਹ ਹੈ ਕਿ ਭਾਰਤ ਨੇ ਵੰਸ਼ਵਾਦ ਨੂੰ ਕਦੇ ਅੱਖਾਂ ਬੰਦ ਕਰਕੇ ਸਵੀਕਾਰ ਨਹੀਂ ਕੀਤਾ। ਇੰਦਰਾ ਗਾਂਧੀ ਨੂੰ ਉਨ੍ਹਾਂ ਦੀ ਪਹਿਲੀ ਚੋਣ (1967) ਵਿਚ ਮਿਲਿਆ ਬਹੁਮਤ ਇਕਦਮ ਘਟ ਗਿਆ ਅਤੇ ਰਾਜੀਵ ਨੂੰ ਆਪਣੇ ਦਮ 'ਤੇ ਲੜੀ ਗਈ ਆਪਣੀ ਪਹਿਲੀ ਚੋਣ (1989) ਵਿਚ ਬੁਰੀ ਤਰ੍ਹਾਂ ਹਾਰਨਾ ਪਿਆ।

ਸ਼ਾਇਦ ਰਾਹੁਲ ਨੂੰ ਇਹ ਰਹੱਸ ਪਤਾ ਹੈ, ਇਸੇ ਲਈ ਉਹ ਬਾਪ ਦੀ ਕਮਾਈ ਦੀ ਬਜਾਏ ਆਪ-ਕਮਾਈ 'ਤੇ ਧਿਆਨ ਲਗਾ ਰਹੇ ਹਨ। ਕੀ ਰਾਹੁਲ ਗਾਂਧੀ ਜਿਹਾ ਕੋਈ ਹੋਰ ਹੈ?

# ਲਿਖਣੀਆਂ ਪੋਥੀਆਂ ਤੇ ਕੰਮ ਕਰਨੇ ਆਹ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਮਰ ਗਇਆਂ ਨੂੰ ਮਾੜਾ ਨਹੀਂ ਕਹੀਦਾ। ਇਹ ਸਾਡੀ ਪੁਰਾਣੀ ਪਰੰਪਰਾ ਹੈ। ਜਹਾਨੋਂ ਕੂਚ ਕਰ ਗਿਆ ਹਰੇਕ ਪ੍ਰਾਣੀ ਆਖਰ ਇੰਨੇ ਕੁ ਸ਼ੁਭ ਕੰਮ ਤਾਂ ਕਰ ਹੀ ਗਿਆ ਹੁੰਦਾ ਹੈ, ਜਿਨਿਆਂ ਕੁ ਨਾਲ ਉਸ ਦੇ ਭੋਗ ਸਮਾਗਮ ਉੱਤੇ ਸ਼ਰਧਾਂਜਲੀਆਂ ਦਿੱਤੀਆਂ ਜਾ ਸਕਣ। ਪਰ ਖੁਦਾ ਨਾ ਖਾਸਤਾ, ਭਲਾ ਜੇ ਕਿਸੇ ਬੰਦੇ ਨੇ ਆਖਰੀ ਸਾਹ ਲੈਣ ਤੱਕ 'ਬੰਦਿਆਂ ਵਾਲਾ' ਕੋਈ ਕੰਮ ਹੀ ਨਾ ਕੀਤਾ ਹੋਵੇ? ਫਿਰ ਉਹਦੀ ਸ਼ੋਭਾ ਕਰਨ ਲਈ ਕਿਹੜੀ ਡਿਕਸ਼ਨਰੀ 'ਚੋਂ ਸ਼ਬਦ ਲੱਭ ਕੇ ਲਿਆਂਦੇ ਜਾਣ? ਉਂਜ ਤਾਂ ਐਸੀ 'ਸਮੱਸਿਆ' ਕਿਸੇ ਦੇ ਵੀ ਭੋਗ ਮੌਕੇ ਅੱਜ ਤੱਕ ਨਹੀਂ ਆਈ ਸੁਣੀ। ਕਿਉਂਕਿ ਹਕੀਕਤ ਤੋਂ ਜਾਣੂ ਸ੍ਰੋਤੇ, ਸਟੇਜ ਤੋਂ ਤੋਲਿਆ ਜਾ ਰਿਹਾ ਕੁਫਰ, ਮੁਸ਼ਕੜੀਏਂ ਹੱਸਦੇ ਹੋਏ ਹਜ਼ਮ ਤਾਂ ਕਰ ਲੈਂਦੇ ਹਨ। ਪਰ ਬੁਲਾਰਿਆਂ ਦੀ ਟੋਕਾ-ਟਾਕੀ ਕੋਈ ਨਹੀਂ ਕਰਦਾ। ਸਿਆਸੀ ਲੀਡਰਾਂ ਵਲੋਂ ਚੋਣਾਂ ਮੌਕੇ ਕੀਤੇ ਜਾਂਦੇ 'ਚੋਣ-ਮਨੋਰਥ ਪੱਤਰਾਂ' ਦੇ ਧੂੰਆਂਧਾਰ ਪ੍ਰਚਾਰ ਵਾਂਗ ਸ਼ਰਧਾਂਜਲੀਆਂ ਨੂੰ ਵੀ ਲੋਕੀਂ 'ਚੱਲ ਹੋਊ' ਕਹਿ ਕੇ ਬਰਦਾਸ਼ਤ ਕਰ ਲੈਂਦੇ ਨੇ।

ਪਰ ਮੈਂ ਇਕ ਕਹਾਣੀ ਹੋਰ ਸੁਣੀ ਹੈ। ਕਹਿੰਦੇ ਕਿਤੇ ਕੋਈ ਮਹਾਂ-ਨਿਕੰਮਾ ਬੰਦਾ ਮਰ ਗਿਆ। ਉਸਦੇ ਭੋਗ ਮੌਕੇ 'ਗੁਰਮੁਖਿ ਜਨਮ ਸਵਾਰ ਦਰਗਾਹ ਚੱਲਿਆ' ਵਾਲਾ ਸ਼ਬਦ ਗਾਇਨ ਕਰਨ ਉਪਰੰਤ, ਰਾਗੀ ਸਿੰਘ ਆਪਣਾ 'ਲਾਗ' ਸਮੇਟ ਕੇ ਅਹੁ ਗਏ ਅਹੁ ਗਏ! ਸ਼ਰਧਾਂਜਲੀ ਦਾ ਗੁੱਡਾ ਬੰਨਣਾ ਬਹੁਤ ਜ਼ਰੂਰੀ ਸੀ। ਮੁਸ਼ਕਿਲ ਇਹ ਖੜ੍ਹ ਗਈ ਕਿ ਉਥੇ ਕੋਈ ਝੂਠ ਬੋਲਣ ਦਾ 'ਸਪੈਸ਼ਲਿਸਟ' ਭਾਵ ਕੋਈ ਸਿਆਸੀ ਨੇਤਾ ਹਾਜ਼ਰ ਨਹੀਂ ਸੀ। ਮਰ ਚੁੱਕੇ ਬੰਦੇ ਦੇ, ਚੌਹਾਂ ਪੰਜਾਂ ਭਰਾਵਾਂ ਨੇ ਸੋਚਿਆ ਕਿ ਸਾਡਾ ਭਰਾ ਸ਼ਰਧਾਂਜਲੀ ਤੋਂ 'ਸੁੱਕਾ' ਹੀ ਨਾ ਰਹਿ ਜਾਏ? ਉਨ੍ਹਾਂ ਆਲੇ ਦੁਆਲੇ ਨਜ਼ਰ ਘੁਮਾਈ। ਇਕੱਠ ਵਿਚ ਪਿੰਡ ਦਾ ਇਕ ਉਹ ਸੱਜਣ ਬੈਠਾ ਸੀ ਜੋ ਸਟੇਜ 'ਤੇ ਬੋਲਣਾ ਤਾਂ ਜਾਣਦਾ ਸੀ ਪਰ ਉਹਦੇ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਉਹ ਕਦੇ ਕਿਸੇ ਦੀ ਝੂਠੀ ਖੁਸ਼ਾਮਦ ਨਹੀਂ ਸੀ ਕਰਦਾ। ਇੱਕ ਸੱਚੇ-ਪੱਕੇ ਨੇਕ ਇਨਸਾਨ ਵਜੋਂ ਉਸ ਦੀ ਪਿੰਡ ਵਿਚ ਮਾਨਤਾ ਸੀ। ਮਜ਼ਬੂਰੀ ਵੱਸ ਉਸਨੂੰ ਸ਼ਰਧਾਂਜਲੀ ਦੇਣ ਲਈ ਮਾਈਕ ਫੜਾਇਆ ਗਿਆ। ਸਟੇਜ 'ਤੇ ਆ ਕੇ ਉਸਨੇ ਸਵਰਗਵਾਸੀ ਦੀਆਂ ਸਿਫਤਾਂ ਇੰਜ ਕੀਤੀਆਂ:

''...ਏਹ ਫਲਾਣਾ ਸਿਹੁੰ ਸਾਰੇ ਜ਼ਮਾਨੇ ਦਾ ਲੁੱਚਾ, ਦਸ ਨੰਬਰੀਆਂ ਬਦਮਾਸ਼, ਸਿਰੇ ਦਾ ਮੱਕਾਰ, ਬੇ-ਹਯਾ, ਹੰਕਾਰੀ, ਦੁਰਾਚਾਰੀ, ਅੱਤਿਆਚਾਰੀ...।'' ਇੰਨੇ ਕੁ ਗੁਣ ਗਿਣਾ ਕੇ ਬੁਲਾਰੇ ਦੇ ਮਨ ਮਿਹਰ ਪੈ ਗਈ। ਹਟਣ ਲੱਗਿਆਂ ਉਸਨੇ ਮਰਨ ਵਾਲੇ ਦੀ ਸ਼ਾਨ ਵਧਾਉਣ ਲਈ, ਸਭਾ ਵਿਚ ਬੈਠੇ ਉਸਦੇ ਭਰਾਵਾਂ ਵਲ ਇਸ਼ਾਰਾ ਕਰਦਿਆਂ ਆਖਿਆ, ''ਚਲੋ ਖ਼ੈਰ, ਉਹ ਜੋ ਵੀ ਸੀ, ਆਪਣੇ ਇਨ੍ਹਾਂ ਭਰਾਵਾਂ ਨਾਲੋਂ ਕੁੱਛ ਚੰਗਾ ਸੀ!''

ਕਲਾ ਅਤੇ ਗੀਤ ਸੰਗੀਤ ਦੇ ਖੇਤਰ ਨਾਲ ਜੁੜੇ ਹੋਏ ਅਦਾਕਾਰ, ਕਲਾਕਾਰ ਜਾਂ ਕਲਮਕਾਰ ਜਦ ਚੜ੍ਹਾਈ ਕਰ ਜਾਂਦੇ ਹਨ ਤਾਂ ਉਨ੍ਹਾਂ ਦੇ ਅੰਤਿਮ ਸ਼ਰਧਾਂਜਲੀ ਸਮਾਗਮਾਂ ਦੇ ਨਾਲ ਨਾਲ ਕਈ ਕਈ ਦਿਨ ਅਖਬਾਰਾਂ ਮੈਗਜ਼ੀਨਾਂ ਵਿਚ, ਉਨ੍ਹਾਂ ਵਲੋਂ ਕੀਤੀ ਗਈ 'ਸੱਭਿਆਚਾਰਕ ਸੇਵਾ' ਦਾ ਗੁਣਗਾਨ ਹੁੰਦਾ ਰਹਿੰਦਾ ਹੈ। ਇਨ੍ਹਾਂ ਲੋਕਾਂ 'ਤੇ ਇਹ ਇਕ 'ਸਰਾਪ' ਹੀ ਸਮਝੋ ਕਿ ਕੁਝ ਕੁ ਵਿਰਲਿਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਦਿੱਤੀਆਂ ਜਾਂਦੀਆਂ 'ਲਿਖਤੀ ਸ਼ਰਧਾਂਜਲੀਆਂ ਵਿਚ ਸ਼ਰਾਬ ਦੇ ਨਸ਼ੇ ਅਤੇ ਔਰਤਾਂ ਨਾਲ ਨਾਜਾਇਜ਼ ਰਿਸ਼ਤਿਆਂ ਦੇ ਹਵਾਲੇ ਜ਼ਰੂਰ ਹੁੰਦੇ ਹਨ। ਕਿਸੇ ਨੇ ਦੋ ਦੋ, ਤਿੰਨ ਤਿੰਨ ਵਿਆਹ ਕੀਤੇ ਹੋਏ ਹੁੰਦੇ ਹਨ। ਕੋਈ ਭਦਰਪੁਰਸ਼ ਵਿਆਹ ਦੇ ਝੰਜਟ ਤੋਂ ਬਾਹਰੋਂ ਬਾਹਰ ਹੀ ਕਈ ਕਈ ਜਨਾਨੀਆਂ ਦਾ ਪਤੀ ਰਹਿ ਚੁੱਕਾ ਹੁੰਦੈ। ਕਈਆਂ ਦੀ ਜ਼ਿੰਦਗੀ ਵਿਚ ਹੋਏ ਬੀਤੇ ਗੈਰ ਇਖਲਾਕੀ ਅਜੀਬੋ ਗਰੀਬ ਹਾਦਸਿਆਂ ਦੀ ਭਰਮਾਰ ਹੁੰਦੀ ਹੈ।

ਇਸੇ ਵਰਗ ਨਾਲ ਸਬੰਧਿਤ ਕਈ ਨਾਮੀ ਗਰਾਮੀ ਬੀਬੀਆਂ ਦਾ ਵੀ ਇਹੀ ਹਾਲ ਦੇਖਣ 'ਚ ਆਉਂਦਾ ਹੈ। ਹਾਲੇ ਤੱਕ ਪੰਜਾਬੀ ਸਮਾਜ ਵਿਚ ਸਿਗਰਟਨੋਸ਼ੀ ਕਰਨ ਵਾਲੀ ਜਾਂ ਸ਼ਰਾਬ ਪੀਣ ਵਾਲੀ ਔਰਤ ਨੂੰ ਘ੍ਰਿਣਾਂ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਲੇਕਿਨ ਪੰਜਾਬੀ ਦੀ ਇਕ ਨਾਮਵਰ ਕਵਿੱਤਰੀ ਸ਼ਰੇਆਮ ਸਿਗਰਟਾਂ ਦੇ ਕਸ਼ ਲਗਾਉਂਦੀ ਰਹੀ। ਪ੍ਰਚੱਲਤ ਰਵਾਇਤ ਨੂੰ ਉਲੰਘ ਕੇ ਇੱਕ ਸਿੱਖ ਖਾਨਦਾਨ ਨਾਲ ਸਬੰਧਿਤ ਹੁੰਦਿਆਂ ਸਿਰ ਦੇ ਵਾਲਾਂ ਦੇ ਪਟੇ ਬਣਾਉਂਦੀ ਰਹੀ।

ਜਹਾਨੋਂ ਤੁਰ ਗਿਆਂ ਨੂੰ ਸਭ ਕੁਝ ਮੁਆਫ ਵਾਲੀ ਪਰੰਪਰਾ ਦਾ ਪਾਲਣ ਕਰਦਿਆਂ ਹੋਇਆਂ, ਲੇਖਕ-ਭਰਾ, ਇਨ੍ਹਾਂ ਲੋਕਾਂ ਦੀਆਂ ਬਦਇਖਲਾਕੀਆਂ ਨੂੰ ਵੀ ਕਲਾ ਦੀ ਚਾਸ਼ਣੀ 'ਚ ਗੁੰਨ੍ਹ ਗੁੰਨ੍ਹ ਕੇ ਪੇਸ਼ ਕਰਦੇ ਰਹਿੰਦੇ ਹਨ।

ਨਾਵਲ-ਲੇਖਣੀ ਵਿਚ ਚੰਗੀ ਪ੍ਰਸਿੱਧੀ ਖੱਟਣ ਵਾਲੇ ਇਕ ਪੰਜਾਬੀ ਲੇਖਕ ਦਾ, ਕਿਸੇ ਮੈਗਜ਼ੀਨ ਵਿਚ ਛਪਿਆ ਹੋਇਆ ਸਚਿੱਤਰ ਜੀਵਨ-ਬਿਉਰਾ ਪੜ੍ਹ ਰਿਹਾ ਸਾਂ। ਉਨ੍ਹਾਂ ਦੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਨਾਲ ਸਬੰਧਿਤ ਬਹੁਤ ਸਾਰੀਆਂ ਤਸਵੀਰਾਂ ਵੀ ਲਿਖਤ ਵਿਚ ਛਪੀਆਂ ਹੋਈਆਂ ਸਨ। ਰਸੋਈ ਵਿਚ ਰੋਟੀ ਪਾਣੀ ਦਾ ਕੰਮ ਕਰ ਰਹੀ ਇਕ ਸਾਦ ਮੁਰਾਦੀ ਪੇਂਡੂ ਬੀਬੀ ਦੀ ਫੋਟੋ ਹੇਠਾਂ ਲਿਖਿਆ ਹੋਇਆ ਸੀ ਕਿ ਲੇਖਕ ਜੀ ਦੀ ਧਰਮ-ਪਤਨੀ ਸ੍ਰੀਮਤੀ...ਕੌਰ ਜੀ ਰਸੋਈ ਵਿਚ ਸਬਜ਼ੀ-ਭਾਜੀ ਤਿਆਰ ਕਰਨ 'ਚ ਰੁੱਝੇ ਹੋਏ ਹਨ। ਇਸ ਫੋਟੋ ਦੇ ਨਾਲ ਹੀ ਇਕ ਹੋਰ ਫੋਟੋ ਵਿਚ ਲੇਖਕ ਸ੍ਰੀਮਾਨ ਦੇ ਮੋਢੇ ਨਾਲ ਮੋਢਾ ਜੋੜ ਕੇ, ਕਾਲੇ ਚਸ਼ਮੇ ਪਹਿਨੀ ਸਮਾਰਟ ਜਿਹੀ ਬੀਬੀ ਮੁਸਕਰਾ ਰਹੀ ਸੀ। ਇਸ ਦੂਸਰੀ ਫੋਟੋ ਦੀ ਕੈਪਸ਼ਨ ਵਿਚ 'ਭੁਲਾਵੇਂ ਅੱਖਰਾਂ ਵਾਂਗ ਇੰਜ ਲਿਖਿਆ ਹੋਇਆ ਸੀ-'ਲੇਖਕ ਜੀ ਆਪਣੀ 'ਜੀਵਨ-ਸਾਥਣ' ਸ੍ਰੀਮਤੀ....ਕੌਰ ਨਾਲ ਖੜ੍ਹੇ ਹਨ!' ਪਤਨੀ ਹੋਰ, ਜੀਵਨ-ਸਾਥਣ ਕੋਈ ਹੋਰ!!

ਲਉ ਕਰ ਲਉ ਗੱਲ! ਜੇ ਭਲਾ ਇਸ ਵਿਦਵਾਨ ਲੇਖਕ ਦੀ ਰੀਸੋ ਰੀਸੀ ਆਪਣੇ ਪੰਜਾਬੀ ਮਰਦ, ਧਰਮ-ਪਤਨੀਆਂ ਦੇ ਨਾਲ ਨਾਲ 'ਜੀਵਨ-ਸਾਥਣਾਂ' ਵੀ ਰੱਖਣ ਲੱਗ ਪੈਣ, ਤਾਂ ਪੰਜਾਬੀ ਕੌਮ ਦਾ ਬੇੜਾ ਗਰਕ ਹੋ ਜਾਊ ਕਿ ਨਹੀਂ? ਭਰੂਣ-ਹੱਤਿਆ ਦੇ ਦੈਂਤ ਵਲੋਂ ਪੰਜਾਬ ਵਿਚ ਜੰਮਦੀਆਂ ਧੀਆਂ ਨਿਗਲਣ ਕਰਕੇ, ਮਰਦਾਂ ਨੂੰ ਇਕ ਅੱਧ ਪਤਨੀ ਲੱਭਣੀ ਮੁਸ਼ਕਿਲ ਹੋਈ ਪਈ ਹੈ ਇੱਧਰ ਇਹ ਸ੍ਰੀ ਮਾਨ 'ਚੋਪੜੀਆਂ ਨਾਲ ਦੋ ਦੋ' ਵਾਲੇ ਅਖਾਣ ਨੂੰ ਸਾਕਾਰ ਕਰ ਰਹੇ ਹਨ। ਇਹ ਕੈਪਸ਼ਨਾਂ ਲਿਖਣ ਵਾਲੇ ਕਲਮਕਾਰ ਨੇ ਪੜ੍ਹਨ ਵਾਲਿਆਂ ਦੇ ਦਿਮਾਗ ਦੀ ਚੱਕਰੀ ਬੜੀ ਚੁਸਤੀ ਨਾਲ ਘੁਮਾਈ ਹੈ। ਪਾਠਕਾਂ ਮੋਹਰੇ ਜਲੇਬੀ-ਸ਼ੇਪ ਦਾ ਵਿੰਗ ਵਲੇਵਾਂ ਪਾ ਕੇ ਰੱਖ ਦਿੱਤਾ ਹੈ।

ਸਾਹਿਤ ਸਿਰਜਣ-ਪ੍ਰਕਿਰਿਆ ਬਾਬਤ ਵੱਖ ਵੱਖ ਬੁੱਧੀਜੀਵੀਆਂ ਦੇ ਕਈ ਤਰ੍ਹਾਂ ਦੇ ਵਿਚਾਰ ਹਨ। ਪਰ ਬਹੁਤਿਆਂ ਦਾ ਮੱਤ ਹੈ ਕਿ ਕਲਾ ਅਤੇ ਸਾਹਿਤ, ਨਰੋਆ ਸਮਾਜ ਸਿਰਜਦੇ ਹਨ। ਦੂਸਰੇ ਸ਼ਬਦਾਂ ਵਿਚ ਕਹਿ ਲਈਏ ਕਿ ਜਿਹੜੀ ਕਲਾ ਜਾਂ ਸਾਹਿਤ ਮਨੁੱਖ-ਮਾਤਰ ਨੂੰ ਕੋਈ ਸੇਧ ਹੀ ਨਹੀਂ ਦੇ ਸਕਦੇ, ਉਨ੍ਹਾਂ ਦਾ ਫਾਇਦਾ ਹੀ ਕੀ ਹੋਇਆ? ਆਵਾ ਗੌਣ ਕਾਗਜ਼ ਕਾਲੇ ਕਰਨ ਦਾ ਅਤੇ ਲੋਕਾਂ ਦਾ ਕੀਮਤੀ ਸਮਾਂ ਖਰਾਬ ਕਰਨ ਦਾ ਕੀ ਲਾਭ? ਇਸਤੋਂ ਅਗਲੀ ਗੱਲ ਇਹ ਕਿ ਆਪਣੀ ਕਲਾ ਜਾਂ ਕਲਮ ਨਾਲ ਆਪਣੇ ਸਮਾਜ ਲਈ ਸੁਨੇਹਾ ਦੇਣ ਵਾਲੇ ਦਾ ਆਪਣਾ ਕਿਰਦਾਰ ਜਾਂ ਅਮਲ ਕੈਸਾ ਹੈ?

ਠੀਕ ਚੱਲ ਰਹੀ ਘੜੀ, ਰੁਕੀਆਂ ਹੋਈਆਂ ਹੋਰ ਸੈਂਕੜੇ ਹਜ਼ਾਰ ਘੜੀਆਂ ਨੂੰ ਦਰੁਸਤ ਕਰ ਸਕਦੀ ਹੈ। ਜੋ ਆਪ ਹੀ ਗਲਤ ਹੈ ਉਹ ਦੂਜਿਆਂ ਨੂੰ ਵੀ ਭੁਲੇਖੇ ਵਿਚ ਪਾਵੇਗੀ। 'ਪਾਤਰ' ਦਾ ਇਕ ਸ਼ਿਅਰ ਹੈ:

ਉਸ ਦੀਆਂ ਗੱਲਾਂ ਸੁਣੋ,
ਕੀ ਰੰਗ ਕੀ ਕੀ ਰੌਸ਼ਨੀ,
ਹਾਇ! ਪਰ ਕਿਰਦਾਰ ਤੇ
ਗੱਲ ਬਾਤ ਵਿਚਲਾ ਫਾਸਲਾ!

ਸਰ ਮੁਹੰਮਦ ਇਕਬਾਲ ਨੇ ਵੀ ਕੁਝ ਇਹੋ ਜਿਹੇ ਵਿਚਾਰਾਂ ਨਾਲ 'ਗੁਫ਼ਤਾਰ' ਅਤੇ 'ਕਿਰਦਾਰ' ਵਿਚਲੇ ਫਰਕ ਨੂੰ ਇੰਜ ਦਰਸਾਇਆ ਹੈ:

ਇਕਬਾਲ ਹੈ ਗਾਜ਼ੀ ਬਾਤੋਂ ਕਾ
ਦਿਲ ਬਾਤੋਂ ਸੇ ਮੋਹ ਲੇਤਾ ਹੈ।
ਗੁਫ਼ਤਾਰ ਕਾ ਗਾਜ਼ੀ ਬਨ ਵੋ ਗਯਾ
ਕਿਰਦਾਰ ਕਾ ਗਾਜ਼ੀ ਬਨ ਨਾ ਸਕਾ।

ਸੱਚਾਈ ਅਤੇ ਖ਼ੁਦਾਈ ਦੇ ਸ਼ਾਇਰ ਸਤਿਗੁਰੂ ਨਾਨਕ ਜੀ ਨੇ ਵੀ ਮਨੁੱਖਤਾ ਨੂੰ ਠੰਢੀਆਂ ਮਿੱਠੀਆਂ ਛਾਵਾਂ ਵੰਡਣ ਵਾਲੇ ਦਰਖ਼ਤ ਦੀ ਮਿਸਾਲ ਦਿੰਦੇ ਹੋਏ ਫੁਰਮਾਇਆ ਹੈ ਕਿ ਖਲਾਅ ਵਿਚ ਫੈਲੀ ਹੋਈ ਉਸ ਦੀ ਹਰੀ ਕਚੂਰ ਛਤਰੀ ਦਾ ਆਧਾਰ ਸਭ ਤੋਂ ਪਹਿਲਾਂ ਧਰਤੀ ਦੀ ਹਿੱਕ ਵਿਚ ਦੱਬੇ ਪਏ ਬੀਜ ਦੇ ਅੰਕੁਰ ਵਿਚ ਹੀ ਹੁੰਦਾ ਹੈ।

ਪਹਿਲੋਂ ਦੇ ਜੜ੍ਹ ਅੰਦਰ ਜੰਮੈਂ ਤਾਂ ਉੱਪਰ ਹੋਵੈ ਛਾਉਂ॥

ਆਪਣੀ ਕਿਸੇ ਕਲਾ ਰਾਹੀਂ ਸਮਾਜ ਨੂੰ ਸੇਧ ਦੇਣ ਵਾਲੇ ਕਲਾਕਾਰ ਦਾ ਆਪਣਾ ਆਪਾ ਵੀ ਜੇ ਦੂਸਰਿਆਂ ਲਈ ਪ੍ਰੇਰਨਾਮਈ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਸੱਚਾਈ ਦੀ ਵਕਾਲਤ ਕਰਨ ਵਾਲਾ ਸਚਿਆਰ ਦੇ ਨੇੜੇ-ਤੇੜੇ ਦਾ ਜਰੂਰ ਹੋਣਾ ਚਾਹੀਦਾ ਹੈ। ਜੇ ਉਹ ਅਜਿਹਾ ਤਾਲਮੇਲ ਫਿੱਟ ਨਹੀਂ ਬਿਠਾ ਪਾਉਂਦਾ, ਫਿਰ ਉਸਦੀ ਹਾਲਤ ਸ਼ੇਖ ਸਾਅਦੀ ਦੇ ਕਥਨ ਵਰਗੀ ਹੀ ਹੈ;

'ਨੇਕ ਵਿਚਾਰ ਪ੍ਰਗਟਾਉਣ ਵਾਲੇ ਦੇ ਜੇ ਅਮਲ ਨੇਕ ਨਹੀਂ ਹਨ ਤਾਂ ਉਸਦੀ ਹਾਲਤ ਉਸ ਖੋਤੇ ਵਰਗੀ ਹੀ ਹੈ ਜਿਸ ਦੇ ਉੱਪਰ ਅਮੁੱਲੇ ਵਿਚਾਰਾਂ ਵਾਲੀਆਂ ਕਿਤਾਬਾਂ ਦਾ ਭਾਰ ਲੱਦਿਆ ਹੋਇਆ ਹੋਵੇ।'

ਪੜ੍ਹ ਲੀ ਗੁਲਿਸਤਾਂ-ਬੋਸਤਾਂ
ਮਤਲਬ ਨਾ ਪਾਇਆ ਸ਼ੈਖ ਕਾ
ਚੰਦ ਕਿਤਾਬੇਂ ਹਿਫਜ਼ ਕਰ
ਹਾਫਿਜ਼ ਹੂਆ ਤੋ ਕਿਆ!

ਫਿਲਾਸਫਰ ਬੇ-ਸ਼ੱਕ ਬਣੋ, ਪਰੰਤੂ ਤੁਹਾਡੀ ਫਿਲਾਸਫੀ ਦਾ ਮਨੋਰਥ, ਮਨੁੱਖ ਬਣਨਾ ਹੀ ਹੋਣਾ ਚਾਹੀਦਾ ਹੈ।

ਪੰਜਾਬੀ ਕਿੱਸਾ-ਸਾਹਿਤ ਵਿਚ ਸਾਧੂ ਦਯਾ ਸਿੰਘ ਆਰਿਫ ਦੇ ਲਿਖੇ ਹੋਏ 'ਜ਼ਿੰਦਗੀ-ਬਿਲਾਸ' ਦਾ ਉੱਘੜਵਾਂ ਸਥਾਨ ਹੈ। ਪੰਜਾਬੀ ਸਾਹਿਤ ਨਾਲ ਥੋੜਾ ਬਹੁਤ ਮੋਹ ਰੱਖਣ ਵਾਲਾ ਕੋਈ ਵਿਰਲਾ ਇਨਸਾਨ ਹੀ ਹੋਵੇਗਾ, ਜਿਸਨੇ ਕਦੇ 'ਜ਼ਿੰਦਗੀ-ਬਿਲਾਸ' ਦੇ ਕੁਝ ਬੈਂਤ ਨਾ ਪੜ੍ਹੇ-ਸੁਣੇ ਹੋਣ! ਆਮ ਪੇਂਡੂ ਮੁਹਾਵਰਿਆਂ ਅਤੇ ਅਲੰਕਾਰਾਂ ਨਾਲ ਸ਼ਿੰਗਾਰਿਆ ਇਹ ਵੈਰਾਗਮਈ ਕਿੱਸਾ ਪੜ੍ਹਦਿਆਂ ਇਸਦੇ ਲੇਖਕ ਸਾਧੂ ਦਯਾ ਸਿੰਘ ਆਰਿਫ ਦਾ ਤਿਆਗੀ ਤੇ ਤੇਜੱਸਵੀ ਵਿਅਕਤੀਤਵ ਸੁਤੇ ਹੀ ਜ਼ਿਹਨ ਵਿਚ ਉੱਕਰ ਆਉਂਦਾ ਹੈ। ਦਿਲਾਂ ਨੂੰ ਧੂਹ ਪਾਉਣ ਵਾਲੇ ਰਸਿਕ ਬੈਂਤ ਪੜ੍ਹਦਿਆਂ ਪੜ੍ਹਦਿਆਂ ਹਿਰਦੇ ਵਿਚ, ਇਸ ਲਿਖਾਰੀ ਨੂੰ ਮਿਲਣ ਲਈ ਤੜਪ ਪੈਦਾ ਹੁੰਦੀ ਹੈ।

ਜਿਨ੍ਹਾਂ ਦਿਨਾਂ ਵਿਚ ਸਾਧੂ ਦਯਾ ਸਿੰਘ ਆਰਿਫ ਜੀਵਤ ਸਨ, ਇਹ ਉਨ੍ਹਾਂ ਦਿਨਾਂ ਦੀ ਵਾਰਤਾ ਹੈ। ਸਾਡੇ ਗਵਾਂਢੀ ਅਟਾਰੀ ਪਿੰਡ ਦੇ ਸੱਜਣ ਹੁੰਦੇ ਸਨ ਸ. ਨਿਰਮਲ ਸਿੰਘ, ਜਿਨ੍ਹਾਂ ਨੂੰ ਜ਼ਿੰਦਗੀ ਬਿਲਾਸ ਦਾ ਕਾਫੀ ਵੱਡਾ ਹਿੱਸਾ ਜ਼ੁਬਾਨੀ ਕੰਠ ਹੁੰਦਾ ਸੀ। ਉਹ ਆਪਣੇ ਪਿੰਡ ਦੀ ਢਾਣੀ ਨੂੰ ਅਕਸਰ ਇਹ ਕਿੱਸਾ ਪੜ੍ਹ ਕੇ ਸੁਣਾਉਂਦੇ ਰਹਿੰਦੇ ਸਨ। ਭਾਈ ਨਿਰਮਲ ਸਿੰਘ ਨੇ ਇਹ ਗੱਲ ਸੁਣਾਉਂਦਿਆਂ ਮੈਨੂੰ ਦੱਸਿਆ ਕਿ ਇਕ ਵਾਰ ਮੈਂ ਤੇ ਮੇਰੇ ਤਿੰਨ ਚਾਰ ਸਾਥੀ 'ਜ਼ਿੰਦਗੀ-ਬਿਲਾਸ' ਪੜ੍ਹਦਿਆਂ ਇੰਨੇ ਬਿਹਬਲ ਹੋ ਉੱਠੇ ਕਿ ਅਸੀਂ ਆਰਿਫ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਉਨ੍ਹਾਂ ਦੇ ਪਿੰਡ ਨੂੰ ਤੁਰ ਪਏ।

ਪੁੱਛਦੇ ਪੁਛਾਉਂਦੇ ਉਨ੍ਹਾਂ ਦੇ ਪਿੰਡ ਜਾ ਪਹੁੰਚੇ। ਸਾਡੇ ਪਿੰਡ ਵੜਦਿਆਂ ਨੂੰ ਹੀ ਕਿਸੇ ਨੇ ਦੱਸ ਦਿੱਤਾ ਕਿ ਆਰਿਫ ਜੀ ਹੁਣੇ ਹੁਣੇ ਆਪਣੇ ਖੇਤਾਂ ਵਲ ਨੂੰ ਨਿੱਕਲੇ ਹਨ। ਅਸੀਂ ਵੀ ਦੱਸੇ ਗਏ ਰਸਤੇ ਪੈ ਕੇ ਉਨ੍ਹਾਂ ਦੇ ਮਗਰੇ ਖੇਤਾਂ 'ਚ ਜਾ ਪਹੁੰਚੇ। ਉੱਥੇ ਕਮਾਦ ਛਿੱਲ ਰਹੇ ਕਿੰਨੇ ਸਾਰੇ ਬੰਦਿਆਂ ਵਿਚ ਇੱਕ ਨੂੰ ਅਸੀਂ ਪੁੱਛਿਆ ਕਿ ਭਾਈ ਅਸੀਂ ਸਾਧੂ ਦਯਾ ਸਿੰਘ ਨੂੰ ਮਿਲਣ ਆਏ ਹਾਂ, ਉਹ ਕਿੱਥੇ ਹਨ? ਉਸ ਬੰਦੇ ਨੇ ਹੌਲੀ ਦੇਣੀ, ਵੱਟ 'ਤੇ ਖੜ੍ਹੇ ਗੰਨਾ ਚੂਪ ਰਹੇ ਇੱਕ ਬੰਦੇ ਵਲ ਇਸ਼ਾਰਾ ਕਰਦਿਆਂ ਆਖਿਆ, ''ਔਹ ਖੜ੍ਹਾ ਐ''।

ਸਾਡੇ ਮਨ ਮਸਤਿਕ ਵਿਚ ਬਣਿਆ ਹੋਇਆ ਆਰਿਫ ਸਾਹਿਬ ਦਾ ਤਿਆਗੀ ਵੈਰਾਗੀ ਚਿੱਤਰ, ਉਸੇ ਵੇਲੇ ਢਹਿ ਢੇਰੀ ਹੋ ਗਿਆ। ਕਿਉਂਕਿ ਗੰਨਾ ਚੂਪ ਰਿਹਾ ਆਰਿਫ, ਗੰਨੇ ਘੜਨ ਵਾਲੇ ਕੁਝ ਕੰਮੀਆਂ ਨੂੰ, ਸਿਰੇ ਦੀ ਘਟੀਆ ਸ਼ਬਦਾਵਲੀ ਵਿਚ ਮੰਦਾ-ਚੰਗਾ ਬੋਲ ਰਿਹਾ ਸੀ। ਸ਼ਰਮਿੰਦੇ ਜਿਹੇ ਹੋਏ ਅਸੀਂ ਨਾ ਚਾਹੁੰਦਿਆਂ ਹੋਇਆਂ ਵੀ ਉਹਦੇ ਕੋਲ ਜਾ ਖੜੇ ਹੋਏ। ਦੁਆ-ਸਲਾਮ ਤੋਂ ਬਾਅਦ ਜਦ ਉਸ ਨੂੰ ਪਤਾ ਲੱਗਾ ਕਿ ਅਸੀਂ ਉਹਨੂੰ ਦੁਆਬੇ ਤੋਂ ਚੱਲ ਕੇ ਮਿਲਣ ਆਏ ਹਾਂ। ਤਾਂ ਉਹ ਨਛਿੱਕਾ ਜਿਹਾ ਹੁੰਦਿਆਂ ਆਪਣੇ ਹੱਥ 'ਚ ਫੜੇ ਗੰਨੇ ਨੂੰ ਸਾਡੇ ਵਲ ਕਰਦਾ ਕਹਿੰਦਾ; ''ਭਾਈ ਸੱਜਣੋ, ਜਿਹੜਾ ਦਯਾ ਸਿੰਘ ਆਰਿਫ਼ ਤੁਸੀਂ ਜ਼ਿੰਦਗੀ ਬਿਲਾਸ ਵਿਚ ਪੜ੍ਹਿਆ ਹੈ, ਉਹ ਤਾਂ ਹੈ ਐਸ ਗੰਨੇ ਵਰਗਾ ਤੇ ਜਿਹੜਾ ਤੁਸੀਂ ਅੱਜ ਦੇਖ ਰਹੇ ਹੋ, ਉਹ ਨਿੱਕਲਿਆ ਔਹਨਾਂ ਛਿਲਕਿਆਂ ਵਰਗਾ!'' ਗੰਨਾ ਚੂਪ ਚੂਪ ਕੇ ਮੋਹਰੇ ਸੁੱਕੀ ਪਈ ਛਿਲਕਾਂ ਦੀ ਢੇਰੀ ਵਲ ਸੈਨਤ ਕਰਦਿਆਂ ਉਸਨੇ ਗੱਲ ਨਬੇੜੀ। ਆਪਣੀ ਪਦ-ਪਦਵੀ ਤੋਂ ਗਿਰੇ ਹੋਏ ਕੰਮ ਕਰਨ ਵਾਲਿਆਂ ਗਿਆਨੀਆਂ ਧਿਆਨੀਆਂ ਨੂੰ ਤਾਅਨਾ ਮਾਰਿਆ ਜਾਂਦੈ- 'ਵਾਹ ਭਾਈ ਜੀ ਵਾਹ! ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ!' ਪਰ ਲੇਖਣੀ ਤੇ ਅਮਲਾਂ 'ਚ ਢੇਰ ਸਾਰਾ ਫਰਕ ਰੱਖਣ ਵਾਲੇ ਲਿਖਾਰੀਆਂ ਨੂੰ ਫਿਰ ਇਹੀ ਕਿਹਾ ਜਾ ਸਕਦੈ, ਵਾਹ ਭਾਈ ਵਾਹ, ਲਿਖਣੀਆਂ ਪੋਥੀਆਂ ਤੇ ਕੰਮ ਕਰਨੇ ਆਹ...।

# ਕਿਸਾਨੀ ਦਾ ਹੁਣ ਡਾਂਗ 'ਤੇ ਡੇਰੇ ਬਿਨਾ ਗੁਜ਼ਾਰਾ ਨਹੀ

**-ਜਸਵੰਤ ਸਿੰਘ ਕੰਵਲ**

ਪੰਜਾਬ ਸਦੀਆਂ ਤੋਂ ਲੁੱਟੀਂਦਾ ਤੇ ਮਾਰੀ ਕੁੱਟੀਦਾ ਆ ਰਿਹਾ ਹੈ। ਚਾਲ੍ਹੀ ਪੰਤਾਲੀ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਥੋੜ੍ਹਾ ਬਹੁਤ ਸੰਭਾਲਾ ਜ਼ਰੂਰ ਦਿੱਤਾ ਸੀ ਪਰ ਆਪਸੀ ਭੇੜਾਂ ਤੇ ਗਦਾਰੀਆਂ ਨੇ ਮਾਰ ਧਾੜ ਮਚਾਈ ਰੱਖੀ। ਅੰਗਰੇਜ਼ਾਂ ਦੇ ਰਾਜ ਜਾਣ ਪਿੱਛੋਂ ਸਮਝਿਆ ਗਿਆ, ਦੁਸ਼ਮਣ ਵਾਪਸ ਇੰਗਲੈਂਡ ਚਲਾ ਗਿਆ ਤੇ ਪੰਜਾਬ ਨੂੰ ਹੁਣ ਸੁਖ ਦਾ ਸਾਹ ਆਵੇਗਾ। ਉਸਤੋਂ ਵੀ ਭੈੜੇ ਹਾਲਾਂ ਦਾ ਪਰਨਾਲਾ ਥਾਂ ਪਰ ਥਾਂ ਟਿਕਿਆ ਰਿਹਾ। ਹੋਰ ਪੁਆੜੇ ਖੜ੍ਹੇ ਹੋ ਗਏ। ਸਿਕੰਦਰ ਤੋਂ ਲੈ ਕੇ ਹੁਣ ਤੱਕ ਪੰਜਾਬ ਮਾਰੀ, ਕੁੱਟੀ ਤੇ ਲੁੱਟੀਦਾ ਰਿਹਾ। ਪੰਜ ਦਰਿਆਵਾਂ ਦੀ ਕੁਦਰਤੀ ਮਿਹਰ ਸਦਕਾ ਖੇਤੀ ਪੱਖੋਂ ਜ਼ਰੂਰ ਪ੍ਰਫੁਲਤ ਰਿਹਾ ਪਰ ਭੁੱਖੇ ਪੱਛਮੀ ਹਮਲਾਵਰਾਂ ਵਲੋਂ ਸਦਾ ਲੁੱਟਿਆ ਤੇ ਕੁੱਟਿਆ ਹੀ ਜਾਂਦਾ ਰਿਹਾ। ਆਜ਼ਾਦੀ ਆਈ ਤਾਂ ਆਸ ਜਿਹੀ ਬੱਝੀ ਸੀ, ਪੰਜਾਬ ਪੈਰਾਂ ਸਿਰ ਹੋ ਕੇ ਮਾਣ ਇੱਜ਼ਤ ਪਾਵੇਗਾ, ਪਰ 'ਯਹਿ ਨਾ ਥੀ ਹਮਾਰੀ ਕਿਸਮਤ ਕਿ ਵਸਾਲੇ ਯਾਰ ਹੋਤਾ।'

ਪੰਜਾਬ ਨੇ ਹਲ਼ ਵਾਹ ਕੇ ਭੁੱਖੇ ਦੇਸ਼ ਨੂੰ ਰਜਾਇਆ ਹੀ ਨਹੀਂ, ਪੱਛਮੀ ਲੋਟੂ ਤਾਕਤਾਂ ਦੇ ਜ਼ੋਰ ਜਬਰੀ ਹਮਲੇ ਤੇ ਲੁੱਟਾਂ ਖੋਹਾਂ ਬੰਦ ਕੀਤੀਆਂ। ਭਾਵੇਂ ਪੰਜਾਬ ਨੂੰ ਬੇਥਾਹ ਸ਼ਹਾਦਤਾਂ ਦੇਣੀਆਂ ਪਈਆਂ। ਸਾਹਮਣੇ ਮੱਥੇ ਹੁੰਦਾ ਪੰਜਾਬ ਦੁਸ਼ਮਣਾਂ ਤੇ ਲੁਟੇਰਿਆਂ ਨਾਲ ਲੜਦਾ ਸਾਰੇ ਦੇਸ਼ ਲਈ ਸ਼ਹੀਦ ਹੁੰਦਾ ਰਿਹਾ। ਬਾਕੀ ਸਾਰਾ ਹਿੰਦੋਸਤਾਨ ਸਿਰਹਾਣੇ ਬਾਂਹ ਦੇ ਕੇ ਘੁਰਾੜੇ ਮਾਰਦਾ ਰਹਿੰਦਾ। ਗਦਰੀ ਬਾਬਿਆਂ ਦੀਆਂ ਫਾਂਸੀਆਂ, ਕਾਲੇ ਪਾਣੀਆਂ ਦੀਆਂ ਉਮਰ ਕੈਦਾਂ ਨੇ ਲੋਕਾਂ ਦਾ ਡਿੱਗਾ ਮਨੋਬਲ ਵਧਾਇਆ। ਗਦਰ ਲਹਿਰ ਦੀਆਂ ਲੰਮੀਆਂ ਸਜ਼ਾਵਾਂ ਨੇ ਅੰਗਰੇਜ਼ਾਂ ਦੇ ਪੈਰ ਉਖੜਦੇ ਕਰ ਦਿੱਤੇ। ਆਜ਼ਾਦੀ ਆਈ ਤਾਂ ਕਤਲੋ ਗਾਰਤ ਨਾਲ ਭੋਖੜਾ ਵੀ ਲੈ ਆਈ। ਪੰਜਾਬ ਦੇ ਕਿਸਾਨਾਂ ਦੀ ਅਣਥੱਕ ਮਿਹਨਤ ਨੇ ਅਨਾਜ ਦੇ ਢੇਰਾਂ ਦੇ ਢੇਰ ਉਸਾਰ ਦਿੱਤੇ। ਆਪ ਮੰਡੀ ਦੀ ਲੁੱਟ ਤੇ ਬੈਂਕਾਂ ਦੇ ਕਰਜ਼ਿਆਂ ਕਾਰਨ ਮਜਬੂਰੀ ਮੂੰਹ ਖੁਦਕੁਸ਼ੀਆਂ 'ਤੇ ਆ ਗਏ। ਪੰਜਾਬ ਸਦੀਆਂ ਤੋਂ ਹਿੰਦੋਸਤਾਨ ਦੀਆਂ ਮੁਸੀਬਤਾਂ ਸਿਰ ਲੈਂਦਾ ਰਿਹਾ ਏ, ਪਰ ਦੇਸ਼ ਨੇ ਇਸ ਦੀ ਕੁਰਬਾਨੀ ਦਾ ਮੁੱਲ ਭੁੱਲ ਕੇ ਵੀ ਨਹੀਂ ਮੋੜਿਆ। ਇਸ ਆਈ ਆਜ਼ਾਦੀ ਨੇ ਵੀ ਉਸਨੂੰ ਵਫਾ ਨਹੀਂ ਕੀਤੀ, ਗਲ਼ ਫਾਹਾ ਜ਼ਰੂਰ ਪਾ ਦਿੱਤਾ।

ਨਹਿਰੂ ਨੇ ਚੁਸਤੀ ਨਾਲ ਪੰਜਾਬ ਦੀ ਕਾਂਗਰਸ ਵਜ਼ਾਰਤ ਤੋਂ ਪੰਜਾਬ ਦੇ ਦੋ ਦਰਿਆਵਾਂ ਦਾ ਪਾਣੀ ਮੁਫਤ ਵਿਚ ਹੀ ਬੈਅ ਕਰਵਾ ਲਿਆ ਤੇ ਦੂਜੇ ਸੂਬਿਆਂ ਨੂੰ ਦੇ ਦਿੱਤਾ। ਭਾਖੜੇ ਦੀ ਪਾਣੀ ਵਾਲੀ ਸਸਤੀ ਬਿਜਲੀ ਦੇ ਹੱਕ ਵੀ ਕਾਂਗਰਸੀ ਵਜ਼ਾਰਤ ਤੋਂ ਮੁਫਤ ਵਿਚ ਹੀ ਬੈਅ ਕਰਵਾ ਲਏ। ਦਰਿਆਵਾਂ ਦੇ ਪਾਣੀ ਬਿਨਾਂ ਪੰਜਾਬ ਕੋਲ ਜਿਉਣ ਦਾ ਕੋਈ ਹੋਰ ਵਸੀਲਾ ਹੀ ਨਹੀਂ ਸੀ, ਜਿਸ ਨਾਲ ਪੈਰਾਂ ਸਿਰ ਖਲੋਤਾ ਰਹਿ ਸਕਦਾ। ਲੋਕਾਂ ਸੋਚਿਆ ਸੀ, ਆਜ਼ਾਦ ਹੋ ਗਏ ਆਂ, ਹੁਣ ਹਰ ਤਰ੍ਹਾਂ ਦੀਆਂ ਆਰਥਿਕ ਮੁਸ਼ਕਲਾਂ ਤੋਂ ਬਰੀ ਹੋ ਜਾਵੇਗਾ। ਬੈਂਕਾਂ ਤੇ ਸ਼ਾਹਾਂ ਦੇ ਪਹਾੜ ਭਾਰ ਤੋਂ ਸੁਖਾਲੇ ਹੋ ਜਾਵਾਂਗੇ। ਕਰਜ਼ੇ ਦਾ ਪਰਨਾਲਾ ਸਿਰ ਜਿਉਂ ਦਾ ਤਿਉਂ ਪੈਂਦਾ ਰਿਹਾ। ਕਰਜ਼ਾ ਮੋੜਿਆ ਨਾ ਗਿਆ,ਸਗੋਂ ਵਿਆਜ ਪੈ ਕੇ ਦੂਣਾ ਹੋ ਗਿਆ। ਕਿਸਾਨ ਫਸਲਾਂ ਦੀਆਂ ਜ਼ਹਿਰਾਂ ਪੀ ਕੇ ਰੱਬ ਨੂੰ ਪਿਆਰੇ ਹੋਣ ਲੱਗੇ। ਉਂਜ ਕਿਸਾਨਾਂ ਦੀ ਮਿਹਨਤ ਨਾਲ ਬੈਂਕਾਂ ਤੇ ਸੂਦਖੋਰ ਆੜ੍ਹਤੀਏ ਆਫਰ ਗਏ ਗਨ। ਮਾਰਿਆ ਗਿਆ ਵਿਚ ਬੇਚਾਰਾ ਭਾਨਾ। ਹੀਰ ਦੇ ਖੇੜੇ ਤੁਰ ਜਾਣ ਪਿੱਛੋਂ ਜੋ ਹਾਲ ਰਾਂਝੇ ਚਾਕ ਦਾ ਹੋਇਆ ਸੀ, ਓਹੀ ਹਾਲ ਹੁਣ ਬੇਧਾਰੇ ਮਦਦਗਾਰ ਪੰਜਾਬੀ ਕਿਸਾਨ ਦਾ ਹੋ ਗਿਆ ਹੈ। ਲੁਟੇਰਿਆਂ ਤੇ ਦਿੱਲੀ ਦਰਬਾਰ ਨੇ ਕੱਦੂਕਸ ਹੋਏ ਪੰਜਾਬ ਦੇ ਕਿਸਾਨ ਦੀ ਬਦਹਾਲੀ ਉਤੇ ਕੁਝ ਵੀ ਨਹੀਂ ਕੀਤਾ। ਪੰਜਾਬ ਦੀਆਂ ਆਜ਼ਾਦੀ ਲਈ ਅੱਸੀ ਫੀਸਦੀ ਦਿੱਤੀਆਂ ਕੁਰਬਾਨੀਆਂ ਤੇ ਭੁੱਖੇ ਭਾਰਤ ਦੇ ਰੋਟੀ ਮੂੰਹ ਪਾਉਣ ਬਦਲੇ ਹਾਅ ਦਾ ਨਾਅਰਾ ਤਕ ਨਹੀਂ ਮਾਰਿਆ। ਸਿਰਾਂ ਦੀ ਕੁਰਬਾਨੀ ਤੇ ਕਿਸਾਨਾਂ ਦੀ ਦਮ ਤੋੜਦੀ ਹਿੰਮਤ ਖੂਹ ਖਾਤੇ ਪਾ ਧਰੀ । ਅੱਜ ਹਾਲਤ ਇਹ ਹੈ, ਕਿਸਾਨ ਦੇਹ ਤੋੜ ਕੰਮ ਕਰਦਾ ਮਰ ਨਸ਼ੰਗ ਜਾਵੇ, ਪਰ ਸਿਰ ਪਿਆ ਕਰਜ਼ਾ ਨਹੀਂ ਲਾਹ ਸਕਦਾ। ਸਰਕਾਰ ਘੋਗਲ ਕੰਨੀ ਹੋਈ ਸਭ ਕੁਝ ਦੇਖਦੀ, ਦੜੀ ਬੈਠੀ ਐ। ਪੰਜਾਬ ਸਰਕਾਰ ਆਪ ਕਰਜ਼ਾਈ ਹੋਈ ਸ਼ਾਮਲਾਟਾਂ ਵੇਚ ਵੇਚ ਦਿਨ ਕਟੀ ਕਰ ਰਹੀ ਹੈ।



**'ਜਦੋਂ ਮੁੱਕ ਗਏ ਘਰਾਂ 'ਚੋਂ ਦਾਣੇ,**
**ਹੋ ਗਏ ਸਿੰਘ ਸਭੀਏ।'**

ਅੰਤ ਅਖੀਰ ਡਾਂਗ ਤੇ ਡੇਰਾ ਕਰੇ ਬਿਨਾ ਸ਼ਾਇਦ ਗੁਜਾਰਾ ਨਾ ਹੋਵੇ। ਹੇਠਲੀ ਉਤਲੀ ਸਰਕਾਰ ਦਾ ਅਹਿਸਾਸ ਹੀ ਮਰ ਗਿਆ ਹੈ, ਦੇਸ਼ ਦਾ ਅੰਨਦਾਤਾ ਜਹਾਨੋਂ ਜਾ ਰਿਹਾ ਹੈ, ਉਹ ਸੁੱਤੀ ਪਈ ਹੈ ਜਾਂ ਆਤਮਘਾਤ ਕਰਦੇ ਪੰਜਾਬ ਦਾ ਤਮਾਸ਼ਾ ਵੇਖ ਰਹੀ ਹੈ। ਇਹ ਓਹੀ ਕਿਸਾਨ ਹੈ, ਜਿਸ ਦੀਆਂ ਕੁਰਬਾਨੀਆਂ ਕਰ ਕੇ ਪੱਛਮੀ ਲੁਟੇਰਿਆਂ ਨੂੰ ਭਜਾਇਆ ਤੇ ਅੰਗਰੇਜ਼ ਤੁਰਦੇ ਕੀਤੇ, ''ਤੇਰਾ ਕੋਈ ਨਹੀਂ ਹੈ ਜੀ
ਕਿ ਤੇਰਾ ਸਤਿਗੁਰੂ ਪਿਆਰਾ ਜੀ।'

# ਲੰਬੀ ਚਲ ਸਕਦੀ ਹੈ ਪੰਜਾਬ ਕਾਂਗਰਸ ਦੀ ਆਪਸੀ ਖਿੱਚੋਤਾਣ

**ਅਮਰਜੀਤ ਸਿੰਘ**

**ਜਲੰਧਰ:** ਪੰਜਾਬ ਕਾਂਗਰਸ ਦੀ ਲੀਡਰਸ਼ਿਪ ਦਾ ਅੰਦਰੂਨੀ ਕਲੇਸ਼ ਹਾਲੇ ਤੱਕ ਕਿਸੇ ਤਣ ਪੱਤਣ ਲਗਦਾ ਵਿਖਾਈ ਨਹੀਂ ਦੇ ਰਿਹਾ। ਭਾਵੇਂ ਕਿ ਇਸ ਕਿਸਮ ਦੀਆਂ ਅਫਵਾਹਾਂ ਹਵਾ ਵਿਚ ਹਨ ਕਿ ਕਾਂਗਰਸ ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਆਗੂ ਥਾਪਣ ਜਾ ਰਹੀ ਹੈ, ਪਰ ਊਠ ਦਾ ਇਹ ਬੁੱਲ੍ਹ ਹਾਲੇ ਤੱਕ ਗਿਰਿਆ ਨਹੀਂ ਹੈ। ਉਂਜ ਕੈਪਟਨ ਨੂੰ ਅਗਵਾਈ ਸੰਭਾਲਣ ਦੀਆਂ ਖਬਰਾਂ ਦੇ ਮੱਦੇਨਜ਼ਰ ਬੀਬੀ ਰਾਜਿੰਦਰ ਕੌਰ ਭੱਠਲ ਵਲੋਂ ਪਾਰਟੀ ਛੱਡ ਜਾਣ ਦੀਆਂ ਅਫਵਾਹਾਂ ਵੀ ਉਡੀਆਂ ਹਨ ਪਰ ਬੀਬੀ ਭੱਠਲ ਨੇ ਇਨ੍ਹਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਪਾਰਟੀ ਤਿਆਗਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਯਾਦ ਰਹੇ ਬੀਤੇ ਦਿਨੀਂ ਪੰਜਾਬ ਕਾਂਗਰਸ ਵਲੋਂ ਨਵੇਂ ਪਾਰਟੀ ਮੈਂਬਰ ਭਰਤੀ ਕਰਨ ਬਾਰੇ ਇਕ ਮੀਟਿੰਗ ਚੰਡੀਗੜ੍ਹ ਵਿਚ ਸੱਦੀ ਗਈ ਸੀ। ਜਿਸ ਦਾ ਕਾਂਗਰਸ ਵਿਧਾਇਕ 'ਤੇ ਸੀਨੀਅਰ ਨੇਤਾਵਾਂ ਵਲੋਂ ਬਾਈਕਾਟ ਕੀਤਾ ਗਿਆ। ਇਸ ਮਾਮਲੇ ਨੇ ਬਾਅਦ ਵਿਚ ਤੂਲ ਫੜ ਲਿਆ। ਇਸ ਮੀਟਿੰਗ ਵਿਚ 45 ਵਿਧਾਇਕਾਂ ਵਿਚੋਂ ਸਿਰਫ 5 ਵਿਧਾਇਕ ਹਾਜ਼ਰ ਹੋਏ। ਅਸਲ ਵਿਚ 40 ਵਿਧਾਇਕ ਮੀਟਿੰਗ ਵਿਚ ਪਹੁੰਚੇ ਹੀ ਨਹੀਂ। ਬਹੁਤੇ ਨੇਤਾਵਾਂ ਵਲੋਂ ਬਾਈਕਾਟ ਦਾ ਪੰਜਾਬ ਕਾਂਗਰਸ ਦੀ ਸਿਆਸਤ 'ਤੇ ਦੂਰਗਾਮੀ ਪ੍ਰਭਾਵ ਪੈਣ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ।

ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਧੜੇ ਨਾਲ ਜੁੜੇ ਨੇਤਾ ਖੁੱਲ੍ਹ ਕੇ ਕੈਪਟਨ ਵਿਰੁਧ ਪ੍ਰਚਾਰ ਕਰਨ ਲੱਗ ਪਏ ਹਨ। ਅਮਰਿੰਦਰ ਸਿੰਘ ਨੇ ਜਿੱਥੇ ਬੀਤੇ ਦਿਨੀਂ ਆਪਣੀ ਬਿਮਾਰੀ ਦਾ ਬਹਾਨਾ ਬਣਾ ਕੇ ਧਰਨਿਆਂ ਤੋਂ ਕਿਨਾਰਾ ਕੀਤਾ, ਉਥੇ ਇਸ ਮੀਟਿੰਗ ਨੂੰ ਨਾਕਾਮ ਬਣਾਉਣ ਲਈ ਇਕ ਦਿਨ ਪਹਿਲਾਂ ਹੀ ਪ੍ਰਚਾਰ ਕਰ ਦਿੱਤਾ ਕਿ ਰਾਜ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨੇ ਮੀਟਿੰਗ ਨੂੰ ਰੱਦ ਕਰ ਦਿੱਤਾ ਹੈ। ਦੂਜੇ ਪਾਸੇ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇਪੀ, ਬੀਬੀ ਰਾਜਿੰਦਰ ਕੌਰ ਭੱਠਲ ਤੇ ਸਮਸ਼ੇਰ ਸਿੰਘ ਦੂਲੋ ਗਰੁੱਪ ਦੇ ਨੇਤਾ ਇਹ ਕਹਿ ਰਹੇ ਹਨ ਕਿ ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਬੀਤੇ 6 ਦਿਨਾਂ ਵਿਚ ਇਕ ਵਾਰ ਵੀ ਮਿਲਣ ਦਾ ਸਮਾਂ ਨਹੀਂ ਦਿੱਤਾ। ਹੁਣ ਉਹ ਆਪਣੇ ਹਮਾਇਤੀ ਵਿਧਾਇਕਾਂ ਨੂੰ ਇਕਮੁੱਠ ਰੱਖਣ ਲਈ ਹੱਥਕੰਡੇ ਆਪਨਾ ਰਹੇ ਹਨ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਸਕੱਤਰ ਵਰਿੰਦਰ ਸ਼ਰਮਾ ਨੇ ਕਿਹਾ ਹੈ ਕਿ ਬਾਈਕਾਟ ਕਰਨ ਵਾਲੇ ਵਿਧਾਇਕਾਂ ਨੂੰ ਮੁੜ ਕੇ ਟਿਕਟਾਂ ਨਾ ਦਿੱਤੀਆਂ ਜਾਣ, ਕਿਉਂਕਿ ਉਨ੍ਹਾਂ ਨੇ ਸ੍ਰੀਮਤੀ ਸੋਨੀਆ ਗਾਂਧੀ ਦੀ ਲੀਡਰਸ਼ਿਪ ਨੂੰ ਚੈਲਿੰਜ ਕੀਤਾ ਹੈ। ਦੂਜੇ ਪਾਸੇ ਜਿਹੜੇ 7 ਵਿਧਾਇਕ ਬੈਠਕ 'ਚ ਆਏ ਸਨ ਉਨ੍ਹਾਂ 'ਚ ਰਾਜਿੰਦਰ ਕੌਰ ਭੱਠਲ ਤੋਂ ਇਲਾਵਾ ਬ੍ਰਹਮਮਹਿੰਦਰਾ, ਈਸ਼ਰ ਸਿੰਘ ਮਿਹਰਵਾਨ, ਹਰਮੰਦਰ ਸਿੰਘ ਜੱਸੀ, ਦਰਸ਼ਨ ਸਿੰਘ ਬਰਾੜ, ਸੁਰਿੰਦਰਪਾਲ ਸਿੰਘ ਸਿਬੀਆ ਅਤੇ ਸੁੱਖ ਸਰਕਾਰੀਆ ਸ਼ਾਮਲ ਸਨ। ਇਸ ਮੀਟਿੰਗ ਦਾ ਬਾਈਕਾਟ ਕਰਨ ਵਾਲੇ ਤੇ ਅਮਰਿੰਦਰ ਸਿੰਘ ਦੇ ਅਤਿ ਨੇੜੇ ਰਹਿਣ ਵਾਲੇ ਇਕ ਨੇਤਾ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਬਾਕਾਇਦਾ ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਚੰਡੀਗੜ੍ਹ ਵਾਲੀ ਬੈਠਕ 'ਚ ਨਾ ਜਾਣ।

ਇਸ ਤੋਂ ਪਹਿਲਾਂ ਪ੍ਰਦੇਸ਼ ਕਾਂਗਰਸ ਵਲੋਂ ਜਨਤਕ ਮੁੱਦਿਆਂ ਨੂੰ ਲੈ ਕੇ ਰਾਜ 'ਚ ਦਿੱਤੇ ਗਏ ਧਰਨਿਆਂ ਦੌਰਾਨ ਵੀ ਇਸੇ ਤਰ੍ਹਾਂ ਦੀ ਸਥਿਤੀ ਦੇਖਣ ਨੂੰ ਮਿਲੀ ਸੀ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਦੀ ਤਰਸਯੋਗ ਹਾਲਤ ਕਾਰਨ ਵਰਕਰ ਤੇ ਲੋਕ ਮਾਯੂਸ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਕਿਹਾ ਕਿ ਉਹ ਸਿਰਫ ਆਪਣੀ ਲੋੜ ਮੁਤਾਬਕ ਹੀ ਪਾਰਟੀ ਪ੍ਰੋਗਰਾਮਾਂ 'ਚ ਸ਼ਾਮਲ ਹੁੰਦੇ ਹਨ ਜਾਂ ਲੋਕਾਂ 'ਚ ਆਉਂਦੇ ਹਨ। ਪਾਰਟੀ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇਪੀ ਨੇ ਦਸਿਆ ਕਿ ਸਾਰੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਗਏ ਸਨ, ਪਰ ਕਈ ਆਗੂ ਹਾਈਕਮਾਨ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਮੀਟਿੰਗ 'ਚ ਨਹੀਂ ਆਏ।

ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪਾਰਟੀ ਵਲੋਂ ਕਦੇ ਵੀ ਮੈਨੂੰ ਧਰਨੇ ਜਾਂ ਹੋਰ ਪ੍ਰੋਗਰਾਮਾਂ ਬਾਰੇ ਸੂਚਨਾ ਨਹੀਂ ਭੇਜੀ ਗਈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਾਲੀ ਮੀਟਿੰਗ ਬਾਰੇ ਮੈਨੂੰ ਸੂਚਿਤ ਨਹੀਂ ਕੀਤਾ ਗਿਆ। ਸਥਾਪਤ ਆਗੂ ਆਪਣੇ ਪਸੰਦੀਦਾ ਆਗੂਆਂ ਨੂੰ ਹੀ ਸੱਦਾ ਪੱਤਰ ਦਿੰਦੇ ਹਨ। ਜੇਕਰ ਹਾਈਕਮਾਨ ਦੇ ਨਿਰਦੇਸ਼ਾਂ 'ਤੇ ਇਹ ਮੀਟਿੰਗ ਬੁਲਾਈ ਗਈ ਹੁੰਦੀ ਤਾਂ ਕਿਸ ਆਗੂ 'ਚ ਹਿੰਮਤ ਸੀ ਕਿ ਉਹ ਮੀਟਿੰਗ ਵਿਚ ਨਾ ਪਹੁੰਚੇ।

ਯਾਦ ਰਹੇ ਕੁਝ ਦਿਨ ਪਹਿਲਾਂ ਅਕਾਲੀ ਸਰਕਾਰ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਪੰਜ ਸਮਰਥਕ ਵਿਧਾਇਕਾਂ- ਗੁਰਪ੍ਰੀਤ ਸਿੰਘ ਕਾਂਗੜ, ਮੱਖਣ ਸਿੰਘ, ਅਜੈਬ ਸਿੰਘ ਭੱਟੀ, ਜੋਗਿੰਦਰ ਸਿੰਘ ਪੰਜਗਰਾਈਂ ਅਤੇ ਅਜੀਤ ਸਿੰਘ ਸ਼ਾਂਤ ਨੂੰ ਜਾਨੋਂ ਮਾਰਨ ਦੇ ਕਥਿਤ ਖਤਰੇ ਕਾਰਨ ਪੁਲਿਸ ਨੇ ਥਾਣੇ ਬੰਦ ਕਰ ਦਿਤਾ ਗਿਆ ਸੀ। ਇਸ ਮਾਮਲੇ ਵਿਚ ਪਾਰਟੀ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਕੋਈ ਕਾਰਵਾਈ ਨਾ ਕੀਤੀ, ਨਾ ਹੀ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਸ ਮਾਮਲੇ ਵਿਚ ਆਪਣੇ ਵਿਧਾਇਕਾਂ ਦੇ ਹੱਕ ਵਿਚ ਕੋਈ ਆਵਾਜ਼ ਉਠਾਈ ਕਿਉਂਕਿ ਉਹ ਪੰਜੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਧੜੇ ਨਾਲ ਸਬੰਧਤ ਸਨ। ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਪੰਜੇ ਵਿਧਾਇਕਾਂ ਨੂੰ ਨਾਲ ਲੈ ਕੇ ਪੰਜਾਬ ਦੇ ਰਾਜਪਾਲ ਜਰਨਲ ਐਸ. ਐਫ. ਰੌਡਰਿਗਜ਼ ਨਾਲ ਮੁਲਾਕਾਤ ਕੀਤੀ ਤੇ ਕਾਂਗਰਸੀਆਂ ਦੀ ਜਾਨ ਮਾਲ ਦੀ ਰਾਖੀ ਲਈ ਸੁਰੱਖਿਆ ਸਖਤ ਕਰਨ ਦੀ ਮੰਗ ਕੀਤੀ।

ਕੈਪਟਨ ਅਮਰਿੰਦਰ ਸਿੰਘ ਨੇ ਮੌਕਾ ਸੰਭਾਲਦਿਆਂ ਇਹ ਮਾਮਲਾ ਕੇਂਦਰੀ ਪ੍ਰਧਾਨ ਬੀਬੀ ਸੋਨੀਆ ਗਾਂਧੀ ਦੀ ਨਿਗ੍ਹਾ ਵਿਚ ਲਿਆਂਦਾ। ਇਹ ਵੀ ਕਿਹਾ ਕਿ ਪਾਰਟੀ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਵਿਧਾਨ ਸਭਾ ਦੀ ਵਿਰੋਧੀ ਧਿਰ ਦੀ ਨੇਤਾ ਨੇ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਦੋਹਾਂ ਆਗੂਆਂ ਨੇ ਆਪਣੇ ਵਿਧਾਇਕਾਂ ਦੀ ਜਾਨ ਨੂੰ ਖਤਰੇ ਬਾਰੇ ਕੋਈ ਸਟੈਂਡ ਨਹੀਂ ਲਿਆ।

ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਸ੍ਰੀਮਤੀ ਮੋਹਸਿਨਾ ਕਿਦਵਈ ਨੇ ਵੀ ਰਾਜ ਕਾਂਗਰਸ ਦੀ ਪ੍ਰਧਾਨਗੀ ਸੰਬੰਧੀ ਫਾਈਲ ਆਲ ਇੰਡੀਆ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਭੇਜ ਦਿੱਤੀ ਹੈ। ਕਾਂਗਰਸ ਹਾਈਕਮਾਨ ਸੂਬੇ 'ਚ ਕਾਂਗਰਸ ਪਾਰਟੀ ਦੀ ਦਿਨੋ ਦਿਨ ਹੋ ਰਹੀ ਪਤਲੀ ਹਾਲਤ ਤੋਂ ਬਹੁਤ ਚਿੰਤਤ ਹੈ ਜਿਸ ਕਰਕੇ ਉਹ ਸੂਬੇ ਦੀ ਪ੍ਰਧਾਨਗੀ ਕਿਸੇ ਅਜਿਹੇ ਲੀਡਰ ਨੂੰ ਸੌਂਪਣਾ ਚਾਹੁੰਦੀ ਹੈ, ਜਿਹੜਾ ਕਾਂਗਰਸ ਪਾਰਟੀ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਸਮਰੱਥ ਹੋਵੇ। ਕਾਂਗਰਸੀ ਸੂਤਰਾਂ ਅਤੇ ਅਖ਼ਬਾਰੀ ਰਿਪੋਰਟਾਂ ਅਨੁਸਾਰ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਲਈ ਇਕ ਵਾਰ ਫਿਰ ਕੈਪਟਨ ਅਮਰਿੰਦਰ ਸਿੰਘ ਦਾ ਗੁਣਾ ਪੈਣ ਵਾਲਾ ਹੈ।

# ਬਾਬੇ ਨਾਨਕ ਦੇ ਮਿਸ਼ਨ ਨੂੰ ਸਮਰਪਿਤ ਹਸਪਤਾਲ ਢਾਹਾਂ ਕਲੇਰਾਂ

**ਫਰੀਮਾਂਟ (ਗੁਰਦਾਵਰ ਸਿੰਘ ਮਹੇੜੂ):** ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ ਦੁਆਬੇ ਦੀ ਸ਼ਾਨ ਹੈ। ਬਾਬੇ ਨਾਨਕ ਦੇ ਮਿਸ਼ਨ ਨੂੰ ਲੈ ਕੇ ਬਣਿਆ ਇਹ ਟਰਸਟ 1979 ਤੋਂ ਲਗਾਤਾਰ ਗਰੀਬਾਂ ਅਤੇ ਲੋੜਵੰਦਾਂ ਨੂੰ ਮਦਦ ਦੇ ਰਿਹਾ ਹੈ, ਭਾਵੇਂ ਇਹ ਡਾਕਟਰੀ ਮਦਦ ਹੋਵੇ ਜਾਂ ਫਿਰ ਸਿਖਿਆ ਸਬੰਧੀ। ਇਹ ਟਰੱਸਟ ਇਕ ਚਾਨਣ ਮੁਨਾਰੇ ਵਾਂਗ ਕੰਮ ਕਰ ਰਿਹਾ ਹੈ ਜੋ ਕਿ ਸਮੂਹ ਸੰਗਤਾਂ ਦੇ ਦਸਵੰਧ ਨਾਲ ਚੱਲ ਰਿਹਾ ਹੈ। ਇਸ ਵੇਲੇ ਇਸ ਟਰੱਸਟ ਵਿਚ 5 ਸੌ ਤੋਂ ਵੱਧ ਲੋਕ ਪੱਕੀਆਂ ਨੌਕਰੀਆਂ 'ਤੇ ਕੰਮ ਕਰਦੇ ਹਨ ਅਤੇ ਸੱਤੇ ਦਿਨ 24 ਘੰਟੇ ਸੇਵਾ ਮੁਹੱਈਆ ਕਰਦੇ ਹਨ। ਇਸ ਪ੍ਰਾਜੈਕਟ ਲਈ ਯੂਬਾ ਸਿਟੀ ਦੇ ਵੱਡੇ ਜ਼ਿੰਮੀਦਾਰ ਅਤੇ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਅਤੇ ਕੈਲੀਫੋਰਨੀਆ ਦੇ ਟਰਾਂਸਪੋਰਟਰ ਤੇ ਕਬੱਡੀ ਪ੍ਰੋਮੋਟਰ ਸ. ਜੌਹਨ ਸਿੰਘ ਗਿੱਲ ਤੋਂ ਇਲਾਵਾ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਲੱਖਾਂ ਡਾਲਰ ਇਸ ਟਰੱਸਟ ਲਈ ਦਿੱਤੇ ਹਨ। ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਬਾਬੇ ਨਾਨਕ ਦਾ ਇਹ ਮਿਸ਼ਨ ਨਿਰਵਿਘਨ ਚੱਲ ਰਿਹਾ ਹੈ।

ਗੁਰੂ ਨਾਨਕ ਮਿਸ਼ਨ ਟਰੱਸਟ ਦੇ ਮੂਢਲੇ ਮੈਂਬਰ ਅਤੇ ਮੌਜੂਦਾ ਪ੍ਰਧਾਨ ਸ. ਅਮਰਜੀਤ ਸਿੰਘ ਕਲੇਰ ਜੋ 1979 ਤੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ, ਪਿਛਲੇ ਦਿਨੀਂ ਅਮਰੀਕਾ ਦੇ ਦੌਰੇ 'ਤੇ ਪਹੁੰਚੇ ਅਤੇ ਉਨ੍ਹਾਂ ਨਾਲ ਸੰਖੇਪ ਜਿਹੀ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਸ. ਕਲੇਰ ਇਥੇ ਨਾਰਥ ਅਮੈਰਿਕਾ ਸਿੱਖ ਮੈਡੀਕਲ ਐਂਡ ਡੈਂਟਲ ਐਸੋਸੀਏਸ਼ਨ ਦੇ ਸੱਦੇ ਉਤੇ ਇਸ ਦੀ ਇਕ ਕਨਵੈਨਸ਼ਨ ਵਿਚ ਹਿੱਸਾ ਲੈਣ ਲਈ ਆਏ ਸਨ। ਇਹ ਕਨਵੈਨਸ਼ਨ ਸੈਨ ਡਿਐਗੋ ਵਿਚ 8 ਤੋਂ 11 ਅਕਤੂਬਰ ਨੂੰ ਹੋਈ। ਇਥੇ ਜ਼ਿਕਰਯੋਗ ਹੈ ਕਿ ਇਸ ਐਸੋਸੀਏਸ਼ਨ ਨੇ ਢਾਹਾਂ ਕਲੇਰਾਂ ਹਸਪਤਾਲ ਨੂੰ ਅਪਨਾਇਆ ਹੋਇਆ ਹੈ ਅਤੇ ਇਸ ਵਲੋਂ ਹਰ ਸਾਲ ਹਸਪਤਾਲ ਨੂੰ ਮੈਡੀਕਲ ਮਸ਼ੀਨਾਂ ਦੇ ਨਾਲ ਨਾਲ ਮਾਲੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਸ ਤੋਂ ਬਿਨਾ ਇਸ ਜਥੇਬੰਦੀ ਦੇ ਮਾਹਰ ਡਾਕਟਰ ਇਸ ਹਸਪਤਾਲ ਨੂੰ ਆਪਣੀਆਂ ਸੇਵਾਵਾਂ ਮੁਹੱਈਆ ਕਰਨ ਲਈ ਵਿਸ਼ੇਸ਼ ਟੂਰ ਵੀ ਲਾਉਂਦੇ ਰਹਿੰਦੇ ਹਨ।



*ਅਮੋਲਕ ਸਿੰਘ ਗਾਖਲ ਅਤੇ ਅਮਰਜੀਤ ਸਿੰਘ ਕਲੇਰ*

ਮਿਸ਼ਨ ਦੇ ਪ੍ਰਧਾਨ ਸ. ਅਮਰਜੀਤ ਸਿੰਘ ਕਲੇਰ ਨੇ ਅਮਰੀਕਾ ਵੱਸਦੇ ਪੰਜਾਬੀਆਂ ਵਲੋਂ ਦਿੱਤੀ ਗਈ ਮਦਦ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਸ ਸੰਖੇਪ ਫੇਰੀ ਦੌਰਾਨ ਉਹ ਸੰਗਤਾਂ ਨੂੰ ਮਿਲ ਨਹੀਂ ਸਕੇ ਪਰ ਅਗਲੇ ਸਾਲ ਮਈ-ਜੂਨ ਵਿਚ ਵੱਧ ਸਮਾਂ ਕੱਢ ਕੇ ਆਉਣਗੇ ਅਤੇ ਉਦੋਂ ਸਭ ਸੰਗਤਾਂ ਦੇ ਦਰਸ਼ਨ ਕਰਨਗੇ। ਉਨ੍ਹਾਂ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਕਿ ਇਸ ਹਸਪਤਾਲ ਨੂੰ ਮਾਲੀ ਤੌਰ 'ਤੇ ਹੋਰ ਮਜ਼ਬੂਤ ਬਣਾਉਣ ਲਈ ਦਿਲ ਖੋਲ੍ਹ ਕੇ ਮਾਲੀ ਮਦਦ ਕਰਨ ਤਾਂ ਜੋ ਹਸਪਤਾਲ ਵਲੋਂ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕੀਤੀ ਜਾ ਸਕੇ। ਸ. ਕਲੇਰ ਆਪਣੀ ਅਮਰੀਕਾ ਫੇਰੀ ਦੌਰਾਨ ਕੈਲੀਫੋਰਨੀਆ ਵਿਚ ਵਾਟਸਨਵਿਲ ਵਿਖੇ ਸ. ਅਮੋਲਕ ਸਿੰਘ ਗਾਖਲ ਹੋਰਾਂ ਕੋਲ ਰੁਕੇ ਹੋਏ ਸਨ। ਉਨ੍ਹਾਂ ਨਾਲ ਸੰਪਰਕ ਫੋਨ 316-393-2154 ਜਾਂ ਇੰਡੀਆ ਵਿਚ ਫੋਨ 98142-62273 ਉਤੇ ਕੀਤਾ ਜਾ ਸਕਦਾ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



ABACA BAIL BONDS
LIC NO BA 1840939
"Help When You Need It"
24 Hours
TIMOTHY W. LEE
518 CHESTER AVE. AT 5TH & CHESTER
BAKERSFIELD CA 93301
661.324.8688

# ਨਨਕਾਣਾ ਸਾਹਿਬ ਵਿਖੇ ਗੁਰਪੁਰਬ ਖਾਲਸਈ ਸ਼ਾਨ ਨਾਲ ਮਨਾਇਆ

**ਨਨਕਾਣਾ ਸਾਹਿਬ (ਪਾਕਿਸਤਾਨ) :** ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਸ਼ਾਨਦਾਰ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਯੂ.ਕੇ. ਦੀ ਸੰਗਤ ਵਲੋਂ ਦਾਨ ਕੀਤੀ ਬੱਸ ਵਿਚ ਫੁੱਲਾਂ ਨਾਲ ਸਜਾ ਕੇ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ



ਹੋਇਆ ਸੀ। ਸੰਗਤਾਂ ਦਾ ਸਮੁੰਦਰ ਅਤਰ ਫੁਲੇਲ ਅਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਨਾਲ ਮਾਹੌਲ ਨੂੰ ਰਮਣੀਕ ਬਣਾ ਰਿਹਾ ਸੀ। ਪਾਕਿਸਤਾਨ ਦੇ ਹਾਲਾਤ ਨਾਸਾਜ਼ ਹੋਣ ਕਰਕੇ ਇਸ ਵਾਰ ਜਿਥੇ ਲਾਗਲੇ ਬਾਜ਼ਾਰਾਂ ਨੂੰ ਬੰਦ ਕਰਵਾਇਆ ਹੋਇਆ ਸੀ, ਉਥੇ ਸੁਰੱਖਿਆ ਪ੍ਰਬੰਧਾਂ ਕਾਰਨ ਨਗਰ ਕੀਰਤਨ ਨੂੰ ਗੁਰੂ ਘਰ ਦੀ ਹਦੂਦ ਤਕ ਹੀ ਸੀਮਤ ਰੱਖਿਆ ਗਿਆ। ਪ੍ਰਸ਼ਾਸਨ ਨੇ ਸੁਰੱਖਿਆ ਦੇ ਸਖਤ ਇੰਤਜ਼ਾਮ ਕੀਤੇ ਹੋਏ ਸਨ। ਪਹਿਲਾਂ ਗੁਰਦੁਆਰਾ ਕੰਪਲੈਕਸ ਵਿਚ ਸਜਾਈ ਹੋਈ ਸੋਨ ਪਾਲਕੀ 'ਚ ਸੁਭਾਇਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ ਜਿਸ ਦੀ ਸ਼ੁਰੂਆਤ ਨਾਨਕ ਰਾਮ ਰਾਗੀ ਜਥੇ ਵਲੋਂ ਕੀਤੇ ਰਸਭਿੰਨੇ ਕੀਰਤਨ ਨਾਲ ਹੋਈ।

ਪਾਕਿਸਤਾਨ ਵਕਫ ਬੋਰਡ ਦੇ ਚੇਅਰਮੈਨ ਸੱਯਦ ਆਸਿਫ ਹਾਸ਼ਮੀ ਨੇ ਪਹੁੰਚੀਆਂ ਸੰਗਤਾਂ ਦਾ ਸਰਕਾਰ ਦੀ ਤਰਫੋਂ ਨਿਵੇਕਲੇ ਅੰਦਾਜ਼ ਨਾਲ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦਹਿਸ਼ਤ ਭਰੇ ਮਾਹੌਲ ਦੇ ਬਾਵਜੂਦ ਇਸ ਮੁਕੱਦਸ ਸਥਾਨ 'ਤੇ ਨਤਮਸਤਕ ਹੋਣ ਲਈ ਸੰਗਤਾਂ ਨੇ ਪਹੁੰਚ ਕੇ ਪਾਕਿਸਤਾਨ ਸਰਕਾਰ ਦੀ ਲਾਜ ਰੱਖੀ ਹੈ। ਉਨ੍ਹਾਂ ਕਿਹਾ ਕਿ ਸਾਡੀ ਦਿਲੀ ਖਾਹਿਸ਼ ਹੈ ਕਿ ਇਸ ਪਵਿੱਤਰ ਸਥਾਨ ਨੂੰ ਵਿਸ਼ਵ ਦੇ ਇਕ ਖੂਬਸੂਰਤ ਸਥਾਨ ਵਜੋਂ ਵਿਕਸਤ ਕੀਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਏ ਜਥੇ ਦੇ ਆਗੂ ਜਥੇਦਾਰ ਜਗੀਰ ਸਿੰਘ ਨੇ ਕਈ ਔਕੜਾਂ ਦੇ ਬਾਵਜੂਦ ਹਿੰਦ-ਪਾਕਿ ਸਰਕਾਰਾਂ ਵਲੋਂ ਮਿਲੇ ਭਰਵੇਂ ਸਹਿਯੋਗ ਅਤੇ ਪਾਕਿਸਤਾਨ ਅਵਾਮ ਵਲੋਂ ਮਿਲੇ ਅਥਾਹ ਪਿਆਰ ਬਦਲੇ ਧੰਨਵਾਦ ਕੀਤਾ। ਪਾਕਿਸਤਾਨ ਵਿਚ ਬਣਨ ਵਾਲੀ ਗੁਰੂ ਨਾਨਕ ਦੇਵ ਅੰਤਰਰਾਸ਼ਟਰੀ ਯੂਨੀਵਰਸਿਟੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ, ਸ਼ਾਹਜਹਾਂ ਭੱਟੀ ਐਮ.ਪੀ. ਦਰਸ਼ਨ ਲਾਲ ਐਮ.ਐਲ.ਏ. ਜਥੇਦਾਰ ਅਵਤਾਰ ਸਿੰਘ ਯੂ.ਕੇ., ਐਜਾਜ਼ ਆਰਫੀ, ਬਿਸ਼ਨ ਸਿੰਘ, ਮਨਮੋਹਨ ਸਿੰਘ, ਸ਼ਾਮ ਸਿੰਘ, ਡਾ. ਸਵਰਨ ਸਿੰਘ ਆਦਿ ਬੁਲਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਉਤੇ ਜ਼ੋਰ ਦਿੱਤਾ। ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਜਥੇਦਾਰ ਜਗੀਰ ਸਿੰਘ, ਬਲਵਿੰਦਰ ਸਿੰਘ ਝਬਾਲ ਖਾਲਸਾ ਮਿਸ਼ਨ, ਸੋਹਣ ਸਿੰਘ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ, ਮਨਮੋਹਨ ਸਿੰਘ ਯੂ.ਕੇ., ਡਾ. ਸਵਰਨ ਸਿੰਘ, ਪ੍ਰਿਤਪਾਲ ਸਿੰਘ ਯੂ.ਐਸ.ਏ., ਅਵਤਾਰ ਸਿੰਘ ਸੰਘੇੜਾ ਯੂ.ਕੇ., ਕੇਸਰ ਸਿੰਘ ਧਾਲੀਵਾਲ ਯੂ.ਕੇ., ਬਲਦੇਵ ਸਿੰਘ ਮਲੇਸ਼ੀਆ, ਬੀਬੀ ਹਰਭਜਨ ਸਿੰਘ ਰਾਏਕੋਟ, ਸਵਰਨ ਸਿੰਘ ਗਿੱਲ, ਤਾਰਾ ਸਿੰਘ ਸੰਧੂ, ਮਿਹਰ ਸਿੰਘ ਅੰਮ੍ਰਿਤਸਰ, ਸੁਪਰਵਾਈਜ਼ਰ ਪਲਵਿੰਦਰ ਸਿੰਘ, ਸੰਤ ਸਿੰਘ ਮੱਲਾਂਵਾਲਾ, ਚੇਅਰਮੈਨ ਆਸਿਫ ਹਾਸ਼ਮੀ ਅਤੇ ਸੁਰਜੀਤ ਸਿੰਘ ਸਮੇਤ ਨਾਮਵਰ ਹਸਤੀਆਂ ਨੂੰ ਸਿਰਪਾਓ ਭੇਟ ਕੀਤਾ ਗਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਡਾ. ਸਵਰਨ ਸਿੰਘ ਨੇ ਮੰਚ ਸੰਚਾਲਣ ਕੀਤਾ। ਸੰਗਤਾਂ ਨੂੰ ਵਿਸ਼ੇਸ਼ ਬੱਸਾਂ ਰਾਹੀਂ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਸੁਰੱਖਿਆ ਪ੍ਰਬੰਧਾਂ ਅਧੀਨ ਕਰਵਾਏ ਗਏ ਜਦਕਿ ਸਥਾਨਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਸੰਗਤਾਂ ਨੇ ਖੁਦ ਕੀਤੇ।

ਪਾਕਿਸਤਾਨ ਸਥਿਤ ਹੋਰ ਇਤਿਹਾਸਕ ਗੁਰੂਘਰਾਂ 'ਚ ਵੀ ਗੁਰਪੁਰਬ ਮਨਾਇਆ ਗਿਆ।

ਇਧਰ ਪੂਰਬੀ ਪੰਜਾਬ ਸਮੇਤ ਸਮੁੱਚੇ ਭਾਰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਸਹਿਤ ਮਨਾਇਆ ਗਿਆ। ਗੁਰੂ ਜੀ ਦਾ ਪ੍ਰਕਾਸ਼ ਉਤਸਵ ਦੇਸ਼-ਵਿਦੇਸ਼ 'ਚ ਵੀ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪੂਰੇ ਖੇਤਰ ਦੇ ਸਭ ਗੁਰਦਵਾਰਿਆਂ ਨੂੰ ਬਹੁਤ ਵਧੀਆ ਢੰਗ ਨਾਲ ਸਜਾਇਆ ਗਿਆ ਸੀ ਜਿਥੇ ਸ਼ਰਧਾਲੂਆਂ ਨੇ ਮੱਥਾ ਟੇਕਿਆ ਅਤੇ ਦੁਪਹਿਰ ਵੇਲੇ ਗੁਰੂ ਕਾ ਲੰਗਰ ਛਕਿਆ। ਵੱਖ-ਵੱਖ ਇਤਿਹਾਸਕ ਗੁਰਦਵਾਰਿਆਂ ਦੇ ਪਵਿੱਤਰ ਸਰੋਵਰਾਂ ਵਿਚ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ। ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਵਿਚ ਸੰਗਤਾਂ ਦਾ ਬੇਮਿਸਾਲ ਇਕੱਠ ਸੀ। ਪੂਰੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਬਹੁਤ ਵਧੀਆ ਢੰਗ ਨਾਲ ਸਜਾਇਆ ਗਿਆ ਸੀ ਅਤੇ ਰਾਤ ਨੂੰ ਇਥੇ ਸ਼ਾਨਦਾਰ ਦੀਪਮਾਲਾ ਵੀ ਹੋਈ।

# ਕੌਮੀ ਨਿਘਾਰ ਨੂੰ ਠੱਲ ਪਾਉਣ ਦਾ ਉਪਰਾਲਾ ਹੈ 8 ਨਵੰਬਰ ਦਾ ਪੰਥਕ ਸਮਾਗਮ-ਏ.ਐਸ.ਓ


**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਪਰਵਾਸੀ ਸਿੱਖ ਸੰਸਥਾਵਾਂ ਵਿਚ ਨਿਰਪੱਖ ਅਤੇ ਨਿਧੜਕ ਸੋਚ ਵਾਲੀ ਮੰਨੀ ਜਾਂਦੀ ਅਮਰੀਕਨ ਸਿੱਖਾਂ ਦੀ ਸੰਸਥਾ, ਅਮੈਰੀਕਨ ਸਿੱਖ ਆਰਗੇਨਾਈਜੇਸ਼ ਵਲੋਂ 8 ਨਵੰਬਰ ਦਿਨ ਐਤਵਾਰ ਨੂੰ ਵਿਸ਼ਾਲ ਪੰਥਕ ਸਮਾਗਮ ਕੀਤਾ ਜਾ ਰਿਹਾ ਹੈ। ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਬਾਅਦ ਦੁਪਹਿਰ ਸਵਾ ਬਾਰਾਂ ਵਜੇ ਤੋਂ 2 ਵਜੇ ਤੱਕ ਹੋਣ ਵਾਲੇ ਇਸ ਪੰਥਕ ਇਕੱਠ ਵਿਚ ਸਿੰਘ ਸਭਾ ਲਹਿਰ ਦੀ ਨਿਆਈਂ, ਮੌਜੂਦਾ ਦੌਰ ਵਿਚ ਗੁਰਮਤਿ ਲਹਿਰ ਸਿਰਜਣ ਲਈ ਦੀਰਘਕਾਲੀ ਯੋਜਨਾਵਾਂ ਉਲੀਕੀਆਂ ਜਾਣਗੀਆਂ। ਕਲਮ ਅਤੇ ਤੇਗ ਦੇ ਧਨੀ ਸਿੱਖ ਸੂਰਮਿਆਂ, ਗਿਆਨੀ ਦਿੱਤ ਸਿੰਘ ਜੀ, ਪ੍ਰੋ. ਗੁਰਮੁਖ ਸਿੰਘ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਜੈਸੇ ਯੁੱਗ ਪਲਟਾਊ ਧਰਮੀ ਜਿਊੜਿਆਂ ਦੇ ਜੀਵਨ ਤੋਂ ਸੇਧ ਲੈ ਕੇ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਵਿਰੁਧ ਜੂਝਣ ਲਈ ਠੋਸ ਅਤੇ ਉਸਾਰੂ ਨੀਤੀਆਂ ਘੜੀਆਂ ਜਾਣਗੀਆਂ।

ਪ੍ਰਬੰਧਕਾਂ ਅਨੁਸਾਰ ਆਮ ਪ੍ਰੋਗਰਾਮਾਂ ਤੋਂ ਹਟ ਕੇ ਇਹ ਸਮਾਗਮ ਇਕ ਵੱਖਰੀ ਨੁਹਾਰ ਵਾਲਾ ਯਾਦਗਾਰੀ ਇਕੱਠ ਹੋਵੇਗਾ ਜਿਸ ਨੂੰ ਸੰਬੋਧਨ ਕਰਨ ਲਈ ਨਾਮਵਰ ਸਿੱਖ ਆਗੂ ਸ. ਗੰਗਾ ਸਿੰਘ ਢਿਲੋਂ, ਭਾਈ ਰਸ਼ਪਾਲ ਸਿੰਘ (ਰਿਵਰਸਾਈਡ), ਡਾ. ਤਰਲੋਚਨ ਸਿੰਘ, ਭਾਈ ਦਵਿੰਦਰ ਸਿੰਘ, ਡਾ. ਗੁਰਚਰਨ ਸਿੰਘ ਢਿੱਲੋਂ, ਭਾਈ ਦੀਦਾਰ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਜੌਹਲ ਜੈਸੇ ਪ੍ਰਬੁੱਧ ਬੁਲਾਰੇ ਪਹੁੰਚ ਰਹੇ ਹਨ। ਉਚ ਬੌਧਿਕ ਪੱਧਰ ਦੇ ਇਸ ਖਾਲਸਾਈ ਸਮਾਗਮ ਦੇ ਪ੍ਰਬੰਧਾਂ ਵਿਚ ਜੁਟੇ ਹੋਏ ਭਾਈ ਦਵਿੰਦਰ ਸਿੰਘ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂ-ਡੰਮ, ਇਖਲਾਕਹੀਣ ਪ੍ਰਵਿਰਤੀਆਂ, ਅਸ਼ਲੀਲਤਾ ਫੈਲਾ ਰਹੇ ਅਖੌਤੀ ਸਭਿਆਚਾਰਕ ਮੇਲਿਆਂ ਅਤੇ ਨਸ਼ਿਆਂ ਦੇ ਮਾਰੂ ਵਹਿਣਾਂ ਦੀ ਮਾਰ ਸਦਕਾ ਰਸਾਤਲ ਵਲ ਜਾ ਰਹੀ ਕੌਮ ਦਾ ਭਵਿੱਖ ਸਾਂਭਣ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਹੋਰ ਆਖਿਆ ਕਿ ਗਫ਼ਲਤ ਦੀ ਡੂੰਘੀ ਨੀਂਦ ਵਿਚ ਖੁਦਗਰਜ਼ੀ ਦੀ ਚਾਦਰ ਤਾਣ ਕੇ ਸੌਂ ਰਹੀ ਕੌਮ ਦੇ ਗਲੋਂ ਬਿਪਰਵਾਦ ਦੀ ਜ਼ਰਖਰੀਦ ਅਖੌਤੀ ਲੀਡਰਸ਼ਿਪ ਦਾ ਜਲਾਲਤ ਭਰਿਆ ਜੂਲਾ ਲਾਹੁਣ ਲਈ ਹਰ ਇੱਕ ਸਿੱਖ ਨੂੰ ਯਥਾ-ਸੰਭਵ ਯਤਨ ਕਰਨੇ ਚਾਹੀਦੇ ਹਨ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੀਆਂ ਸਾਨਫਰਾਂਸਿਸਕੋ, ਬੇਕਰਜ਼ਫੀਲਡ, ਫਰਿਜ਼ਨੋ, ਲਾਸ ਏਂਜਲਸ, ਟਰਲੱਕ ਅਤੇ ਯੂਬਾ ਸਿਟੀ ਯੂਨਿਟਾਂ ਵਲੋਂ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਇਸ ਵਿਸ਼ੇਸ਼ ਸਮਾਗਮ ਵਿਚ, ਹਰ ਗੁਰੂ ਨਾਨਕ ਨਾਮ-ਲੇਵਾ ਵੀਰਾਂ, ਭੈਣਾਂ, ਬੱਚਿਆਂ, ਬਜ਼ੁਰਗਾਂ ਨੂੰ ਸ਼ਾਮਲ ਹੋਣ ਦੀ ਅਰਜੋਈ ਕਰਦਿਆਂ ਪ੍ਰਬੰਧਕਾਂ ਨੇ ਕੌਮ ਦਾ ਦਰਦ ਪਛਾਣਨ ਦੀ ਅਪੀਲ ਕੀਤੀ ਹੈ। ਪ੍ਰਬੰਧਕਾਂ ਅਨੁਸਾਰ ਇਸ ਤੋਂ ਪਹਿਲਾਂ ਵੀ ਅਜਿਹਾ ਇੱਕ ਸੈਮੀਨਾਰ ਨਿਊ ਯਾਰਕ ਵਿਚ ਕੀਤਾ ਜਾ ਚੁੱਕਾ ਹੈ। ਜੋ ਬੇਹੱਦ ਸਫਲ ਰਿਹਾ ਸੀ। ਇਸ ਸੰਜੀਦਾ ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ 650-391-4408 ਜਾਂ 559-352-8687 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।



## ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵਲੋਂ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 15 ਨਵੰਬਰ, 2009 ਨੂੰ ਨਿਵਾਰਕ ਪਵੇਲੀਅਨ, ਨਿਵਾਰਕ (Newark Pavillion 6430 Thorton Ave Newark CA 94560) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪੰਥ ਪ੍ਰਸਿਧ ਰਾਗੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*ਸੰਗਤਾਂ ਦੇ ਦਾਸ*

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ |
|---|---|---|---|
| ਕੇਵਲ ਸਿੰਘ | ਵਿਨੋਦ ਕੁਮਾਰ ਚੁੰਬਰ | ਧਰਮ ਪਾਲ ਝੰਮਟ | ਖੁਸ਼ਹਾਲ ਹੀਰਾ |
| 510-299-6418 | 510-219-5672 | 408-717-0892 | 408-750-4433 |

## ਸ੍ਰੀ ਗੁਰੂ ਰਵਿਦਾਸ ਸਭਾ, ਬੇ-ਏਰੀਆ (ਕੈਲੀਫੋਰਨੀਆ)

ੴ ਸਤਿਗੁਰ ਪ੍ਰਸਾਦਿ।।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ

# ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸਿੱਖ ਸੰਗਤਾਂ ਨੂੰ

# ਲੱਖ-ਲੱਖ ਵਧਾਈ ਹੋਵੇ

FARMERS INSURANCE GROUP
Symbol of Superior Service
FARMERS

## Duabba Insurance Agency

2450 Peralta Blvd Suite 120, Fremont CA 94536

## ਦੁਆਬਾ ਇੰਸ਼ੋਰੈਂਸ

Auto Home Life Umbrella

Business Work Comp

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ ਜੀ। ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ।

**Phone: 510-797-7989**
**Fax: 510-794-7398**
visit us @ farmers.com



Gurcharan Singh Mann
Insurance Agent
Licence # OC 70672

ਪਾਲਿਸੀ ਅਤੇ ਪ੍ਰਾਸਪੈਕਟਸ (ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ।

## 84 ਦੇ ਕਤਲੇਆਮ ਪ੍ਰਤੀ ਰੋਸ ਮਾਰਚ 7 ਨਵੰਬਰ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਸਿੱਖੀ ਦੇ ਪ੍ਰਚਾਰ ਪ੍ਰਤੀ ਵਚਨਬੱਧ ਜੈਕਾਰਾ ਮੂਵਮੈਂਟ ਨਾਂ ਦੀ ਸੰਸਥਾ ਵਲੋਂ ਨਵੰਬਰ 1984 ਵਿਚ ਤਤਕਾਲੀਨ ਹਕੂਮਤ ਦੀ ਸ਼ਹਿ ਉਤੇ ਹੋਏ ਸਿੱਖਾਂ ਦੇ ਕਤਲੇਆਮ ਪ੍ਰਤੀ ਰੋਸ ਪ੍ਰਗਟਾਉਣ ਲਈ 7 ਨਵੰਬਰ ਨੂੰ ਇਥੇ ਇਕ ਰੋਸ ਮਾਰਚ ਕੀਤਾ ਜਾ ਰਿਹਾ ਹੈ। ਇਸ ਰੋਸ ਮਾਰਚ ਦਾ ਸਥਾਨ ਹੋਵੇਗਾ ਸਿਲਵਰ ਕਰੀਕ ਪਾਰਕ (7011 ਹੈਰਿਸ ਰੋਡ, ਬੇਕਰਜ਼ਫੀਲਡ)।

ਜੈਕਾਰਾ ਮੂਵਮੈਂਟ ਨੇ ਸਮੂਹ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੌਕੇ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਹੋਣ ਤਾਂ ਜੋ ਇਸ ਕਤਲੇਆਮ ਦੇ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਸਕੇ ਅਤੇ ਦੋਸ਼ੀਆਂ ਨੂੰ ਅਦਾਲਤ ਦੇ ਕਟਹਿਰੇ ਵਿਚ ਖੜੇ ਕਰਨ ਲਈ ਆਵਾਜ਼ ਬੁਲੰਦ ਕੀਤੀ ਜਾ ਸਕੇ। ਹੋਰ ਜਾਣਕਾਰੀ ਲਈ ਫੋਨ 559-677-7454 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ
ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ







PALMS
CONVENIENCE STORE
Ravinder Janda (Ravi)
661.304.4607
Jodh Singh Bhangu
661.978.7126
WESTERN UNION
ਇੰਡੀਆ ਨੂੰ ਪੈਸੇ ਭੇਜਣ ਲਈ ਤਸੱਲੀਬਖਸ਼ ਸਰਵਿਸ
1207 Chester Ave., Bakersfield CA 93301
STORE : 661.395.1500

ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ
ਬੋਪਾਰਾਏ ਪਰਿਵਾਰ ਵਲੋਂ ਸਭਨਾਂ ਨੂੰ ਕੋਟਾਨਿ ਕੋਟਿ ਵਧਾਈ

VANCO 76 TRUCK AUTO PLAZA
Vanco Truck & Auto Plaza
1033 W. Charter Way, Stockton, CA 95206 (I-5 Hwy 4)
ਸੀ-ਸਟੋਰ, ਹਾਟ ਫੂਡ, ਲਾਉਂਡਰੀ, ਸ਼ਾਵਰਜ਼ ਪਰੋਪੇਨ, 76 ਗੈਸ, ਪੈਸੇਫਿਕ ਪਰਾਈਡ, ਡੀਜ਼ਲ, ਫਰੀ ਟਰੱਕ ਪਾਰਕਿੰਗ, ਹਾਈ ਸਪੀਡ ਡੀਜ਼ਲ ਪੰਪ, ਫਰੀ ਕੌਫੀ, ਫਰੀ ਸੋਡਾ
We Accept All Cedit Cards, T-Checks, Com-Data, Fleet One, EFS, TCH, Petro-Canada, Multi Service, Transfunds, Debit Cards, Load Paper Scannner Transfer.



Open 7 Days A Week-24 Hours A Day
Cat Scale
Truck Accessories
Hot Food
Store Phone:209-466-0833, Bagga Johal:209-684-6062

# ਪਾਕਿ ਵੀਜ਼ੇ ਬਾਰੇ ਕੇਂਦਰ ਨੇ ਦੋਹਰੇ ਮਾਪਦੰਡ ਅਪਨਾਏ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਖਟੜਾ ਨੇ ਕਿਹਾ ਕਿ ਗੁਰਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭੇਜੇ ਜਾਣ ਵਾਲੇ ਜਥੇ ਸਬੰਧੀ ਦੂਜੇ ਜਥਿਆਂ ਦੇ ਮੁਕਾਬਲੇ ਕੇਂਦਰ ਸਰਕਾਰ ਨੇ ਦੋਹਰੇ ਮਾਪਦੰਡ ਅਪਣਾਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਨਾਲ ਵਿਤਕਰਾ ਅਤੇ ਜਥੇ ਵਿਚ ਜਾਣ ਵਾਲੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ ਵਲੋਂ ਪ੍ਰਵਾਨਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਜਥੇਬੰਦੀਆਂ ਦੇ ਡੇਢ ਹਜ਼ਾਰ ਤੋਂ ਵਧ ਯਾਤਰੂਆਂ ਨੂੰ ਵੀਜ਼ੇ ਦਿੱਤੇ ਗਏ , ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਜਾਣ ਵਾਲੇ ਜਥੇ ਦੇ ਯਾਤਰੂਆਂ ਦੀ ਸੂਚੀ ਦੀ ਪ੍ਰਵਾਨਗੀ ਨਾ ਦਿੱਤੀ। ਅਖੀਰ ਲਟਕਾ ਲਟਕਾ ਕੇ ਇਹ ਪ੍ਰਵਾਨਗੀ 31 ਅਕਤੂਬਰ ਨੂੰ ਦਿੱਤੀ ਗਈ। ਉਸੇ ਦਿਨ ਜਥਾ ਪਾਕਿਸਤਾਨ ਨੂੰ ਤੋਰਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਧਾਰਮਕ ਯਾਤਰਾ 'ਤੇ ਜਾਣ ਵਾਲੇ ਸਾਰੇ ਜਥਿਆਂ ਵਿਚ ਇਕਸਾਰਤਾ ਰੱਖਣੀ ਚਾਹੀਦੀ ਹੈ।

ਯਾਦ ਰਹੇ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਜਾਂਦੇ ਜਥਿਆਂ ਵਿਚ ਜਾਣ ਵਾਲੇ ਸ਼ਰਧਾਲੂਆਂ ਦੀ ਸੂਚੀ ਪੰਜਾਬ ਸਰਕਾਰ ਨੂੰ ਭੇਜੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਹ ਸੂਚੀ ਭੇਜਦੀ ਹੈ। ਕੇਂਦਰੀ ਗ੍ਰਹਿ ਮੰਤਰਾਲਾ ਵਿਦੇਸ਼ ਮੰਤਰਾਲੇ ਨੂੰ ਭੇਜਦਾ ਹੈ ਤੇ ਇਹ ਵਿਭਾਗ ਮਨਜ਼ੂਰੀ ਮਗਰੋਂ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜਦਾ ਹੈ। ਜਦੋਂਕਿ ਹੋਰ ਜਥੇਬੰਦੀਆਂ ਵੀਜ਼ੇ ਲਈ ਸਿੱਧੇ ਤੌਰ 'ਤੇ ਹਾਈ ਕਮਿਸ਼ਨ ਨੂੰ ਸੂਚੀ ਭੇਜਦੀਆਂ ਹਨ।

ਇਸ ਦੌਰਾਨ ਖਾਲੜਾ ਕਮੇਟੀ ਦੇ ਇਕ ਧੜੇ ਵਲੋਂ ਭੇਜੇ ਜਾਂਦੇ ਜਥੇ ਬਾਰੇ ਜਦੋਂ ਬਲਵਿੰਦਰ ਸਿੰਘ ਝਬਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਦੇ 185 ਵਿਅਕਤੀਆਂ ਦਾ 15 ਦਿਨ ਦਾ ਵੀਜ਼ਾ ਲੱਗਿਆ ਹੈ ਪਰ ਜਥਾ ਕੇਵਲ 6-7 ਦਿਨ ਹੀ ਉਥੇ ਠਹਿਰੇਗਾ।









ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਦੇਰੁ ਪਲੋਆ॥

# ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸਾਧ-ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ

ਗੁਰੂ ਪਿਆਰੀ ਸਾਧ ਸੰਗਤ ਜੀਉ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਗੁਰੂ ਘਰ ਦੀ ਬਣ ਰਹੀ ਨਵੀਂ ਖੂਬਸੂਰਤ ਇਮਾਰਤ ਆਪਣੇ ਅਖੀਰਲੇ ਪੜਾਅ ਵਲ ਵਧ ਰਹੀ ਹੈ ਅਤੇ ਆਉਂਦੇ ਕੁਝ ਕੁ ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗੀ। ਗੁਰੂ ਘਰ ਦੀਆਂ ਸੰਗਤਾਂ ਵਿਚ ਬਹੁਤ ਉਤਸ਼ਾਹ ਹੈ ਅਤੇ ਵੱਧ ਤੋਂ ਵੱਧ ਢਾਲ ਇਕੱਠੀ ਕਰਨ 'ਚ ਮਦਦ ਕਰ ਰਹੀਆਂ ਹਨ। ਜਿਹੜੇ ਵੀਰ ਘਰੋ ਘਰ ਢਾਲ ਇਕੱਠੀ ਕਰਨ ਜਾਂਦੇ ਹਨ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰੋ ਤਾਂ ਕਿ ਇਸ ਗੁਰੂ ਦੇ ਕਾਰਜ ਨੂੰ ਸਮੇਂ ਸਿਰ ਸੰਪੂਰਨ ਕੀਤਾ ਜਾ ਸਕੇ। ਪੱਕਾ ਲੋਨ ਲੈਣ ਲਈ ਜੋ ਫੰਡ ਘਟਦੇ ਹਨ, ਆਉ! ਸਾਰੇ ਰਲ ਮਿਲ ਕੇ ਆਪਣੀ ਕਿਰਤ ਕਮਾਈ ਵਿਚੋਂ ਸਰਦਾ ਪੁਜਦਾ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੀਏ।



ਸ. ਭੁਪਿੰਦਰ ਸਿੰਘ (ਬੌਬ) ਢਿੱਲੋਂ

**BHUPINDER SINGH (BOB) DHILLON**

Chairman, Planning Commission, City of San Jose
General Secretary of Sikh Gurudwara, San Jose (CA)

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

"ਕਲਿ ਤਾਰਣਿ ਗੁਰੂ ਨਾਨਕ ਆਇਆ"

# ਗੁਰਦੁਆਰਾ ਸਾਹਿਬ ਹੇਵਰਡ, ਕੈਲੇਫੋਰਨੀਆ

## ਜਗਤੁ ਤਾਰਣ "ਸ੍ਰੀ ਗੁਰੂ ਨਾਨਕ ਦੇਵ ਜੀ"

## ਦੇ ਪ੍ਰਕਾਸ਼ ਉਤਸਵ ਦੀ ਬੇ-ਏਰੀਆ ਦੀ ਸੰਗਤ ਨੂੰ ਲੱਖ ਲੱਖ ਵਧਾਈ

"ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ"

ਸਮੂਹ ਸੰਗਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਹੇਵਰਡ ਗੁਰੂ ਘਰ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸ਼ੁਭ ਮੌਕੇ 'ਤੇ 8 ਨਵੰਬਰ 2009 ਨੂੰ ਹੇਠ ਮੁਤਾਬਕ ਵਿਸ਼ੇਸ਼ ਸਮਾਗਮ ਹੋ ਰਹੇ ਹਨ ਤੇ ਇਸ ਮੌਕੇ ਦੀਵਾਨ ਸਜਣਗੇ।

### ਐਤਵਾਰ 8 ਨਵੰਬਰ 2009

**ਸਵੇਰੇ 6 ਵਜੇ ਤੋਂ 2 ਵਜੇ ਸ਼ਾਮ**

ਆਸਾ ਕੀ ਵਾਰ 6:00-8:00
ਭੋਗ ਸ੍ਰੀ ਅਖੰਡ ਪਾਠ 8:00-9:00
ਸੇਵਾ ਨਿਸ਼ਾਨ ਸਾਹਿਬ 9:00-10:30
ਦੀਵਾਨ 10:30-2:00

ਸਮਾਗਮ ਦੌਰਾਨ ਪੰਥ ਦੇ ਪ੍ਰਸਿੱਧ ਰਾਗੀ ਅਤੇ ਹੋਰ ਜਥੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਹਾਜ਼ਰੀਆਂ ਭਰ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



### ਕਲੈਸਟਰੋਲ ਅਤੇ ਸ਼ੂਗਰ ਕਲਾਸਾਂ

ਸੰਗਤਾਂ ਦੀ ਸੇਵਾ ਵਜੋਂ 15 ਨਵੰਬਰ ਤੋਂ ਕਲੈਸਟਰੋਲ ਅਤੇ ਸ਼ੂਗਰ ਸਬੰਧੀ ਮੁਫਤ ਕਲਾਸਾਂ ਵੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਤੇ ਹਰ ਐਤਵਾਰ 11:30 ਤੋਂ 1:30 ਵਜੇ ਦੁਪਹਿਰ ਤਕ ਲੱਗਣਗੀਆਂ

**ਹੋਰ ਜਾਣਕਾਰੀ ਅਤੇ ਮਸ਼ਵਰੇ ਲਈ ਕਾਲ ਕਰੋ**

ਡਾਲੀ ਆਹਲੂਵਾਲੀਆ: (510) 314-0942
ਇੰਦਰਜੀਤ ਕੌਰ: (510) 659-9340

**Free Classes for CHOLESTEROL MANAGEMENT and DIABETES NUTRITION**

Classes start in Two Part Series from November 15, 2009 on every Sunday from 11:30-1:30 p.m.

**"Healthy Body Healthy Mind"**

Get your Cholesterol, HDL, LDL, Triglycerides, Blood Sugar tested and learn ways to improve your numbers.

**For information and individual counseling contact:**

Dolly Ahluwalia: (510) 314-0942
Inderjit Kaur: (510) 659-9340

**ਗੁਰੂ ਸੰਗਤਾਂ ਦੇ ਦਾਸ:ਸਮੂਹ ਪ੍ਰਬੰਧਕ ਕਮੇਟੀ**

ਮਹਿੰਦਰ ਸਿੰਘ, ਸੁਖਬੀਰਪਾਲ ਸਿੰਘ ਗਿੱਲ, ਗੁਰਦੇਵ ਸਿੰਘ ਬੱਲ, ਗੁਰਦੀਪ ਸਿੰਘ ਗੁਜਰਾਲ, ਸੁਖਵਿੰਦਰ ਸਿੰਘ ਵੜੈਚ, ਸੁਰਿੰਦਰ ਕੌਰ ਨਿੱਝਰ, ਜਗਜੀਤ ਕੌਰ ਸਿਧੂ, ਜੀਤ ਸਿੰਘ, ਕੁਲਦੀਪ ਸਿੰਘ ਸੋਢੀ, ਦੌਲਤ ਸਿੰਘ ਨਿੱਝਰ, ਰਜਿੰਦਰਪਾਲ ਸਿੰਘ ਸੱਭਰਵਾਲ, ਗੁਰਮੀਤ ਸਿੰਘ ਕਾਲੜਾ, ਹਰਪਾਲ ਸਿੰਘ

# Gurdwara Sahib, Hayward

1798 D Street, Hayward, CA, Phone: 510-888-1600

ੴ ਸਤਿਗੁਰ ਪ੍ਰਸਾਦਿ

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।*
*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।*
*ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।*

# ਮ੍ਰਿਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ

ਗੁਰੂ ਪਿਆਰੀ ਸਾਧ ਸੰਗਤ ਜੀਉ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।
ਗੁਰੂ ਮਹਾਰਾਜ ਨੇ ਸੈਨ ਹੋਜ਼ੇ ਦੀਆਂ ਸਿੱਖ ਸੰਗਤਾਂ ਉਤੇ ਅਪਾਰ ਕਿਰਪਾ ਕਰਕੇ ਗੁਰੂ ਘਰ ਦੀ ਖੂਬਸੂਰਤ ਇਮਾਰਤ ਬਣਾਉਣ ਦੀ ਸੇਵਾ ਬਖ਼ਸ਼ੀ ਹੈ। ਗੁਰੂ ਘਰ ਦੀ ਇਹ ਬਣ ਰਹੀ ਨਵੀਂ ਖੂਬਸੂਰਤ ਇਮਾਰਤ ਆਪਣੇ ਅਖੀਰਲੇ ਪੜਾਅ ਵਲ ਵਧ ਰਹੀ ਹੈ ਅਤੇ ਆਉਂਦੇ ਕੁਝ ਕੁ ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗੀ। ਗੁਰੂ ਘਰ ਦੀਆਂ ਸੰਗਤਾਂ ਵਿਚ ਇਸ ਇਮਾਰਤ ਨੂੰ ਮੁਕੰਮਲ ਕਰਨ ਪ੍ਰਤੀ ਬਹੁਤ ਉਤਸ਼ਾਹ ਹੈ ਅਤੇ ਵੱਧ ਤੋਂ ਵੱਧ ਢਾਲ ਇਕੱਠੀ ਕਰਨ ‘ਚ ਮਦਦ ਕਰ ਰਹੀਆਂ ਹਨ। ਜਿਹੜੇ ਵੀਰ ਘਰੋ ਘਰ ਢਾਲ ਇਕੱਠੀ ਕਰਨ ਜਾਂਦੇ ਹਨ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰੋ ਤਾਂ ਕਿ ਇਸ ਗੁਰੂ ਦੇ ਕਾਰਜ ਨੂੰ ਸਮੇਂ ਸਿਰ ਸੰਪੂਰਨ ਕੀਤਾ ਜਾ ਸਕੇ। ਪੱਕਾ ਲੋਨ ਲੈਣ ਲਈ ਜੋ ਫੰਡ ਘਟਦੇ ਹਨ, ਆਉ! ਸਾਰੇ ਰਲ ਮਿਲ ਕੇ ਆਪਣੀ ਕਿਰਤ ਕਮਾਈ ਵਿਚੋਂ ਸਰਦਾ ਪੁਜਦਾ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੀਏ।



ਪ੍ਰੀਤਮ ਸਿੰਘ ਗਰੇਵਾਲ
ਸਟੇਜ ਸਕੱਤਰ, ਗੁਰਦੁਆਰਾ ਸੈਨ ਹੋਜ਼ੇ

ਵਲੋਂ

## ਪ੍ਰੀਤਮ ਸਿੰਘ ਗਰੇਵਾਲ

***Grewal Enterprises, San Jose, CA, Ph: 408-406-0703***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ

## ਗੁਰਪੁਰਬ ਦੀ ਲੱਖ ਲੱਖ ਵਧਾਈ

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

| | | | | |
|---|---|---|---|---|
| 111 Nancy Ln (6plex)<br>San Jose CA 95127 | 2186 Pedro Ln<br>Tracy CA 95377 | **Just Sold!** | 3500 Sanddollar Ct.<br>Union City CA 94587 | 127 Schott St.<br>San Jose CA 95116 |
| 1568 Cindy Way<br>Tracy CA 95377 | 2972 Campbell Ln,<br>Tracy CA 95377 | 1881 Daytona Dr<br>San Jose CA 95122 | 27106 Saint Francis Ave<br>Hayward CA 94544 | 27476 Coronado Way<br>Hayward CA 94545 |
| 442 General Ln.<br>Tracy CA 95377 | 27436 Lyford Street<br>Hayward CA 94544 | 164 Harvard Dr<br>Vallejo CA 94589 | 4140 Aquarius Cir<br>Union City CA 94587 | 1939 Navy Pl<br>San Jose CA 95133 |
| 1715 Reyes Ln<br>Tracy CA 95376 | 4169 Colby St.<br>Fremont CA 94538 | 767 Clifford Dr.,<br>Lathrop CA 95330 | 4604 Rochelle Dr.<br>Union City CA 94587 | 1430 Chilco St.<br>Menlo Park CA 94025 |

## Refinance Now

**30 Yr Fixed Rates Are Getting Better!!!**
**Refinance Now At Low Cost**
**Call Sukhi Gill @ 510-207-9067**

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ
ਸੁਖਵੀਰ ਅਤੇ ਜੱਸੀ ਗਿੱਲ

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc(PAU)
CA DRE# 00966763
Broker/Owner/Notary

*We can also sell your house in short sale.*

*2004 to 2006 Award Winner
Top 1% Listing Realtor
in Bay Area

Sacramento Office:
8695 Territorial Way,
Elk Grove CA 95624
Tel:- 916-612-5773
Fax:- 916-393-2586

E-mail: jassi@jassigill.com or
Visit us @ www.jassigill.com
for hot listings

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।

# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ ਹੋਵੇ



ਦੇਵ ਸਿੰਘ ਗਰੇਵਾਲ

ਵਲੋਂ

## ਦੇਵ ਸਿੰਘ ਗਰੇਵਾਲ ਅਤੇ ਸਮੂਹ ਪਰਿਵਾਰ

## Grewal Enterprises

San Jose, CA

Ph: 408-406-0703

# ਬਾਬਾ ਨਾਨਕ ਜੀ-ਤੇਰਾ ਕੌਣ ਪਿਆਰਾ ਸੰਤ ਭਿੰਡਰਾਂ ਵਾਲਾ



ਦਲਬੀਰ ਸਿੰਘ ਪੱਤਰਕਾਰ

ਇਹਨੀ ਦਿਨੀਂ 'ਸਿੱਖ ਕੁੱਲ ਨਾਸ'' ਦੇ 25 ਸਾਲਾ ਅਵਸਰ 'ਤੇ ਖਾੜਕੂਵਾਦ/ ਸਰਕਾਰੀ ਅੱਤਵਾਦ ਦੇ ਹਾਮੀਆਂ ਅਤੇ ਵਿਰੋਧੀਆਂ ਵਲੋਂ ਮੀਡੀਆ ਵਿਚ ਚਰਚਾਵਾਂ ਬੜੇ ਜ਼ੋਰ ਸ਼ੋਰ ਨਾਲ ਜਾਰੀ ਹਨ। ਸ਼ਿਵ ਸੈਨਾ ਅਤੇ ਹੋਰ ਕੱਟੜ ਹਿੰਦੂਤਵੀ ਸੰਸਥਾਵਾਂ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਇਹ ਕਹਿਕੇ ਭੰਡਿਆ ਜਾ ਰਿਹਾ ਹੈ ਕਿ ਉਹਨਾਂ ਨੂੰ ਕਾਂਗਰਸ ਨੇ ਉਭਾਰਿਆ ਸੀ ਅਤੇ ਉਸਨੇ ਹਿੰਦੂਆਂ ਦਾ ਵੱਡੀ ਪੱਧਰ ਤੇ ਕਤਲੇਆਮ ਕਰਾਇਆ। ਭਾਰਤ ਦੇ ਇਕ ਵੱਡੇ ਮੈਗਜ਼ੀਨ ''ਆਊਟ ਲੁਕ' ਨੇ 1984 ਦੇ ਘਟਨਾ ਕਰਮਾਂ ਨੂੰ ਲੈ ਕੇ ਇਕ ਪਰਚਾ ਵੀ ਪ੍ਰਕਾਸ਼ਿਤ ਕੀਤਾ ਹੈ। ਉਸ ਵਿਚ ਛਪੇ ਲੇਖਾਂ 'ਤੇ ਜੋ ਟਿਪਣੀ ਨੁਮਾ ਚਿੱਠੀਆਂ ਆਈਆਂ ਹਨ ਉਹਨਾਂ ਵਿਚ ਲੱਗਭਗ ਸਾਰੇ ਹਿੰਦੂਆਂ ਨੇ ਦੋਸ਼ੀ ਸੰਤ ਭਿੰਡਰਾਂਵਾਲਿਆਂ ਨੂੰ ਗਰਦਾਨਿਆ । ਕਮਾਲ ਇਹ ਸੀ ਕਿ ਟਿੱਪਣੀਕਾਰਾਂ ਵਿਚ ਕਿਸੇ ਸਿੱਖ ਦੀ ਚਿੱਠੀ ਨਹੀਂ ਛਪੀ ਭਾਵੇਂ ਇਕ ਵਿਦੇਸ਼ੀ ਸਿੱਖ ਵੀਰ ਦੀਆਂ ਚਾਰ ਕੁ ਲਾਈਨਾਂ ਛਪੀਆਂ ਹਨ। ਜਿਹਨਾਂ ਵਿਚ ਉਸਨੇ ਇਹਨਾਂ ਘਟਨਾਵਾਂ 'ਤੇ ਦੁੱਖ ਪ੍ਰਗਟ ਕੀਤਾ ਹੈ।

ਪਰਚੇ ਵਿਚ ਚਰਚਾ ਸੀ ਕਿ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਉੱਘੇ ਸਿੱਖ ਪੱਤਰਕਾਰ ਖੁਸ਼ਵੰਤ ਸਿੰਘ ਨੇ ਵਿਦੇਸ਼ੀ ਅਸੈਂਬਲੀ ਵਿਚ ਸ਼ਰਨ ਲਈ। ਲੈਫਟੀਨੈਂਟ ਜਰਨਲ ਜਗਜੀਤ ਸਿੰਘ ਅਰੋੜਾ ਨੇ ਪਿਛਲੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਸਟੋਰ ਵਿਚ ਸ਼ਰਨ ਲੈ ਕੇ ਜਾਨ ਬਚਾਈ। ਦਿੱਲੀ ਹਾਈਕੋਰਟ ਦੇ ਰਿਟਾਇਰ ਸਿੱਖ ਜੱਜ ਐਸ.ਐਸ.ਚੱਡਾ ਨੇ ਦਿੱਲੀ ਹਾਈਕੋਰਟ ਦੀ ਹੀ ਸਰਕਾਰੀ ਇਮਾਰਤ ਵਿਚ ਸ਼ਰਨ ਲਈ। ਨਵਪ੍ਰੀਤ ਨਾਂ ਦੀ ਇਕ ਬੀਬੀ 2 ਨਵੰਬਰ 1984 ਨੂੰ 16 ਸਾਲ ਦੀ ਸੀ ਅਤੇ ਉਸ ਦਾ ਦਾਦਾ ਉਸਦੇ ਸਾਹਮਣੇ ਜਿਉਂਦਾ ਸਾੜਿਆ ਗਿਆ ਸੀ। ਇਸ ਬੀਬੀ ਨੇ ਇਕ ਖਾੜਕੂ ਨੌਜਵਾਨ ਨਾਲ ਸ਼ਾਦੀ ਕਰ ਲਈ ਜਿਸ ਨੂੰ ਸ਼ਾਦੀ ਦੇ 12 ਦਿਨਾਂ ਪਿੱਛੋਂ ਪੁਲਿਸ ਲੈ ਗਈ। ਅੱਜ ਤੱਕ ਉਸ ਦਾ ਕੋਈ ਥੌਹ ਪਤਾ ਨਹੀਂ।


ਨਵਪ੍ਰੀਤ ਨੂੰ 1988 ਤੋਂ ਲੈ ਕੇ 1996 ਤੱਕ ਜੇਲ੍ਹ 'ਚ ਬੰਦ ਰੱਖਿਆ ਗਿਆ। ਅੱਜ ਕੱਲ੍ਹ ਉਹ ਜਸਟਿਸ ਫਾਰ ਵਿਕਟਮਸ ਨਾਮ ਦੀ ਜਥੇਬੰਦੀ ਵਿਚ ਕੰਮ ਕਰ ਰਹੀ ਹੈ। ਇਹ ਗੱਲ ਤਾਂ ਅੱਜ ਬੱਚਾ ਬੱਚਾ ਜਾਣਦਾ ਹੈ ਕਿ ਸਾਕਾ ਨੀਲਾ ਤਾਰਾ ਅਤੇ ਉਸ ਤੋਂ ਪਿੱਛੋਂ ਦੇ ਸਮੇਂ ਵਿਚ ਮਾਰੇ ਗਏ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਵਾਰਸਾਂ ਦੇ ਹਵਾਲੇ ਨਹੀਂ ਸੀ ਕੀਤੀਆਂ ਗਈਆਂ ਅਤੇ ਉਹਨਾਂ ਨੂੰ 'ਅਣਪਛਾਤੀਆਂ' ਕਹਿ ਕੇ ਸਾੜਿਆ ਜਾ ਰੋਲਿਆ ਗਿਆ ਸੀ। ਜਿਹਨਾਂ ਵਿਚੋਂ ਕਰੀਬ 21ਸੌ ਲਾਸ਼ਾਂ ਸ. ਜਸਵੰਤ ਸਿੰਘ ਖਾਲੜਾ ਨੇ ਸਬੂਤਾਂ ਸਹਿਤ ਪਛਾਣੀਆਂ ਸਨ। ਪਰ ਅੱਜ ਤੱਕ ਉਹਨਾਂ ਦਾ ਪੂਰਾ ਹਿਸਾਬ ਕਿਤਾਬ ਨਹੀਂ ਹੋਇਆ। ਅਜਿਹੀਆਂ ਲਾਸ਼ਾਂ ਵਿਚ ਆਮ ਚਰਚਿਤ ਗਿਣਤੀ 25 ਹਜ਼ਾਰ ਮੰਨੀ ਜਾਂਦੀ ਹੈ। ਕੇਂਦਰ ਸਰਕਾਰ ਨੇ ਅੰਗ੍ਰੇਜ਼ਾਂ ਵਲੋਂ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਸਮੇਂ ਅਪਣਾਈ ਪਹੁੰਚ ਵੀ ਨਾ ਧਾਰਨ ਕੀਤੀ ਜਿਸ ਅਧੀਨ ਉਸ ਸਮੇਂ ਦੀਆਂ ਸਾਰੀਆਂ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਦਾ ਮੁਆਵਜ਼ਾ ਦਿੱਤਾ ਗਿਆ ਸੀ। ਦੋਸ਼ੀਆਂ ਨੂੰ ਸਜ਼ਾ ਵੀ ਦਿੱਤੀ ਗਈ।

ਸਿੱਖ ਭਾਈਚਾਰੇ ਲਈ ਅਤੇ ਦੂਜੇ ਨੇਕ ਸੋਝੀ ਵਾਲੇ ਲੋਕਾਂ ਲਈ ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਦਿੱਲੀ ਆਦਿ ਸ਼ਹਿਰਾਂ ਵਿਚ ਸਿੱਖ ਵਿਰੋਧੀ ਨਸਲੀ ਘਾਣ, ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ, ਸਾੜੇ ਗਏ ਮਰਦਾਂ, ਔਰਤਾਂ, ਬੱਚੇ ਅਤੇ ਕੀਤੀਆਂ ਗਈਆਂ ਲੁੱਟਾਂ ਤੇ ਬਲਤਕਾਰਾਂ ਆਦਿ ਦਾ ਹਿਸਾਬ ਲੈਣ ਦਾ ਏਜੰਡਾ ਸਿੱਖਾਂ ਸਾਹਮਣੇ ਅੱਜ ਵੀ ਮੂੰਹ ਅੱਡੀ ਖੜਾ ਹੈ। ਸਰਕਾਰਾਂ ਜੋ ਮਰਜ਼ੀ ਕਰਦੀਆਂ ਰਹਿਣ ਇਹ ਹਿਸਾਬ ਕਿਤਾਬ ਉਹਨਾਂ ਨੂੰ ਦੇਣਾ ਹੀ ਪਵੇਗਾ। ਸ਼ਿਵ ਸੈਨਾ ਅਤੇ ਲਾਲਾ ਜਗਤ ਨਰਾਇਣ ਦੇ ਬੇਟੇ ਜਿੰਨਾ ਮਰਜ਼ੀ ਸਿੱਖ ਵਿਰੋਧੀ ਜ਼ਹਿਰ ਉਗਲਦੇ ਰਹਿਣ, ਇਸ ਲੇਖੇ ਜੋਖੇ ਵਿਚ ਉਹਨਾਂ ਦੇ ਸਮਰਥਕਾਂ ਦੀ ਭੂਮਿਕਾ ਕਿਸੇ ਨਾ ਕਿਸੇ ਸਮੇਂ ਜਰੂਰ ਨੰਗੀ ਹੋਵੇਗੀ। ਇਹ ਗੱਲ ਵੀ ਪੱਕੀ ਹੈ ਕਿ ਜਦ ਤਾਈਂ ਉਹਨਾਂ ਦਾ ਜ਼ਹਿਰੀਲਾ ਪ੍ਰਚਾਰ ਪੰਜਾਬ ਵਿਚ ਬੰਦ ਨਹੀਂ ਹੁੰਦਾ, ਇਸ ਧਰਤੀ 'ਤੇ ਸਦੀਵੀਂ ਸ਼ਾਂਤੀ ਦੀ ਬਹਾਲੀ ਮੁਸ਼ਕਲ ਹੈ। ਪੰਜਾਬ ਦੇ ਹਿੰਦੂ ਅਤੇ ਸਿੱਖ ਭਾਈਚਾਰੇ ਵਿਚ ਸੱਚੇ ਹਿਰਦੇ ਵਾਲਾ ਤਾਲਮੇਲ ਬਿਠਾਉਣ ਲਈ ਇਕ ਵੱਡਾ ਪੈਂਤੜਾਂ ਲੈਣਾ ਜ਼ਰੂਰੀ ਹੈ। ਆੜ੍ਹਤ ਦਾ ਸਿਸਟਮ ਖਤਮ ਕਰਕੇ ਕੋਆਪਰੇਟਿਵ ਸੋਸਾਇਟੀਆਂ ਨੂੰ ਆੜ੍ਹਤ ਦਾ ਕੰਮ ਸੌਂਪਿਆ ਜਾਵੇ ਅਤੇ ਕਿਸਾਨੀ ਜਿਣਸ ਲਈ ਖਾਦਾਂ ਦਵਾਈਆਂ ਆਦਿ ਇਥੋਂ ਹੀ ਵੇਚੀਆਂ ਜਾਣ। ਪੰਜਾਬ ਦੀ ਵਸੋਂ ਲਈ ਵਰਤੋਂ ਦੀਆਂ ਚੀਜ਼ਾਂ ਕੋਪਰੇਟਿਵ ਸੁਸਾਇਟੀ ਦੇ ਨਿਰਧਾਰਿਤ ਸਟੋਰ ਤੇ ਨਿਰਧਾਰਤ ਰੇਟਾਂ ਤੇ ਵੇਚੀਆਂ ਜਾਣ। ਕਮਾਲ ਵੇਖੋ ਕਿ ਅਮ੍ਰਿਤਸਰ ਸ਼ਹਿਰ ਬੜੇ ਉਚੇ ਤੇ ਸੁੱਚੇ ਨਿਸ਼ਾਨੇ ਰੱਖ ਕੇ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਦੇਖ ਰੇਖ ਹੇਠ ਵਸਾਇਆ ਗਿਆ। ਪਰ ਅੱਜ ਇਹ ਪੂਰੀ ਤਰ੍ਹਾਂ ਸਿੱਖ ਵਿਰੋਧੀ ਵਿਚਾਰਧਾਰਾ ਦੀ ਅਗਨ ਭੱਠੀ ਬਣਿਆ ਹੋਇਆ ਹੈ।

ਇਸ ਸਾਰੀ ਲੜੀ ਨੂੰ ਸਮਝਣ ਲਈ ਦੋ ਨੁਕਤਿਆਂ ਵਲ ਧਿਆਨ ਦੇਣਾ ਜਰੂਰੀ ਹੈ, ਇਕ ਤਾਂ ਇਹ ਕਿ ਵਾਜਪਾਈ ਦੇ ਕਹਿਣ ਅਨੁਸਾਰ ਇੰਦਰਾ ਦੁਰਗਾ ਸੀ ਜਾਂ ਇਕ ਡਾਇਣ। ਇਹ ਸ਼ਬਦ 'ਆਊਟ ਲੁਕ' ਨੇ ਵੀ ਵਰਤਿਆ ਹੈ। ਦੂਜਾ ਨੁਕਤਾ ਹੈ ਜੋ ਸੰਤ ਭਿੰਡਰਾਂਵਾਲਿਆਂ ਨੇ ਵਾਰ ਵਾਰ ਦੁਹਰਾਇਆ ਕਿ ਸਿੱਖ ਭਾਰਤ ਅੰਦਰ ਗੁਲਾਮ ਹਨ।

ਅਜੋਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਕ ਸੁਰ ਵਿਚ ਇਹ ਕਿਹਾ ਹੈ ਕਿ ਕੇਵਲ ਸਾਬਤ ਸੂਰਤ ਭਾਵ ਕੇਸਾਧਾਰੀ ਤੇ ਪਗੜੀਧਾਰੀ ਮਨੁੱਖ ਹੀ ਸਿੱਖ ਹੋ ਸਕਦਾ ਹੈ। ਅਸਲੀਅਤ ਇਹ ਹੈ, ਜਿਵੇਂ ਸਿੱਖ ਅਰਦਾਸ ਵਿਚ ਕਿਹਾ ਗਿਆ ਹੈ, ਸੁੱਧ ਹਿਰਦੇ ਤੋਂ ਬਿਨਾਂ ਕੋਈ ਵੀ ਕੇਸਾਧਾਰੀ ਜਾ ਸਾਬਤ ਸੂਰਤ ਮਨੁੱਖ ਸਿੱਖ ਨਹੀਂ ਹੋ ਸਕਦਾ। ਸਿੱਖ ਭਾਈਚਾਰੇ 'ਤੇ ਅੱਜ ਜੇ ਨਿਗਾਹ ਮਾਰੀਏ ਤਾਂ ਸਾਬਤ ਸੂਰਤ ਦੀ ਗੱਲ ਤਾਂ ਛੱਡੋ ਅਮ੍ਰਿਤਧਾਰੀਆਂ ਦਾ ਇੱਕ ਵੱਡਾ ਟੋਲਾ ਵੀ ਲੁਟੇਰਿਆਂ, ਠੱਗਾਂ ਅਤੇ ਕਾਤਲਾਂ ਆਦਿ ਦੇ ਰੂਪ ਵਿਚ ਸਿੱਖੀ ਦਾ ਅੰਗ ਬਣਿਆ ਹੋਇਆ ਹੈ। ਜਿਸ 'ਤੇ ਪਰਦਾ ਪਾਉਣ ਲਈ ਸਿੱਖ ਬੁੱਧੀਜੀਵੀ ਕਹਿਲਾਉਣ ਵਾਲਿਆਂ ਨੇ ਉਹਨਾਂ ਨੂੰ 'ਸਿੱਖ ਕੌਮ' ਦਾ ਅੱਖਰ ਵਰਤ ਕੇ ਆਪਣੇ ਅੰਗ ਨਾਲ ਲਾਇਆ ਹੋਇਆ ਹੈ। ਦੂਜੇ ਬੰਨੇ ਲੱਖਾਂ ਨਹੀਂ, ਸਗੋਂ ਕਰੋੜਾਂ ਇਨਸਾਨ ਇਸ ਧਰਤੀ ਤੇ ਮਿਲ ਜਾਣਗੇ ਜੋ ਸੁੱਧ ਹਿਰਦਿਆਂ ਦੇ ਮਾਲਕ ਨੇ। ਜੇ ਆਪਣੀਆਂ ਬਾਹਵਾਂ ਦੇ ਕਲਾਵੇ ਖੋਲ੍ਹੇ ਜਾਣ ਉਹ ਗੁਰੂ ਨਾਨਕ ਦੇਵ ਜੀ ਦੇ ਪੰਥ ਵਿਚ ਸ਼ਾਮਲ ਕਰਨ ਦੇ ਯੋਗ ਹਨ।

ਸੰਤ ਭਿੰਡਰਾਵਾਲਿਆਂ ਵਲੋਂ ਕਹੀ ਗਈ ਇਹ ਗੱਲ ਕਿ ਸਿੱਖ ਭਾਰਤ ਅੰਦਰ ਗੁਲਾਮ ਨੇ, ਦਾ ਅਸਲ ਵਿਚ ਅਰਥ ਇਹ ਹੈ ਕਿ ਸਿੱਖ ਵਿਚਾਰਧਾਰਾ ਭਾਰਤ ਅੰਦਰ ਗੁਲਾਮ ਹੈ। ਪਰ ਕੋਈ ਵੀ ਸਾਬਤ ਸੂਰਤ ਸਿੱਖ ਜੇ ਉਹ ਸਿੱਖ ਵਿਚਾਰਧਾਰਾ ਤੋਂ ਮੁਨਕਰ ਹੋ ਜਾਵੇ ਤਾਂ ਸਰਕਾਰੇ ਦਰਬਾਰੇ ਉਸ ਦਾ ਮਾਣ ਸਤਿਕਾਰ ਕਈ ਗੁਣਾ ਵਧ ਜਾਂਦਾ ਅਤੇ ਉਹ ਗੁਲਾਮੀ ਦੀ ਥਾਂ ਆਪਣੀ ਅਜ਼ਾਦੀ 'ਤੇ ਮਾਣ ਕਰਦਾ ਹੈ।



ਕੁਝ ਐਸੇ ਕਿਸਮ ਦਾ ਵਰਤਾਰਾ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦੇ ਅਜੋਕੇ ਵਿਚਰਨ ਵਿਚੋਂ ਸਾਹਮਣੇ ਆ ਰਿਹਾ ਹੈ। ਹਰਿਮੰਦਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਸਥਾਪਤ ਕਰਨ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਜੋ ਆਦੇਸ਼ ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ ਅਤੇ ਆਪਣੇ ਬੇਟੇ ਗੁਰੂ ਹਰਗੋਬਿੰਦ ਜੀ ਨੂੰ ਭੇਜੇ ਉਹਨਾਂ 'ਤੇ ਅਮਲ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਗਈ । ਇਸ ਦੀ ਲੋੜ ਇਸ ਕਰਕੇ ਪਈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਾਜ ਵਿਚ ਲੈ ਜਾਣ ਦੇ ਰਾਹ ਵਿਚ ਸਰਕਾਰ, ਭਾਵ ਸਟੇਟ ਰੋੜੇ ਅਟਕਾਉਣ ਲੱਗ ਪਈ ਸੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਸ ਰਾਹ ਵਿਚ ਵੱਡਾ ਰੋੜਾ ਅਟਕਾਉਣ ਦੀ ਕਾਰਵਾਈ ਸੀ। ਇਸ ਨੂੰ ਲਾਂਭੇ ਕਰਨ ਲਈ ਸੱਚੇ ਸੁੱਚੇ ਪੰਥਕ ਸਮਰਥਕਾਂ ਦੀ ਇੱਕ ਸ਼ਕਤੀ ਜਥੇਬੰਦ ਕਰਨੀ ਜ਼ਰੂਰੀ ਸੀ। ਭਾਵ ਸੱਚ ਦੀ ਆਵਾਜ਼ ਨੂੰ ਵਧਾਉਣ, ਫੈਲਾਉਣ ਲਈ ਹਥਿਆਰ ਬੰਦ ਸ਼ਕਤੀ ਦੀ ਲੋੜ ਸੀ। ਜਿਸ ਦੀ ਸਿਖਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਿਰਜਣਾ ਕਰਕੇ ਪ੍ਰਗਟਾਈ।

ਲੁੱਟ ਖਸੁੱਟ, ਜ਼ੁਲਮ ਅਤੇ ਦਹਿਸ਼ਤ 'ਤੇ ਅਧਾਰਤ ਰਾਜ ਪ੍ਰਬੰਧ ਦੀ ਥਾਂ ਨੇਕੀ ਅਤੇ ਇੰਨਸਾਫ 'ਤੇ ਅਧਾਰਤ ਰਾਜ ਪ੍ਰਬੰਧ ਬਣਾਉਣ ਵਿਚ ਸਿੱਖ ਅਸਫਲ ਰਹੇ। ਬੰਦਾ ਸਿੰਘ ਬਹਾਦਰ ਨੇ ਇਸ ਸੇਧ ਵਲ ਅਰੰਭ ਤਾਂ ਕੀਤਾ ਪਰ ਸਿੱਖ ਭਾਈਚਾਰੇ ਅੰਦਰ ਨਵੇਂ ਨੇਕ ਰਾਜ ਪ੍ਰਬੰਧ ਦੀ ਸੋਝੀ ਦੀ ਘਾਟ ਅਤੇ ਹਉਮੈ ਤੇ ਲਾਲਚ ਦੀਆਂ ਕੁਰੁਚੀਆਂ ਨੇ ਇਸ ਪੈਂਤੜੇ ਨੂੰ ਅੱਗੇ ਨਾ ਵਧਣ ਦਿੱਤਾ । ਰਣਜੀਤ ਸਿੰਘ ਦਾ ਇਕ ਪੁਰਖੀ ਭ੍ਰਿਸ਼ਟ ਅਤੇ ਬਦਇਖਲਾਕ ਰਾਜ ਖਤਮ ਹੋ ਕੇ ਰਹਿ ਗਿਆ। ਮਗਰੋਂ ਤਾਂ ਸਿੱਖਾਂ ਨੇ ਇਹ ਰਾਹ ਅਪਣਾਉਣਾ ਹੀ ਛੱਡ ਦਿੱਤਾ।

ਇਸ ਲੜੀ ਵਿਚ ਦੂਜਾ ਨੁਕਤਾ ਸ੍ਰੀ ਅਕਾਲ ਤਖਤ ਸਾਹਿਬ ਦੀ ਅਜੋਕੀ ਭੂਮਿਕਾ ਹੈ। ਇਕ ਵਾਰ ਫਿਰ ਇਸ ਗੱਲ 'ਤੇ ਜ਼ੋਰ ਦੇਂਦੇ ਹਾਂ ਕਿ ਅਕਾਲ ਤਖਤ ਸਾਹਿਬ ਰਾਜਸੀ ਕੇਂਦਰ ਸੀ/ ਹੈ। ਅੱਜ ਵੀ ਇਸਦੀ ਉਹ ਹੀ ਮਹੱਤਤਾ ਹੈ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਇਸ ਸੰਸਥਾ ਦੀ ਕਾਇਮੀ ਲਈ ਹਦਾਇਤ ਕੀਤੀ ਸੀ। ਗੁਰੂ ਹਰਗੋਬਿੰਦ ਜੀ, ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੇ ਇਸ 'ਤੇ ਅਮਲ ਕੀਤਾ ਸੀ। ਹੁਣ ਹਾਲਤ ਕੀ ਹੈ? ਪੰਜਾਬ ਅੰਦਰ ਅਜੋਕੀ ਰਾਜਨੀਤੀ ਦਾ ਵਰਤਾਰਾ ਸਿਖਰ ਦੇ ਭ੍ਰਿਸ਼ਟਾਚਾਰ ਵਿਚ ਫਸਿਆ ਹੋਇਆ ਹੈ। ਸਮੁੱਚੀ ਧਰਤੀ ਦੇ ਦੇਸ਼ਾਂ ਵਾਂਗ ਭਾਰਤ ਅੰਦਰ ਵੀ ਭ੍ਰਿਸ਼ਟਾਚਾਰ ਪਾਰਲੀਮੈਂਟ, ਅਸੈਂਬਲੀਆਂ, ਨੌਕਰਸ਼ਾਹੀ ਅਤੇ ਉੱਚੀਆਂ ਨੀਵੀਆਂ ਅਦਾਲਤਾਂ ਦੇ ਨਾਲ ਨਾਲ ਧਾਰਮਿਕ ਸਥਾਨਾਂ ਵਿਚ ਗੋਲਕਾਂ ਦੀ ਲੁੱਟ ਨਾਲ ਪਰਚਲਤ ਹੈ। ਅਕਾਲ ਤਖਤ ਸਾਹਿਬ ਵਲੋਂ ਸਿੱਖ ਰਾਜਨੀਤਿਕਾਂ ਨੂੰ ਇਹਨਾਂ ਦੇ ਵਾਧੇ ਖਿਲਾਫ ਕਾਰਵਾਈਆਂ ਤੋਂ ਰੋਕਣ ਲਈ ਕੋਈ ਅਵਾਜ਼ ਨਹੀਂ ਉਠ ਰਹੀ। ਉਲਟਾ ਹੋ ਇਹ ਰਿਹਾ ਹੈ ਕਿ ਸਿਖ਼ਰ ਦੇ ਭ੍ਰਿਸ਼ਟਾਚਾਰੀ ਕਾਤਲ, ਠੱਗ ਅਤੇ ਇਖਲਾਕਹੀਣ ਲੋਕਾਂ ਦੀਆਂ ਰਾਜਨੀਤਿਕ ਖੇਤਰ ਵਿਚ ਚਲ ਰਹੀਆਂ ਅਤੇ ਜਾਣੀਆਂ ਪਛਾਣੀਆਂ ਕਾਰਵਾਈਆਂ 'ਤੇ ਪਰਦਾ ਪਾਉਣ ਲਈ, ਪੁਜਾਰੀ, ਜਿਹਨਾਂ ਨੂੰ 'ਸਿੰਘ ਸਾਹਿਬ' ਕਿਹਾ ਜਾਂਦਾ ਹੈ, ਹੱਥ ਠੋਕਾ ਬਣੇ ਹੋਏ ਹਨ। ਇਸ ਸਥਿਤੀ ਵਿਚ ਕੋਈ ਸੁਧਾਰ ਆਉਣ ਦੀ ਉਕਾ ਹੀ ਆਸ ਨਹੀਂ । ਸੰਤ ਭਿੰਡਰਾਵਾਲਾ ਵਲੋਂ ਸਿੱਖ 'ਸਿੱਖ ਗੁਲਾਮ ਹਨ' ਦਾ ਕਥਨ ਤਾਂ ਇਸੇ ਕਰਕੇ ਸਿੱਧ ਹੁੰਦਾ ਹੈ ਕਿ ਅਕਾਲ ਤਖਤ 'ਤੇ ਬਿਰਾਜ਼ਮਾਨ ਪ੍ਰਬੰਧਕ ਇਸ ਗੁਲਾਮੀ ਦੇ ਪੁਤਲੇ ਹਨ। ਅਕਾਲ ਤਖਤ ਦਾ ਇਤਿਹਾਸ ਇਹ ਹੈ ਕਿ ਇਸ ਨੂੰ ਕਦੀ ਵੀ ਅਜ਼ਾਦ ਰੂਪ ਵਿਚ, ਸਿੱਖ ਵਿਚਾਰਾਂ ਅਨੁਸਾਰ ਸਰਕਾਰਾਂ ਵਲੋਂ ਚਲਣ ਨਹੀਂ ਦਿੱਤਾ ਗਿਆ। ਇਸ ਸੱਚ ਦੇ ਤਖਤ ਉੱਤੇ ਪਹਿਰੇ ਲੁਆ ਕੇ ਰੱਖੇ ਗਏ। ਵੱਡੇ ਰਾਜਨੀਤਿਕ ਅਤੇ ਜਨਤਕ ਰਾਜਨਿਤਕ ਮਸਲਿਆਂ ਦੀ ਥਾਂ ਨਿਕੇ ਮੋਟੇ ਅਜਿਹੇ ਮਸਲੇ ਖੜ੍ਹੇ ਕੀਤੇ ਗਏ ਜੋ ਸਿੱਖਾਂ ਨੂੰ ਗਧੀ ਗੇੜ ਵਿਚ ਪਾਈ ਰੱਖਣ। ਜਿਹਨਾਂ ਦੀ ਸਹਾਇਤਾ ਨਾਲ ਸਰਕਾਰ, ਗੁਰਧਾਮਾਂ ਦੇ ਪ੍ਰਬੰਧਕ ਆਪਣੀ ਪੇਟ ਪੂਰਤੀ ਦੀਆਂ ਕੋਸ਼ਿਸ਼ਾਂ ਵਿਚ ਖੁਸ਼ੀ-ਖੁਸ਼ੀ ਵਿਚਰਦੇ ਰਹਿਣ। ਇਸ ਸਥਿਤੀ ਨੂੰ ਸਾਹਮਣੇ ਰੱਖਦਿਆਂ ਹੋਇਆਂ **ਸਮੇਂ ਦੀ ਮੰਗ ਹੈ ਕਿ 'ਪੰਜ ਸਿੰਘ ਸਾਹਿਬਾਨ' ਦੀ ਸੰਸਥਾ ਦਾ ਖਾਤਮਾ ਕੀਤਾ ਜਾਵੇ। ਇਹਨਾਂ ਦੀਆਂ ਧਾਰਮਿਕ ਕਾਰਵਾਈਆਂ ਦਾ ਜਿੰਮਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਭਾਏ ਅਤੇ ਤਖਤਾਂ ਦੇ ਪ੍ਰਬੰਧ ਲਈ ਹਰਿਮੰਦਰ ਸਾਹਿਬ ਵਾਂਗ ਮੈਨੇਜਰ ਥਾਪ ਦਿੱਤੇ ਜਾਣ। ਇਹ ਪ੍ਰਬੰਧ ਉਦੋਂ ਤੱਕ ਕੱਠੇ ਰੂਪ ਵਿਚ ਚਲਦਾ ਰਹੇ ਜਦ ਤਾਈਂ ਅਕਾਲ ਤਖਤ ਸਾਹਿਬ ਸੱਚਮੁੱਚ ਸਰਬਤ ਖਾਲਸਾ ਵਲੋਂ ਯੋਗ ਕੰਟਰੋਲ ਹੇਠ ਨਹੀਂ ਆ ਜਾਂਦਾ।**

ਰਾਜਨੀਤੀ ਅੰਦਰ ਭ੍ਰਿਸ਼ਟਾਚਾਰ ਸਿਖਰ ਨੂੰ ਛੂਹ ਰਿਹਾ ਹੈ ਅਤੇ ਉਹ ਪਾਰਟੀਆਂ ਦੀਆਂ ਹੱਦਬੰਦੀਆਂ ਟੱਪ ਗਿਆ ਹੈ। ਇਸ ਦੀ ਇਕ ਉਦਾਹਰਨ ਇਹ ਹੈ ਕਿ ਪੰਜਾਬ ਅਸੈਂਬਲੀ ਦੇ ਸਾਰੀਆਂ ਪਾਰਟੀਆਂ ਦੇ ਲਗਭਗ 100 ਮੈਂਬਰਾਂ ਨੂੰ ਪੰਜਾਬ ਸਰਕਾਰ ਵਲੋਂ ਚੰਡੀਗੜ੍ਹ ਦੀ ਵਿਧਾਨ ਸਭਾ ਬਿਲਡਿੰਗ ਪਿੱਛੇ ਕਾਂਸਲ ਪਿੰਡ ਵਿਚ ਮਕਾਨ ਬਣਾਉਣ ਲਈ ਇਕ ਜ਼ਮੀਨ ਦਾ ਵੱਡਾ ਟੁਕੜਾ ਦਿੱਤਾ ਗਿਆ ਹੈ। ਇਸ ਜ਼ਮੀਨ ਨੂੰ ਟਾਟਾ ਦੀ ਇਕ ਫਰਮ ਨੇ ਹਰ ਮੈਂਬਰ ਨੂੰ ਚਾਰ ਸੌਣ ਵਾਲੇ ਕਮਰਿਆਂ ਦਾ ਇਕ ਘਰ, ਬਿਆਸੀ ਲੱਖ ਰੁਪਿਆ ਨਕਦ ਦੇ ਕੇ ਖਰੀਦ ਲਿਆ ਹੈ । ਇਹਨਾਂ ਮੈਂਬਰਾਂ ਵਿਚ ਸਾਰੀਆਂ ਪਾਰਟੀਆਂ ਦੇ ਸਿਆਸੀ ਨੇਤਾ ਸ਼ਾਮਲ ਹਨ। ਇਹਨਾਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਆਪਣੀਆਂ ਤਨਖਾਹਾਂ, ਭੱਤੇ, ਮੀਟਿੰਗਾਂ ਦੇ ਬਿਲ, ਸਿਹਤ ਸਹੂਲਤਾਂ ਦੇ ਖਰਚੇ ਦੁੱਗਣੇ ਤਿਗਣੇ ਕਰ ਲਏ । ਪੰਜਾਬ ਦੇ ਸਕੂਲਾਂ ਵਿਚ 30-35 ਹਜ਼ਾਰ ਟੀਚਰਾਂ ਦੀ ਕਮੀ ਹੈ। ਰਾਜ ਦਾ ਖਜਾਨਾ ਖਾਲੀ ਹੈ। ਹੁਣ ਤਾਈਂ ਸਰਕਾਰ ਸਿਰ ਕਰਜਾ 60 ਹਜ਼ਾਰ ਕਰੋੜ ਤਾਈਂ ਅਪੜ ਗਿਆ ਹੈ। ਉਦਾਹਰਣ ਵਜੋਂ ਨੂਰਮਹਿਲ ਦੇ ਸਰਕਾਰੀ ਸਕੂਲ ਵਿਚ ਸਾਢੇ ਚਾਰ ਸੌ ਵਿਦਿਆਰਥੀਆਂ ਨੂੰ ਪੜਾਉਣ ਵਾਲੀਆਂ ਸੈਂਤੀ ਅਸਾਮੀਆਂ ਖਾਲੀ ਹਨ। ਇਹੋ ਹਾਲਤ ਹਸਪਤਾਲਾਂ ਦੀ ਹੈ। ਕਾਰਨ ਸਾਦਾ ਹੈ। ਜੋ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਦਰਸਾਇਆ। ਲਾਲਚ ਤੇ ਹਉਮੈ ਨੇ ਮਾਰ ਲਿਆ ਹੈ। ਸਿੱਖ ਸਮਾਜ ਨੂੰ ਹਉਮੈ ਤੇ ਲਾਲਚ ਤੋਂ ਮੁਕਤ ਕਰਵਾਉਣਾ ਅੱਜ ਸਭ ਤੋਂ ਵੱਡਾ ਮੁੱਦਾ ਹੈ ਤਾਂ ਹੀ ਸਿੱਖ ਗੁਲਾਮੀ ਤੋਂ ਆਜ਼ਾਦ ਹੋ ਸਕਦਾ ਹੈ ।

ਕੰਮ ਬਹੁਤ ਔਖਾ ਹੈ ਅਤੇ ਸਰਕਾਰ ਨਾਲ ਕਦਮ ਕਦਮ ਤੇ ਟੱਕਰ ਲਿਆਂ ਤੋਂ ਬਿਨਾਂ ਇਸ ਪੈਂਤੜੇ ਤੇ ਅੱਗੇ ਤੁਰਨਾ ਔਖਾ ਹੈ। ਬਾਦਲਕਿਆਂ ਵਰਗਾ ਭ੍ਰਿਸ਼ਟਾਚਾਰ ਵਿਚ ਖੁੱਭਿਆ ਪਰਿਵਾਰ ਇਹ ਅਗਵਾਈ ਨਹੀਂ ਦੇ ਸਕਦਾ ਅਤੇ ਨਾ ਹੀ ਕਾਂਗਰਸੀ ਅਮਰਿੰਦਰ, ਨਾ ਹੀ ਉਸਦੀ ਸਰਪ੍ਰਸਤ ਰਾਣੀ ਸੋਨੀਆ ਗਾਂਧੀ।

1984 ਦੀਆਂ ਘਟਨਾਵਾਂ ਸਬੰਧੀ ਅਸੀਂ ਉਪਰ ਇਹ ਨੁਕਤਾ ਖੜ੍ਹਾ ਕੀਤਾ ਸੀ ਕਿ ਇੰਦਰਾ ਗਾਂਧੀ ਵਾਜਪਾਈ ਦੇ ਕਹਿਣ ਮੁਤਾਬਕ ਦੁਰਗਾ ਸੀ ਜਾਂ ਡਾਇਣ। ਸਿੱਖਾਂ ਨਾਲ ਜਿਸ ਤਰ੍ਹਾਂ ਉਹ ਵਿਚਰੀ ਉਹ ਤਾਂ ਬਹੁਤ ਵੱਡੀ ਪੱਧਰ ਤੇ ਲਿਖਤਾ ਅਤੇ ਮੀਡੀਏ ਰਾਹੀਂ ਸਾਹਮਣੇ ਆ ਹੀ ਗਿਆ ਹੈ। ਪਿਛੋਕੜ ਵਿਚ ਇਸ ਖਾਨਦਾਨ ਅਤੇ ਉਸ ਉਪਰ ਹੱਥ ਰਖਣ ਵਾਲੇ ਕਹੇ ਜਾਂਦੇ ਮਹਾਤਮਾ ਗਾਂਧੀ ਨੇ ਸਿੱਖਾਂ ਨਾਲ ਕੀਤੇ ਹੋਏ ਬਚਨ ਵੀ ਨਹੀਂ ਸਨ ਨਿਭਾਏ । ਬਚਨ ਸੀ ਕਿ ਦੇਸ਼ ਅਜ਼ਾਦ ਹੋਣ ਪਿਛੋਂ ਸਿੱਖਾਂ ਨੂੰ ਉੱਤਰ ਵਿਚ ਅਜਿਹਾ ਖਿੱਤਾ ਦਿਤਾ ਜਾਵੇਗਾ ਜਿਸ ਵਿਚ ਉਹ ਅਜ਼ਾਦੀ ਦਾ ਨਿਘ ਮਾਣ ਸਕਣ। ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਨਾਂ 'ਤੇ ਇਸ ਤੋਂ ਮੁੱਕਰਨਾ ਇਕ ਇਖਲਾਕੀ ਗਿਰਾਵਟ ਦਾ ਸਬੂਤ ਹੀ ਕਿਹਾ ਜਾ ਸਕਦਾ ਹੈ।

ਆਖਿਰ ਦੇਸ਼ ਲੋਕਾਂ ਲਈ ਹੁੰਦੇ ਹਨ ਜਾਂ ਲੋਕੀ ਦੇਸ਼ ਲਈ? ਥੋੜਾ ਠਰੰਮੇ ਨਾਲ ਸੋਚ ਕੇ ਦੇਖੋ ਕਿ ਕੁਦਰਤ ਨੇ ਧਰਤੀ ਸਿਰਜੀ ਅਤੇ ਉਸ ਤੇ ਮਨੁੱਖ ਪੈਦਾ ਕੀਤਾ। ਫਿਰ ਉਹਨਾਂ ਦੀ ਉਪਜੀਵਕਾਂ ਲਈ ਅਥਾਹ ਪੈਦਾਵਾਰੀ ਤੇ ਉਪਜਾਊ ਸਾਧਨ ਉਹਨਾਂ ਦੇ ਹਵਾਲੇ ਕੀਤੇ। ਇਹਨਾਂ ਕੁਦਰਤੀ ਸਾਧਨਾ ਦਾ ਮਾਲਕ ਕੌਣ ਬਣੇਗਾ? ਉੱਤਰ ਸਾਦਾ ਹੈ ਕਿ ਉਹ ਸਾਰੇ ਲੋਕ ਜੋ ਕਿਸੇ ਖਿਤੇ ਵਿਚ ਵਸਦੇ ਹਨ। ਇਹ ਕਿਉਂ ਜਰੂਰੀ ਹੈ ਕਿ ਉਹਨਾਂ ਨੂੰ ਧੱਕੇ ਨਾਲ ਇਕ ਦੂਜੇ ਨਾਲ ਨਰੜ ਕੀਤਾ ਜਾਵੇ। ਯੂਰਪ ਦੇ ਕਿੰਨੇ ਵੱਖ-ਵੱਖ ਦੇਸ਼ ਵੱਖ ਵੱਖ ਸਭਿਆਚਾਰਾਂ ਵਿਚ ਵਸਦੇ ਹਨ। ਭਾਰਤ ਕਿਉਂ ਨਹੀਂ ਵੱਸ ਸਕਦਾ? ਇਸ ਨੂੰ ਸਿਰਨਰੜ ਕਰਨ ਦੀ ਲੋੜ ਕੇਵਲ ਬਾਣੀਆਂ ਦੀ ਹੈ । ਇਹਨਾਂ ਦੀ ਵਫਾਦਾਰੀ ਕੇਵਲ ਤੇ ਕੇਵਲ ਪੈਸੇ ਨਾਲ ਹੈ। ਲੋੜ ਇਹ ਹੈ ਕਿ ਧਰਤੀ ਦੇ ਸਮੁੱਚੇ ਖਜਾਨੇ ਉਹਨਾਂ ਦੀ ਮੁਠੀ ਵਿਚ ਹੋਣ। ਅਜੋਕੀ 21ਵੀਂ ਸਦੀ ਵਿਚ ਮਾਇਆ ਦੀ ਥਾਂ ਗਿਆਨ ਦੇ ਹੜ੍ਹ ਦਾ ਯੁਗ ਆਰੰਭ ਹੋ ਰਿਹਾ ਹੈ। ਇੰਦਰਾ ਗਾਂਧੀ ਦੀਆਂ ਪੁਰਾਣੀਆਂ ਨੀਤੀਆਂ ਕਿ ਪਾਕਿਸਤਾਨ ਦੇ ਦੋ ਹਿੱਸੇ ਕਰ ਦਿਉ, ਐਮਰਜੈਂਸੀ ਲਾ ਕੇ ਲੋਕਾਂ ਦਾ ਗਲਾ ਘੁੱਟ ਦਿਉ, ਸਿੱਖਾਂ ਤੇ ਫੌਜ ਅਤੇ ਗੁੰਡੇ ਚੜ੍ਹਾ ਕੇ ਉਹਨਾਂ ਦਾ ਕਤਲ ਕਰ ਦਿਉ, ਹੁਣ ਨਹੀਂ ਚਲਣਗੀਆਂ ਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਦੋਂ ਮਾਓਵਾਦੀਆਂ ਨੂੰ ਧਮਕੀ ਦਿੰਦਾ ਹੈ ਤਾਂ ਉਹ ਭੁਲਦਾ ਹੈ ਕਿ ਆਂਢ ਗੁਆਂਢ ਮੁਸਲਮ ਦੇਸ਼ਾਂ ਵਿਚ ਐਟਮੀ ਸ਼ਕਤੀ ਦੀਆਂ ਮਾਲਕ ਰਾਜ ਸ਼ਾਹੀਆਂ ਦੀ ਕਿਨੀ ਕੁ ਵੱਟਤਾ ਹੈ। ਭਾਰਤ ਦਾ ਪ੍ਰਧਾਨ ਮੰਤਰੀ ਗਰੀਬੀ ਦੀ ਕੁੱਖ ਵਿਚ ਪਏ ਲਗਭਗ ਅਨਾਥ ਆਦਿਵਾਸੀਆਂ ਨਾਲ ਟੱਕਰਾਂ ਦੀਆਂ ਗੱਲਾਂ ਕਰਦਾ ਹੈ। ਇਹ ਭੁਲ ਕੇ ਕਿ ਬਤੌਰ ਸਿੱਖ ਉਸਨੂੰ ਨਾਨਕ ਵਿਚਾਰਧਾਰਾ ਅਨੁਕੂਲ ਉਹਨਾਂ ਮਾੜਿਆਂ ਨਿਤਾਣਿਆਂ ਨਾਲ ਖੜਨ ਦੀ ਲੋੜ ਹੈ। ਇਕ ਡਾਇਣ ਦੀ ਪਾਈ ਹੋਈ ਪ੍ਰੰਪਰਾ ਤੋਂ ਆਪਣਾ ਖਹਿੜਾ ਉਸਨੂੰ ਛੁਡਾਉਣਾ ਚਾਹੀਦਾ ਹੈ।

# ਭਿੰਡਰਾਂਵਾਲਾ ਲਿਬਰੇਸ਼ਨ ਆਰਮੀ ਦੇ ਗਠਨ ਦੀ ਜਾਂਚ ਜਾਰੀ-ਗਿੱਲ



**ਜਲੰਧਰ :** ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਪੀ.ਐੱਸ.ਗਿੱਲ ਨੇ ਕਿਹਾ ਹੈ ਕਿ ਕੁਝ ਤਥਾਕਥਿਤ ਖਾੜਕੂਆਂ ਵਲੋਂ ਕਾਇਮ ਕੀਤੀ ਗਈ ਭਿੰਡਰਾਂਵਾਲਾ ਲਿਬਰੇਸ਼ਨ ਆਰਮੀ ਦੇ ਮਾਮਲੇ ਨੂੰ ਲੈ ਕੇ ਪੰਜਾਬ ਪੁਲਸ ਵਲੋਂ ਉੱਚ ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀ ਗਿੱਲ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਅਸਲ 'ਚ ਆਈ.ਐੱਸ.ਆਈ.ਦੇ ਇਸ਼ਾਰਿਆਂ 'ਤੇ ਕੁਝ ਜਥੇਬੰਦੀਆਂ ਵਲੋਂ ਆਪਣੇ ਨਾਂ ਬਦਲੇ ਜਾ ਰਹੇ ਹਨ ਤਾਂ ਕਿ ਪੰਜਾਬ ਪੁਲਸ ਨੂੰ ਗੁੰਮਰਾਹ ਕੀਤਾ ਜਾ ਸਕੇ।

ਭਿੰਡਰਾਂਵਾਲਾ ਲਿਬਰੇਸ਼ਨ ਆਰਮੀ ਬਾਰੇ ਅਜੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਭਿੰਡਰਾਂਵਾਲਾ ਲਿਬਰੇਸ਼ਨ ਆਰਮੀ ਵਲੋਂ ਛਪਵਾਏ ਗਏ ਲੈਟਰ ਪੈਡਾਂ ਬਾਰੇ ਉਨ੍ਹਾਂ ਕਿਹਾ ਕਿ ਖਾੜਕੂ ਗਰੁੱਪ ਜਾਅਲੀ ਤੌਰ 'ਤੇ ਸਭ ਕੰਮ ਕਰਨਾ ਜਾਣਦੇ ਹਨ।

ਉਨ੍ਹਾਂ ਕਿਹਾ ਕਿ ਅਸਲ 'ਚ ਆਈ.ਐੱਸ.ਆਈ. ਇਸ ਵੇਲੇ ਬੱਬਰ ਖਾਲਸਾ ਨੂੰ ਸਭ ਤੋਂ ਵਧ ਉਤਸ਼ਾਹ ਦੇ ਰਹੀ ਹੈ ਅਤੇ ਉਸਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾ ਰਹੀ ਹੈ। ਬੱਬਰ ਖਾਲਸਾ ਨੂੰ ਪੈਸਾ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਬਰ ਖਾਲਸਾ ਨੇ ਆਪਣੇ ਟਿਕਾਣੇ ਹੁਣ ਯੂਰਪ ਅਤੇ ਇੰਗਲੈਂਡ 'ਚ ਬਣਾ ਲਏ ਹਨ। ਕਸ਼ਮੀਰ 'ਚ ਆਈ.ਐੱਸ.ਆਈ. ਲਸ਼ਕਰ-ਏ-ਤੋਇਬਾ ਦੀ ਪੂਰੀ ਮਦਦ ਕਰ ਰਹੀ ਹੈ।

ਸ੍ਰੀ ਗਿੱਲ ਨੇ ਕਿਹਾ ਕਿ ਪ੍ਰਸਿੱਧ ਖਾੜਕੂ ਰਣਜੀਤ ਸਿੰਘ ਨੀਟਾ ਇਸ ਵੇਲੇ ਪਾਕਿਸਤਾਨ 'ਚ ਬੈਠਾ ਹੋਇਆ ਹੈ ਅਤੇ ਉਹ ਵੀ ਕਦੀ-ਕਦੀ ਬੰਬ ਧਮਾਕੇ ਕਰਵਾਉਣ ਲਈ ਆਰ.ਡੀ.ਐੱਕਸ ਭੇਜ ਰਿਹਾ ਹੈ। ਭਾਰਤ ਪਾਕਿਸਤਾਨ ਸਰਹੱਦ ਦੇ ਨੇੜਿਓਂ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਸਮਗਲਿੰਗ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਸੂਬਾ ਪੁਲਸ ਵਲੋਂ ਬੀ.ਐੱਸ.ਐੱਫ. ਨਾਲ ਪੂਰੀ ਤਰ੍ਹਾਂ ਸਹਿਯੋਗ ਕਰਕੇ ਕੰਮ ਕੀਤਾ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰਾਲਾ ਨਾਲ ਵੀ ਪੁਲਸ ਨੇ ਪੂਰਾ ਤਾਲਮੇਲ ਬਣਾਇਆ ਹੋਇਆ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਪੁਲਸ ਆਪਣੀਆਂ ਟੀਮਾਂ ਯੂਰਪ ਅਤੇ ਇੰਗਲੈਂਡ 'ਚ ਨਹੀਂ ਭੇਜ ਸਕਦੀ, ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਸਿਰਫ ਸੂਬੇ ਜਾਂ ਦੇਸ਼ ਦੇ ਹੋਰ ਹਿੱਸਿਆਂ 'ਚ ਹੋਣ ਵਾਲੀਆਂ ਅੱਤਵਾਦੀ ਸਰਗਰਮੀਆਂ ਦੀ ਹੀ ਜਾਂਚ ਕਰ ਸਕਦੀ ਹੈ। ਵਿਦੇਸ਼ਾਂ 'ਚ ਜਾਂਚ ਕਰਨਾ ਉਸ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਯੂਰਪ ਤੋਂ ਕਈ ਏਜੰਸੀਆਂ ਦੇ ਜ਼ਰੀਏ ਭਾਰੀ ਮਾਤਰਾ 'ਚ ਪੈਸਾ ਪੰਜਾਬ ਭੇਜਿਆ ਜਾ ਰਿਹਾ ਹੈ।



# ਇਤਿਹਾਸ ਦੁਹਰਾਉਣ ਦੇ ਫਿਰ ਚਾਲੇ ਚੱਲ ਰਹੇ ਹਨ ਸਾਡੇ ਲੀਡਰ

**-ਜਤਿੰਦਰ ਪਨੂੰ**

ਪੰਝੀ ਸਾਲ ਪਹਿਲਾਂ ਅਕਤੂਬਰ ਤੇ ਨਵੰਬਰ ਦੇ ਦੁਮੇਲ ਮੌਕੇ ਦਿੱਲੀ ਵਿਚ ਇਕ ਬੜਾ ਵੱਡਾ ਘਟਨਾਕ੍ਰਮ ਵਾਪਰਿਆ ਸੀ। ਦਿੱਲੀ ਵਿਚ ਹੀ ਨਹੀਂ, ਉਸ ਦੇ ਅਸਰ ਹੇਠ ਭਾਰਤ ਦੇ ਕਈ ਸ਼ਹਿਰਾਂ ਤੱਕ ਵਾਪਰਦਾ ਗਿਆ ਸੀ। ਪੂਰੇ ਪੰਝੀ ਸਾਲ ਬੀਤ ਗਏ, ਜਿਨ੍ਹਾਂ ਨੇ ਉਹ ਦਿਨ ਵੇਖੇ ਜਾਂ ਹੰਢਾਏ ਸਨ, ਉਨ੍ਹਾਂ ਲਈ ਇਹ ਅੱਜ ਵੀ 'ਹਾਲੇ ਕੱਲ੍ਹ ਦੀ ਗੱਲ' ਜਾਪਦੀ ਹੈ। ਨਵੀਂ ਪੀੜ੍ਹੀ ਨੂੰ ਉਸ ਦੀ ਸਮਝ ਨਹੀਂ ਪੈ ਸਕਦੀ, ਜਿਸ ਨੇ ਉਹ ਸਭ ਵੇਖਿਆ ਨਹੀਂ ਸੀ, ਤੇ ਸਾਡੀ ਕਾਮਨਾ ਹੈ ਕਿ ਇਸ ਪੀੜ੍ਹੀ ਨੂੰ ਇਹ ਕੁਝ ਕਦੇ ਵੇਖਣਾ ਵੀ ਨਾ ਪਵੇ।

ਇਕ ਪ੍ਰਧਾਨ ਮੰਤਰੀ ਹੁੰਦੀ ਸੀ ਇੰਦਰਾ ਗਾਂਧੀ। ਉਹ ਰਾਜਸੀ ਲੀਡਰ ਸੀ ਤੇ ਸਾਰੇ ਰਾਜਸੀ ਲੀਡਰਾਂ ਵਾਂਗ ਕਿਸੇ ਗੱਲੋਂ ਚੰਗੀ ਤੇ ਕਿਸੇ ਹੋਰ ਗੱਲੋਂ ਮਾੜੀ ਵੀ ਸੀ। ਜਦੋਂ ਉਹ ਪ੍ਰਧਾਨ ਮੰਤਰੀ ਬਣੀ, ਉਹ ਬਣੀ ਨਹੀਂ ਸੀ, ਕਾਂਗਰਸੀਆਂ ਦੇ ਇਕ ਗਰੁੱਪ ਨੇ ਇਹ ਸੋਚ ਕੇ ਬਣਾਈ ਸੀ ਕਿ ਰਾਜ ਤਾਂ ਅਸਲ ਵਿਚ ਅਸੀਂ ਹੀ ਕਰਨਾ ਹੈ। ਇੰਦਰਾ ਗਾਂਧੀ ਨੇ ਉਨ੍ਹਾਂ ਦਾ ਸੁਪਨਾ ਤੋੜ ਦਿੱਤਾ। ਆਪਣੀ ਹਸਤੀ ਤਾਂ ਉਸ ਨੇ ਸਾਬਤ ਕੀਤੀ ਹੀ, ਕੁਝ ਚੰਗੇ ਕੰਮ ਹੋਰ ਵੀ ਕੀਤੇ, ਜਿਨ੍ਹਾਂ ਤੋਂ ਲੋਕ ਖੁਸ਼ ਹੋ ਗਏ। ਪੁਰਾਣੇ ਰਾਜੇ ਮਹਾਰਾਜਿਆਂ ਦੇ ਭੱਤੇ ਵੀ ਬੰਦ ਕੀਤੇ ਤੇ ਉਨ੍ਹਾਂ ਨੂੰ ਕਿਸੇ ਵੀ ਮੁਕੱਦਮੇ ਤੋਂ ਬਚੇ ਰਹਿਣ ਦੀ ਖੁੱਲ੍ਹ ਵੀ ਖਤਮ ਕਰ ਦਿੱਤੀ ਸੀ। ਪ੍ਰਾਈਵੇਟ ਬੈਂਕਾਂ ਨੂੰ ਸਰਕਾਰੀ ਕੰਟਰੋਲ ਵਿਚ ਲੈ ਕੇ ਲੋਕਾਂ ਦੇ ਪੈਸੇ ਨਾਲ ਪੂੰਜੀਪਤੀਆਂ ਦੀ ਪੂੰਜੀ ਹੋਰ ਵਧਾਉਣ ਦਾ ਅਮਲ ਰੋਕਿਆ ਸੀ। ਉਹ ਅਕਲਮੰਦ ਵੀ ਸੀ, ਪਰ ਕਈ ਹੋਰਨਾਂ ਵਾਂਗ ਪੁੱਤਰ ਮੋਹ ਦੀ ਸ਼ਿਕਾਰ ਹੋ ਕੇ ਏਨੀ ਲੀਹੋਂ ਲੱਥੀ ਕਿ ਗੱਦੀ ਛੱਡਣੀ ਪੈ ਗਈ ਸੀ। ਸਿਆਸੀ ਸੂਝ ਏਨੀ ਸੀ ਕਿ ਪੌਣੇ ਤਿੰਨ ਸਾਲਾਂ ਬਾਅਦ ਹੀ ਫਿਰ ਉਹੋ ਕੁਰਸੀ ਮੁੜ ਕੇ ਹੂੰਝਾ ਫੇਰੂ ਜਿੱਤ ਨਾਲ ਹਾਸਲ ਕਰ ਲਈ, ਪਰ ਏਥੇ ਆ ਕੇ ਚਾਪਲੂਸਾਂ ਦੀ ਉਕਸਾਹਟ ਵਿਚ ਆ ਕੇ ਆਪ੍ਰੇਸ਼ਨ ਬਲਿਊ ਸਟਾਰ ਵਰਗੇ ਹਾਲਾਤ ਵਿਚ ਉਲਝ ਗਈ ਤੇ ਅੰਤ ਨੂੰ ਇਹੋ ਹਾਲਾਤ ਉਸ ਦੀ ਦੁਖਦਾਈ ਮੌਤ ਦਾ ਕਾਰਨ ਬਣੇ ਸਨ।

ਇੰਦਰਾ ਗਾਂਧੀ ਨੂੰ 'ਬੁਰੀ ਨਹੀਂ ਸੀ' ਭਾਵੇਂ ਨਾ ਕਹੀਏ, ਇਹ ਕਿਹਾ ਜਾ ਸਕਦਾ ਹੈ ਕਿ ਉਹ 'ਸਿਰਫ ਬੁਰੀ ਨਹੀਂ ਸੀ, ਕੁਝ ਚੰਗੀ ਵੀ ਸੀ' ਪਰ ਉਸ ਦੀ ਮੌਤ ਮਗਰੋਂ ਭੜਕੀਆਂ-ਭੜਕਾਈਆਂ ਭੀੜਾਂ ਨੇ ਜਿਹੜੇ ਕਈ ਸੌ ਬੇਗੁਨਾਹੇ ਲੋਕ ਮਾਰ ਦਿੱਤੇ, ਉਹ ਵੀ ਤਾਂ ਬੁਰੇ ਨਹੀਂ ਸਨ। ਉਨ੍ਹਾਂ ਦੇ ਨਾਲ ਵਾਪਰੇ ਹੋਏ ਭਾਣੇ ਨੂੰ 'ਦਿੱਲੀ ਦੇ ਦੰਗੇ' ਕਿਹਾ ਜਾਂਦਾ ਹੈ, ਜਦ ਇਹ 'ਦੰਗੇ' ਨਹੀਂ ਸਨ। ਦੰਗਾ-ਫਸਾਦ ਓਦੋਂ ਹੁੰਦਾ ਹੈ, ਜਦੋਂ ਦੋ ਧਿਰਾਂ ਆਪਸ ਵਿਚ ਲੜਦੀਆਂ ਹਨ ਤੇ ਦੋਵਾਂ ਦਾ ਘੱਟ ਜਾਂ ਵਧ ਨੁਕਸਾਨ ਵੀ ਹੁੰਦਾ ਹੈ। ਜਦੋਂ ਸਿਰਫ ਇਕੋ ਧਿਰ ਮਾਰੀ ਜਾ ਰਹੀ ਹੋਵੇ ਤੇ ਦੂਜੀ ਧਿਰ ਅੱਗੋਂ ਆਪਣਾ ਬਚਾਅ ਵੀ ਕਰਨ ਜੋਗੀ ਨਾ ਰਹਿ ਜਾਵੇ, ਉਸ ਨੂੰ ਦੰਗਾ ਨਹੀਂ, ਕਤਲੇਆਮ ਕਿਹਾ ਜਾਂਦਾ ਹੈ। ਦਿੱਲੀ ਵਿਚ ਜਾਂ ਕਾਨ੍ਹਪੁਰ ਅਤੇ ਕੁਝ ਹੋਰਨੀਂ ਥਾਈਂ ਜੋ ਕੁਝ ਤਿੰਨ ਦਿਨ ਵਾਪਰਦਾ ਰਿਹਾ, ਉਹ ਕਤਲੇਆਮ ਸੀ, ਸਿਰਫ ਕਤਲੇਆਮ, ਜਿਸ ਵਿਚ ਸਿਰਫ ਇਕੋ ਫਿਰਕੇ ਦੇ ਲੋਕ ਮਾਰੇ ਜਾ ਰਹੇ ਸਨ। ਜੇ ਕਿਸੇ ਨੇ ਸਵੈ-ਰੱਖਿਆ ਲਈ ਘਰ ਵਿਚ ਪਈ ਬੰਦੂਕ ਵੀ ਚੁੱਕੀ ਤਾਂ ਪੁਲਿਸ ਨੇ ਉਸ ਦੇ ਵਿਰੁਧ ਹੀ ਉਲਟਾ ਮੁਕੱਦਮਾ ਬਣਾ ਧਰਿਆ ਸੀ।



ਪੂਰੇ ਪੰਝੀ ਸਾਲ ਗੁਜ਼ਰ ਗਏ, ਸਦੀ ਦਾ ਚੌਥਾ ਹਿੱਸਾ ਲੰਘ ਗਿਆ, ਉਨ੍ਹਾਂ ਘਟਨਾਵਾਂ ਦੇ ਮੁਕੱਦਮੇ ਸਿਰੇ ਨਹੀਂ ਲੱਗ ਸਕੇ। ਕਾਨੂੰਨ ਦਾ ਜਿਹੜਾ ਪਹੀਆ ਇੰਦਰਾ ਗਾਂਧੀ ਕਤਲ ਕੇਸ ਤੇ ਕਈ ਹੋਰਨਾਂ ਮੁਕੱਦਮਿਆਂ ਦੀ ਸੁਣਵਾਈ ਮੌਕੇ ਚੌਥੇ ਗੇਅਰ ਵਿਚ ਗਿੜਿਆ, ਇਨ੍ਹਾਂ ਬੇਦੋਸ਼ਿਆਂ ਦੇ ਕਤਲਾਂ ਦੀ ਅਦਾਲਤੀ ਕਾਰਵਾਈ ਮੌਕੇ ਝਰੀ ਪਏ ਤਵੇ ਦੀ ਸੂਈ ਵਾਂਗ ਓਥੇ ਦਾ ਓਥੇ ਹੀ ਘੁੰਮੀ ਗਿਆ। ਜਦੋਂ ਕਦੇ ਮਾਮਲਾ ਕਿਸੇ ਥਾਂ ਅੱਗੇ ਵੀ ਵਧਣ ਲੱਗਾ, ਕਿਸੇ ਨਵੀਂ ਜਾਂਚ ਕਮੇਟੀ ਦੇ ਗਠਨ ਨਾਲ ਟੰਗ ਕੇ ਫੇਰ ਲਮਕਾ ਦਿੱਤਾ ਜਾਂਦਾ ਰਿਹਾ। ਇਨਸਾਫ ਹਾਲੇ ਤੱਕ ਮਿਲਿਆ ਨਹੀਂ, ਮਿਲਣ ਦੀ ਕੋਈ ਆਸ ਵੀ ਕਿਸੇ ਨੂੰ ਨਹੀਂ, ਇਸ ਕੁਚੱਕਰ ਵਿਚ ਪੀੜਤਾਂ ਦੇ ਜ਼ਖ਼ਮਾਂ 'ਤੇ ਆਉਂਦਾ ਖਰੀਂਡ ਮੁੜ-ਮੁੜ ਖਰੂੰਢ ਮਾਰ ਕੇ ਉਚੇੜ ਦਿੱਤਾ ਜਾਂਦਾ ਹੈ।

ਉਹ ਬਦਕਿਸਮਤ ਘਟਨਾਵਾਂ ਸਾਡੇ ਸੱਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਸਨ ਤੇ ਉਨ੍ਹਾਂ ਤੋਂ ਸਬਕ ਸਿੱਖ ਕੇ ਅੱਗੋਂ ਲਈ ਅਜਿਹਾ ਵਾਪਰਨ ਤੋਂ ਰੋਕਣ ਦੇ ਪ੍ਰਬੰਧ ਕਰਨੇ ਚਾਹੀਦੇ ਸਨ। ਇਹ ਪ੍ਰਬੰਧ ਨਹੀਂ ਕੀਤੇ ਜਾ ਸਕੇ। ਜੇ ਕੀਤੇ ਹੁੰਦੇ ਤਾਂ ਗੁਜਰਾਤ ਦਾ ਉਹ ਕਤਲੇਆਮ ਵੀ ਨਹੀਂ ਸੀ ਵਾਪਰਨਾ, ਜਿਹੜਾ ਦਿੱਲੀ ਵਾਲੇ ਵਾਂਗ ਮੌਕੇ ਦੀ ਸਰਕਾਰ ਦੀ ਸਰਪ੍ਰਸਤੀ ਹੇਠ ਹੁੰਦਾ ਰਿਹਾ ਤੇ ਪਿਛੋਂ ਇਸ ਨੂੰ ਵੀ ਕਤਲੇਆਮ ਮੰਨਣ ਦੀ ਬਜਾਏ 'ਗੁਜਰਾਤ ਦੇ ਦੰਗੇ' ਆਖ ਕੇ ਡੰਗ ਸਾਰ ਲਿਆ ਗਿਆ। ਇਨਸਾਫ ਉਸ ਮਾਮਲੇ ਵਿਚ ਵੀ ਨਹੀਂ ਹੋਇਆ ਤੇ ਸ਼ਾਇਦ ਕਦੇ ਹੋ ਵੀ ਨਾ ਸਕੇ। ਸਵਾਲ ਉਠਦਾ ਹੈ ਕਿ ਇਹ ਸਾਰਾ ਕੁਝ ਵਾਪਰਿਆ ਕਿਉਂ? ਦਿੱਲੀ ਬਾਰੇ ਇੰਦਰਾ ਗਾਂਧੀ ਦੇ ਕਤਲ ਨੂੰ ਅਤੇ ਗੁਜਰਾਤ ਬਾਰੇ ਗੋਧਰਾ ਦੇ ਰੇਲਵੇ ਸਟੇਸ਼ਨ 'ਤੇ ਸਾੜੇ ਗਏ ਗੱਡੀ ਦੇ ਡੱਬੇ ਨੂੰ ਹਾਲਾਤ ਦਾ ਮੁੱਢ ਕਹਿ ਕੇ ਇਸ ਨੂੰ ਚਾਣਚੱਕ ਹੋਇਆ ਪ੍ਰਤੀਕਰਮ ਦੱਸਣ ਦਾ ਯਤਨ ਕੀਤਾ ਜਾਂਦਾ ਹੈ। ਏਦਾਂ ਦੀਆਂ ਗੱਲਾਂ ਨੂੰ ਮੂਲ ਮੁੱਦੇ ਤੋਂ ਅੱਖਾਂ ਚੁਰਾਉਣ ਦੀ ਕੋਸ਼ਿਸ਼ ਮੰਨਣਾ ਚਾਹੀਦਾ ਹੈ। ਗੋਧਰਾ ਦੇ ਰੇਲ ਡੱਬੇ ਨੂੰ ਕਿਸੇ ਨੇ ਸਾੜਿਆ ਹੋਵੇ ਜਾਂ ਉਹ ਹਾਦਸੇ ਕਾਰਨ ਸੜਿਆ ਹੋਵੇ, ਉਹ ਫੌਰੀ ਕਾਰਨ ਤਦੇ ਹੀ ਬਣਿਆ, ਜੇ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾਉਣ ਦੀ ਜ਼ਿੱਦ ਨੇ ਸਮਾਜ ਵਿਚ ਕੁੜੱਤਣ ਭਰੀ ਹੋਈ ਸੀ। ਕੁੜੱਤਣ ਭਰਨ ਵਾਲੇ ਜਾਣਦੇ ਸਨ ਕਿ ਇਕ ਦਿਨ ਏਦਾਂ ਵਾਪਰ ਸਕਦਾ ਹੈ, ਪਰ ਉਨ੍ਹਾਂ ਨੂੰ ਵਾਪਰਨ ਨਾਲ ਦੁੱਖ ਨਹੀਂ ਸੀ ਹੋਣਾ, ਸਗੋਂ ਉਚੀ ਕੁਰਸੀ ਤੱਕ ਪੁੱਜਣ ਲਈ ਲਾਸ਼ਾਂ ਦਾ ਪੜੁੱਲ ਮਿਲ ਜਾਣਾ ਸੀ।

ਦਿੱਲੀ ਦੀਆਂ ਘਟਨਾਵਾਂ ਵੀ ਉਚੀਆਂ ਕੁਰਸੀਆਂ ਤੱਕ ਪੁੱਜਣ ਲਈ ਬਣਾਏ ਜਾਂਦੇ ਪੜੁੱਲਾਂ ਦਾ ਨਤੀਜਾ ਸਨ। ਇਕ ਪਾਸੇ ਪੰਜਾਬ ਕਾਂਗਰਸ ਦੇ ਦੋ ਧੁਰੰਤਰ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਸਨ। ਦੂਜੇ ਪਾਸੇ ਅਕਾਲੀ ਰਾਜਨੀਤੀ ਦੇ ਦੋ ਮਹਾਂਰਥੀ ਇਸੇ ਕੁਰਸੀ ਲਈ ਇਕ ਦੂਜੇ ਦੀ ਹੀ ਨਹੀਂ, ਪੰਜਾਬ ਦੇ ਅਮਨ ਚੈਨ ਦੀ ਵੀ ਬਲੀ ਦੇਣ ਨੂੰ ਤਿਆਰ ਸਨ। ਅਜੀਬ ਰੰਗ ਹਨ ਰਾਜਨੀਤੀ ਦੇ। ਦੂਜੀ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਦਾ ਇਕ ਭਰੋਸੇਮੰਦ ਅਫਸਰ ਹਰ ਮਹੀਨੇ ਸਾਬਕਾ ਹੋ ਚੁੱਕੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੂੰ ਖੈਰ-ਸੁੱਖ ਪੁੱਛਣ ਜਾਂਦਾ ਸੀ, ਪਰ ਗਿਆਨੀ ਜੀ ਪ੍ਰਕਾਸ਼ ਸਿੰਘ ਬਾਦਲ ਦੇ ਵਿਰੁਧ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਥਾਪੜੇ ਦਿੰਦੇ ਰਹਿੰਦੇ ਸਨ। ਦੂਜੇ ਪਾਸੇ ਜਥੇਦਾਰ ਟੌਹੜਾ ਨਾਲ ਨੇੜਤਾ ਰੱਖਣ ਵਾਲਾ ਇਕ ਕਮਿਊਨਿਸਟ ਆਗੂ ਗਿਆਨੀ ਜ਼ੈਲ ਸਿੰਘ ਦੇ ਵਿਰੁਧ ਦਰਬਾਰਾ ਸਿੰਘ ਨਾਲ ਅੰਦਰ ਦੀ ਸਾਂਝ ਨਿਭਾਈ ਜਾਂਦਾ ਸੀ। ਇਹੋ ਰਾਜਨੀਤਕ ਖੇਡਾਂ ਸਨ, ਜਿਨ੍ਹਾਂ ਕਾਰਨ ਰਾਜ ਦਰਬਾਰ ਦੀ ਲੜਾਈ 'ਅੰਮ੍ਰਿਤਸਰ ਦੀ ਦਿੱਲੀ ਦਰਬਾਰ ਵਿਰੁਧ ਲੜਾਈ' ਬਣਦੀ ਗਈ। ਪਟਿਆਲੇ ਜ਼ਿਲ੍ਹੇ ਦੇ ਪਿੰਡ ਕਪੂਰੀ ਵਿਚ ਲੱਗਾ ਪੰਜਾਬ ਦੇ ਪਾਣੀਆਂ ਦਾ ਮੋਰਚਾ ਰੱਦ ਕਰਕੇ ਅੰਮ੍ਰਿਤਸਰ ਵਿਚ 'ਧਰਮ ਯੁੱਧ' ਸ਼ੁਰੂ ਕਰ ਦਿੱਤਾ ਗਿਆ, ਜਿਸ ਦਾ ਪਹਿਲਾ ਜਥਾ ਤੋਰਨ ਵੇਲੇ ਜਥੇਦਾਰ ਟੌਹੜਾ ਦੀ ਤਕਰੀਰ ਸ਼ਾਹ ਮੁਹੰਮਦ ਦੇ ਬੋਲਾਂ ਦੇ ਹਵਾਲੇ ਨਾਲ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਦਾ ਨਾਅਰਾ ਮਾਰ ਕੇ ਪਹਿਲੇ ਦਿਨ ਹੀ ਇਹ ਸੰਕੇਤ ਦੇ ਗਈ ਸੀ ਕਿ ਅੱਗੋਂ ਹੁਣ ਇਹ ਪੁਆੜਾ ਸਮੇਟਣ ਦੀ ਥਾਂ ਹੋਰ ਤੋਂ ਹੋਰ ਅੱਗੇ ਹੀ ਵਧਣਾ ਹੈ।

ਇਸ ਲੜਾਈ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਖਿੱਚ ਲਿਆ ਗਿਆ। ਅਕਾਲੀਆਂ ਦੇ ਕਈ ਆਗੂ ਉਸ ਨੂੰ ਹੁਣ ਤੱਕ ਕਾਂਗਰਸ ਦਾ ਏਜੰਟ ਆਖਦੇ ਹਨ ਤੇ ਕਾਂਗਰਸ ਵਾਲੇ ਸਾਰੀ ਜ਼ਿੰਮੇਵਾਰੀ ਅਕਾਲੀਆਂ ਦੇ ਸਿਰ ਪਾਉਂਦੇ ਹਨ। ਪਹਿਲੀ ਸੱਚਾਈ ਇਹ ਹੈ ਕਿ ਸੰਤ ਭਿੰਡਰਾਂਵਾਲੇ ਨੇ ਦੋ ਵਾਰ ਚੋਣਾਂ ਵਿਚ ਪਾਰਲੀਮੈਂਟ ਤੇ ਵਿਧਾਨ ਸਭਾ ਲਈ ਕਾਂਗਰਸ ਦੀ ਮੱਦਦ ਕੀਤੀ ਤੇ ਇਕ ਵਾਰੀ ਸ਼੍ਰੋਮਣੀ ਕਮੇਟੀ ਚੋਣ ਵਿਚ ਕਾਂਗਰਸ ਦੀ ਮੱਦਦ ਲਈ ਤੇ ਤਿੰਨੇ ਵਾਰੀ ਦੋਵੇਂ ਧਿਰਾਂ ਘਾਟੇ ਵਿਚ ਰਹੀਆਂ ਸਨ। ਦੂਜੀ ਸੱਚਾਈ ਇਹ ਵੀ ਹੈ ਕਿ ਅਕਾਲੀਆਂ ਦਾ ਇਕ ਧੜਾ ਸੰਤ ਭਿੰਡਰਾਂਵਾਲੇ ਨਾਲ ਨੇੜਤਾ ਰੱਖਦਾ ਸੀ, ਫਿਰ ਉਸ ਦੇ ਮੋਰਚੇ ਨੂੰ ਅਪਣਾ ਕੇ ਦੋਵੇਂ ਧੜੇ ਉਹਦੇ ਨਾਲ ਜੁੜ ਗਏ। ਜਿਹੜੇ ਅਕਾਲੀ ਆਗੂ ਥੋੜ੍ਹਾ ਬਹੁਤ ਵਿਰੋਧ ਕਰਨਾ ਲੋੜਦੇ ਸਨ, ਉਹ ਉਸ ਦੀ ਤਾਕਤ ਤੋਂ ਡਰਦੇ ਹੋਏ ਜਾਨ ਬਚਾਉਣ ਲਈ ਮੋਨ ਧਾਰ ਬੈਠੇ ਸਨ। ਇਹ ਇਲਜ਼ਾਮ ਕਾਂਗਰਸੀ ਤੇ ਅਕਾਲੀ ਦੋਵੇਂ ਧਿਰਾਂ ਵਾਲੇ ਫਿਰ ਵੀ ਲਾਈ ਜਾਂਦੇ ਸਨ ਕਿ ਦੂਜੀ ਧਿਰ ਸੰਤ ਨੂੰ ਸਾਡੇ ਖਿਲਾਫ ਵਰਤ ਰਹੀ ਹੈ। ਵਿਦੇਸ਼ੀ ਪੱਤਰਕਾਰਾਂ ਦੇ ਇਕ ਗਰੁੱਪ ਨਾਲ ਬੜੀ ਚਰਚਿਤ ਇੰਟਰਵਿਊ ਦੌਰਾਨ ਖੁਦ ਸੰਤ ਭਿੰਡਰਾਂਵਾਲੇ ਨੇ ਇਹ ਕਿਹਾ ਸੀ ''ਕਾਂਗਰਸੀ ਕਹਿੰਦੇ ਨੇ ਕਿ ਅਕਾਲੀ ਮੈਨੂੰ ਵਰਤਦੇ ਨੇ। ਅਕਾਲੀ ਕਹਿੰਦੇ ਨੇ ਕਿ ਕਾਂਗਰਸੀ ਮੈਨੂੰ ਵਰਤਦੇ ਨੇ। ਮੈਂ ਸਾਬਤ ਕਰ ਦੇਵਾਂਗਾ ਕਿ ਦੋਵੇਂ ਮੈਨੂੰ ਨਹੀਂ ਵਰਤ ਰਹੇ, ਮੈਂ ਦੋਵਾਂ ਨੂੰ ਵਰਤਦਾ ਹਾਂ।'' ਅੰਤਾਂ ਦੀ ਭੁਚਾਲੀ ਘਟਨਾਵਾਂ ਤੇ ਪੂਰੇ ਪੰਝੀ ਸਾਲ ਲੰਘਾ ਕੇ ਵੀ ਕਾਂਗਰਸੀਆਂ ਤੇ ਅਕਾਲੀਆਂ ਦਾ ਘਰਾਣਟ ਰਾਗ ਇਕ ਦੂਜੇ ਵਿਰੁਧ ਅੱਜ ਵੀ ਉਹੋ ਵੱਜ ਰਿਹਾ ਹੈ।

ਜਿਹੜੇ ਹਾਲਾਤ ਅੱਜ ਤੋਂ ਪੰਝੀ ਨਹੀਂ, ਤੀਹ ਕੁ ਸਾਲ ਪਹਿਲਾਂ ਸਨ, ਉਹ ਹੁਣ ਫਿਰ ਬਣ ਰਹੇ ਹਨ। ਹਾਲਾਤ ਹੀ ਨਹੀਂ, ਰਾਜਨੀਤਕ ਤਿਕੜਮਾਂ ਵੀ ਫਿਰ ਉਸੇ ਕਿਸਮ ਦੀਆਂ ਹਨ। ਫਰਕ ਸਿਰਫ ਏਨਾ ਹੈ ਕਿ ਹੁਣ ਅਕਾਲੀਆਂ ਦੇ ਮੁੱਖ ਧੜੇ ਵਿਚ ਪੰਜਾਬ ਵਿਚ ਕੋਈ ਟੌਹੜਾ ਮਾਰਕਾ ਲੀਡਰ ਨਹੀਂ ਲੱਭਦਾ, ਦਿੱਲੀ ਵਾਲੇ ਪਰਮਜੀਤ ਸਿੰਘ ਸਰਨਾ ਹੁਰਾਂ ਨਾਲ ਤਾਲਮੇਲ ਉਂਝ ਕਈਆਂ ਨੇ ਅੰਦਰਖਾਤੇ ਬਣਾਇਆ ਹੋਇਆ ਹੈ। ਉਨ੍ਹਾਂ ਪੁਰਾਣੇ ਸਮਿਆਂ ਵਿਚ ਏਦਾਂ ਦਾ ਤਾਲਮੇਲ ਦਿੱਲੀ ਵਾਲੇ ਜਥੇਦਾਰ ਸੰਤੋਖ ਸਿੰਘ ਦੇ ਰਾਹੀਂ ਹੁੰਦਾ ਸੀ। ਦੂਜੇ ਪਾਸੇ ਕਾਂਗਰਸ ਪਾਰਟੀ ਅੰਦਰ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਵਾਲੇ ਦੋ ਧੜੇ ਹੀ ਨਹੀਂ, ਹੁਣ ਦੀ ਪੰਜਾਬ ਕਾਂਗਰਸ ਤਿੰਨ-ਚਾਰ ਥਾਈਂ ਵੰਡੀ ਪਈ ਹੈ ਤੇ ਇਸ ਵੰਡ ਦੌਰਾਨ ਸਿੱਖਾਂ ਅੰਦਰ ਪ੍ਰਭਾਵ ਰੱਖਦੇ ਕੁਝ ਖਾੜਕੂ ਬੋਲ-ਬਾਣੀ ਵਾਲੇ ਸੰਤਾਂ ਨਾਲ ਉਨ੍ਹਾਂ ਵਿਚੋਂ ਕਈਆਂ ਦੀਆਂ ਤਾਰਾਂ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ। ਮਾਮਲਾ ਸੱਚੇ ਸੌਦੇ ਵਾਲੇ ਦੇ ਵਿਰੋਧ ਦਾ ਹੋਵੇ ਜਾਂ ਕਿਸੇ ਹੋਰ ਥਾਂ ਦਾ, ਮਿਸਾਲ ਵਜੋਂ ਵੀਆਨਾ ਵਿਚ ਰਵਿਦਾਸ ਜੀ ਦੇ ਪੈਰੋਕਾਰ ਸੰਤ ਰਾਮਾਨੰਦ ਦੇ ਕਤਲ ਦਾ ਵੀ, ਕਾਂਗਰਸੀ ਆਗੂ ਆਪੋ ਆਪਣੀਆਂ ਰੋਟੀਆਂ ਸੇਕਣ ਲਈ ਕਿਸੇ ਵੀ ਹੱਦ ਤਕ ਜਾਣ ਨੂੰ ਤਿਆਰ ਲੱਭਦੇ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੀਹ ਕੁ ਸਾਲ ਪਹਿਲਾਂ ਵੀ ਮੁੱਖ ਮੰਤਰੀ ਸਨ, ਹੁਣ ਵੀ ਹਨ ਤੇ ਜਿਵੇਂ ਓਦੋਂ ਉਹ ਨਿਰੰਕਾਰੀਆਂ ਤੇ ਕੱਟੜਪੰਥੀ ਸੰਤਾਂ ਨਾਲ ਦੋਹੀਂ ਪਾਸੀਂ ਸੈਨਤ ਮਿਲਾ ਕੇ ਚੱਲਣ ਦਾ ਯਤਨ ਕਰਦੇ ਸਨ, ਉਵੇਂ ਹੀ ਅੱਜ ਕਰਦੇ ਨਜ਼ਰ ਆਉਂਦੇ ਹਨ। ਇਤਿਹਾਸ ਫਿਰ ਦੁਹਰਾਉਂਦਾ ਕਿਉਂ ਨਾ ਜਾਪੇਗਾ ਆਪਣੇ ਆਪ ਨੂੰ?

ਪੰਝੀ ਸਾਲ ਹੋ ਗਏ ਹਨ, ਪੂਰੇ ਪੰਝੀ ਸਾਲ, ਉਨ੍ਹਾਂ ਘਟਨਾਵਾਂ ਨੂੰ, ਜਿਨ੍ਹਾਂ ਨੇ ਹਜ਼ਾਰਾਂ ਘਰਾਂ ਵਿਚ ਅਣਿਆਈ ਮੌਤ ਦਾ ਫੇਰਾ ਪਵਾਇਆ ਸੀ। ਲੋਕ ਮਰੇ ਸਨ, ਸਿਰਫ ਲੋਕ ਤੇ ਆਮ ਲੋਕ ਮਰੇ ਸਨ, ਲੀਡਰ ਕੋਈ ਨਹੀਂ ਸੀ ਮਰਿਆ। ਕਿਸੇ ਵੱਡੇ ਲੀਡਰ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਵੀ ਨਹੀਂ ਸੀ ਮਰਿਆ। ਜੇ ਸੇਕ ਲੱਗਾ ਹੁੰਦਾ ਤਾਂ ਸਿਵਿਆਂ ਦੇ ਸੇਕ 'ਤੇ ਸਿਆਸਤ ਦੇ ਪਰੌਠੇ ਸੇਕਣ ਤੋਂ ਪਹਿਲਾਂ ਉਹ ਦਸ ਵਾਰ ਸੋਚਦੇ। ਹੁਣ ਤਾਂ ਉਨ੍ਹਾਂ ਲਈ 'ਚਿੜੀਆਂ ਦੀ ਮੌਤ, ਗੰਵਾਰਾਂ ਦਾ ਹਾਸਾ' ਵਾਲੀ ਗੱਲ ਹੈ, ਏਦਾਂ ਦੇ ਹਾਸੇ ਦਾ ਮੜਾਸਾ ਇਕ ਵਾਰ ਹੋ ਜਾਵੇ ਜਾਂ ਵਾਰ-ਵਾਰ ਹੁੰਦਾ ਰਹੇ, ਕਲਗੀਆਂ ਤੇ ਕੁਰਸੀਆਂ 'ਤੇ ਅੱਖਾਂ ਟਿਕਾਈ ਬੈਠੇ ਲੀਡਰਾਂ ਨੂੰ ਕਿਸੇ ਨਾਲ ਕੀ?

# ਦਿੱਲੀ ਦੰਗਿਆਂ ਦਾ ਮੁੱਦਾ: ਗਲਾਂ 'ਚ ਟਾਇਰ ਪਾ ਕੇ ਕੀਤਾ ਸਿੱਖਾਂ ਨੇ ਮਾਰਚ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਨੂੰ ਲੈ ਕੇ ਬੀਤੀ 1 ਨਵੰਬਰ ਨੂੰ ਸਿੱਖਾਂ ਨੇ ਗੁਰਦਵਾਰਾ ਬੰਗਲਾ ਸਾਹਿਬ ਤੋਂ ਜੰਤਰ ਮੰਤਰ ਤਕ ਇਨਸਾਫ ਮਾਰਚ ਕਢਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਪੀੜਤ ਪਰਵਾਰਾਂ ਵਲੋਂ ਇਹ ਮਾਰਚ ਕਢਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਗਲਾਂ 'ਚ ਟਾਇਰ ਪਾਏ ਹੋਏ ਸਨ ਅਤੇ ਹੱਥਾਂ 'ਚ ਪੋਸਟਰ ਫੜੇ ਹੋਏ ਸਨ। ਸਿੱਖਾਂ ਨੇ ਮੰਗ ਕੀਤੀ ਕਿ ਭਾਰਤੀ ਸੰਸਦ ਵੀ ਸਿੱਖਾਂ ਨਾਲ ਹੋਏ ਧੱਕੇ ਨੂੰ ਕਤਲੇਆਮ ਦਾ ਦਰਜਾ ਦੇਵੇ।

ਜ਼ਬਰਦਸਤ ਨਾਹਰੇਬਾਜ਼ੀ ਕਰਦੇ ਹੋਏ ਸਿੱਖ ਮੰਗ ਕਰ ਰਹੇ ਸਨ ਕਿ ਉਨ੍ਹਾਂ ਨੂੰ ਨਿਆਂ ਦਿਵਾਇਆ ਜਾਵੇ ਅਤੇ 25 ਸਾਲ ਪਹਿਲਾਂ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਜਾਣ। ਗੁਰਦਵਾਰੇ 'ਚ ਅਰਦਾਸ ਮਗਰੋਂ ਸਿੱਖ ਕਤਲੇਆਮ ਨਾਲ ਸਬੰਧਤ ਇਕ ਡਾਕੂਮੈਂਟਰੀ ਫਿਲਮ ਵੀ ਪੰਜ ਵਿਧਵਾਵਾਂ ਪਾਸੋਂ ਰਿਲੀਜ਼ ਕਰਵਾਈ ਗਈ ਜਿਸ ਵਿਚ ਕਈ ਗਵਾਹਾਂ ਦੇ ਬਿਆਨ ਦਰਜ ਹਨ। ਇਨਸਾਫ ਮਾਰਚ ਤੋਂ ਪਹਿਲਾਂ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅਪਣੇ ਸੰਬੋਧਨ 'ਚ ਹਕੂਮਤ ਨੂੰ ਸਵਾਲ ਕੀਤਾ ਕਿ ਦੇਸ਼ ਅੰਦਰ ਕਾਨੂੰਨ ਇਕ ਹੈ ਜਾਂ ਦੋ? ਜੇ ਇਕ ਹੈ ਤਾਂ ਦਸਿਆ ਜਾਵੇ ਕਿ ਜਿਸ ਕਾਨੂੰਨ ਤਹਿਤ ਭਾਈ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ ਹੇਠ ਫਾਂਸੀ ਦਿਤੀ ਗਈ, ਉਸੇ ਕਾਨੂੰਨ ਤਹਿਤ ਹਜ਼ਾਰਾਂ ਸਿੱਖਾਂ ਦੇ ਕਾਤਲ ਕਾਂਗਰਸੀ ਆਗੂ ਅੱਜ ਤਕ ਕਾਨੂੰਨ ਨਾਲ ਲੁਕਣ-ਮੀਚੀ ਕਿਵੇਂ ਖੇਡ ਰਹੇ ਹਨ? ਉਨ੍ਹਾਂ ਕਿਹਾ ਕਿ ਅਨੇਕਾਂ ਗਵਾਹਾਂ ਦੇ ਸਬੂਤਾਂ ਦੇ ਬਾਵਜੂਦ ਕਿਸੇ ਵੀ ਇਕ ਸੀਨੀਅਰ ਕਾਂਗਰਸੀ ਆਗੂ ਨੂੰ ਸਜ਼ਾ ਨਹੀਂ ਮਿਲੀ ਜਦਕਿ ਜਗਦੀਸ਼ ਟਾਈਟਲਰ, ਐਚ.ਕੇ.ਐਲ.ਭਗਤ (ਮਰਹੂਮ), ਸੱਜਣ ਕੁਮਾਰ, ਕਮਲਨਾਥ, ਅਮਿਤਾਬ ਬੱਚਨ, ਧਰਮਦਾਸ ਸ਼ਾਸਤਰੀ, ਅਰੁਣ ਨਹਿਰੂ ਵਿਰੁਧ ਪੁਖ਼ਤਾ ਸਬੂਤ ਪੇਸ਼ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਾਂਗਰਸ ਪਾਰਟੀ ਉਪਰ ਦੇਸ਼ ਦਾ ਵਿਧਾਨ ਅਗਵਾ ਕਰਨ ਦਾ ਗੰਭੀਰ ਦੋਸ਼ ਜੜਦਿਆਂ ਕਿਹਾ ਕਿ ਦੇਸ਼ ਦੀਆਂ ਸਰਬ ਉੱਚ ਅਦਾਲਤਾਂ, ਜਾਂਚ ਏਜੰਸੀਆਂ ਵੀ ਇਨ੍ਹਾਂ ਅੱਗੇ ਲਾਚਾਰ ਨਜ਼ਰ ਆ ਰਹੀਆਂ ਹਨ। ਸ. ਪੀਰ ਮੁਹੰਮਦ ਨੇ ਕਿਹਾ ਕਿ ਭਾਰਤ ਦੇ 110 ਸ਼ਹਿਰਾਂ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਇਕ ਸੋਚੀ ਸਮਝੀ ਸਾਜ਼ਸ਼ ਤਹਿਤ ਕੀਤਾ ਗਿਆ। ਸਿੱਖਾਂ ਨੂੰ ਨਿਆਂ ਤਾਂ ਕੀ ਦੇਣਾ ਸੀ ਸਗੋਂ ਇਨ੍ਹਾਂ ਮਾਮਲਿਆਂ ਨੂੰ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਕਤਲੇਆਮ ਵਾਲੇ ਰਾਜਾਂ ਦੀਆਂ ਅਦਾਲਤਾਂ 'ਚ ਜਨਹਿਤ ਪਟੀਸ਼ਨਾਂ ਦਾਖ਼ਲ ਕਰੇਗੀ ਅਤੇ ਮੰਗ ਕੀਤੀ ਜਾਵੇਗੀ ਕਿ ਕਤਲੇਆਮ ਦੇ ਦੋਸ਼ੀ ਪੁਲਿਸ ਅਫ਼ਸਰਾਂ ਅਤੇ ਸਿਆਸਤਦਾਨਾਂ ਵਿਰੁਧ ਬੰਦ ਪਏ ਕੇਸਾਂ ਨੂੰ ਮੁੜ ਤੋਂ ਖੋਲ੍ਹਿਆ ਜਾਵੇ।

ਇਸ ਦੌਰਾਨ ਲੰਘੀ 1 ਨਵੰਬਰ ਨੂੰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਤੋਂ ਪੰਜਾਬ ਸਰਕਾਰ ਨੇ ਮੰਗ ਪੱਤਰ ਲੈਣ ਤੋਂ ਇਨਕਾਰ ਕਰ ਦਿਤਾ। ਸੈਕਟਰ-8 ਦੇ ਗੁਰਦਵਾਰਾ ਸਾਹਿਬ ਤੋਂ ਸਿੱਖ ਕਤਲੇਆਮ ਦੇ ਗਵਾਹ ਹਰਵਿੰਦਰ ਸਿੰਘ ਕੋਹਲੀ ਅਤੇ ਬਲਜੀਤ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਪੀੜਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀ ਸਰਕਾਰੀ ਕੋਠੀ 'ਤੇ ਮੁੱਖ ਦੋਸ਼ੀ ਸੱਜਣ ਕੁਮਾਰ ਵਿਰੁਧ ਮੰਗ ਪੱਤਰ ਦੇਣ ਗਏ ਤਾਂ ਪਹਿਲਾਂ ਕੋਠੀ ਦੇ ਬਾਹਰਵਾਰ ਲਗਭਗ ਇਕ ਘੰਟਾ ਬਿਠਾਈ ਰਖਿਆ ਅਤੇ ਫਿਰ ਇਹ ਜਵਾਬ ਮਿਲਿਆ ਕਿ ਸ. ਬਾਦਲ ਚੰਡੀਗੜ੍ਹ ਨਹੀਂ ਹਨ। ਇਸ ਤੋਂ ਬਾਅਦ ਮੁੱਖ ਮੰਤਰੀ ਦੇ ਓ.ਐਸ.ਡੀ. ਐਨ.ਐਸ. ਸੰਘਾ ਨੂੰ ਮੰਗ ਪੱਤਰ ਸੌਂਪਿਆ ਗਿਆ ਤਾਂ ਉਨ੍ਹਾਂ ਫੜਨ ਤੋਂ ਇਨਕਾਰ ਕਰ ਦਿਤਾ। ਇਸ ਸਬੰਧੀ ਸ. ਕੋਹਲੀ ਨੇ ਦਸਿਆ ਕਿ ਫਿਰ ਉਨ੍ਹਾਂ ਨੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਨੂੰ ਬਾਹਰਵਾਰ ਚਿਪਕਾਉਣ ਦੀ ਆਗਿਆ ਮੰਗੀ ਤਾਂ ਸ੍ਰੀ ਸੰਘਾ ਨੇ ਬਿਲਕੁਲ ਹੀ ਰੋਕ ਦਿਤਾ। ਸ. ਕੋਹਲੀ ਨੇ ਦਸਿਆ ਕਿ ਹੁਣ ਉਨ੍ਹਾਂ ਕੋਲ ਸਿਰਫ ਪੰਥ ਦਾ ਹੀ ਸਹਾਰਾ ਰਹਿ ਗਿਆ ਹੈ ਕਿਉਂਕਿ ਬਾਦਲ ਸਰਕਾਰ ਦੀ ਨੀਅਤ ਖੋਟੀ ਹੈ ਅਤੇ ਜੱਗ ਜ਼ਾਹਰ ਹੋ ਚੁਕੀ ਹੈ। ਇਸ ਮੌਕੇ 15 ਅਕਤੂਬਰ ਨੂੰ ਡੇਰਾਬਸੀ ਹੋਏ ਸੰਗਤ ਦਰਸ਼ਨ ਦੌਰਾਨ ਉਨ੍ਹਾਂ ਬਾਦਲ ਨੂੰ ਇਨਸਾਫ ਲੈਣ ਲਈ ਇਕ ਮੰਗ ਪੱਤਰ ਦਿਤਾ ਸੀ ਜਿਸ ਦੇ ਜਵਾਬ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਤੁਸੀ ਲੋਕ 25 ਸਾਲ ਬੀਤ ਜਾਣ ਤੋਂ ਬਾਅਦ ਅਪਣਾ ਇਨਸਾਫ ਲੈਣ ਤੋਂ ਨਹੀਂ ਹਟ ਰਹੇ। ਜਦੋਂ ਜ਼ੋਰ ਪਾ ਕੇ ਕਿਹਾ ਕਿ ਸਾਡਾ ਸਾਰਾ ਪਰਵਾਰ ਦੰਗਿਆਂ 'ਚ ਅੱਗ ਲਗਾ ਕੇ ਸਾੜ ਦਿਤਾ ਗਿਆ ਸੀ ਤਾਂ ਬਾਦਲ ਨੇ ਕਿਹਾ ਸੀ ਕਿ ਇਨਸਾਫ਼ ਕੇਂਦਰ ਸਰਕਾਰ ਤੋਂ ਮੰਗੋ।

## ਕਰਨਾਟਕ ਸਰਕਾਰ ਦਾ ਸੰਕਟ ਜਾਰੀ, ਬਾਗੀਆਂ ਪੈਰ ਅੜਾਏ

**ਨਵੀਂ ਦਿੱਲੀ :** ਕਰਨਾਟਕ 'ਚ ਮੁੱਖ ਮੰਤਰੀ ਯੇਦੀਯੁਰੱਪਾ ਨੂੰ ਹਟਾਉਣ ਦੀ ਮੁਹਿੰਮ ਕਾਰਨ ਪੈਦਾ ਹੋਏ ਸੰਕਟ ਦੇ ਹੱਲ ਲਈ ਭਾਜਪਾ ਦੇ ਪ੍ਰਮੁੱਖ ਨੇਤਾਵਾਂ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਐਲ. ਕੇ. ਅਡਵਾਨੀ ਦੇ ਘਰ 'ਚ ਮੀਟਿੰਗ ਕੀਤੀ। ਹਾਈਕਮਾਨ ਦੀ ਇਸ ਮੀਟਿੰਗ ਵਿਚ ਅਰੁਣ ਜੇਤਲੀ ਤੇ ਆਨੰਤ ਕੁਮਾਰ ਵੀ ਮੌਜੂਦ ਸਨ। ਸ੍ਰੀ ਜੇਤਲੀ ਨੇ ਬਾਗੀ ਨੇਤਾਵਾਂ ਨਾਲ ਵੀ ਗੱਲਬਾਤ ਕੀਤੀ। ਭਾਜਪਾ ਹਾਈਕਮਾਨ ਦੀ ਮੀਟਿੰਗ 2 ਘੰਟੇ ਚੱਲੀ। ਬਾਅਦ ਵਿਚ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨਹੀਂ ਬਦਲਿਆ ਜਾਵੇਗਾ ਪਰ ਬਾਗੀ ਕੈਂਪ ਨਾਲ ਗੱਲਬਾਤ ਕੀਤੀ ਜਾਵੇਗੀ।

ਕਰਨਾਟਕ 'ਚ ਮੁੱਖ ਮੰਤਰੀ ਨੂੰ ਹਟਾਉਣ ਦੀ ਮੁਹਿੰਮ ਵਿਚ ਲੱਗੇ ਹੋਏ ਬਾਗੀ ਲੀਡਰਾਂ ਵਿਚੋਂ ਜਨਾਰਧਨ ਰੈਡੀ ਦਿੱਲੀ ਪਹੁੰਚੇ ਹੋਏ ਹਨ ਤੇ ਉਨ੍ਹਾਂ ਨੇ ਇਸ਼ਾਰਾ ਦਿੱਤਾ ਹੈ ਕਿ ਉਹ ਮੁੱਖ ਮੰਤਰੀ ਨੂੰ ਹਟਾਉਣ ਦੀ ਮੰਗ ਤੋਂ ਪਿੱਛੇ ਨਹੀਂ ਹਟਣਗੇ। ਰੈਡੀ ਨੇ ਕਿਹਾ ਕਿ ਸਾਡੀ ਪਾਰਟੀ ਦੇ ਨੇਤਾ ਕੋਈ ਅਜਿਹਾ ਫੈਸਲਾ ਕਰਨਗੇ ਜਿਹੜਾ ਕਿ ਪਾਰਟੀ ਦੇ ਹਿਤ ਵਿਚ ਹੋਵੇ। ਕਰਨਾਟਕ ਨੂੰ ਬਹੁਤ ਵਧੀਆ ਲੀਡਰਸ਼ਿਪ ਪ੍ਰਦਾਨ ਕਰਨ ਲਈ ਹਾਈਕਮਾਨ ਵਲੋਂ ਫੈਸਲਾ ਕੀਤਾ ਜਾਵੇਗਾ। ਬਾਗੀਆਂ ਨੂੰ ਪਾਰਟੀ ਦੇ ਸੀਨੀਅਰ ਨੇਤਾ ਆਨੰਤ ਕੁਮਾਰ ਦੀ ਸਰਪ੍ਰਸਤੀ ਹਾਸਲ ਹੋਣ ਦੀ ਖ਼ਬਰ ਬਾਰੇ ਧੰਨਜੇ ਕੁਮਾਰ ਨੇ ਕਿਹਾ ਕਿ ਅਸੀਂ ਉਨ੍ਹਾਂ 'ਤੇ ਭਰੋਸਾ ਨਹੀਂ ਕਰਦੇ।ਬੀਤੇ ਦਿਨੀਂ ਅਜਿਹੀਆਂ ਖ਼ਬਰਾਂ ਆਈਆਂ ਸਨ ਕਿ ਬਾਗੀ ਵਿਧਾਇਕਾਂ ਨੇ ਕਾਂਗਰਸ ਨੂੰ ਫੀਲਰ ਭੇਜੇ ਹਨ। ਇਸ ਦਾ ਅਰਥ ਇਹ ਹੈ ਕਿ ਉਹ ਕਾਂਗਰਸ ਨਾਲ ਮਿਲ ਕੇ ਬਦਲਵੀਂ ਸਰਕਾਰ ਬਣਾ ਲੈਣ ਦਾ ਮਨਸੂਬਾ ਵੀ ਬਣਾਈ ਬੈਠੇ ਹਨ।

ਕਰਨਾਟਕ ਦਾ ਇਹ ਸੰਕਟ ਅਜੇ ਤੱਕ ਬਹੁਤ ਗੰਭੀਰ ਬਣਿਆ ਹੋਇਆ ਹੈ। ਬਾਗੀ ਕੈਂਪ 'ਚ 60 ਵਿਧਾਇਕ ਸ਼ਾਮਲ ਦੱਸੇ ਜਾਂਦੇ ਹਨ। ਇਹ ਬਹੁਤ ਵੱਡੀ ਗਿਣਤੀ ਹੈ। ਜੇ ਇਹ ਵਿਧਾਇਕ ਅੜੇ ਰਹੇ ਤਾਂ ਸੰਕਟ ਹੋਰ ਵੀ ਡੂੰਘਾ ਹੁੰਦੇ ਜਾਣ ਦਾ ਖਦਸ਼ਾ ਹੈ। ਅਰੁਣ ਜੇਤਲੀ ਮਸਲੇ ਦੇ ਹੱਲ ਲਈ ਬੰਗਲੌਰ ਪਹੁੰਚੇ ਸਨ।

ਉਨ੍ਹਾਂ ਨੇ ਬਾਗੀਆਂ ਨੂੰ ਮਨਾਉਣ ਲਈ ਉਨ੍ਹਾਂ ਨਾਲ ਲੰਬੀ ਗੱਲਬਾਤ ਕੀਤੀ ਸੀ ਪਰ ਕੋਈ ਹੱਲ ਨਾ ਨਿਕਲ ਸਕਿਆ। ਹੁਣ ਕਰਨਾਟਕ ਸੰਕਟ ਦਾ ਮਾਮਲਾ ਰਾਜਧਾਨੀ ਪਹੁੰਚਿਆ ਹੋਇਆ ਹੈ ਤੇ ਹੱਲ ਦੇ ਯਤਨ ਜਾਰੀ ਹਨ। ਇਸ ਤੋਂ ਪਹਿਲਾਂ ਭਾਜਪਾ ਹਾਈਕਮਾਨ ਨੇ ਕਿਹਾ ਸੀ ਕਿ ਉਹ ਯੇਦੀ ਯੁਰੱਪਾ ਨੂੰ ਹਟਾਉਣ ਦੇ ਹੱਕ 'ਚ ਨਹੀਂ ਹੈ। ਹਾਈਕਮਾਨ ਨੇ ਬਾਗੀਆਂ ਨੂੰ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਉਹ ਆਪਣੀ ਮੁਹਿੰਮ ਤਿਆਗ ਦੇਣ ਤੇ ਆਪਣੇ ਗਿਲੇ ਸ਼ਿਕਵੇ ਭੁਲਾ ਦੇਣ। ਇਸ ਤਰ੍ਹਾਂ ਹਾਈਕਮਾਨ ਕੋਈ ਵਿਚਕਾਰਲਾ ਰਸਤਾ ਕੱਢਣ ਦੇ ਯਤਨਾਂ 'ਚ ਰੁਝੀ ਹੋਈ ਹੈ।

# ਬੁਢਾਪੇ ਨੂੰ ਪਿਛਲਖੁਰੀ ਮੋੜਨ ਵਾਲੀ ਦਵਾਈ ਲੱਭੀ

**ਲੰਡਨ:** ਵਿਗਿਆਨੀਆਂ ਨੇ ਜ਼ਿੰਦਗੀ ਦੀ ਘੜੀ ਨੂੰ ਪੁੱਠੀ ਗੇੜਨ ਦਾ ਜੁਗਾੜ ਕਰ ਲਿਆ ਹੈ। ਉਨ੍ਹਾਂ ਨੇ ਬੁਢਾਪੇ ਨੂੰ ਪਿਛੇ ਮੋੜਨ ਲਈ ਅਤੇ ਸਰੀਰ ਦੇ ਪੱਠਿਆਂ ਨੂੰ ਨਵੇਂ-ਨਰੋਏ ਰੱਖਣ ਲਈ ਇਕ ਦਵਾਈ ਲੱਭ ਲਈ ਹੈ। ਇਹ ਜਾਣਕਾਰੀ ਬਰਤਾਨਵੀ ਅਖਬਾਰ 'ਡੇਲੀ ਐਕਸਪ੍ਰੈਸ' ਦੀ ਹੈਲਥ ਐਡੀਟਰ ਵਿਕਟੋਰੀਆ ਫਲੇਚਰ ਨੇ ਹਾਲ ਹੀ ਵਿਚ ਇਸ ਅਖਬਾਰ ਵਿਚ ਛਪੀ ਆਪਣੀ ਇਕ ਰਿਪੋਰਟ ਵਿਚ ਦਿੱਤੀ ਹੈ।

ਇਸ ਰਿਪੋਰਟ ਅਨੁਸਾਰ ਇਹ ਸ਼ੁਭ ਤੇ ਸ਼ੁੱਧ ਕੰਮ ਹੋਣ ਦਾ ਇੰਕਸ਼ਾਫ ਵਿਗਿਆਨੀਆਂ ਨੇ ਪਿਛਲੇ ਦਿਨੀਂ ਕੀਤਾ। ਉਂਜ, ਇਹ ਖੋਜ ਅਮਰੀਕਾ ਦੇ ਵਿਗਿਆਨੀਆਂ ਦੀ ਇਕ ਟੀਮ ਨੇ ਕੀਤੀ ਹੈ। ਇਨ੍ਹਾਂ ਵਿਗਿਆਨੀਆਂ ਨੇ ਦੱਸਿਆ ਕਿ ਡਾਕਟਰੀ ਦੇ ਇਸ ਅਮਲ ਨਾਲ ਨਾ ਸਿਰਫ ਮਨੁੱਖੀ ਜਿਸਮ ਤੇ ਉਸ ਦੇ ਪੱਠਿਆਂ ਨੂੰ ਖੁਰਨ ਅਤੇ ਭੁਰਨ ਤੋਂ ਹੀ ਬਚਾਇਆ ਜਾ ਸਕੇਗਾ, ਸਗੋਂ ਉਨ੍ਹਾਂ ਨੂੰ ਹੋਰ ਨਵੇਂ ਤੇ ਨਰੋਏ ਵੀ ਬਣਾਇਆ ਜਾ ਸਕੇਗਾ। ਡਾਕਟਰੀ ਮਾਹਰਾਂ ਦਾ ਕਹਿਣਾ ਹੈ ਕਿ ਸਮਾਂ ਪਾ ਕੇ ਸਾਡੇ ਜਿਸਮ ਦੇ ਪੱਠੇ ਨਵੇਂ ਸਿਰਿਓਂ ਮਜ਼ਬੂਤ ਹੋਣ ਦੀ ਯੋਗਤਾ ਗੁਆ ਬੈਠਦੇ ਹਨ। ਇਹ ਸਭ ਕੁਝ ਸਾਡੀਆਂ ਬਾਹਾਂ, ਲੱਤਾਂ ਅਤੇ ਧੜ ਦੇ ਪੱਠਿਆਂ ਨਾਲ ਹੀ ਨਹੀਂ ਵਾਪਰਦਾ, ਸਗੋਂ ਸਾਡੇ ਦਿਲ ਸਮੇਤ ਹੋਰ ਅੰਦਰੂਨੀ ਹਿੱਸਿਆਂ ਦੇ ਪੱਠਿਆਂ ਨਾਲ ਵੀ ਵਾਪਰਦਾ ਹੈ। ਜਿਵੇਂ ਜਿਵੇਂ ਸਾਡੇ ਜਿਸਮ ਦੇ ਪੱਠੇ ਤੇ ਮਾਸਪੇਸ਼ੀਆਂ ਕਮਜ਼ੋਰ ਹੋਈ ਜਾਂਦੀਆਂ ਹਨ, ਸਾਡੇ ਜਿਸਮ ਵਿਚੋਂ ਤਾਕਤ ਤੇ ਫੁਰਤੀ ਮੁੱਕਦੀਆਂ ਜਾਂਦੀਆਂ ਹਨ ਅਤੇ ਜਿਸਮ ਦੇ ਅੰਗ ਮੁਰਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਹੁਣ ਤੱਕ ਵਿਗਿਆਨੀਆਂ ਨੂੰ ਅੰਗਾਂ ਦੇ ਮੁਰਝਾਉਣ ਦੇ ਇਸ ਅਮਲ ਦੀ ਸਮਝ ਨਹੀਂ ਆਈ ਸੀ।

ਹੁਣ ਯੂਨੀਵਰਸਿਟੀ ਆਫ ਕੈਲੇਫੋਰਨੀਆ, ਬਰਕਲੇ ਵਿਚ ਕੰਮ ਕਰਕੇ ਖੋਜੀਆਂ ਨੇ ਤਕਰੀਬਨ 30 ਸਿਹਤਮੰਦ ਮਰਦਾਂ ਦੇ ਜਿਸਮਾਂ ਦੀਆਂ ਮਾਸਪੇਸ਼ੀਆਂ ਦੇ ਨਮੂਨੇ ਲੈ ਕੇ ਉਨ੍ਹਾਂ 'ਤੇ ਤਜਰਬੇ ਕਰ ਕੇ ਦੇਖੇ ਹਨ। ਇਨ੍ਹਾਂ ਮਰਦਾਂ ਵਿਚੋਂ 15 ਜਣਿਆਂ ਦੀ ਉਮਰ 21 ਤੋਂ 24 ਸਾਲ ਸੀ ਜਦੋਂਕਿ ਬਾਕੀ 15 ਜਣੇ 68 ਤੋਂ 74 ਸਾਲਾਂ ਦੀ ਉਮਰ ਦੇ ਸਨ। ਇਨ੍ਹਾਂ ਮਰਦਾਂ ਦੇ ਪੱਟਾਂ ਤੋਂ ਮਾਸ ਦੇ ਨਮੂਨੇ ਲਏ ਗਏ। ਇਸ ਤੋਂ ਬਾਅਦ ਇਨ੍ਹਾਂ ਮਰਦਾਂ ਦੀ ਉਹ ਲੱਤ, ਕਾਠ ਮਾਰਨ ਵਾਂਗ ਹੀ ਦੋ ਹਫਤੇ ਲਈ ਅਹਿੱਲ ਕਰ ਦਿੱਤੀ ਗਈ ਤਾਂ ਕਿ ਉਸ ਲੱਤ ਦੇ ਪੱਠੇ ਖਤਮ ਜਿਹੇ ਹੋਣੇ ਸ਼ੁਰੂ ਹੋ ਜਾਣ। ਦੋ ਹਫਤੇ ਬਾਅਦ ਜਦੋਂ ਕਾਠ ਮਾਰੀਆਂ ਲੱਤਾਂ ਖੋਲ੍ਹ ਦਿੱਤੀਆਂ ਗਈਆਂ ਤਾਂ ਉਨ੍ਹਾਂ ਮਰਦਾਂ ਨੇ ਭਾਰ ਨਾਲ ਵਰਜਿਸ਼ ਕੀਤੀ। ਫਿਰ ਤਿੰਨ ਦਿਨਾਂ ਬਾਅਦ ਤੇ ਫਿਰ ਚਾਰ ਹਫਤਿਆਂ ਬਾਅਦ ਉਨ੍ਹਾਂ ਹੀ ਲੱਤਾਂ ਤੋਂ ਦੁਬਾਰਾ ਮਾਸਪੇਸ਼ੀਆਂ ਦੇ ਨਮੂਨੇ ਲਏ ਗਏ। ਜਦੋਂ ਖੋਜੀਆਂ ਨੇ ਮਾਸਪੇਸ਼ੀਆਂ ਦੇ ਇਨ੍ਹਾਂ ਨਮੂਨਿਆਂ ਨੂੰ ਪਰਖਿਆ ਤਾਂ ਕਿ ਇਸ ਖੋਜ ਕਾਰਜ ਵਿਚ ਸ਼ਾਮਲ ਕੀਤੇ ਗਏ ਜੁਆਨਾਂ, ਜਿਨ੍ਹਾਂ ਨੇ ਮਾਸ ਦੇ ਨਮੂਨੇ ਦੇਣ ਮਗਰੋਂ ਵਰਜਿਸ਼ ਕੀਤੀ ਸੀ, ਦੀਆਂ ਲੱਤਾਂ ਤੇ ਮਾਸਪੇਸ਼ੀਆਂ ਨੂੰ ਦੁਬਾਰਾ ਤਾਕਤ ਦੇਣ ਵਾਲੇ ਸੈਲਾਂ ਦੀ ਪੈਦਾਵਾਰ, ਉਸ ਖੋਜ ਵਿਚ ਸ਼ਾਮਲ ਕੀਤੇ ਗਏ ਵਡੇਰੀ ਉਮਰ ਦੇ ਮਰਦਾਂ ਦੇ ਮੁਕਾਬਲੇ ਚਾਰ ਗੁਣਾ ਵਧ ਹੋਈ ਸੀ।

ਖੋਜੀਆਂ ਦੀ ਟੀਮ ਦੇ ਇਕ ਮੈਂਬਰ ਡਾਕਟਰ ਮੌਰਗਨ ਕਾਰਲਸਨ ਦਾ ਕਹਿਣਾ ਹੈ, ਬੁੱਢੇ ਪੱਠੇ ਵਰਜਿਸ਼ ਕਰਨ ਨਾਲ ਜ਼ੋਰ ਨਹੀਂ ਫੜਦੇ। ਇਸਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਜਿਹੜੇ ਬਜ਼ੁਰਗ ਵਡੇਰੀ ਉਮਰ ਵਿਚ ਵੀ ਜਿਸਮਾਨੀ ਪੱਖ ਤੋਂ ਸਰਗਰਮ ਰਹਿੰਦੇ ਹਨ, ਉਨ੍ਹਾਂ ਦੇ ਪੱਠਿਆਂ ਤੇ ਮਾਸਪੇਸ਼ੀਆਂ ਵਿਚ ਚੁਸਤੀ-ਫੁਰਤੀ ਕਾਇਮ ਰਹਿੰਦੀ ਹੈ, ਪਰ ਲੰਮੇ ਸਮੇਂ ਲਈ ਸੁਸਤ ਤੇ ਅਹਿੱਲ ਰਹਿਣ ਵਾਲੇ ਅੰਗ, ਦੁਬਾਰਾ ਤਾਕਤ ਦੇਣ ਵਾਲੇ ਸੈੱਲ ਖਰਾਬ ਕਰ ਬੈਠਦੇ ਹਨ।

ਇਸ ਅਮਲ ਨੂੰ ਸਮਝਣ ਮਗਰੋਂ ਹੀ ਵਿਗਿਆਨੀਆਂ ਨੇ ਤਾਕਤ-ਬਖਸ਼ ਸੈੱਲਾਂ ਦੇ ਖਾਤਮੇ ਨੂੰ ਰੋਕਣ ਦੇ ਢੰਗ ਦਾ ਵਿਕਾਸ ਕਰਨ ਵਲ ਕਦਮ ਪੁੱਟੇ ਹਨ। ਵਿਗਿਆਨੀਆਂ ਨੇ ਦੇਖਿਆ ਕਿ ਜਿਸਮ ਦੇ ਪੱਠਿਆਂ ਨੂੰ ਨੁਕਸਾਨੇ ਜਾਣ ਤੋਂ ਰੋਕਣ ਲਈ 'ਮਿਟੋਜੇਨ' ਤੋਂ ਬਣਦੀ ਪ੍ਰੋਟੀਨ, ਜਿਸਨੂੰ 'ਕਿਨਾਸੇ' ਕਿਹਾ ਜਾਂਦਾ ਹੈ, ਦੀ ਲੋੜ ਹੁੰਦੀ ਹੈ। ਇਹ ਪ੍ਰੋਟੀਨ ਬੁੱਢੇ ਸਰੀਰਾਂ ਵਿਚ ਨਹੀਂ ਹੁੰਦੀ। ਖੋਜ ਕਾਰਜ ਕਰਦਿਆਂ ਜਦੋਂ ਇਹ ਪ੍ਰੋਟੀਨ ਬੁੱਢੇ ਸਰੀਰਾਂ ਨੂੰ ਦਿੱਤੀ ਗਈ ਤਾਂ ਉਨ੍ਹਾਂ ਦੀ ਕਾਰਗੁਜ਼ਾਰੀ ਵਧ ਗਈ। ਦੂਜੇ ਪਾਸੇ ਜਦੋਂ ਜੁਆਨ ਸਰੀਰਾਂ ਵਿਚ ਇਸ ਪ੍ਰੋਟੀਨ ਦਾ ਸੰਚਾਰ ਰੋਕ ਦਿੱਤਾ ਗਿਆ ਤਾਂ ਉਹ ਵੀ ਢਿੱਲੇ ਪੈ ਗਏ।

ਇਸ ਪ੍ਰੋਟੀਨ ਨੂੰ ਮੁੱਖ ਸੂਤਰ ਮੰਨਦਿਆਂ ਵਿਗਿਆਨੀਆਂ ਨੇ ਇਸ ਦਾ ਸੰਚਾਰ ਕਰਨ ਜਾਂ ਰੋਕਣ ਦੇ ਅਮਲ ਨੂੰ 'ਨੌਚ' ਕਿਹਾ ਹੈ।

## ਹਰਪਾਲਪੁਰ ਚੇਅਰਮੈਨ ਬਣੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੰਘੀ 30 ਅਕਤੂਬਰ ਨੂੰ ਸੀਨੀਅਰ ਯੂਥ ਅਕਾਲੀ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਵਾਈਸ ਪ੍ਰਧਾਨ ਹਰਵਿੰਦਰ ਸਿੰਘ ਹਰਪਾਲਪੁਰ ਨੂੰ ਪੰਜਾਬ ਖੇਤੀਬਾੜੀ ਉਤਪਾਦ ਮਾਰਕਿਟ ਐਕਟ 1961 ਦੇ ਭਾਗ 16 ਦੇ ਉਪ ਭਾਗ 1 ਤਹਿਤ ਮਾਰਕਿਟ ਕਮੇਟੀ ਪਟਿਆਲਾ ਦੇ ਚੇਅਰਮੈਨ ਵਜੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਪੰਜਾਬ ਖੇਤੀਬਾੜੀ ਉਤਪਾਦ ਮਾਰਕਿਟ ਐਕਟ 1961 ਦੇ ਭਾਗ 12 ਅਧੀਨ ਮਾਰਕਿਟ ਕਮੇਟੀ ਪਟਿਆਲਾ ਦੇ 17 ਮੈਂਬਰ ਵੀ ਨਾਮਜ਼ਦ ਕੀਤੇ ਗਏ ਹਨ।






# ਬਹੁਤ ਵੱਡਾ ਫਰਕ ਹੈ ਅਮਰੀਕਾ ਅਤੇ ਪੰਜਾਬ 'ਚ ਰਹਿਣ ਦਾ

## ਸ਼ੈਰੀ ਦੀ ਡਾਇਰੀ

-ਪ੍ਰੋ. ਕੁਲਵੰਤ ਸਿੰਘ ਰੋਮਾਣਾ

ਹਰ ਸਾਲ ਵਾਂਗ ਗਰਮੀ ਰੁੱਤ ਦੇ ਵਿਦਾ ਹੁੰਦਿਆਂ ਹੀ ਸ਼ੈਰੀ ਵੀ ਬੜੇ ਚਾਅ ਤੇ ਉਮਾਹ ਨਾਲ ਨਿਊ ਯਾਰਕ ਤੋਂ ਵਿਦਾ ਹੋਇਆ ਤੇ ਚੰਡੀਗੜ੍ਹ ਜਾ ਪਹੁੰਚਿਆ। ਉਸਦਾ ਫੋਨ ਆਇਆ ਤੇ ਕਹਿਣ ਲੱਗਾ ਕਿ ਉਸਨੇ ਚੰਡੀਗੜ੍ਹ 'ਚ ਆਪਣੀ ਰਿਟਾਇਰ ਟੋਲੀ 'ਚੋਂ ਕਈ ਜਣਿਆਂ ਨੂੰ 'ਪੰਜਾਬ ਟਾਈਮਜ਼' ਆਨਲਾਈਨ ਪੜ੍ਹਨ ਲਾ ਦਿੱਤਾ ਹੈ ਤੇ ਅਸਲ 'ਚ ਉਸਨੇ ਇਹ ਕੰਮ ਆਪਣੇ ਸਵਾਰਥ ਲਈ ਹੀ ਕੀਤਾ ਹੈ ਕਿਉਂਕਿ ਉਹ ਚਾਹੁੰਦਾ ਸੀ ਕਿ ਉਸਦੇ ਸਾਥੀ ਜਦੋਂ ਉਸ ਦੀ ਡਾਇਰੀ ਦੇ ਪੰਨੇ ਅਮਰੀਕਾ 'ਚ ਛਪਦੇ ਦੇਖਣਗੇ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਇਹ ਸਧਾਰਣ ਜਿਹਾ ਦਿਸਦਾ ਬੰਦਾ ਅਸਲ 'ਚ ਤਾਂ ਇਕ ਲੇਖਕ ਹੈ। ਇਸ ਤਰ੍ਹਾਂ ਉਨ੍ਹਾਂ 'ਚ ਉਸਦਾ ਰੁਤਬਾ ਉੱਚਾ ਹੋ ਜਾਵੇਗਾ। ਭਾਵੇਂ ਅੰਨ੍ਹਿਆਂ 'ਚ ਕਾਣਾ ਰਾਜਾ ਹੀ ਸਹੀ, ਰਾਜਾ ਤਾਂ ਆਖਿਰ ਰਾਜਾ ਹੀ ਹੁੰਦਾ ਹੈ। ਸ਼ੈਰੀ ਨੇ ਇਹ ਵੀ ਦੱਸਿਆ ਕਿ ਉਸਦੀ ਡਾਇਰੀ ਪੜ੍ਹ ਕੇ ਉਨ੍ਹਾਂ ਵਿਚੋਂ ਇਕ ਨੇ ਫੋਨ ਕੀਤਾ, "ਸ਼ੈਰੀ, ਜਿਹੜਾ ਤੂੰ ਇਹ ਲਿਖਿਆ ਹੈ ਕਿ ਪ੍ਰਤਾਪ ਸਿੰਘ ਕੈਰੋਂ ਦੇ ਜੱਟ ਹੋਣ ਕਰਕੇ ਉਸਦਾ ਸੁਭਾ ਹੈਂਕੜ ਵਾਲਾ ਸੀ ਜਿਸ ਕਰਕੇ ਕਾਂਗਰਸ ਹਾਈਕਮਾਂਡ ਨੇ ਗੁਰਮੁਖ ਸਿੰਘ ਮੁਸਾਫਰ ਦੀ ਮੌਕਾ ਮਿਲਣ ਤੇ ਚੋਣ ਕੀਤੀ ਸੀ ਕਿਉਂਕਿ ਉਹ ਮਿਠ ਬੋਲੜਾ ਅਤੇ ਜੱਟ ਦੀ ਦਿਖ ਵਾਲਾ ਭਾਪਾ ਸੀ। ਤੇਰੀ ਇਹ ਗੱਲ ਜਚਦੀ ਨਹੀਂ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਵੀ ਤਾਂ ਇਕ ਜੱਟ ਹੀ ਹੈ ਤੇ ਤੀਜੀ ਵਾਰ ਵਧੀਆ ਚੀਫ ਮਨਿਸਟਰੀ ਕਰੀ ਜਾਂਦਾ ਹੈ।" ਸ਼ੈਰੀ ਨੇ ਉਸਨੂੰ ਕਿਹਾ, "ਇਹ ਗੱਲ ਮੈਂ ਨਹੀਂ ਕਹੀ। ਇਹ ਖੁਦ ਮੁਸਾਫਰ ਨੇ ਕਹੀ ਸੀ ਇਕ ਕਾਂਗਰਸੀ ਲੀਡਰ ਨੂੰ। ਜਿਥੋਂ ਤੱਕ ਪ੍ਰਕਾਸ਼ ਸਿੰਘ ਬਾਦਲ ਦਾ ਸਵਾਲ ਹੈ ਉਹ ਤਾਂ ਇਕ ਅਜਿਹਾ ਜੱਟ ਹੈ ਜਿਸ ਕੋਲੋਂ ਪੁਰਾਣੇ ਜ਼ਮਾਨੇ 'ਚ ਰੱਬ ਨੂੰ ਚੋਰ ਲੈ ਗਏ ਸਨ। ਹਰ ਥਾਂ ਤੇ ਹਰ ਸੁਭਾ ਦੇ ਬੰਦੇ ਹੁੰਦੇ ਹਨ। ਆਪਣੇ ਕੈਪਟਨ ਸਾਹਿਬ ਨੂੰ ਦੇਖ ਲਾ ਹਾਈਕਮਾਂਡ ਨੂੰ ਸਾਫ ਸੁਨੇਹਾ ਦੇ ਰਿਹੈ ਕਿ ਜੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਓਗੇ ਤਾਂ ਹੀ ਸਰਗਰਮ ਹੋਣਾ ਹੈ। ਭੱਠਲ ਤੇ ਕੇਪੀ ਵਰਗੇ ਲੋਹੜੇ ਦੀ ਗਰਮੀ 'ਚ ਧਰਨੇ ਦੇ ਰਹੇ ਹੁੰਦੇ ਨੇ ਤੇ ਉਹ ਹਿਮਾਚਲ ਦੇ ਪਹਾੜਾਂ 'ਚ ਆਪਣੇ ਫਾਰਮ 'ਤੇ ਬਾਹਰੋਂ ਆਏ ਪ੍ਰਾਹੁਣਿਆਂ ਦੀ ਮਹਿਮਾਨਨਿਵਾਜ਼ੀ ਕਰ ਰਿਹਾ ਹੁੰਦਾ ਹੈ। ਉਸਦੇ ਕੁਝ ਲੋਕਾਂ ਨੇ ਕਿਹਾ ਸੀ ਕਿ ਬਾਦਲ ਪਰਿਵਾਰ ਨੂੰ ਅਦਾਲਤਾਂ 'ਚ ਘਸੀਟ ਕੇ ਪੰਜਾਬ 'ਚ ਸਿਆਸੀ ਦੁਸ਼ਮਣੀ ਵਾਲਾ ਮਾਹੌਲ ਪੈਦਾ ਨਾ ਕਰੋ। ਪਰ ਉਹ ਨਹੀਂ ਹਟਿਆ। ਬਾਦਲ ਹੁਣਾਂ ਨੂੰ ਉਹ ਉਨਾ ਠਿੱਠ ਨਹੀਂ ਕਰ ਸਕਿਆ ਜਿੰਨੇ ਉਹ ਦਮਗਜ਼ੇ ਮਾਰਦਾ ਰਿਹਾ। ਦੂਜੇ ਪਾਸੇ ਬਾਦਲ ਨੇ ਉਸ ਉਤੇ ਅਦਾਲਤੀ ਸ਼ਿਕੰਜਾ ਵੀ ਪੂਰਾ ਕਸਿਆ ਹੈ ਤੇ ਜਦੋਂ ਪੱਤਰਕਾਰ ਇਸ ਸਬੰਧ 'ਚ ਕੁਝ ਪੁਛਦੇ ਹਨ, ਹਮੇਸ਼ਾ ਇਕੋ ਨਰਮ ਜਿਹਾ ਜਵਾਬ ਦਿੰਦਾ ਹੈ-ਭਾਈ ਕੈਪਟਨ ਸਾਹਿਬ ਵੇਲੇ ਦੇ ਅਫਸਰਾਂ ਨੇ ਹੀ ਇਹ ਕੇਸ ਬਣਾ ਕੇ ਅਦਾਲਤਾਂ ਨੂੰ ਦਿੱਤੇ ਨੇ। ਹੁਣ ਇਸ ਦਾ ਵਿਜੀਲੈਂਸ ਤੇ ਅਦਾਲਤਾਂ ਨੂੰ ਹੀ ਪਤਾ ਹੈ। ਮੈਨੂੰ ਤਾਂ ਬਾਹਲੀ ਖਬਰ ਨੀ।" ਇੰਨੀ ਗੱਲ ਕਰਕੇ ਸ਼ੈਰੀ ਨੇ ਦੱਸਿਆ ਕਿ ਡਾਇਰੀ ਦੇ ਪੰਨੇ ਮੇਲ ਕਰ ਦਿੱਤੇ ਨੇ ਆਡਿਟ ਕਰਕੇ ਅਮੋਲਕ ਸਿਉਂ ਨੂੰ ਭੇਜ ਦਿਓ ਅਤੇ ਅਸੀਂ ਫੋਨ ਬੰਦ ਕਰ ਦਿੱਤੇ।

### ਪੰਨਾ 1

ਹਰ ਮਨੁੱਖ ਦੀ ਆਮ ਕਰਕੇ ਤੇ ਸਾਡੇ ਪੰਜਾਬੀਆਂ ਦੀ ਖਾਸ ਕਰਕੇ ਆਦਤ ਹੈ ਕਿ ਜਦੋਂ ਕਦੇ ਵੀ ਸਾਡਾ ਦੋ ਵਖਰੀ ਕਿਸਮ ਦੀਆਂ ਚੀਜ਼ਾਂ ਨਾਲ ਵਾਹ ਪੈਂਦਾ ਹੈ ਭਾਵੇਂ ਉਹ ਦੋ ਸਭਿਆਚਾਰ ਹੋਣ, ਸੜਕਾਂ ਹੋਣ, ਬੰਦੇ ਹੋਣ ਜਾਂ ਕਰੰਸੀਆਂ ਹੋਣ ਤਾਂ ਅਸੀਂ ਉਨ੍ਹਾਂ 'ਚ ਸਮਾਨਤਾਵਾਂ ਤੇ ਅਸਮਾਨਤਾਵਾਂ ਜਰੂਰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਮੈਂ ਤੇ ਮੇਰੀ ਪਤਨੀ ਸਾਲ 'ਚ ਛੇ ਮਹੀਨੇ ਚੰਡੀਗੜ੍ਹ ਅਤੇ ਛੇ ਮਹੀਨੇ ਨਿਊ ਯਾਰਕ ਦੇ ਬਿਲਕੁਲ ਲਾਗੇ ਇਕ ਛੋਟੇ ਜਿਹੇ ਸ਼ਹਿਰ 'ਚ ਗੁਜ਼ਾਰਦੇ ਹਾਂ। ਸੋ ਅਸੀਂ ਵੀ ਉਥੋਂ ਅਤੇ ਚੰਡੀਗੜ੍ਹ ਜਾਂ ਪੰਜਾਬ ਵਿਚਲਾ ਫਰਕ ਮਿਣਦੇ ਰਹਿੰਦੇ ਹਾਂ। ਭਾਵੇਂ ਭਾਰਤ 'ਚ ਮਹਿੰਗਾਈ ਇਕ ਵੱਡੀ ਸਮੱਸਿਆ ਹੈ ਪਰ ਉਥੋਂ ਆ ਕੇ ਸਾਨੂੰ ਚੰਡੀਗੜ੍ਹ 'ਚ ਸਭ ਕੁਝ ਬੜਾ ਸਸਤਾ ਸਸਤਾ ਲਗਦਾ ਰਹਿੰਦਾ ਹੈ ਭਾਵੇਂ ਪੈਟਰੋਲ ਹੈ ਤੇ ਭਾਵੇਂ ਦੁੱਧ, ਭਾਵੇਂ ਟਮਾਟਰ ਹਨ ਤੇ ਭਾਵੇਂ ਪਿਆਜ਼ ਤੇ ਭਾਵੇਂ ਸ਼ਰਾਬ ਜਾਂ ਕੁਝ ਹੋਰ। ਸ਼ਾਇਦ ਇਸ ਦਾ ਕਾਰਨ ਸਾਡੇ ਬੱਚਿਆਂ ਵਲੋਂ ਸਾਨੂੰ ਭੇਟ ਕੀਤੇ ਉਹ ਡਾਲਰ ਹੋਣ ਜੋ ਅਗਲੇ ਹਫਤੇ 40 ਘੰਟੇ ਮੁਸ਼ੱਕਤ ਕਰਕੇ ਨਹੀਂ ਕਮਾਏ ਹੁੰਦੇ। ਭਾਰਤ 'ਚ ਸਾਰੇ ਤਾਂ ਨਹੀਂ ਪਰ ਕਾਫੀ ਬਾਬੂਗਿਰੀ ਦੀਆਂ ਜਾਬਾਂ ਕਰਨ ਵਾਲੇ ਲੋਕ ਦਫਤਰਾਂ 'ਚ ਰਿਲੈਕਸ ਹੋਣ ਹੀ ਜਾਂਦੇ ਹਨ ਤੇ ਘਰਾਂ ਦੇ ਕੰਮਾਂ ਨੂੰ ਹੀ ਕੰਮ ਸਮਝਦੇ ਹਨ। ਇਸ ਕਰਕੇ ਅਮਰੀਕਾ 'ਚ ਕੰਮ ਨੂੰ ਮੁਸ਼ੱਕਤ ਹੀ ਕਹਿ ਸਕਦੇ ਹਾਂ।

ਮੈਂ ਚੀਜ਼ਾਂ ਸਸਤੀਆਂ ਲੱਗਣ ਦੀ ਗੱਲ ਕਰ ਰਿਹਾ ਸੀ। ਇਸਦੀ ਉਦਾਹਰਣ ਵਜੋਂ ਸਾਡੇ ਕੰਮ ਕਰਨ ਵਾਲੀ ਮਾਤਾ 1500 ਰੁਪਏ ਮਹੀਨੇ ਵਿਚ ਘਰ ਦੇ ਸਾਰੇ ਕੰਮ ਸਫਾਈ, ਰੋਟੀ ਟੁੱਕ, ਕਪੜੇ ਧੋਣਾ ਆਦਿ ਕਰਦੀ ਹੈ। ਮਾਲੀ ਮਹੀਨੇ 'ਚ 8 ਦਿਨ ਗੇੜਾ ਮਾਰਨ ਦੇ 600 ਰੁਪਏ ਲੈਂਦਾ ਹੈ। ਕੋਈ ਛੁੱਟੀ ਨਹੀਂ ਕਰਦੇ। ਭਾਵੇਂ ਏਨੇ ਕੰਮ ਦੇ 2100 ਰੁਪਏ ਵੀ ਜਿਆਦਾ ਨਹੀਂ ਪਰ 40-42 ਡਾਲਰ ਤਾਂ ਕੁਝ ਵੀ ਨਹੀਂ ਲਗਦੇ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੇ ਹਟ ਜਾਣ ਦੇ ਡਰੋਂ ਅਸੀਂ ਉਨ੍ਹਾਂ ਨੂੰ ਖੁਸ਼ ਰੱਖਦੇ ਹਾਂ, ਖਾਣ ਪੀਣ ਤੋਂ ਰੋਕਦੇ ਟੋਕਦੇ ਨਹੀਂ। ਕਪੜਾ ਲੱਤਾ ਦਿੰਦੇ ਰਹਿੰਦੇ ਹਾਂ। ਹਰ ਵਾਰ ਵਾਂਗ ਇਸ ਵਾਰ ਵੀ ਉਨ੍ਹਾਂ ਲਈ 35-40 ਡਾਲਰਾਂ ਦਾ ਸਾਮਾਨ ਅਮਰੀਕਾ ਤੋਂ ਲੈ ਕੇ ਆਏ ਹਾਂ। ਪਰ ਇਸ ਵਾਰ ਸਟੋਰ ਕਲੋਜ਼ਿੰਗ ਸੇਲਾਂ ਲੱਗੀਆਂ ਹੋਣ ਕਰਕੇ ਉਨ੍ਹਾਂ ਦਾ ਹਿੱਸਾ ਕਾਫੀ ਜਿਆਦਾ ਬਣ ਗਿਆ। ਇਸ ਤਰ੍ਹਾਂ ਇਥੇ ਔਰਤਾਂ ਤੇ ਘਰ ਦੇ ਕੰਮ ਦਾ ਇੰਨਾ ਬੋਝ ਨਹੀਂ ਜਿੰਨਾ ਸਾਡੀਆਂ ਅਮਰੀਕਨ ਪੰਜਾਬੀ ਔਰਤਾਂ 'ਤੇ ਹੈ। ਪਹਿਲਾਂ ਘਰ ਦਾ ਕੰਮ ਕਰਕੇ ਬਾਹਰ ਕੰਮਾਂ 'ਤੇ ਜਾਂਦੀਆਂ ਹਨ, ਫਿਰ ਆ ਕੇ ਘਰ ਦੇ ਸਾਰੇ ਕੰਮ ਕਰਦੀਆਂ ਹਨ। ਜੇ ਐਤਵਾਰ ਤੋਂ ਬਿਨਾ ਕਿਸੇ ਦਿਨ ਚਾਰ ਗੈਸਟ ਆ ਜਾਣ ਤਾਂ ਉਨ੍ਹਾਂ ਦਾ ਰੱਬ ਹੀ ਰਾਖਾ। ਕਿਉਂਕਿ ਜ਼ਿਆਦਾਤਰ ਪੰਜਾਬੀ ਲੋਕ ਸ਼ਨਿਚਰਵਾਰ ਨੂੰ ਵੀ ਕੰਮ ਕਰਦੇ ਹਨ। ਬੰਦੇ ਲਿਵਿੰਗ ਰੂਮ 'ਚ 12 ਵਜੇ ਤੱਕ ਫੋਨ ਕਰੀ ਜਾਂਦੇ ਹਨ ਤੇ ਉਹ ਵਿਚਾਰੀਆਂ ਸੂਲੀ ਤੇ ਚੜ੍ਹੀਆਂ ਹੁੰਦੀਆਂ ਹਨ।

### ਪੰਨਾ 2

ਚੰਡੀਗੜ੍ਹ ਦੇ ਮੇਰੇ ਦੋ ਅਜਿਹੇ ਦੋਸਤਾਂ ਨੂੰ 4-5 ਸਾਲ ਪਹਿਲਾਂ ਪਿਛਲੀ ਉਮਰੇ ਅਮਰੀਕਾ ਵਸ ਜਾਣ ਦਾ ਮੌਕਾ ਮਿਲਿਆ, ਜਿਹੜੇ 30 ਸਾਲ ਚੰਡੀਗੜ੍ਹ 'ਚ ਮੇਰੇ ਨਾਲ ਭਰਾਵਾਂ ਵਾਂਗ ਰਹੇ ਹਨ। ਇਸ ਵਾਰ ਮੈਂ ਉਨ੍ਹਾਂ ਨੂੰ ਉਕਸਾ ਕੇ ਦੋ ਮਹੀਨਿਆਂ ਲਈ ਆਪਣੇ ਨਾਲ ਹੀ ਇੰਡੀਆ ਲੈ ਆਇਆ ਹਾਂ। ਇਸ ਕਾਰਨ ਉਨ੍ਹਾਂ ਦੀਆਂ ਪਤਨੀਆਂ ਦੇ ਉਲਾਂਭਿਆਂ ਦਾ ਵੀ ਮੈਂ ਪਾਤਰ ਬਣਿਆ ਹਾਂ। ਉਹ ਦੋਵੇਂ ਦੋਸਤ ਭਾਵੇਂ ਇਥੇ 30-30 ਸਾਲ ਰਹਿ ਕੇ ਗਏ ਹਨ ਪਰ ਚੰਡੀਗੜ੍ਹ ਪਹੁੰਚ ਕੇ ਉਹ ਫੁਲੇ ਨਹੀਂ ਸਮਾਉਂਦੇ। ਉਨ੍ਹਾਂ ਨੂੰ ਇਥੇ ਦਾ ਸਭ ਕੁਝ ਚੰਗਾ ਚੰਗਾ ਤੇ ਨਵਾਂ ਨਵਾਂ ਲਗਦਾ ਹੈ। ਇਉਂ ਮਹਿਸੂਸ ਕਰਦੇ ਹਨ ਜਿਵੇਂ ਬਾ-ਮੁਸ਼ੱਕਤ ਅਮੀਰ ਉਮਰ ਕੈਦੀ ਨੂੰ ਦੋ ਮਹੀਨਿਆਂ ਦੀ ਛੁੱਟੀ ਮਿਲ ਗਈ ਹੋਵੇ। ਉਥੇ ਮੈਡੀਕਲ ਜਾਂ ਇੰਸੋਰੈਂਸ ਨਾ ਹੋਣ ਕਰਕੇ, ਕਿਉਂਕਿ ਆਪਣੇ ਪੰਜਾਬੀਆਂ ਦੇ ਸਟੋਰਾਂ 'ਤੇ ਹੀ ਕੰਮ ਕਰਦੇ ਹਨ, ਉਹ ਕਲੀਨਿਕ ਜਾਂ ਡਾਕਟਰ ਦਾ ਨਾਂ ਲੈਣ ਤੋਂ ਵੀ ਇਉਂ ਤ੍ਰਹਿੰਦੇ ਸਨ ਜਿਵੇਂ ਕਾਂ ਤੀਰ ਤੋਂ। ਇਥੇ ਹਰ ਹਫਤੇ ਸੂਗਰ ਤੇ ਜਨਰਲ ਚੈਕਅਪ ਕਰਵਾਉਂਦੇ ਹਨ। ਆਪਣੀਆਂ ਕੋਠੀਆਂ ਦੇ ਸਾਹਮਣੇ ਦੀ ਮਾਰਕੀਟ ਦੇ ਇਕ ਆਰ ਐਮ ਪੀ ਮਿੱਤਰ ਡਾਕਟਰ ਤੋਂ ਦਿਨ 'ਚ ਦੋ ਵਾਰ ਬਲੱਡ ਪ੍ਰੈਸ਼ਰ ਚੈਕ ਕਰਵਾਉਂਦੇ ਹਨ ਤੇ ਤਕਰੀਬਨ ਹਰ ਰੋਜ਼ ਕਦੇ ਆਪਣੀਆਂ ਕੋਠੀਆਂ 'ਚ ਤੇ ਕਦੇ ਬਾਹਰ ਯਾਰਾਂ ਮਿਤਰਾਂ ਦੀਆਂ ਮਹਿਫਲਾਂ ਲਾਉਂਦੇ ਹਨ।

ਉਨ੍ਹਾਂ ਦੋਵਾਂ ਨੂੰ ਕੁਦਰਤੀ ਗੋਡਿਆਂ ਦੇ ਦਰਦ ਦੀ ਤਕਲੀਫ ਹੈ। ਇਸ ਦੀ ਦਵਾ ਦਾਰੂ ਲਈ ਅਸੀਂ ਪੀ.ਜੀ.ਆਈ. ਇਕ ਜਾਣੂ ਹੱਡੀਆਂ ਦੇ ਮਾਹਰ ਕੋਲ ਗਏ। ਉਸਨੇ ਸਧਾਰਣ ਤੌਰ 'ਤੇ ਉਨ੍ਹਾਂ ਨੂੰ ਇਸਦਾ ਕਾਰਨ ਪੁੱਛਿਆ ਤਾਂ ਮੈਂ ਕਿਹਾ ਡਾਕਟਰ ਸਾਹਿਬ ਕੋਈ ਸੱਟ ਫੇਟ ਨਹੀਂ ਲੱਗੀ ਦਰਅਸਲ 3-3, 4-4 ਸਾਲ ਤੋਂ ਇਨ੍ਹਾਂ ਨੂੰ ਘੋੜੇ ਵਾਂਗੂ ਕਦੇ ਸੱਜੇ ਕਦੇ ਖੱਬੇ ਪੈਰ ਦੀ ਖੁਰੀ ਕੱਢ ਕੇ ਖਲੋਣ ਦੀ ਆਦਤ ਪੈ ਗਈ ਹੈ। ਜਦੋਂ ਹਰ ਵੇਲੇ ਸਾਧ ਵਾਂਗ ਇਕ ਲੱਤ 'ਤੇ ਹੀ ਰਹਿਣੈ ਤਾਂ ਗੋਡਿਆਂ 'ਚ ਤਾਂ ਦਰਦ ਹੋਣਾ ਈ ਐ। ਜਿਹੜੇ ਸਰੀਰਾਂ ਦਾ ਸਾਰੀ ਉਮਰ ਦੋ ਗੋਡੇ ਮੋਢੇ ਭਾਰ ਝੱਲਣ ਗਿੱਝੇ ਹੋਣ ਉਨ੍ਹਾਂ ਸਰੀਰਾਂ ਦਾ ਇਕੱਲਾ ਇਕੱਲਾ ਗੋਡਾ ਕਿਵੇਂ ਭਾਰ ਝੱਲੇ। ਮੇਰੀ ਗੱਲ ਸੁਣ ਕੇ ਡਾਕਟਰ ਨੇ ਉਨ੍ਹਾਂ ਵਲ ਅੰਤਾਂ ਦੀ ਹੈਰਾਨੀ ਨਾਲ ਅੱਖਾਂ ਅੱਡ ਕੇ ਵੇਖਿਆ ਪਰ ਮੇਰੀ ਗੱਲ ਦੀ ਹੋਰ ਵਿਆਖਿਆ ਮੰਗਣ ਦੀ ਉਸਦੀ ਹਿੰਮਤ ਨਾ ਪਈ। ਉਸ ਨੇ ਐਕਸਰੇ ਲਏ, ਉਨ੍ਹਾਂ ਦੇ ਗੋਡੇ ਇਕ ਛੋਟੀ ਜਿਹੀ ਹਥੌੜੀ ਨਾਲ ਭਾਂਡਿਆਂ ਵਾਂਗ ਖੜਕਾ ਕੇ ਦੇਖੇ। ਫਿਰ ਹੋਰ ਚੈਕਅੱਪ ਵੀ ਕੀਤੇ ਤੇ ਕਹਿਣ ਲੱਗਾ ਕੋਈ ਖਾਸ ਸਮੱਸਿਆ ਨਹੀਂ ਹੈ ਬਸ 5-10 ਦਿਨ ਜਿਆਦਾ ਸਿੱਧੀ ਲੱਤ ਨਹੀਂ ਰਹਿਣਾ। ਉਨ੍ਹਾਂ ਨੂੰ ਇਕ ਮੱਲ੍ਹਮ ਤੇ ਰੋਜ ਦਾ ਇਕ ਕੈਪਸੂਲ 30 ਦਿਨ ਲਈ ਖਾਣ ਲਈ ਲਿਖ ਦਿੱਤੇ ਅਤੇ ਨਾਲ ਹੀ ਕਹਿਣ ਲੱਗਾ ਤਿੰਨ ਵਾਰ ਮੱਲ੍ਹਮ ਦੀ ਮਾਲਸ਼ ਤੇ ਐਕਸਰਸਾਈਜ਼ ਨਾਲ ਗੋਡਿਆਂ ਨੇ 10 ਦਿਨਾਂ 'ਚ ਬਿਲਕੁਲ ਠੀਕ ਹੋ ਜਾਣਾ ਹੈ।

ਤੁਰਨ ਲੱਗਿਆਂ ਮੈਂ ਕਿਹਾ ਡਾਕਟਰ ਸਾਹਿਬ ਮਾਲਸ਼ ਵੀ ਕਰ ਲੈਣਗੇ, ਗੋਡਿਆਂ ਦੀ ਮੋੜ ਤੋੜ ਕਰਕੇ ਐਕਸਰਸਾਈਜ਼ ਵੀ ਕਰ ਲੈਣਗੇ ਤੇ 10 ਦਿਨਾਂ 'ਚ ਠੀਕ ਵੀ ਹੋ ਜਾਣਗੇ ਪਰ ਦੋ ਮਹੀਨਿਆਂ ਨੂੰ ਜਿਹੜੇ ਜਹਾਨ ਇਨ੍ਹਾਂ ਵਾਪਸ ਪਰਤਣਾ ਐ ਉਥੇ ਦਿਨ 'ਚ 8-10 ਘੰਟੇ ਸਿੱਧੀ ਲੱਤ ਖਲੋਣ ਦਾ ਕਲਚਰ ਐ ਜਿਹੜਾ ਜ਼ਰੂਰੀ ਹੈ। ਉਥੇ ਇਨ੍ਹਾਂ ਦੇ ਗੋਡੇ ਫਿਰ ਮੁੜ ਘੁੜ ਕੇ ਬੋਹੜ ਹੇਠ ਪਹੁੰਚ ਜਾਣੇ ਨੇ। ਡਾਕਟਰ ਹੱਸ ਕੇ ਕਹਿਣ ਲੱਗਾ ਇਸਦਾ ਇਲਾਜ ਤਾਂ ਮੇਰੇ ਵਸ 'ਚ ਨਹੀਂ ਮਿੱਤਰੋ।

### ਪੰਨਾ 3

ਪੰਜਾਬ ਦੇ ਨੇਤਾ-ਜਨਾਂ ਤੇ ਅਮਰੀਕੀ ਪੰਜਾਬੀ ਨੇਤਾ ਲੋਕਾਂ 'ਚ ਵੀ ਮੈਨੂੰ ਕਾਫੀ ਅੰਤਰ ਮਹਿਸੂਸ ਹੋਇਆ ਹੈ। ਪੰਜਾਬ ਵਿਚ ਨੇਤਾਗੀਰੀ ਦੀ ਮੰਜਲ 'ਤੇ ਜਿਆਦਾਤਰ ਸਿਆਸੀ ਪਹੁੰਚ ਜਾਂ ਪੈਸੇ ਵਾਲੇ ਬੰਦੇ ਹੀ ਪਹੁੰਚਦੇ ਹਨ। ਕਦੇ ਕਦੇ ਲੋਹੇ 'ਤੇ ਲਕੀਰ ਵਾਂਗ ਵੱਡੇ ਨੇਤਾਵਾਂ ਦੇ ਪੱਕੇ ਤੇ ਪਰਖੇ ਹੋਏ ਸ਼ਰਧਾਲੂ ਵੀ ਇਹ ਗੇਜਲ ਪਾ ਲੈਂਦੇ ਹਨ। ਉਥੇ ਇਹ ਕਿੱਤਾ ਇਕ ਆਮ ਕਿੱਤੇ ਵਾਂਗ ਹੈ। ਪੈਸੇ ਲਾਓ ਤੇ ਕਮਾਓ। ਉਥੇ ਇਸ ਕੰਮ 'ਚ ਵੱਡੀ ਸ਼ਕਤੀ ਸਮਾਈ ਹੋਈ ਹੈ। ਉਥੇ ਤਾਂ ਕਿਸੇ ਚੰਗੀ ਸਿਆਸੀ ਪਾਰਟੀ ਦਾ ਬਲਾਕ ਪ੍ਰਧਾਨ ਜਾਂ ਜ਼ਿਲਾ ਪ੍ਰਧਾਨ ਹੋਣਾ ਸਰਕਾਰੇ ਦਰਬਾਰੇ ਚੰਗੀ ਸ਼ਕਤੀ ਵਾਲਾ ਹੋਣਾ ਹੈ। ਇਸ ਦੇ ਮੁਕਾਬਲੇ ਬਹੁਤ ਹੀ ਘੱਟ ਅਮਰੀਕਨ ਪੰਜਾਬੀ ਸਿਆਸੀ ਨੇਤਾ ਲੋਕ ਅਮਰੀਕਾ ਦੀ ਡੈਮੋਕਰੈਟਿਕ ਜਾਂ ਰਿਪਬਲਿਕਨ ਪਾਰਟੀਆਂ 'ਚ ਸਰਗਰਮ ਹਨ। ਇਨ੍ਹਾਂ 'ਚੋਂ 98 ਫੀਸਦੀ ਨੇਤਾ ਲੋਕ ਜਾਂ ਤਾਂ ਪੰਜਾਬ ਦੀ ਸਿਆਸਤ 'ਚ ਸਰਗਰਮ ਹਨ ਜਾਂ ਅਮਰੀਕਾ ਦੇ ਗੁਰਦਵਾਰਿਆਂ ਦੇ ਪ੍ਰਬੰਧਾਂ ਦੀ ਸਿਆਸਤ 'ਚ। ਜੇ ਕਦੇ ਉਹ ਅਮਰੀਕਾ ਦੀ ਸਿਆਸਤ 'ਚ ਸਰਗਰਮ ਹੁੰਦੇ ਵੀ ਹਨ ਤਾਂ ਉਨ੍ਹਾਂ ਦੀ ਇਹ ਸਰਗਰਮੀ ਜਿਆਦਾਤਰ ਫੰਡਰੇਜ਼ਿੰਗ ਲੰਚਾਂ ਤੇ ਡਿਨਰਾਂ ਤੱਕ ਹੀ ਸੀਮਤ ਰਹਿੰਦੀ ਹੈ। ਸ਼ਾਇਦ ਇਸ ਦਾ ਕਾਰਨ ਹੈ ਕਿ ਅਮਰੀਕਨ ਸਿਆਸਤ 'ਚ ਕੋਈ ਅਹੁਦਾ ਜਾਂ ਮਾਨਤਾ ਲੈਣੀ ਬਹੁਤ ਘਾਲਣਾ ਤੇ ਲੰਬੀ ਦੂਰੀ ਦੀ ਮੰਜ਼ਿਲ ਹੈ ਤੇ ਦੂਜੇ ਪਾਸੇ ਪੰਜਾਬ ਦੀ ਜਾਂ ਅਮਰੀਕਾ ਦੇ ਗੁਰਦਵਾਰਿਆਂ ਦੀ ਸਿਆਸਤ 'ਚ ਕੋਈ ਅਹੁਦਾ ਜਾਂ ਮਾਨਤਾ ਜਾਂ ਸੇਵਾ ਹਾਸਲ ਕਰਨੇ ਕਾਫੀ ਅਸਾਨ ਹਨ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਓਵਰਸੀਜ਼ ਵਿੰਗਾਂ ਦੇ ਅਹੁਦਿਆਂ ਬਾਰੇ ਤਾਂ ਕਈ ਵਾਰ ਅਮਰੀਕਾ ਦੇ ਪੰਜਾਬੀ ਅਖਬਾਰਾਂ 'ਚ ਬੜੀਆਂ ਹਾਸੋਹੀਣੀਆਂ ਖਬਰਾਂ ਛਪਦੀਆਂ ਹਨ। ਕਈ ਵਾਰ ਇਕੋ ਪਾਰਟੀ ਦੇ ਅਮਰੀਕਾ 'ਚ ਇਕੋ ਅਹੁਦੇ ਤੇ 3-4 ਮਹੀਨਿਆਂ 'ਚ ਹੀ 3-4 ਵੱਖਰੇ ਵੱਖਰੇ ਨੇਤਾ ਬਿਰਾਜ਼ਮਾਨ ਹੁੰਦੇ ਦਿਸਦੇ ਹਨ। ਨਿਊ ਯਾਰਕ ਸ਼ਹਿਰ ਤੋਂ 100 ਕੁ ਮੀਲ 'ਤੇ ਇਕ ਨੇਤਾ ਜੀ ਬੜਾ ਚਿਰ ਮਾਨ ਦਲ ਨਾਲ ਜੁੜੇ ਰਹੇ। ਖਾਸ ਤੌਰ ਤੇ ਉਨ੍ਹਾਂ ਦਿਨਾਂ 'ਚ ਜਦੋਂ ਮਾਨ ਦਲ ਦਾ ਅਮਰੀਕਾ 'ਚ ਸਿਆਸੀ ਸ਼ਰਣ ਲੈਣ 'ਚ ਫਾਇਦਾ ਹੁੰਦਾ ਸੀ ਪਰ ਹੁਣ ਉਹ ਕਹਿ ਰਹੇ ਹਨ ਉਸਨੂੰ ਸੁਖਬੀਰ ਸਿੰਘ ਬਾਦਲ ਨੇ ਆਪ ਨਿਯੁਕਤੀ ਪੱਤਰ ਭੇਜਿਆ ਜਿਹੜਾ ਅਜੇ ਨਹੀਂ ਦਿਖਾ ਸਕਦਾ। ਪਿਛਲੇ ਦਿਨਾਂ 'ਚ ਅਮਰੀਕਾ ਦੇ ਪੰਜਾਬੀ ਅਖਬਾਰਾਂ 'ਚ ਇਕ ਖਬਰ ਸੀ ਕਿ ਪੰਜਾਬ ਦੀ ਇਕ ਵੱਡੀ ਪਾਰਟੀ ਨੇ ਕੈਲੀਫੋਰਨੀਆ ਵਿੰਗ ਦੇ ਅਹੁਦੇ ਨਵੇਂ ਸਿਰਿਓਂ ਐਲਾਨ ਦਿੱਤੇ ਹਨ। ਪਰ ਉਸ ਖਬਰ ਅਨੁਸਾਰ ਪੰਜ ਪ੍ਰਧਾਨ, 7 ਵਾਈਸ ਪ੍ਰਧਾਨ, ਤੇ ਇਸ ਤੋਂ ਵੱਧ ਗਿਣਤੀ 'ਚ ਸਕੱਤਰ ਤੇ ਇਸੇ ਤਰ੍ਹਾਂ ਚੰਗੀ ਗਿਣਤੀ 'ਚ ਖਜ਼ਾਨਚੀਆਂ ਦੀ ਨਿਯੁਕਤੀ ਕੀਤੀ ਹੈ। ਜੇ ਕਿਸੇ ਪਾਰਟੀ ਦੇ ਚਾਰ ਅਹੁਦਿਆਂ ਲਈ 25-30 ਬੰਦੇ ਜ਼ਿੰਮੇਵਾਰੀਆਂ ਨਿਭਾਉਣ ਲਈ ਤਿਆਰ ਹਨ ਤੇ ਉਹ ਵੀ ਸਮੁੰਦਰੋਂ ਪਾਰ ਤਾਂ ਉਸ ਪਾਰਟੀ ਲਈ ਤਾਂ ਇਹ ਧੰਨਭਾਗ ਵਾਲੀ ਗੱਲ ਹੈ ਤੇ ਪੰਜਾਬ ਦੀ ਸਿਆਸਤ ਨਾਲ ਜੁੜੇ ਰਹਿਣ ਨਾਲ ਅਮਰੀਕਨ ਪੰਜਾਬੀਆਂ ਨੂੰ ਆਪਣੀ ਜਨਮ ਭੋਇੰ ਦੀ ਸੇਵਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੁੰਦਾ ਰਹਿੰਦਾ ਹੈ।

#



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204

19625 Harlan Rd Lathrop CA 95330

Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh

Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਪੰਜਾਬੀ ਗਾਇਕਾਂ ਦਾ ਪ੍ਰਧਾਨ ਮੰਤਰੀ ਬਾਬਾ ਗੁਰਦਾਸ ਮਾਨ

**ਮੇਰਾ ਮਨ ਭਾਉਂਦਾ**

**ਮਨਦੀਪ ਮਾਨ***

ਇਹ ਗੱਲ ਕੋਈ 1999 ਦੀ ਹੈ। ਬਲਵੰਤ ਸਿੰਘ ਰਾਮੂਵਾਲੀਆ ਉਨ੍ਹਾਂ ਵੇਲਿਆਂ ਵਿਚ ਕੇਂਦਰੀ ਮੰਤਰੀ ਹੋਇਆ ਕਰਦੇ ਸਨ ਅਤੇ ਉਹ ਕਾਰ ਵਿਚ ਬੈਠ ਕੇ ਗਿੱਦੜਬਾਹਾ ਕੋਲ ਦੀ ਲੰਘ ਰਹੇ ਸਨ। ਪ੍ਰਸਿਧ ਪੰਜਾਬੀ ਗੀਤਕਾਰ ਗੁਰਚਰਨ ਵਿਰਕ ਵੀ ਉਨ੍ਹਾਂ ਦੇ ਨਾਲ ਸਨ। ਸ੍ਰੀ ਰਾਮੂਵਾਲੀਆ ਕਹਿਣ ਲੱਗੇ, 'ਮੈਨੂੰ ਇਥੋਂ ਨਸਵਾਰ ਦੀ ਮਹਿਕ ਆਉਂਦੀ ਹੈ।' ਜਵਾਬ ਵਿਚ ਗੁਰਚਰਨ ਵਿਰਕ ਨੇ ਕਿਹਾ, 'ਨਹੀਂ ਜੀ, ਸਾਨੂੰ ਤੇ ਇਥੋਂ ਗੁਰਦਾਸ ਦੇ ਗੀਤਾਂ ਦੀ ਮਹਿਕ ਆਉਂਦੀ ਹੈ।' ਇਸ ਗੱਲ 'ਤੇ ਸ੍ਰੀ ਰਾਮੂਵਾਲੀਏ ਨੂੰ ਵੀ 'ਹਾਂ' ਕਹਿਣੀ ਪਈ। ਇਹ ਗੱਲ ਬਿਨਾ ਸ਼ੱਕ ਅੱਜ ਵੀ ਸੱਚ ਹੈ ਅਤੇ ਰਹੇਗੀ।

ਗੁਰਦਾਸ ਦਾ ਜਨਮ 4 ਜਨਵਰੀ 1957 ਨੂੰ ਪਿੰਡ ਗਿੱਦੜਬਾਹਾ ਵਿਚ ਹੋਇਆ ਜੋ ਉਸ ਵੇਲੇ ਜ਼ਿਲਾ ਫਰੀਦਕੋਟ ਦਾ ਹਿੱਸਾ ਹੁੰਦਾ ਸੀ, ਅੱਜ ਕੱਲ ਭਾਵੇਂ ਇਹ ਜ਼ਿਲਾ ਮੁਕਤਸਰ ਦਾ ਹਿੱਸਾ ਹੈ। ਗੁਰਦਾਸ ਦਾ ਗੀਤ-ਸੰਗੀਤ ਨਾਲ ਲਗਾਓ ਬਚਪਨ ਤੋਂ ਹੀ ਸੀ। ਚੜ੍ਹਦੀ ਜਵਾਨੀ ਵਿਚ ਉਹ ਅਕਸਰ ਗਿੱਦੜਬਾਹਾ ਵਿਚ ਰਾਮ ਲੀਲਾ ਵਿਚ ਝਾਂਜਰਾਂ ਬੰਨ ਕੇ ਨੱਚਦਾ ਹੁੰਦਾ ਸੀ। ਉਸ ਦੇ ਪਿਤਾ ਸ. ਗੁਰਦੇਵ ਸਿੰਘ ਪ੍ਰਧਾਨ ਜੀ ਇਸ ਗੱਲ ਤੋਂ ਖਿਝ ਕੇ ਉਸ ਨੂੰ ਅਕਸਰ ਕੰਜਰ ਵੀ ਕਹਿ ਦਿੰਦੇ ਸਨ। ਸ. ਗੁਰਦੇਵ ਸਿੰਘ ਨੂੰ 'ਪ੍ਰਧਾਨ ਜੀ' ਲੋਕ ਇਸ ਕਰਕੇ ਕਹਿੰਦੇ ਸਨ ਕਿ ਉਹ ਉਨ੍ਹੀਂ ਦਿਨੀਂ ਗਿੱਦੜਬਾਹਾ ਨਗਰ ਪਾਲਿਕਾ ਦੇ ਪ੍ਰਧਾਨ ਸਨ। ਗੁਰਦਾਸ ਨੇ ਅੱਧੀ ਰਾਤ ਨੂੰ ਆਪਣੇ ਬਚਪਨ ਦੇ ਦੋਸਤ ਫੁਲੇਲ ਨੰਬਰਦਾਰ ਨਾਲ ਕਈ ਵਾਰੀ ਸਿਵਿਆਂ ਵਿਚ ਬੈਠ ਕੇ ਗਾਇਆ ਕਰਨਾ ਤੇ ਫੁਲੇਲ ਨੇ ਢੋਲਕੀ ਵਜਾਉਣੀ। ਸਿਵੇ ਗੁਰਦਾਸ ਦੇ ਘਰ ਦੇ ਨੇੜੇ ਹੀ ਸਨ। ਗੁਰਦਾਸ ਸਿਵਿਆਂ ਵਿਚ ਇਕੱਲ ਤੇ ਸ਼ਾਂਤੀ ਲੱਭਦਾ ਚਲਿਆ ਜਾਂਦਾ ਸੀ।

ਸਮਾਂ ਬੀਤਿਆ। ਗੁਰਦਾਸ ਦੇ ਸਾਥੀ ਆਪੋ ਆਪਣੇ ਕੰਮ-ਧੰਦਿਆਂ ਵਿਚ ਲੱਗ ਗਏ ਤੇ ਜਦੋਂ ਕਦੀ ਉਹ ਪਿੰਡ ਆਉਂਦੇ ਆਪਣੇ ਘਰਦਿਆਂ ਲਈ ਪ੍ਰੈਸ਼ਰ ਕੁੱਕਰ, ਪ੍ਰੈਸ ਆਦਿ ਲੈ ਕੇ ਆਉਂਦੇ। ਸਾਰੇ ਗੱਲਾਂ ਕਰਦੇ ਕਿ ਮੇਰਾ ਮੁੰਡਾ ਆਹ ਲੈ ਕੇ ਆਇਆ ਹੈ, ਮੇਰਾ ਮੁੰਡਾ ਅਹੁ ਲੈ ਕੇ ਆਇਆ ਹੈ। ਪ੍ਰਧਾਨ ਜੀ ਨੂੰ ਪੁੱਛਦੇ ਕਿ ਗੁਰਦਾਸ ਕੀ ਲੈ ਕੇ ਆਇਆ ਹੈ ਤਾਂ ਵਿਚੋਂ ਹੀ ਕਿਸੇ ਨੇ ਜਵਾਬ ਦੇ ਦੇਣਾ, 'ਲਿਆਉਣਾ ਕੀ ਐ, ਉਹ ਤਾਂ ਬੁੜੀਆਂ ਵਾਲੇ ਕੱਪੜੇ ਪਾ ਕੇ ਬੁੜੀਆਂ 'ਚ ਬੈਠਾ ਵਿਆਹ ਦੇ ਗੀਤ ਗਾ ਛੱਡਦਾ ਆ ਜਾਂ ਫਿਰ ਨਚਾਰਾਂ ਵਾਂਗ ਝਾਂਜਰਾਂ ਬੰਨ ਕੇ ਨੱਚ ਛੱਡਦੈ।' ਪ੍ਰਧਾਨ ਜੀ ਨੇ ਇਸ ਗੱਲੋਂ ਔਖੇ ਹੋ ਪੈਣਾ ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਰਾਮ ਲੀਲਾ ਵਿਚ ਝਾਂਜਰਾਂ ਬੰਨ ਕੇ ਨੱਚਣ ਵਾਲਾ ਗੁਰਦਾਸ ਇਕ ਦਿਨ ਗੁਰਦਾਸ ਮਾਨ ਬਣ ਕੇ ਦੁਨੀਆਂ ਭਰ ਵਿਚ ਪੰਜਾਬੀਆਂ ਨੂੰ ਆਪਣੇ ਨਾਲ ਨਚਾਵੇਗਾ ਤੇ ਉਨ੍ਹਾਂ ਦਾ 'ਮਾਨ' ਵਧਾਵੇਗਾ।

ਗੁਰਦਾਸ ਨੇ ਬੀ.ਏ. ਦੀ ਡਿਗਰੀ ਮਲੋਟ ਕਾਲਜ ਤੋਂ ਕਰਕੇ ਫਿਜ਼ੀਕਲ ਐਜੂਕੇਸ਼ਨ ਪਟਿਆਲਾ ਵਿਚ ਦਾਖਲਾ ਲੈ ਲਿਆ ਜਿਥੇ ਉਹ ਇਕ ਸਾਲ ਮੇਰੇ ਪਿਤਾ ਜੀ ਸ. ਗੁਰਦਿਆਲ ਸਿੰਘ



ਮਾਨ, ਜੋ ਆਪ ਵਧੀਆ ਕਬੱਡੀ ਖਿਡਾਰੀ ਰਹੇ ਹਨ, ਦਾ ਸਹਿਪਾਠੀ ਵੀ ਰਿਹਾ। ਬਾਅਦ ਵਿਚ ਗੁਰਦਾਸ ਨੇ ਕੁਝ ਸਮਾਂ ਪੰਜਾਬ ਬਿਜਲੀ ਬੋਰਡ 'ਚ ਨੌਕਰੀ ਕੀਤੀ ਪਰ ਮਨ ਅਸ਼ਾਂਤ ਸੀ, ਕੁਝ ਹੋਰ ਭਾਲਦਾ ਸੀ। ਮੇਰੇ ਪਿਤਾ ਜੀ ਦੱਸਦੇ ਹਨ ਕਿ ਗੁਰਦਾਸ ਨੂੰ ਉਨ੍ਹਾਂ ਦਿਨਾਂ ਵਿਚ ਵੀ ਸਟੇਜ ਉਤੇ ਮੁੰਡੇ-ਕੁੜੀਆਂ ਦੇ ਸਾਹਮਣੇ ਮੇਲ੍ਹਣ ਦਾ ਬੜਾ ਸਵਾਦ ਆਉਂਦਾ ਸੀ।

31 ਦਸੰਬਰ 1980 ਨੂੰ ਗੁਰਦਾਸ ਮਾਨ ਦਾ ਪਹਿਲਾ ਗੀਤ 'ਦਿਲ ਦਾ ਮਾਮਲਾ' ਦੂਰਦਰਸ਼ਨ ਤੋਂ ਪ੍ਰਸਾਰਿਤ ਕੀਤਾ ਗਿਆ ਜਿਸ ਨੇ ਉਸ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ। ਉਸ ਤੋਂ ਬਾਅਦ ਚੱਲ ਸੋ ਚੱਲ। ਹੁਣ ਤੱਕ ਗੁਰਦਾਸ ਮਾਨ ਦੀਆਂ 30 ਤੋਂ ਵੱਧ ਕੈਸਿਟਾਂ ਅਤੇ ਕੰਪੈਕਟ ਡਿਸਕਾਂ ਮਾਰਕਿਟ ਵਿਚ ਆ ਚੁੱਕੀਆਂ ਹਨ। ਉਹ ਹੁਣ ਤੱਕ 30 ਤੋਂ ਵੱਧ ਫਿਲਮਾਂ ਵਿਚ ਕੰਮ ਕਰ ਚੁੱਕਾ ਹੈ ਅਤੇ 15 ਸੌ ਤੋਂ ਵੱਧ ਗਾਣੇ ਗਾ ਚੁੱਕਾ ਹੈ ਜਿਨ੍ਹਾਂ ਵਿਚੋਂ ਕਰੀਬ ਕਰੀਬ ਸਾਰੇ ਹਿੱਟ ਰਹੇ ਹਨ।

ਆਪਣੇ ਨਿਜੀ ਜੀਵਨ ਵਿਚ ਗੁਰਦਾਸ ਬਹੁਤ ਹੀ ਧਾਰਮਿਕ ਕਿਸਮ ਦਾ ਇਨਸਾਨ ਹੈ ਜੋ ਨਿੱਤਨੇਮ ਦਾ ਪਾਠ ਕਰਨਾ ਕਦੇ ਨਹੀਂ ਭੁੱਲਦਾ। 1984 ਵਿਚ ਜਦੋਂ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਹੋਇਆ ਤਾਂ ਉਸ ਵੇਲੇ ਗੁਰਦਾਸ ਕੈਨੇਡਾ ਵਿਚ ਸ਼ੋਅ ਕਰ ਰਿਹਾ ਸੀ। ਜਦੋਂ ਉਸ ਨੂੰ ਪਤਾ ਲੱਗਾ ਤਾਂ ਉਹ ਉਸੇ ਵਕਤ ਸ਼ੋਅ ਵਿਚਕਾਰ ਛੱਡ ਕੇ ਹੀ ਚਲਿਆ ਗਿਆ ਸੀ। ਬਾਅਦ ਵਿਚ ਉਸ ਨੂੰ ਇਸ ਲਈ ਬੜੀ ਭਾਰੀ ਕੀਮਤ ਤਾਰਨੀ ਪਈ ਸੀ ਪਰ ਉਹ ਤਾਂ ਹੈ ਹੀ ਦਾਸਾਂ ਦਾ ਦਾਸ, ਉਸ ਨੇ ਸਭ ਮੁਸੀਬਤਾਂ ਖਿੜ੍ਹੇ ਮੱਥੇ ਝੱਲੀਆਂ।

ਜਿਨ੍ਹਾਂ ਵੇਲਿਆਂ ਵਿਚ ਗੁਰਦਾਸ ਮਾਨ ਨੇ ਗਾਉਣਾ ਸ਼ੁਰੂ ਕੀਤਾ, ਉਨ੍ਹਾਂ ਵੇਲਿਆਂ ਵਿਚ ਦੋਗਾਣਿਆਂ ਦੀ ਪੂਰੀ ਚੜ੍ਹਾਈ ਸੀ। ਇਕ ਵਾਰ ਇਕ ਬਾਬਾ ਸ਼ੋਅ ਬੁੱਕ ਕਰਵਾਉਣ ਲਈ ਗੁਰਦਾਸ ਮਾਨ ਦੀ ਪਤਨੀ ਮਨਜੀਤ ਕੌਰ ਕੋਲ ਆਇਆ ਤਾਂ ਮਨਜੀਤ ਨੇ ਕਿਹਾ, 'ਬਾਬਾ ਜੀ ਗੁਰਦਾਸ ਦੇ ਨਾਲ ਕੋਈ ਕੁੜੀ ਨਹੀਂ ਗਾਉਂਦੀ।' ਬਾਬੇ ਦਾ ਜਵਾਬ ਸੀ, 'ਸਾਡਾ ਗੁਰਦਾਸ ਇਕੱਲਾ ਹੀ ਸੱਤ ਕੁੜੀਆਂ ਜਿਹੈ।' ਇਸ ਦਾ ਗੁਰਦਾਸ ਦੇ ਮਨ 'ਤੇ ਬਹੁਤ ਅਸਰ ਪਿਆ ਤੇ ਉਹ ਭਾਵੁਕ ਹੋ ਕੇ ਰੋਣ ਲੱਗ ਪਿਆ। ਕਹਿਣ ਲੱਗਾ, 'ਅੱਜ ਮੈਨੂੰ ਪਤਾ ਚੱਲਿਆ ਲੋਕ ਮੈਨੂੰ ਕਿੰਨਾ ਪਿਆਰ ਕਰਦੇ ਹਨ।' ਮੇਰੀ ਜਾਚੇ ਗੁਰਦਾਸ ਮਾਨ ਇਕ ਦਰਵੇਸ਼ ਕਿਸਮ ਦਾ ਆਦਮੀ ਹੈ। ਜਦੋਂ ਵੀ ਕੋਈ ਸਾਧੂ ਸੰਤ ਮਹਾਤਮਾ ਉਸ ਦੇ ਪਟਿਆਲੇ ਵਾਲੇ ਘਰ ਜਾਂ ਫਿਰ ਚੰਡੀਗੜ੍ਹ ਆਉਂਦਾ ਹੈ ਤਾਂ ਉਹ ਕਦੇ ਕਿਸੇ ਨੂੰ ਖਾਲੀ ਨਹੀਂ ਮੋੜਦਾ। ਉਹ ਆਪ ਵੀ ਸਾਈਂ ਲਾਡੀ ਸ਼ਾਹ ਦਾ ਭਗਤ ਹੈ ਜਿਨ੍ਹਾਂ ਦੀ ਪਿਛਲੇ ਸਾਲ ਮੌਤ ਹੋ ਗਈ ਸੀ। ਉਦੋਂ ਗੁਰਦਾਸ ਅਮਰੀਕਾ ਵਿਚ ਸ਼ੋਅ ਕਰ ਰਿਹਾ ਸੀ।

ਗੁਰਦਾਸ ਦਾ ਪੁੱਤਰ ਕਹਿੰਦਾ ਹੈ ਕਿ ਮੇਰੇ ਪਿਤਾ ਇਕ ਫਕੀਰ ਹਨ। ਮੈਨੂੰ ਉਨ੍ਹਾਂ ਵਿਚੋਂ ਸਦਾ ਇਕ ਫਕੀਰ ਦਾ ਚਿਹਰਾ ਨਜ਼ਰ ਆਉਂਦਾ ਹੈ। ਇਹ ਵੀ ਇਕ ਦਿਲਚਸਪ ਗੱਲ ਹੈ ਕਿ ਗੁਰਦਾਸ ਦੇ ਪਰਿਵਾਰ ਦੇ ਸਾਰੇ ਬੰਦਿਆਂ ਦੇ ਨਾਂ ਗੁਰ ਤੋਂ ਸ਼ੁਰੂ ਹੁੰਦੇ ਹਨ ਜਿਵੇਂ ਗੁਰਦੇਵ, ਗੁਰਦਾਸ, ਗੁਰਪੰਥ (ਛੋਟਾ ਭਰਾ), ਗੁਰਇਕ (ਪੁੱਤਰ, ਜਿਸ ਨੂੰ ਪਿਆਰ ਨਾਲ ਇੱਕੀ ਕਿਹਾ ਜਾਂਦਾ ਹੈ ਕਿਉਂਕਿ ਉਸ ਦਾ ਜਨਮ ਇੱਕੀ ਤਾਰੀਖ ਨੂੰ ਹੋਇਆ ਸੀ)। ਇੱਕੀ ਨੇ ਆਪਣੀ ਮੁਢਲੀ ਪੜ੍ਹਾਈ ਯਾਦਵਿੰਦਰ ਪਬਲਿਕ ਸਕੂਲ, ਪਟਿਆਲਾ ਅਤੇ ਉਚੇਰੀ ਪੜ੍ਹਾਈ ਇੰਗਲੈਂਡ ਤੋਂ ਕੀਤੀ ਹੈ ਜਿਥੇ ਇੰਗਲੈਂਡ ਦੇ ਤਖ਼ਤ ਦੇ ਅਗਲੇ ਵਾਰਸ ਪ੍ਰਿੰਸ ਚਾਰਲਸ ਦਾ ਪੁੱਤਰ ਪ੍ਰਿੰਸ ਵਿਲੀਅਮ ਉਸ ਦਾ ਸਹਿਪਾਠੀ ਸੀ।

ਗੁਰਦਾਸ ਮਾਨ ਨੇ 1983 ਤੋਂ ਬਾਅਦ ਆਪਣੇ ਪਿੰਡ ਗਿੱਦੜਬਾਹੇ ਵਿਚ ਕੋਈ ਸ਼ੋਅ ਨਹੀਂ ਕੀਤਾ ਕਿਉਂਕਿ ਉਦੋਂ ਪ੍ਰਬੰਧਕਾਂ ਦੀ ਆਪਣੀ ਖਹਿਬਾਜ਼ੀ ਕਾਰਨ ਲੜਾਈ ਹੋ ਗਈ ਸੀ ਅਤੇ ਇੱਟਾਂ-ਰੋੜੇ ਚੱਲ ਗਏ ਸਨ। ਉਦੋਂ ਇਕ ਰੋੜਾ ਗੁਰਦਾਸ ਦੇ ਵੀ ਲੱਗਿਆ। ਗੁਰਦਾਸ ਨੇ ਉਦੋਂ ਕਿਹਾ ਸੀ, 'ਬਾਹਰ ਵਾਲੇ ਮੇਰੇ ਫੁੱਲ ਮਾਰਦੇ ਹਨ ਤੇ ਮੇਰੇ ਆਪਣੇ ਪੱਥਰ।' ਗੁਰਦਾਸ ਨੇ ਉਦੋਂ ਆਖਿਆ ਸੀ, 'ਜਾਓ, ਅੱਜ ਕਸਮ ਖਾਂਦਾ ਹਾਂ ਅੱਜ ਤੋਂ ਬਾਅਦ ਇਥੇ ਕਦੇ ਨਹੀਂ ਗਾਵਾਂਗਾ।' ਉਹ ਅੱਜ ਵੀ ਇਸ ਗੱਲ ਉਤੇ ਕਾਇਮ ਹੈ। ਲੋਕਾਂ ਨੇ ਕਰੋੜਾ ਰੁਪਏ ਦਾ ਲਾਲਚ ਦੇ ਕੇ ਸ਼ੋਅ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਆਪਣਾ ਵਚਨ ਨਹੀਂ ਤੋੜਿਆ।

ਗੁਰਦਾਸ ਦੇ ਦੋ ਵੱਡੇ ਐਕਸੀਡੈਂਟ ਹੋਏ ਪਰ ਪਰਮਾਤਮਾ ਦੀ ਮਿਹਰ, ਲੋਕਾਂ ਦੇ ਪਿਆਰ ਅਤੇ ਸਾਈਂ ਦੇ ਆਸ਼ੀਰਵਾਦ ਨਾਲ ਉਹ ਦੋਹੋਂ ਵਾਰ ਵਾਲ ਵਾਲ ਬਚ ਗਿਆ। 9 ਜਨਵਰੀ, 2001 ਨੂੰ ਰੂਪਨਗਰ ਦੇ ਲਾਗੇ ਹੋਏ ਪਹਿਲੇ ਸੜਕ ਹਾਦਸੇ ਵਿਚ ਉਸ ਦੇ ਸਾਥੀ ਡਰਾਈਵਰ ਤੇਜੀ ਦੀ ਮੌਤ ਹੋ ਗਈ ਸੀ ਜਿਸ 'ਤੇ ਉਸ ਨੇ ਗੀਤ ਲਿਖਿਆ ਸੀ, 'ਬੈਠੀ ਸਾਡੇ ਨਾਲ ਸਵਾਰੀ ਉਤਰ ਗਈ'। ਇਸ ਹਾਦਸੇ ਪਿਛੋਂ ਕਈ ਚਿਰ ਜਿਥੇ ਵੀ ਉਹ ਸ਼ੋਅ ਕਰਨ ਜਾਂਦਾ ਇਹ ਗੀਤ ਜ਼ਰੂਰ ਗਾਉਂਦਾ, 'ਪੀੜ ਤੇਰੇ ਜਾਣ ਦੀ ਕਿੰਦਾਂ ਜਰਾਂਗਾ ਮੈਂ'। ਉਸ ਦੀਆਂ ਆਪਣੀਆਂ ਅੱਖਾਂ 'ਚ ਵੀ ਅੱਥਰੂ ਆ ਜਾਂਦੇ ਅਤੇ ਸਰੋਤਿਆਂ ਦੀਆਂ ਅੱਖਾਂ ਵੀ ਨਮ ਹੋਣੋਂ ਨਾ ਰਹਿੰਦੀਆਂ। ਦੂਸਰਾ ਹਾਦਸਾ 20 ਜਨਵਰੀ, 2007 ਨੂੰ ਹਰਿਆਣਾ ਵਿਚ ਮਧੂਬਨ ਨੇੜੇ ਹੋਇਆ। ਇਸ ਹਾਦਸੇ ਵਿਚ ਉਸ ਦੀ ਰੇਂਜ ਰੋਵਰ ਗੱਡੀ ਪੂਰੀ ਤਰ੍ਹਾਂ ਤਬਾਹ ਹੋ ਗਈ ਪਰ ਗੁਰਦਾਸ ਬਚ ਗਿਆ। ਗੁਰਦਾਸ ਦੇ ਆਪਣੇ ਦੱਸਣ ਮੁਤਾਬਕ ਉਸ ਨੇ ਡਰਾਈਵਰ ਦੇ ਜ਼ੋਰ ਦੇਣ ਉਤੇ ਇਕ ਮਿੰਟ ਪਹਿਲਾਂ ਹੀ ਸੀਟ ਬੈਲਟ ਲਾਈ ਸੀ ਜਿਸ ਕਰਕੇ ਉਸ ਦਾ ਬਚਾਅ ਹੋ ਗਿਆ।

ਗੁਰਦਾਸ ਨੂੰ 2006 ਵਿਚ ਉਸ ਦੀ ਫਿਲਮ 'ਇਸ਼ਕ ਦਾ ਵਾਰਿਸ-ਵਾਰਿਸ ਸ਼ਾਹ' ਕਰਕੇ ਨੈਸ਼ਨਲ ਐਵਾਰਡ ਮਿਲਿਆ। ਇਸ ਤੋਂ ਇਲਾਵਾ ਦੇਸਾਂ-ਪਰਦੇਸਾਂ ਵਿਚ ਬੇਹਿਸਾਬ ਮਾਣ-ਸਤਿਕਾਰ ਮਿਲਿਆ ਪਰ ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਹਰ ਮਾਣ ਸਨਮਾਨ ਗੁਰਦਾਸ ਮਾਨ ਦੀ ਹਸਤੀ ਤੋਂ ਛੋਟਾ ਰਹਿ ਜਾਂਦਾ ਹੈ। ਇਕ ਵਾਰੀ ਪੰਜਾਬ ਦੇ ਮੌਜੂਦਾ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਗੁਰਦਾਸ ਦਾ ਸਨਮਾਨ ਕਰਦਿਆਂ ਕਿਹਾ ਸੀ ਕਿ ਮੈਂ ਵਾਰ-ਵਾਰ ਵਿਧਾਇਕ ਬਣਨ ਨਾਲੋਂ ਇਕ ਵਾਰ ਗੁਰਦਾਸ ਮਾਨ ਬਣਨਾ ਪਸੰਦ ਕਰਾਂਗਾ। ਇਸ ਗੱਲ 'ਚ ਵੀ ਕੋਈ ਸ਼ੱਕ ਨਹੀਂ ਕਿ ਦੇਸ ਵਿਦੇਸ਼ ਵਿਚ ਜਿੰਨਾ ਮਾਣ-ਸਨਮਾਨ ਗੁਰਦਾਸ ਮਾਨ ਨੂੰ ਪੰਜਾਬੀਆਂ ਤੋਂ ਮਿਲਿਆ ਹੈ ਅਤੇ ਉਹ ਵੀ ਲਗਾਤਾਰ ਤਿੰਨ ਦਹਾਕੇ-ਕਿਸੇ ਹੋਰ ਗਾਇਕ ਜਾਂ ਕਲਾਕਾਰ ਨੂੰ ਨਹੀਂ ਮਿਲਿਆ। ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੰਗੀਤ ਵਿਚ ਲਗਾਤਾਰ ਉਹ ਉਪਰਲੇ ਸਿਖਰ 'ਤੇ ਬੈਠਾ ਹੈ। ਗੁਰਦਾਸ ਮਾਨ ਪੰਜਾਬੀ ਤੋਂ ਬਿਨਾ ਹਿੰਦੀ, ਬੰਗਾਲੀ, ਤਾਮਿਲ ਅਤੇ ਰਾਜਸਥਾਨੀ ਵੀ ਚੰਗੀ ਬੋਲ ਲੈਂਦਾ ਹੈ। ਪਰਮਾਤਮਾ ਇਸ ਨਰਮ ਦਿਲ ਸਾਧੂ ਸੁਭਾ, ਮਸਤ ਮੌਲਾ, ਅਤਿ ਸਤਿਕਾਰਤ ਇਨਸਾਨ ਨੂੰ ਲੰਮੀ ਉਮਰ ਬਖ਼ਸ਼ੇ ਤਾਂ ਜੋ ਉਹ ਮਾਂ ਬੋਲੀ ਪੰਜਾਬੀ ਦੀ ਹੋਰ ਸੇਵਾ ਕਰ ਸਕੇ। ਇਸ ਵੇਲੇ ਮੈਨੂੰ ਉਸ ਦਾ ਆਪਣਾ ਗੀਤ ਚੇਤੇ ਆਉਂਦਾ ਹੈ:

'ਮੈਂ ਨੀਵਾਂ ਮੇਰਾ ਮੁਰਸ਼ਦ ਉਚਾ,
ਅਸੀਂ ਉਚਿਆਂ ਸੰਗ ਲਾਈ।
ਸਦਕੇ ਜਾਵਾਂ ਇਨ੍ਹਾਂ ਉਚਿਆਂ ਦੇ
ਜਿਨ੍ਹਾਂ ਨੀਵਿਆਂ ਨਾਲ ਨਿਭਾਈ।'

*ਫੋਨ:661-889-1927

## ਅਮਰੀਕਾ ਨੂੰ ਐਚ-1ਬੀ ਵੀਜ਼ਾ ਵਾਲਿਆਂ ਦੀ ਉਡੀਕ

**ਨਿਊ ਯਾਰਕ:** ਅਮਰੀਕਾ ਵਿਚ ਭਾਰਤੀ ਪੇਸ਼ੇਵਰਾਂ ਦੀ ਮੰਗ ਪੂਰੀ ਕਰਨ ਦੇ ਲਈ ਚਲਾਏ ਜਾ ਰਹੇ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ 2003 ਤੋਂ ਬਾਅਦ ਪਹਿਲੀ ਵਾਰ ਇੰਨਾ ਠੰਢਾ ਹੁੰਗਾਰਾ ਮਿਲਿਆ ਹੈ। ਮੌਜੂਦਾ ਸਾਲ ਵਿਚ ਹੁਣ ਤਕ ਇਸ ਪ੍ਰੋਗਰਾਮ ਦੇ ਤਹਿਤ ਹਜ਼ਾਰਾਂ ਸਥਾਨ ਖਾਲੀ ਪਏ ਹਨ, ਜਦਕਿ ਪਿਛਲੇ ਸਾਲ ਇੰਨੀਆਂ ਅਰਜ਼ੀਆਂ ਮਿਲੀਆਂ ਸਨ ਕਿ ਅਮਰੀਕੀ ਅਧਿਕਾਰੀਆਂ ਨੂੰ ਪੇਸ਼ੇਵਰਾਂ ਦੀ ਚੋਣ ਕਰਨ ਦੇ ਲਈ ਲਾਟਰੀ ਕਢਣੀ ਪਈ ਸੀ। ਜਾਣਕਾਰਾਂ ਦਾ ਕਹਿਣਾ ਹੈ ਕਿ ਅਮਰੀਕੀ ਕੰਪਨੀਆਂ ਦੇ ਸੁਰੱਖਿਆਵਾਦੀ ਰਵਈਏ ਨਾਲ ਵਧਦੀ ਬੇਰੋਜ਼ਗਾਰੀ ਕਾਰਨ ਭਾਰਤੀ ਪੇਸ਼ੇਵਰ ਐਚ-1 ਬੀ ਵੀਜ਼ਾ ਪ੍ਰੋਗਰਾਮ ਤੋਂ ਕਿਨਾਰਾ ਕਰੀ ਬੈਠੇ ਹਨ। ਪਿਛਲੇ ਸਾਲ ਇਸ ਸ਼੍ਰੇਣੀ ਵਿਚ 1,63,000 ਪਟੀਸ਼ਨਾਂ ਮਿਲੀਆਂ ਸਨ। ਇਹ ਪਟੀਸ਼ਨ ਇਕ ਅਪ੍ਰੈਲ ਨੂੰ ਪ੍ਰਕ੍ਰਿਆ ਸ਼ੁਰੂ ਹੋਣ ਦੇ ਮਹਿਜ ਪੰਜ ਦਿਨ ਦੇ ਅੰਦਰ ਹੀ ਆ ਗਈਆਂ ਸਨ, ਜਦਕਿ ਇਸ ਸਾਲ ਸਤੰਬਰ ਦੇ ਅੰਤ ਤੱਕ ਸਿਰਫ 46,700 ਪਟੀਸ਼ਨਾਂ ਹੀ ਮਿਲੀਆਂ।

## ਲਾਦੇਨ ਅਜੇ ਜ਼ਿੰਦਾ-ਬੁਸ਼

**ਨਵੀਂ ਦਿੱਲੀ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਦਾ ਇਹ ਮੰਨਣਾ ਹੈ ਕਿ ਅੱਤਵਾਦੀ ਜਥੇਬੰਦੀ ਅਲਕਾਇਦਾ ਦਾ ਮੁਖੀ ਲਾਦੇਨ ਅਜੇ ਜ਼ਿੰਦਾ ਹੈ। ਰਾਸ਼ਟਰਪਤੀ ਰਹਿੰਦਿਆਂ ਲਾਦੇਨ ਅਤੇ ਅਲਕਾਇਦਾ ਵਿਰੁਧ ਲੜਾਈ ਛੇੜਨ ਵਾਲੇ ਸ੍ਰੀ ਬੁਸ਼ ਨੇ ਇਥੇ ਕਿਹਾ ਕਿ ਲਾਦੇਨ ਜ਼ਿੰਦਾ ਹੈ ਅਤੇ ਕਿਤੇ ਲੁਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਆਖਿਰਕਾਰ ਅਮਰੀਕਾ ਉਸਨੂੰ ਸਜ਼ਾ ਦੇਣ 'ਚ ਸਫਲ ਹੋ ਹੀ ਜਾਵੇਗਾ।

# ਕਾਮਰੇਡ ਕਰਨੈਲ ਸਿੰਘ ਫਿਲੌਰ ਨਹੀਂ ਰਹੇ

ਸ. ਕਰਨੈਲ ਸਿੰਘ ਫਿਲੌਰ ਪਿਛਲੇ ਦਿਨੀਂ ਸੰਘਰਸ਼ਮਈ ਕੌਮੀ ਮੁਕਤੀ ਘੋਲ ਦੀਆਂ ਅਗਾਂਹ ਵਧੂ ਲਹਿਰਾਂ ਨੂੰ ਸਮਰਪਿਤ 96 ਵਰ੍ਹੇ ਦਾ ਲੰਬਾ ਜੀਵਨ ਭੋਗ ਕੇ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਸੀਨੀਅਰ ਟਰਸਟੀਆਂ ਵਿਚੋਂ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਕਿਸਾਨਾਂ ਮਜ਼ਦੂਰਾਂ ਤੇ ਦੇਸ਼ ਭਗਤਾਂ ਨੇ ਬੜਾ ਹੀ ਵਿਗੋਚਾ ਮਹਿਸੂਸ ਕੀਤਾ ਹੈ। ਉਨ੍ਹਾਂ ਦੇ ਸਿਰੜੀ ਜੀਵਨ ਨੂੰ ਅਨੇਕਾਂ ਸੰਸਥਾਵਾਂ ਨੇ ਯਾਦ ਕੀਤਾ ਹੈ।

ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ ਇਕ ਸੋਗ ਮਤੇ ਰਾਹੀਂ ਭਾਰਤ ਵਿਚ ਬੈਠੇ ਉਨ੍ਹਾਂ ਦੇ ਯੁਧ ਸਾਥੀਆਂ, ਅਗਾਂਹ ਵਧੂ ਲਹਿਰਾਂ ਦੇ ਆਗੂਆਂ ਅਤੇ ਪਰਿਵਾਰਾਂ ਨਾਲ ਦੁਖ ਸਾਂਝਾ ਕੀਤਾ ਹੈ। ਫਰਿਜ਼ਨੋ ਵਸਦੇ ਉਨ੍ਹਾਂ ਦੇ ਪੋਤਰੇ ਕੁਲਵਿੰਦਰ ਸਿੰਘ ਦੇ ਪਰਿਵਾਰ, ਉਨ੍ਹਾਂ ਦੇ ਸਾਥੀ ਗੁਰਦੀਪ ਸਿੰਘ ਅਣਖੀ ਤੇ ਕ੍ਰਿਪਾਲ ਸਿੰਘ ਸੰਧੂ ਨਾਲ ਦੁਖ ਸਾਂਝਾ ਕਰਨ ਹਿਤ ਆਪਣੇ ਦੋ ਪ੍ਰਤੀਨਿਧ ਕਸ਼ਮੀਰ ਸਿੰਘ ਕਾਂਗਨਾ ਤੇ ਗਿਆਨ ਸਿੰਘ ਬਿਲਗਾ ਉਨ੍ਹਾਂ ਕੋਲ ਭੇਜੇ ਗਏ।

ਕਾ. ਕਰਨੈਲ ਸਿੰਘ ਦਾ ਜਨਮ ਜ਼ਿਲਾ ਲਾਇਲਪੁਰ ਤਹਿਸੀਲ ਜੜ੍ਹਾਂ ਵਾਲਾ ਪਿੰਡ ਸਮਰਾਏ ਜੰਡਿਆਲਾ (ਪਾਕਿਸਤਾਨ) ਚੱਕ ਨੰ. 104 ਜੀ.ਬੀ. ਵਿਖੇ 1913 ਈ. ਨੂੰ ਠਾਕਰ ਸਿੰਘ ਦੇ ਘਰ ਸ੍ਰੀਮਤੀ ਕਰਤਾਰ ਕੌਰ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਵੀ ਉਨ੍ਹਾਂ ਦੇ ਜਨਮ ਤੋਂ ਤਿੰਨ ਮਹੀਨੇ ਪਹਿਲੋਂ ਅਕਾਲ ਚਲਾਣਾ ਕਰ ਗਏ ਸਨ। 16 ਵਰ੍ਹਿਆਂ ਦੇ ਸਨ ਕਿ ਉਨ੍ਹਾਂ ਦੀ ਮਾਤਾ ਦਾ ਵੀ ਦਿਹਾਂਤ ਹੋ ਗਿਆ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਚਾਚਾ ਕਾ. ਜੁਆਲਾ ਸਿੰਘ ਤੇ ਚਾਚੀ ਧਨਕੌਰ ਨੇ ਹੀ ਕੀਤਾ। ਅਠਵੀਂ ਜਮਾਤ ਤੱਕ ਦੀ ਪੜ੍ਹਾਈ ਸੁਰਜਨਪੁਰ (ਅਵਾਗਤ ਬੰਗਲਾ) ਵਿਖੇ ਕੀਤੀ। 1928 ਈ. ਨੂੰ ਉਨ੍ਹਾਂ ਦੀ ਸ਼ਾਦੀ ਬੀਬੀ ਨਸੀਬ ਕੌਰ ਨਾਲ ਹੋਈ ਜਿਨ੍ਹਾਂ ਜ਼ਿੰਦਗੀ ਭਰ ਉਨ੍ਹਾਂ ਦੇ ਕਠਨ ਰਾਜਸੀ ਜੀਵਨ ਵਿਚ ਸਾਥ ਦਿੰਦਿਆਂ ਆਪ ਵੀ 8 ਦਿਨ ਦੀ ਭੁਖ ਹੜਤਾਲ ਕੀਤੀ। ਉਨ੍ਹਾਂ ਦੇ ਵੱਡ ਅਕਾਰੀ ਪਰਿਵਾਰ ਵਿਚ 4 ਪੁੱਤਰ, 4 ਧੀਆਂ



ਹਨ ਜੋ ਦੇਸ਼ ਤੇ ਵਿਦੇਸ਼ਾਂ ਵਿਚ ਚੰਗੇ ਕੰਮ ਧੰਦਿਆਂ ਵਿਚ ਸੈਟਲ ਹਨ। ਕੁਝ ਸਾਲ ਕਾ. ਕਰਨੈਲ ਸਿੰਘ ਆਪ ਵੀ ਫਰਿਜ਼ਨੋ ਵਿਚ ਰਹੇ ਹਨ।

1931 ਵਿਚ ਸ਼ਹੀਦੇਆਜ਼ਮ ਭਗਤ ਸਿੰਘ ਦੀ ਸ਼ਹਾਦਤ ਵੇਲੇ ਉਹ ਨੌਜਵਾਨ ਸਨ। ਉਨ੍ਹਾਂ ਦੇ ਯਤਨਾਂ ਸਦਕਾ ਜ਼ਿਲਾ ਲਾਇਲਪੁਰ ਵਿਚ ਹਰ ਸਾਲ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਰਿਹਾ। ਉਨ੍ਹਾਂ ਕੌਮੀ ਮੁਕਤੀ ਘੋਲ ਦੀ ਹਰ ਲਹਿਰ ਵਿਚ ਆਪਣਾ ਯੋਗਦਾਨ ਪਾਇਆ। 1947 ਈ. ਕੌਮੀ ਆਜਾਦੀ ਤੋਂ ਬਾਅਦ ਦੇਸ਼ ਦੇ ਹੋਏ ਬਟਵਾਰੇ ਪਿਛੋਂ ਹੋਏ ਮਨੁੱਖਤਾ ਦੇ ਕਤਲ ਨੂੰ ਉਹ ਅਤਿ ਦਰਜੇ ਦਾ ਘਿਨਾਉਣਾ ਸਮਾਜਿਕ ਮਨੁੱਖੀ ਨਿਘਾਰ ਸਮਝਦੇ ਸਨ। ਫਿਲੌਰ ਵਿਖੇ ਮੁੜ ਵਸੇਬਾ ਕਰਕੇ ਕਿਸਾਨਾਂ ਮਜ਼ਦੂਰਾਂ ਦੇ ਹਕੀ ਸੰਘਰਸ਼ ਵਿਚ ਜੁਟ ਪਏ।

ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਰਾਜ ਵੇਲੇ ਪੰਜਾਬ ਸਭਾ ਵਲੋਂ ਚਲਾਏ ਖੁਸ਼-ਹੈਸੀਅਤੀ ਮੋਰਚੇ ਵਿਚ ਮੋਹਰੀ ਰੋਲ ਅਦਾ ਕੀਤਾ। ਮਹਿੰਗਾਈ ਬੇ-ਰੁਜ਼ਗਾਰੀ ਦੇ ਮੋਰਚੇ ਵਿਚ ਵੀ ਸਾਰੇ ਪਰਿਵਾਰ ਦੀ ਸ਼ਮੂਲੀਅਤ ਆਮ ਗਰੀਬ ਲੋਕਾਂ ਦੀ ਖਿੱਚ ਦਾ ਕਾਰਨ ਬਣੀ। ਸ. ਪਿਆਰਾ ਸਿੰਘ ਫਿਲੌਰ ਉਨ੍ਹਾਂ ਦੇ ਕਰੀਬੀ ਸਾਥੀਆਂ ਵਿਚੋਂ ਸਨ।

ਪ੍ਰਤਾਪ ਸਿੰਘ ਕੈਰੋਂ ਦੇ ਸ਼ਾਸਨਕਾਲ ਸਮੇਂ ਉਸਦੀ ਹੀ ਸ਼ਹਿ 'ਤੇ ਫਿਲੌਰ ਪੁਰਾਣੀ ਸਬਜ਼ੀ ਮੰਡੀ, ਗੀਤਾ ਮੰਦਰ ਦੇ ਸਾਹਮਣੇ ਕਿਸਾਨਾਂ ਮਜ਼ਦੂਰਾਂ ਦੇ ਸ਼ਾਂਤੀਪੂਰਨ ਜਲਸੇ ਨੂੰ ਖਦੇੜਨ ਲਈ ਫਿਲੌਰ ਦੇ ਥਾਣੇਦਾਰ ਨੇ ਅਸਮਾਜਿਕ ਤੱਤਾਂ ਨੂੰ ਸ਼ਸ਼ਕੇਰ ਕੇ ਹਮਲਾ ਕਰਵਾਇਆ ਜਿਸ ਵਿਚ ਕਰਨੈਲ ਸਿੰਘ ਹੋਰਾਂ ਨੂੰ ਗੰਭੀਰ ਚੋਟਾਂ ਆਈਆਂ। ਜ਼ਿਲ੍ਹੇ ਭਰ ਦੇ ਕਿਸਾਨਾਂ ਮਜ਼ਦੂਰਾਂ ਨੂੰ ਜੱਥੇਬੰਦ ਕਰਕੇ ਐਸਾ ਜਥੇਬੰਦਕ ਜਵਾਬ ਦਿੱਤਾ ਕਿ ਪ੍ਰਸਾਸ਼ਨ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ। ਦਸ ਸਾਲ ਦਾ ਲੰਬਾ ਸਮਾਂ ਸ. ਕਰਨੈਲ ਸਿੰਘ ਵੱਖ-ਵੱਖ ਲਹਿਰਾਂ ਵਿਚ ਜੇਲ੍ਹ ਵਿਚ ਰਹੇ? ਆਪਣੇ ਬਾਪ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਸਾਰਾ ਹੀ ਪਰਿਵਾਰ ਅਗਾਂਹ ਵਧੂ ਲਹਿਰਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦਾ ਵੱਡਾ ਲੜਕਾ ਕਾ. ਬਲਦੇਵ ਸਿੰਘ ਸੋਵੀਅਤ ਅੰਬੈਸੀ ਵਿਚ ਮੁਲਾਜ਼ਮ ਰਿਹਾ ਹੈ ਅਤੇ ਹਿੰਦ ਕਮਿਊਨਿਸਟ ਪਾਰਟੀ ਦੀ ਦਿੱਲੀ ਇਕਾਈ ਦਾ ਸਕੱਤਰੇਤ ਮੈਂਬਰ ਹੈ। ਫਿਲੌਰ ਵਿਚ ਸਥਾਨਕ ਸਮੱਸਿਆਵਾਂ ਜਾਂ ਹੱਕਾਂ ਲਈ ਜਿੰਨੇ ਵੀ ਘੋਲ ਲੜੇ ਗਏ ਉਨ੍ਹਾਂ ਨੇ ਮੋਢੀ ਰੋਲ ਅਦਾ ਕੀਤਾ। ਸਰਕਾਰ ਤੇ ਪ੍ਰਸਾਸ਼ਨ ਵਲੋਂ ਕਈ ਵਾਰੀ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਉਲਝਾਉਣ ਦਾ ਯਤਨ ਕੀਤਾ ਪਰ ਸਦਾ ਮੂੰਹ ਦੀ ਖਾਣੀ ਪਈ।

ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਲਈ ਉਨ੍ਹਾਂ ਨੇ ਤਨ, ਮਨ, ਧਨ ਨਾਲ ਸਵਰਗਵਾਸੀ ਬਾਬਾ ਭਗਤ ਸਿੰਘ ਬਿਲਗਾ ਦਾ ਸਾਥ ਦਿੱਤਾ। ਇਸੇ ਲਈ ਉਹ ਇਸ ਸੰਸਥਾ ਦੇ ਟਰਸਟੀ ਨਿਯੁਕਤ ਕੀਤੇ ਗਏ ਸਨ। ਪਿਛਲੇ ਸਾਲ ਹੀ ਉਨ੍ਹਾਂ ਨੇ ਸਾਰੇ ਦੇਸ਼ ਭਗਤ ਸੰਗੀ ਸਾਥੀਆਂ ਨੂੰ ਮਿਲਣ ਦੀ ਨੀਅਤ ਨਾਲ ਆਪਣਾ 95ਵਾਂ ਜਨਮ ਦਿਨ ਮਨਾਇਆ ਸੀ ਜਿਸ ਵਿਚ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਖਾਸ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਸੀ। ਉਹ ਆਗੂਆਂ ਦੇ ਆਗੂ ਸਨ ਜਿਨ੍ਹਾਂ ਦੀ ਅਗਵਾਈ ਵਿਚ ਸੈਂਕੜੇ ਸਵੱਛ ਅਕਸ ਵਾਲੇ ਆਗੂ ਸਮਾਜ ਸੇਵਾ ਵਲ ਖਿੱਚੇ ਆਏ। ਵਰਤਮਾਨ ਘੜੇਬੰਦਕ, ਨਿਆਂ ਰਹਿਤ ਗੰਧਲਾ ਰਾਜਸੀ ਵਾਤਾਵਰਣ ਉਨ੍ਹਾਂ ਨੂੰ ਪੋਹ ਨਹੀਂ ਸਕਿਆ। ਆਖਰੀ ਸਵਾਸਾਂ ਤੱਕ ਸੱਚਾ ਸੁੱਚਾ ਆਦਰਸ਼ਕ ਨਿਸ਼ਕਾਮ ਲੋਕ ਸੇਵਾ ਵਾਲਾ ਜੀਵਨ ਬਿਤਾ ਕੇ ਇਸ ਸੰਸਾਰ ਨੂੰ ਛੱਡ ਗਏ ਹਨ। ਉਨ੍ਹਾਂ ਨੇ ਤਾਮਰ ਪੱਤਰ 'ਤੇ ਦੇਸ਼ ਭਗਤੀ ਦੀਆਂ ਪੈਨਸ਼ਨਾਂ ਇਸ ਲਈ ਠੁਕਰਾ ਦਿੱਤੀਆਂ ਸਨ ਕਿ ਮੈਂ ਇਸ ਕੁਰਬਾਨੀ ਦਾ ਮੁੱਲ ਨਹੀਂ ਵੱਟਣਾ ਚਾਹੁੰਦਾ। ਜਿਥੇ ਕਿਤੇ ਵੀ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕ ਜੁੜ ਬੈਠਣਗੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਰਹੇਗਾ।

# ਪਰਿਵਾਰ ਜਿਸ ਦੇ 25 ਜੀਅ ਜ਼ਾਲਮਾਂ ਕਤਲ ਕਰ ਦਿੱਤੇ

## ਦੁਖਦੀ ਰਗ

***ਨਵੰਬਰ 1984 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਇਆ ਸਿੱਖਾਂ ਦਾ ਕਤਲੇਆਮ ਭਾਰਤ ਦੇ ਇਤਿਹਾਸ ਉਤੇ ਹੋਰ ਬਹੁਤ ਸਾਰੇ ਕਾਲੇ ਧੱਬਿਆਂ ਵਾਂਗ ਇਕ ਬਹੁਤ ਵੱਡਾ ਧੱਬਾ ਹੈ ਅਤੇ ਸਿੱਖ ਕੌਮ ਦੇ ਦਿਲਾਂ ਵਿਚ ਲਗਾਤਾਰ ਚੁਭ ਰਿਹਾ ਨਸ਼ਤਰ। ਇਸ ਨਸ਼ਤਰ ਦੀ ਪੀੜ ਸ਼ਾਇਦ ਉਨਾਂ ਚਿਰ ਤੱਕ ਨਹੀਂ ਘਟੇਗੀ ਜਦੋਂ ਤੱਕ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਨਹੀਂ ਕਰ ਦਿੱਤਾ ਜਾਂਦਾ। ਹੁਣ ਇਸ ਕਤਲੇਆਮ ਨੂੰ 25 ਵਰ੍ਹੇ ਹੋ ਚੁੱਕੇ ਹਨ ਪਰ ਜਿਹੜੇ ਪਰਿਵਾਰਾਂ ਦੇ ਪਰਿਵਾਰ ਇਹ ਕਤਲੇਆਮ ਖਾ ਗਏ ਹਨ ਉਨ੍ਹਾਂ ਦੇ ਬਚੇ ਜੀਆਂ ਦੇ ਦਿਲ ਦੀ ਪੀੜ ਸਮਝਣੀ ਬਹੁਤ ਔਖੀ ਹੈ। ਅਜਿਹੇ ਹੀ ਇਕ ਪਰਿਵਾਰ ਨਾਲ ਕੀਤੀ ਗਈ ਇਕ ਮੁਲਾਕਾਤ ਜਲੰਧਰ ਤੋਂ ਛਪਦੇ ਰੋਜ਼ਾਨਾ ਅਜੀਤ ਨੇ ਛਾਪੀ ਹੈ। ਆਪਣੇ ਪਾਠਕਾਂ ਦੀ ਦਿਲਚਸਪੀ ਲਈ ਅਸੀਂ ਇਹ ਮੁਲਾਕਾਤ ਹੂਬਹੂ ਅਜੀਤ ਦੇ ਧੰਨਵਾਦ ਸਹਿਤ ਛਾਪ ਰਹੇ ਹਾਂ। -ਸੰਪਾਦਕ***

**ਐਚ. ਐਸ. ਬਾਵਾ**

**ਨਵੀਂ ਦਿੱਲੀ:** ਦਿੱਲੀ ਪਹਿਲਾਂ ਵਾਂਗ ਹੀ ਦੌੜਦੀ ਏ, ਦਿਨ ਰਾਤ ਵਾਹੋ ਦਾਹੀ। ਜਿਵੇਂ 25 ਸਾਲ ਪਹਿਲਾਂ ਦੌੜਦੀ ਸੀ, ਉਸ ਤੋਂ ਵੀ ਵੱਧ ਤੇਜ਼। 25 ਸਾਲ ਪਹਿਲਾਂ ਦਿੱਲੀ 'ਚ ਜੋ ਕਹਿਰ ਵਰਤਿਆ ਉਹ ਭਾਰਤ ਦੇ ਇਤਿਹਾਸ ਦੇ ਪੰਨਿਆਂ ਨੂੰ ਕਾਲਾ ਕਰ ਗਿਆ, ਕਾਲਾ ਸਿਆਹ ਕਾਲਾ। 25 ਸਾਲ ਪਹਿਲਾਂ ਦੇਸ਼ ਦੀ ਘੱਟ ਗਿਣਤੀ ਸਿੱਖ ਕੌਮ ਨਾਲ ਦੇਸ਼ ਦੀ ਰਾਜਧਾਨੀ 'ਚ ਜੋ ਵਾਪਰਿਆ ਉਹ ਕਦੇ ਕਿਸੇ ਨੇ ਚਿਤਵਿਆ ਵੀ ਨਹੀਂ ਸੀ। ਅੱਜ ਕੌਮ 1984 ਦੇ ਸਿੱਖ ਕਤਲੇਆਮ ਦੀ 25ਵੀਂ ਵਰ੍ਹੇਗੰਢ ਮਨਾ ਰਹੀ ਏ। ਦਿੱਲੀ ਦੀਆਂ ਸੜਕਾਂ ਅਤੇ ਦਿੱਲੀ ਦੀਆਂ ਗਲੀਆਂ ਵਿਚ ਚੁਣ-ਚੁਣ ਕੇ ਮਾਰੇ ਗਏ ਸਿੱਖਾਂ ਦੀ 25ਵੀਂ ਬਰਸੀ ਮਨਾਈ ਜਾਏਗੀ। 25 ਵਰ੍ਹੇ ਲੰਘ ਗਏ ਨੇ। 25 ਵਰ੍ਹਿਆਂ ਬਾਅਦ ਵੀ ਹੰਝੂ ਅਜੇ ਨਾ ਸੁੱਕੇ ਨੇ ਤੇ ਨਾ ਮੁੱਕੇ ਨੇ। 25 ਵਰ੍ਹਿਆਂ ਬਾਅਦ ਵੀ ਖੱਜਲ ਖੁਆਰੀਆਂ ਨੇ, ਕੇਸਾਂ ਦੀਆਂ ਤਰੀਕਾਂ ਨੇ, ਹੜਤਾਲਾਂ ਨੇ, ਮੁਜ਼ਾਹਰੇ ਨੇ, ਰੋਸ ਮਾਰਚ ਨੇ, ਇਨਸਾਫ਼ ਲੈਣ ਦੀ ਠੰਢੀ ਪੈਂਦੀ ਜਾਂਦੀ ਜ਼ਿਦ ਏ, ਇਨਸਾਫ਼ ਲੈਣ ਲਈ ਜਦੋ-ਜਹਿਦ ਹੈ, ਸੰਘਰਸ਼ ਹੈ ਪਰ ਇਨਸਾਫ਼ ਦੂਰ-ਦੂਰ ਤੱਕ ਕਿਤੇ ਨਜ਼ਰ ਨਹੀਂ ਆਉਂਦਾ। ਜਿਵੇਂ ਹਮੇਸ਼ਾ ਹੁੰਦਾ ਏ, ਇਨਸਾਫ਼ ਲੈਣ ਵਾਲੇ ਮਾੜੇ ਨੇ, ਮਜਬੂਰ ਨੇ, ਇਕੱਲੇ ਨੇ ਤੇ ਇਨਸਾਫ਼ ਨਾ ਹੋਣ ਦੇਣ ਵਾਲੇ ਤਕੜੇ ਨੇ, ਸਮਰੱਥ ਨੇ, ਤਾਕਤਵਰ ਨੇ ਤੇ ਉਨ੍ਹਾਂ ਦੇ ਨਾਲ ਹੀ ਰਹੀਆਂ ਨੇ ਹੁਣ ਤੱਕ ਦੀਆਂ ਸਰਕਾਰਾਂ। ਨਹੀਂ ਤੇ ਭਲਾ ਹੁਣ ਤੱਕ ਇਨਸਾਫ਼ ਹੋ ਨਾ ਜਾਂਦਾ।

'ਅਜੀਤ' ਦੀ ਟੀਮ ਦਿੱਲੀ 'ਚ ਹੈ। ਉਸ ਦਿੱਲੀ 'ਚ ਜਿਹੜੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਗਵਾਹ ਬਣੀ ਤਿੰਨ ਹਜ਼ਾਰ ਦੇ ਲਗਭਗ ਸਿੱਖਾਂ ਨੂੰ ਕੋਹ-ਕੋਹ ਕੇ ਅਤੇ ਸਾੜ ਕੇ ਮਾਰ ਦੇਣ ਦੀ। ਐਤਵਾਰ ਨੂੰ ਪੂਰੇ ਹੋ ਜਾਣਗੇ ਦੁਨੀਆਂ ਦੇ ਇਤਿਹਾਸ 'ਚ ਨਿਵੇਕਲੇ ਅਤੇ ਭਾਰਤ ਦੇ ਇਤਿਹਾਸ ਦੇ ਸਭ ਤੋਂ ਵੱਡੇ ਕਤਲੇਆਮ ਦੇ 25 ਸਾਲ।

ਦਿੱਲੀ ਦੀ ਧਰਤੀ 'ਤੇ ਪੈਰ ਰੱਖਦਿਆਂ ਹੀ ਖ਼ਿਆਲ ਇਹ ਆਇਆ ਕਿ ਸਭ ਤੋਂ ਪਹਿਲਾਂ ਪਾਠਕਾਂ ਦੇ ਰੂ-ਬਰੂ ਉਹ ਘਟਨਾ ਕੀਤੀ ਜਾਵੇ ਜਿਹੜੀ ਇਕੱਲੀ ਹੀ ਇਸ ਭਿਆਨਕ ਕਤਲੇਆਮ ਦੀ ਪ੍ਰਤੀਨਿਧ ਘਟਨਾ ਦੇ ਰੂਪ 'ਚ ਪਹਿਚਾਣੀ ਗਈ ਹੋਵੇ। ਕਹਾਣੀਆਂ ਬਹੁਤ ਨੇ, ਬੜੀਆਂ ਡਰਾਉਣੀਆਂ, ਇੰਨੀਆਂ ਡਰਾਉਣੀਆਂ ਕਿ 25 ਵਰ੍ਹਿਆਂ ਬਾਅਦ ਸੁਣ ਕੇ ਵੀ ਕਾਂਬਾ ਛਿੜ ਜਾਵੇ ਅਤੇ ਹੰਝੂ ਆਪ ਮੁਹਾਰੇ ਵਹਿ ਤੁਰਨ ਪਰ ਬੁੱਧ ਸਿੰਘ ਦੇ ਪਰਿਵਾਰ ਦੀ ਕਹਾਣੀ ਆਪਣੇ ਆਪ ਵਿਚ ਘਟਨਾ ਨਹੀਂ, ਦੁਰਘਟਨਾ ਨਹੀਂ, ਮਹਾਦੁਰਘਟਨਾ ਹੈ। ਇਹ ਤ੍ਰਾਸਦੀ ਨਹੀਂ, ਇਹ ਮਹਾਤ੍ਰਾਸਦੀ ਹੈ। ਇਸ ਕਹਾਣੀ ਨੂੰ ਸੁਣਦਿਆਂ ਮੈਨੂੰ ਖ਼ਿਆਲ ਆਉਂਦੈ ਕਿਸ ਨੇ ਕਿਸ ਨੂੰ ਚੁੱਪ ਕਰਾਇਆ ਹੋਵੇਗਾ, ਕਿਸ ਨੇ ਕਿਸ ਨੂੰ ਦਿਲਾਸਾ ਦਿੱਤਾ ਹੋਵੇਗਾ। ਇਕ ਪਰਿਵਾਰ 'ਚ ਜਦ 21 ਔਰਤਾਂ ਵਿਧਵਾ ਹੋਈਆਂ ਹੋਣਗੀਆਂ ਤਾਂ ਕੀ ਆਲਮ ਹੋਵੇਗਾ? ਕੀ ਮਾਹੌਲ ਹੋਵੇਗਾ?

ਇਸ ਪਰਿਵਾਰ ਦਾ ਕੇਂਦਰੀ ਪਾਤਰ ਹੈ ਬੁੱਧ ਸਿੰਘ। 1984 ਦੇ ਸਿੱਖ ਕਤਲੇਆਮ ਵਿਚ ਇਸ ਪਰਿਵਾਰ ਨੇ ਜਿਹੜੇ 21 ਜੀਆਂ ਨੂੰ ਗੁਆ ਲਿਆ ਉਨ੍ਹਾਂ ਵਿਚ ਬੁੱਧ ਸਿੰਘ ਆਪ, ਉਸਦਾ ਇਕ ਭਰਾ, ਬੁੱਧ ਸਿੰਘ ਦੇ ਪੰਜ ਪੁੱਤਰ, ਇਕ ਜਵਾਈ, ਚਾਰ ਪੋਤੇ, ਪੰਜ ਭਤੀਜੇ, ਇਕ ਭਣੇਵਾਂ ਅਤੇ ਹੋਰ ਰਿਸ਼ਤੇਦਾਰ ਮਾਰੇ ਗਏ ਸਨ। ਇਕੋ ਦਿਨ ਇਕ ਘਰ 21 ਬੰਦੇ ਗੁਆ ਬੈਠਾ, ਇਕੋ ਦਿਨ ਇਕ ਘਰ 'ਚ 21 ਵਿਧਵਾਵਾਂ ਹੋ ਗਈਆਂ। ਇੱਥੇ ਹੀ ਬੱਸ ਨਹੀਂ, ਇਨ੍ਹਾਂ ਵਿਚ ਇਕ ਸੱਜ-ਵਿਆਹੀ ਮੁਟਿਆਰ ਵੀ ਸੀ ਜਿਸਦਾ ਵਿਆਹ ਅਜੇ 14 ਅਕਤੂਬਰ, 1984 ਨੂੰ ਹੀ ਹੋਇਆ ਸੀ।



*ਨਵੰਬਰ 1984 ਦਾ ਸਿੱਖ ਕਤਲੇਆਮ 'ਚ ਮਾਰੇ ਗਏ ਸੁਖਦੇਵ ਸਿੰਘ ਦੀ ਵਿਆਹ ਸਮੇਂ ਦੀ ਤਸਵੀਰ ਅਤੇ (ਸੱਜੇ) ਮਾਤਾ ਬਲਵੰਤ ਕੌਰ*

ਰਾਜਸਥਾਨ 'ਚ ਸ੍ਰੀ ਗੰਗਾਨਗਰ ਦੇ ਇਕ ਪਿੰਡ 16 ਐਫ਼.ਐਫ਼. ਵਿਚ ਰਹਿੰਦਾ ਬੁੱਧ ਸਿੰਘ ਦਾ ਸਾਂਝਾ ਅਤੇ ਵੱਡਾ ਪਰਿਵਾਰ ਆਪਣੀ 25 ਬੀਘੇ ਜ਼ਮੀਨ ਵੇਚ ਕੇ 1981 ਵਿਚ ਹੀ ਦਿੱਲੀ ਆਇਆ ਸੀ। ਸ਼ਾਇਦ 1984 ਦੇ ਇਸ ਸਾਕੇ ਵਿਚ ਇਤਿਹਾਸ ਸਿਰਜ ਦੇਣ ਲਈ ਜਾਂ ਇਤਿਹਾਸ ਦਾ ਹਿੱਸਾ ਹੋ ਜਾਣ ਲਈ। ਬੁੱਧ ਸਿੰਘ ਦੇ ਪਰਿਵਾਰ ਨੇ ਦਿੱਲੀ ਵਿਚ 1500 ਗਜ਼ ਜ਼ਮੀਨ ਲਈ। ਇਸ ਤੋਂ ਇਲਾਵਾ ਲੱਖੀ ਰਾਮ ਚੌਧਰੀ ਦੇ ਟਿਊਬਵੈਲ 'ਤੇ ਵੀ ਜ਼ਮੀਨ ਖਰੀਦੀ।

'ਅਜੀਤ' ਦੀ ਟੀਮ ਸ਼ਾਹਪੁਰਾ, ਤਿਲਕ ਵਿਹਾਰ ਵਿਖੇ ਉਨ੍ਹਾਂ ਘਰਾਂ ਵਿਚ ਗਈ ਜਿੱਥੇ ਹੁਣ ਇਸ ਪਰਿਵਾਰ ਦੇ ਬਾਕੀ ਰਹਿ ਗਏ ਮੈਂਬਰ ਰਹਿ ਰਹੇ ਨੇ। ਬੁੱਧ ਸਿੰਘ ਦੇ ਪੰਜ ਪੁੱਤਰਾਂ ਵਿਚੋਂ ਦੂਜੇ ਸਥਾਨ 'ਤੇ ਸਨ ਸ. ਮਹਿੰਦਰ ਸਿੰਘ। ਸ. ਮਹਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਬਲਵੰਤ ਕੌਰ ਨੇ ਆਪਣੇ ਪਰਿਵਾਰ ਦੇ ਸ੍ਰੀ ਗੰਗਾਨਗਰ ਤੋਂ ਦਿੱਲੀ ਤੱਕ ਅਤੇ ਕਿਸਮਤ ਤੋਂ ਬਦਕਿਸਮਤੀ ਤੱਕ ਦੇ ਸਫ਼ਰ ਦੀ ਗੱਲ ਸਾਂਝੀ ਕਰਦਿਆਂ ਦੱਸਿਆ ਕਿ 1981 ਵਿਚ ਦਿੱਲੀ ਪੁੱਜ ਕੇ ਹੀ ਉਨ੍ਹਾਂ ਨੇ ਸੱਗਰਪੁਰ ਵੈਸਟ ਵਿਚ ਨਾਲੋ-ਨਾਲ 6 ਘਰ ਪਾ ਲਏ। ਪਰਿਵਾਰ ਨੇ ਮੱਝਾਂ ਰੱਖੀਆਂ ਸਨ। ਮੱਝਾਂ ਦਾ ਦੁੱਧ ਵੇਚ ਕੇ ਕਮਾਈ ਕਰਨ ਤੋਂ ਇਲਾਵਾ ਘਰ ਦੇ ਮੁੰਡੇ ਖਰਾਦਾਂ 'ਤੇ ਕੰਮ ਕਰਦੇ ਸਨ।

31 ਅਕਤੂਬਰ ਨੂੰ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰ ਦਿੱਤੇ ਜਾਣ ਮਗਰੋਂ ਜਦ ਰੌਲੇ-ਰੱਪੇ, ਮਾਰ ਕੁਟਾਈ ਅਤੇ ਲੁੱਟਾਂ ਦੀਆਂ ਗੱਲਾਂ ਘਰਾਂ ਤਾਈਂ ਪੁੱਜੀਆਂ ਤਾਂ 'ਮੇਰਾ ਸਹੁਰਾ ਕਹਿੰਦਾ ਸੀ, ਘਰਾਂ 'ਚ ਕੁਝ ਨਹੀਂ ਹੁੰਦਾ।' 31 ਅਕਤੂਬਰ ਦੀ ਸ਼ਾਮ ਤਾਂ ਸਾਰੇ ਪਰਿਵਾਰਕ ਮੈਂਬਰ ਸੁੱਖੀ-ਸਾਂਦੀ ਘਰ ਪੁੱਜ ਗਏ ਪਰ ਇਕ ਨਵੰਬਰ ਨੂੰ ਹੀ ਭਾਣਾ ਵਰਤ ਗਿਆ।

ਮਾਰ ਮਾਰ ਕੇ, ਕੋਹ ਕੋਹ ਕੇ ਅਤੇ ਅੱਗਾਂ ਲਾ ਲਾ ਕੇ ਪਰਿਵਾਰ ਦੇ ਜਿਹੜੇ ਜੀਅ ਮਾਰ, ਸਾੜ ਦਿੱਤੇ ਗਏ ਉਨ੍ਹਾਂ ਵਿਚ ਬੀਬੀ ਬਲਵੰਤ ਕੌਰ ਦਾ ਸਹੁਰਾ ਅਤੇ ਇਸ ਪਰਿਵਾਰ ਦਾ ਕੇਂਦਰੀ ਮੈਂਬਰ ਬੁੱਧ ਸਿੰਘ, ਬੀਬੀ ਬਲਵੰਤ ਕੌਰ ਦਾ ਪਤੀ ਮਹਿੰਦਰ ਸਿੰਘ, ਜੇਠ ਗੁਰਨਾਮ ਸਿੰਘ ਅਤੇ ਦਿਓਰ ਜੀਤ ਸਿੰਘ, ਲਖਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਸ਼ਾਮਿਲ ਸਨ।

ਸਵਰਨ ਕੌਰ ਵੀ ਉਸ ਵੇਲੇ ਜਿਉਂਦੀ ਸੀ ਜਿਸ ਨੇ ਆਪਣੇ ਪਤੀ, ਆਪਣੇ ਪੰਜ ਪੁੱਤਰਾਂ, ਪੰਜ ਪੋਤਿਆਂ ਅਤੇ ਹੋਰਨਾਂ ਦਾ ਦੁੱਖ ਅੱਖੀਂ ਵੇਖਿਆ ਅਤੇ ਸਹਾਰਿਆ। ਸਰਕਾਰੀ ਸ਼ਹਿ ਅਤੇ ਪੁਲਿਸ ਦੀ ਸਰਪ੍ਰਸਤੀ ਤਹਿਤ ਵਾਪਰੇ ਇਸ ਕਾਂਡ ਵਿਚ ਬੀਬੀ ਬਲਵੰਤ ਕੌਰ ਦਾ ਜੇਠ ਗੁਰਨਾਮ ਸਿੰਘ ਹੀ ਨਹੀਂ ਗੁਰਨਾਮ ਸਿੰਘ ਦੇ ਤਿੰਨ ਨੌਜਵਾਨ ਪੁੱਤਰ ਨਿਰੰਜਨ ਸਿੰਘ, ਸੰਤੋਖ ਸਿੰਘ ਅਤੇ ਗੁਰਬਚਨ ਸਿੰਘ ਵੀ ਮਾਰੇ ਗਏ। ਸ. ਗੁਰਨਾਮ ਸਿੰਘ ਦੀ ਵਿਧਵਾ ਬੀਬੀ ਸਤਿਆ ਕੌਰ ਅੱਜ ਵੀ ਇਸ ਦਰਦ ਦੇ ਨਾਲ-ਨਾਲ ਆਪਣੇ ਬਚ ਗਏ ਪਰਿਵਾਰਕ ਮੈਂਬਰਾਂ ਨੂੰ ਪਾਲ ਰਹੀ ਹੈ।

ਇਹ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਕਿਸ ਦਾ ਦੁੱਖ ਵੱਡਾ ਹੈ? ਬੀਬੀ ਬਲਵੰਤ ਕੌਰ ਦੇ ਦੋ ਪੁੱਤਰ ਸਨ। 21 ਸਾਲਾਂ ਦੇ ਨੌਜਵਾਨ, ਸਾਢੇ ਛੇ ਫੁੱਟ ਕੱਦ ਵਾਲੇ ਪੁੱਤਰ ਸੁਖਦੇਵ ਸਿੰਘ ਦਾ ਵਿਆਹ 14 ਅਕਤੂਬਰ, 1984 ਨੂੰ ਹੀ ਹੋਇਆ ਸੀ ਕਿ ਪਹਿਲੀ ਨਵੰਬਰ ਨੂੰ ਉਸਨੂੰ ਦਿੱਲੀ ਦੇ ਸਿੱਖ ਕਤਲੇਆਮ ਵਿਚ ਬਾਕੀ ਪਰਿਵਾਰਕ ਮੈਂਬਰਾਂ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ। ਉਸਦੇ ਵਿਆਹ ਦੀ ਤਾਂ ਐਲਬਮ ਵੀ ਸੁਖਦੇਵ ਸਿੰਘ ਦੀ ਮੌਤ ਤੋਂ ਬਾਅਦ ਹੀ ਬਣ ਕੇ ਆਈ ਸੀ। ਬੀਬੀ ਬਲਵੰਤ ਕੌਰ ਅਜੇ ਵੀ ਉਸ ਦੀ ਐਲਬਮ ਨੂੰ ਸਾਂਭੀ ਬੈਠੀ ਹੈ ਅਤੇ ਦੱਸਦੀ ਹੈ ਕਿ ਕਿਵੇਂ ਸਾਰਾ ਪਰਿਵਾਰ ਕੁਝ ਹੀ ਦਿਨ ਪਹਿਲਾਂ ਸੁਖਦੇਵ ਸਿੰਘ ਦੇ ਵਿਆਹ 'ਤੇ ਕਿਵੇਂ ਇਕੱਠਾ ਅਤੇ ਖੁਸ਼ ਸੀ। ਕਿਵੇਂ ਸੁਖਦੇਵ ਸਿੰਘ ਨੂੰ ਮਾਈਆਂ ਪਾਇਆ ਸੀ ਅਤੇ ਕਿਵੇਂ ਉਸ ਦੇ ਸਿਰ ਵਾਰਨੇ ਕੀਤੇ ਸਨ। ਦੂਜਾ ਬੇਟਾ ਪਿਆਰਾ ਸਿੰਘ ਕਿਸੇ ਤਰ੍ਹਾਂ ਮੌਤ ਦੇ ਵਣਜਾਰਿਆਂ ਦੇ ਹੱਥੀਂ ਨਾ ਚੜ੍ਹਿਆ। ਵੱਡੇ ਜਿਗਰੇ ਵਾਲੀ ਬੀਬੀ ਬਲਵੰਤ ਕੌਰ ਇਸ ਅਕੱਥ ਕਥਾ ਨੂੰ ਅੱਗੇ ਤੋਰਦਿਆਂ ਦੱਸਦੀ ਹੈ ਕਿ ਉਸਦੇ ਤਿੰਨ ਦਿਓਰਾਂ ਜੀਤ ਸਿੰਘ, ਲਖਵਿੰਦਰ ਸਿਘ ਅਤੇ ਬਲਵਿੰਦਰ ਸਿੰਘ ਦੀਆਂ ਪਤਨੀਆਂ ਕ੍ਰਮਵਾਰ ਜਗਦੀਸ਼ ਕੌਰ, ਮਨਜੀਤ ਕੌਰ ਅਤੇ ਆਸ਼ਾ ਕੌਰ ਵੀ ਇਸ ਕਤਲੇਆਮ ਵਿਚ ਚਿੱਟੀਆਂ ਚੁੰਨੀਆਂ ਜੋਗੀਆਂ ਰਹਿ ਗਈਆਂ ਪਰ ਇਨ੍ਹਾਂ ਦੇ ਬੱਚੇ ਛੋਟੇ ਅਤੇ ਲਾਂਭੇ ਕੀਤੇ ਹੋਣ ਕਰਕੇ ਬਚ ਗਏ।

ਉਸ ਦਾ ਇਕ ਨਣਦੋਈਆ ਭਾਵ ਇਸ ਘਟਨਾਕ੍ਰਮ ਦੇ ਕੇਂਦਰੀ ਪਾਤਰ ਬੁੱਧ ਸਿੰਘ ਦੇ ਪੰਜ ਪੁੱਤ ਹੀ ਨਹੀਂ ਸਗੋਂ ਉਸਦਾ ਜਵਾਈ ਬਲਦੇਵ ਸਿੰਘ ਵੀ ਇਸ ਕਤਲੇਆਮ ਦੀ ਭੇਂਟ ਚੜ੍ਹ ਗਿਆ। ਇਸ ਤਰ੍ਹਾਂ ਬੁੱਧ ਸਿੰਘ ਦੀ ਪਤਨੀ ਅਤੇ ਉਸ ਦੀਆਂ ਪੰਜ ਨੂੰਹਾਂ ਹੀ ਨਹੀਂ ਸਗੋਂ ਉਸਦੀ ਧੀ ਵੀ ਵਿਧਵਾ ਹੋ ਗਈ। ਬਲਦੇਵ ਸਿੰਘ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਅਤੇ ਆਪਣੇ ਸਹੁਰੇ ਮਿਲਣ ਹੀ ਆਇਆ ਹੋਇਆ ਸੀ। 'ਉਹ ਮੰਗਲਵਾਰ ਆਇਆ ਸੀ, ਬੁੱਧਵਾਰ ਇੰਦਰਾ ਮਰੀ ਐ ਅਤੇ ਵੀਰਵਾਰ ਨੂੰ ਉਹ ਮਾਰਿਆ ਗਿਆ।'

ਆਪਣੀ ਅਤੇ ਆਪਣੇ ਪੁੱਤਰਾਂ ਦੀ ਜਾਨ ਗੁਆ ਲੈਣ ਵਾਲਾ ਬੁੱਧ ਸਿੰਘ ਇਕੱਲਾ ਹੀ ਨਹੀਂ ਸੀ। ਉਸਦੇ ਛੋਟੇ ਭਰਾ ਹਰੀ ਸਿੰਘ ਨੂੰ ਵੀ ਜਨੂੰਨੀਆਂ ਨੇ ਮਾਰ ਮੁਕਾਇਆ ਅਤੇ ਨਾਲ ਹੀ ਮਾਰ ਮੁਕਾਏ ਉਸਦੇ ਤਿੰਨ ਪੁੱਤਰ ਜਸਵੰਤ ਸਿੰਘ, ਅਵਤਾਰ ਸਿੰਘ ਅਤੇ ਅਮਰੀਕ ਸਿੰਘ। ਬੁੱਧ ਸਿੰਘ ਦਾ ਇਕ ਹੋਰ ਛੋਟਾ ਭਰਾ ਊਧਮ ਸਿੰਘ ਜੋ ਦੁਰਗਾ ਪਾਰਕ ਵਿਖੇ ਰਹਿੰਦਾ ਸੀ, ਆਪ ਤਾਂ ਪਿੰਡ ਗਿਆ ਹੋਣ ਕਰਕੇ ਬਚ ਗਿਆ ਪਰ ਉਸਦਾ ਪੁੱਤਰ ਪ੍ਰੀਤਮ ਸਿੰਘ ਅਤੇ ਪੋਤਰਾ ਕਾਲਾ ਸਿੰਘ ਵਹਿਸ਼ੀਆਂ ਦੇ ਹੱਥ ਚੜ੍ਹ ਕੇ ਸ਼ਹੀਦ ਹੋ ਗਏ।

ਬੁੱਧ ਸਿੰਘ ਦੀ ਇਕ ਹੋਰ ਧੀ ਦਾ ਪੁੱਤਰ ਜਸਪਾਲ ਸਿੰਘ ਵੀ ਇਸ ਤ੍ਰਾਸਦੀ ਦਾ ਹਿੱਸਾ ਬਣ ਗਿਆ। ਬੀਬੀ ਬਲਵੰਤ ਕੌਰ ਦਾ ਕਹਿਣਾ ਹੈ ਕਿ ਉਸਦੀ ਇਹ ਨਨਾਣ ਦੁਰਗਾ ਪਾਰਕ 'ਚ ਰਹਿੰਦੀ ਸੀ ਅਤੇ ਉਨ੍ਹਾਂ ਦਾ ਦਾਵੜੀ ਰੋਡ 'ਤੇ ਸੀਮਿੰਟ ਦਾ ਗੋਦਾਮ ਸੀ। 'ਮੁੰਡਾ ਤਾਂ ਸਾਡੇ ਕੋਲ ਰਹਿਣ ਲਈ ਹੀ ਆਇਆ ਸੀ, ਪਰ ਹੋਣੀ ਦਾ ਸ਼ਿਕਾਰ ਹੋ ਗਿਆ।' ਬੁੱਧ ਸਿੰਘ ਦੀ ਪਤਨੀ ਸਵਰਨ ਕੌਰ ਨੂੰ ਆਪਣੇ ਪੁੱਤਾਂ, ਪੋਤਰਿਆਂ ਦਾ ਹੀ ਦੁੱਖ ਨਹੀਂ ਰਿਹਾ ਉਸ ਦੇ ਇਕ ਭਾਣਜੇ ਸੰਤੋਖ ਸਿੰਘ ਫ਼ੌਜੀ ਅਤੇ ਉਸ ਦੇ ਬੇਟੇ ਬਿੱਟੂ ਨੂੰ ਵੀ ਵਹਿਸ਼ੀ ਦਰਿੰਦਿਆਂ ਨੇ ਆਪਣੀ ਦਰਿੰਦਗੀ ਦਾ ਸ਼ਿਕਾਰ ਬਣਾ ਦਿੱਤਾ। ਸਵਰਨ ਕੌਰ ਦੀ ਭੈਣ ਪ੍ਰਕਾਸ਼ ਕੌਰ ਨੂੰ ਵੀ ਬਚਾਉਂਦੇ ਹੋਏ ਸੱਟਾਂ ਵੱਜੀਆਂ ਪਰ ਉਹ ਬਚ ਗਈ।

ਬੀਬੀ ਬਲਵੰਤ ਕੌਰ ਦੱਸਦੇ ਹਨ ਕਿ ਲੱਖੀ ਰਾਮ ਚੌਧਰੀ ਦੇ ਟਿਊਬਵੈਲ 'ਤੇ ਉਕਤ ਵਿਚੋਂ ਉਨ੍ਹਾਂ ਦੇ ਪਰਿਵਾਰ ਦੇ 11 ਜੀਅ ਲੁਕੇ ਹੋਏ ਸਨ ਪਰ ਕਿਸੇ ਨੇ ਸੂਹ ਦੇ ਦਿੱਤੀ ਅਤੇ ਦੁਪਹਿਰ ਬਾਅਦ 4 ਵਜੇ ਉਕਤ 11 ਜਣਿਆਂ ਸਣੇ ਸਾਰੀ ਚਰ੍ਹੀ ਨੂੰ ਅੱਗ ਲਾ ਦਿੱਤੀ ਗਈ। ਬੀਬੀ ਬਲਵੰਤ ਕੌਰ ਸਾਹਮਣੇ ਰੱਖੇ ਮੇਜ਼ 'ਤੇ ਕੂਹਣੀਆਂ ਰੱਖ ਕੇ ਵਿਖਾਉਂਦੀ ਹੋਈ ਦੱਸਦੀ ਹੈ, 'ਮੈਂ ਆਪ ਵੇਖੇ ਸਨ, ਸਾਰੇ ਦੇ ਸਾਰੇ, ਸੜੇ ਹੋਏ, ਉਕੜੂੰ ਆਕੜੇ ਹੋਏ।'

## ਸੰਪਾਦਕ ਦੀ ਡਾਕ

### ਸਨਮੁਖ ਸਿੰਘ ਆਜ਼ਾਦ

ਐਸ. ਅਸ਼ੋਕ ਭੌਰਾ ਦਾ ਕਾਲਮ 'ਗੱਲੀਂ-ਬਾਤੀਂ' ਹਰ ਹਫਤੇ ਦਿਲਚਸਪੀ ਨਾਲ ਪੜ੍ਹਦਾ ਹਾਂ। ਇਸ ਕਾਲਮ ਵਿਚ ਅਸ਼ੋਕ ਭੌਰਾ ਨੇ ਬੜੀ ਦਿਲਚਸਪ ਜਾਣਕਾਰੀ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਦਿੱਤੀ ਹੁੰਦੀ ਹੈ। ਸਨਮੁਖ ਸਿੰਘ ਆਜ਼ਾਦ ਉਰਫ ਸੁੱਖੇ ਆਜ਼ਾਦ ਬਾਰੇ ਭੌਰੇ ਦਾ ਲੇਖ ਪੜ੍ਹਿਆ। ਇਹ ਲੇਖ ਆਜ਼ਾਦ ਨੂੰ ਸੋਹਣੀ ਸ਼ਰਧਾਂਜਲੀ ਸੀ। ਇਸ ਲੇਖ ਵਿਚ ਸ੍ਰੀ ਅਸ਼ੋਕ ਭੌਰਾ ਨੇ ਆਪ ਹੀ ਸੁੱਖੇ ਆਜ਼ਾਦ ਦੇ ਉਲ੍ਹਾਮੇ ਦਾ ਜ਼ਿਕਰ ਕੀਤਾ ਹੈ ਕਿ ਆਪਣੀ ਕਿਤਾਬ ਵਿਚ ਉਸ ਬਾਰੇ ਕਿਉਂ ਨਾ ਲਿਖਿਆ? ਇਹ ਸਵਾਲ ਮੇਰੇ ਵੀ ਮਨ ਵਿਚ ਉਠਿਆ ਹੈ ਕਿ ਜੇ ਸ੍ਰੀ ਭੌਰਾ ਦੇ ਸ਼ਬਦਾਂ ਵਿਚ ਹੀ ਸੁੱਖਾ ਆਜ਼ਾਦ ਇੱਡਾ ਵਧੀਆ ਗੀਤਕਾਰ ਸੀ ਤਾਂ ਫਿਰ ਉਨ੍ਹਾਂ ਆਪਣੀ ਕਿਤਾਬ ਵਿਚ ਉਸ ਦਾ ਜ਼ਿਕਰ ਕਿਉਂ ਨਾ ਕੀਤਾ? ਮੋਇਆਂ ਨੂੰ ਤਾਂ ਸਾਰੀ ਦੁਨੀਆਂ ਪੂਜਦੀ ਹੈ। ਕੀ ਸ੍ਰੀ ਅਸ਼ੋਕ ਭੌਰਾ ਨੇ ਆਪਣੀ ਕਿਤਾਬ ਵਿਚ ਆਜ਼ਾਦ ਬਾਰੇ ਇਸ ਕਰਕੇ ਨਾ ਲਿਖਿਆ ਕਿ ਉਹ ਸ਼ਰਾਬੀ ਸੀ ਜਾਂ ਉਸ ਦੀ ਕੋਈ ਸਿਫਾਰਸ਼ ਨਹੀਂ ਸੀ? ਜੇ ਜਿਊਂਦੇ ਜੀਅ ਅਸ਼ੋਕ ਭੌਰਾ ਨੇ ਉਸ ਬਾਰੇ ਲਿਖਿਆ ਹੁੰਦਾ ਤਾਂ ਉਸ ਦੀ ਕੀਮਤ ਕਿਤੇ ਵੱਧ ਹੁੰਦੀ।

ਦੋ ਸ਼ਬਦ ਸ. ਤਰਲੋਚਨ ਸਿੰਘ ਦੁਪਾਲਪੁਰ ਵਲੋਂ ਆਪਣੇ ਕਾਲਮ 'ਲਿਖਤੁਮ' ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਕ ਘਟਨਾ ਵਿਚ ਕਰਾਮਾਤਾਂ ਦੀ ਗੱਲ ਕਰਨ ਬਾਰੇ। ਮੈਂ ਇਸ ਬਾਰੇ ਪਹਿਲਾਂ ਵੀ ਲਿਖ ਚੁੱਕਾ ਹਾਂ। ਦਸਮ ਪਾਤਸ਼ਾਹ ਦਾ ਕਰਾਮਾਤਾਂ ਵਿਚ ਕੋਈ ਯਕੀਨ ਨਹੀਂ ਸੀ। ਨਾ ਹੀ ਉਨ੍ਹਾਂ ਨੂੰ ਬਿਨਾ ਵਜ੍ਹਾ ਤਾਕਤ ਦੀ ਵਰਤੋਂ ਕਰਨ ਵਿਚ ਕੋਈ ਯਕੀਨ ਸੀ। ਉਨ੍ਹਾਂ ਦੇ ਜੀਵਨ ਨਾਲ ਮਿਥਿਹਾਸਕ ਘਟਨਾਵਾਂ ਜੋੜਨਾ ਸਹੀ ਨਹੀਂ ਹੈ। ਇਹ ਇਕ ਇਤਿਹਾਸਕ ਘਟਨਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਬਹਾਦਰ ਸ਼ਾਹ ਦੀ ਤਾਜਪੋਸ਼ੀ ਦੇ ਸਮਾਗਮ ਵਿਚ ਹਾਜ਼ਰ ਸਨ। ਪਰ ਜੋ ਕੁਝ ਉਨ੍ਹਾਂ ਨਾਲ ਇਸ ਘਟਨਾ ਬਾਰੇ ਜੋੜਿਆ ਗਿਆ ਹੈ ਉਹ ਸਹੀ ਨਹੀਂ ਹੈ।

***-ਅਮਰਦੇਵ ਸਿੰਘ ਬਦੇਸ਼ਾ, ਸ਼ਿਕਾਗੋ***

---

### ਬਾਸੀ ਦਾ ਸੁਹਾਵਣਾ ਸਫਰ

ਸੈਨ ਫਰਾਂਸਿਸਕੋ ਏਰੀਏ ਦੇ ਇਕ ਟੈਕਸੀ ਸਟੈਂਡ ਉਤੇ ਬੈਠੇ ਕੁਝ ਪੰਜਾਬੀ ਆਪੋ ਵਿਚ ਇਕ ਤਰ੍ਹਾਂ ਨਾਲ ਬਹਿਸ ਕਰ ਰਹੇ ਸਨ। ਵਿਸ਼ਾ ਸੀ ਪੰਜਾਬ ਟਾਈਮਜ਼ ਦੇ 31 ਅਕਤੂਬਰ ਦੇ ਅੰਕ ਵਿਚ ਛਪਿਆ ਬਲਜੀਤ ਬਾਸੀ ਦੇ ਕਾਲਮ 'ਇੰਨੀ ਕੁ ਬਾਤ' ਵਿਚਲਾ 'ਸੁਹਾਵਣਾ ਸਫਰ'। ਇਕ ਟੈਕਸੀ ਡਰਾਈਵਰ ਦੂਜੇ ਨੂੰ ਕਹਿ ਰਿਹਾ ਸੀ, 'ਇਹ ਤਾਂ ਮੇਰੇ ਟੱਬਰ ਦੀ ਕਹਾਣੀ ਹੈ।' ਦੂਜਾ ਕਹਿ ਰਿਹਾ ਸੀ, 'ਨਹੀਂ ਯਾਰ ਮੇਰੇ ਨਿਆਣੇ ਇਸ ਤਰ੍ਹਾਂ ਕਰਦੇ ਹਨ। ਹਰ ਵੇਲੇ ਆਹ ਢੈਂਚੂ ਢੈਂਚੂ (ਅੰਗਰੇਜ਼ੀ ਮਿਊਜ਼ਿਕ) ਲਾਈ ਰੱਖਦੇ ਹਨ। ਮੈਕਡਾਨਲਡ ਤੇ ਬਰਗਰ ਕਿੰਗ ਤੋਂ ਬਿਨਾ ਉਨ੍ਹਾਂ ਨੂੰ ਕੁਝ ਸੁਝਦਾ ਹੀ ਨਹੀਂ। ਕੁਝ ਆਖੋ ਤਾਂ ਅੱਗੋਂ ਖਾਣ ਨੂੰ ਪੈਂਦੇ ਆ।' ਇਕ ਹੋਰ ਬੋਲਿਆ, 'ਨਹੀਂ ਯਾਰ ਨਿਆਣਿਆਂ ਦਾ ਵੀ ਕਸੂਰ ਨਹੀਂ। ਮੇਰੀ ਘਰਵਾਲੀ ਹਰ ਵੇਲੇ ਉਨ੍ਹਾਂ ਪਿਛੇ ਪਰੌਂਠੇ ਹੀ ਚੁੱਕੀ ਫਿਰੂ। ਕੱਲ ਮੇਰੀ ਕੁੜੀ ਕਹਿੰਦੀ ਸਕੂਲ ਵਿਚ ਉਸ ਨੂੰ ਗੋਰੀਆਂ ਕੁੜੀਆਂ ਛੇੜਦੀਆਂ ਨੇ ਕਿ ਤੇਰੀ ਡਰੈਸ ਵਿਚੋਂ ਸਮੈਲ ਆਉਂਦੀ ਐ।' ਇਕ ਹੋਰ ਬੋਲਿਆ, "ਨਿਆਣਿਆਂ ਦੀ ਛੱਡ, ਕੱਲ ਮੇਰੀ ਸਵਾਰੀ ਨੇ ਹੀ ਮੈਨੂੰ ਟੋਕ ਦਿੱਤਾ ਕਿ ਤੇਰੇ ਕੋਲੋਂ ਸਮੈਲ ਆਉਂਦੀ ਐ। ਜਦੋਂ ਮੈਂ ਪੁੱਛਿਆ, 'ਕਾਹਦੀ?' ਤਾਂ ਜਵਾਬ ਸੀ, 'ਇੰਡੀਅਨ ਸਪਾਈਸਿਜ਼'। ਸਮੈਲ ਤੇ ਵਾਕਿਆ ਹੀ ਆਪਣੇ ਸਾਰੇ ਦੇਸੀਆਂ ਕੋਲੋਂ ਆਉਂਦੀ ਹੈ। ਲਾ ਲਾ ਕੇ ਗੰਢਿਆਂ ਤੇ ਲਸਣਾਂ ਦੇ ਤੜਕੇ।"

ਇਹ ਸੀ ਪੰਜਾਬ ਟਾਈਮਜ਼ ਦੇ ਇਕ ਅੰਕ ਵਿਚਲੇ ਇਕ ਲੇਖ ਬਾਰੇ ਚਰਚਾ। ਇਹ ਤਾਂ ਬਾਸੀ ਹੀ ਜਾਣਦਾ ਹੈ ਕਿ ਇਹ ਕਹਾਣੀ ਉਸ ਦੇ ਆਪਣੇ ਟੱਬਰ ਦੀ ਸੀ ਜਾਂ ਕਿਸੇ ਮੇਰੇ ਵਰਗੇ ਦੇ ਟੱਬਰ ਦੀ। ਪਰ ਸ਼ਰਤੀਆ ਤੌਰ 'ਤੇ ਉਸ ਨੇ ਗੱਲ ਸਹੀ ਫੜੀ ਹੈ। ਨਵੀਂ ਤੇ ਪੁਰਾਣੀ ਪੀੜੀ ਦੇ ਪੀੜੀ ਪਾੜੇ ਦੀ ਅਤੇ ਪੁਰਾਣੀ ਪੀੜੀ ਦੇ ਮਾਨਸਿਕ ਸੰਕਟ ਦੀ।

ਉਂਜ ਪੰਜਾਬ ਟਾਈਮਜ਼ ਦਾ ਹਰ ਅੰਕ ਜਾਣਕਾਰੀ ਅਤੇ ਦਿਲਚਸਪੀ ਭਰਪੂਰ ਲੇਖਾਂ ਦੀ ਇਕ ਚੰਗੇਰ ਹੁੰਦੀ ਹੈ। ਮੇਰਾ ਹੀ ਨਹੀਂ ਮੇਰੇ ਜਿਹੇ ਹੋਰ ਬਹੁਤ ਲੋਕਾਂ ਦਾ ਵਿਚਾਰ ਹੈ ਕਿ ਮਿਆਰੀ ਪੱਤਰਕਾਰੀ, ਵਧੀਆ ਸਾਹਿਤਕ ਮੈਟਰ ਅਤੇ ਬੇਲਾਗ ਰਿਪੋਰਟਾਂ ਵਿਚ ਪੰਜਾਬ ਟਾਈਮਜ਼ ਦਾ ਹੋਰ ਕੋਈ ਪੰਜਾਬੀ ਅਖਬਾਰ ਸਾਨੀ ਨਹੀਂ। ਸ਼ਾਲਾ! ਪੰਜਾਬ ਟਾਈਮਜ਼ ਇਸੇ ਤਰ੍ਹਾਂ ਅੱਗੇ ਵਧਦਾ ਰਹੇ।

***ਜੋਗਾ ਸਿੰਘ ਸਿੱਧੂ, ਓਕਲੈਂਡ***

---

### ਸੋਭਾ ਸਿੰਘ ਚਿੱਤਰਕਾਰ

ਸੰਪਾਦਕ ਜੀ,

24 ਅਕਤੂਬਰ ਦੇ ਪੰਜਾਬ ਟਾਈਮਜ਼ ਵਿਚ 'ਸਫਰ ਜ਼ਿੰਦਗੀ ਦਾ' ਕਾਲਮ ਹੇਠ ਬਲਵੰਤ ਗਾਰਗੀ ਦਾ ਲਿਖਿਆ ਸੋਭਾ ਸਿੰਘ ਚਿੱਤਰਕਾਰ ਬਾਰੇ ਲੇਖ ਕਾਬਲੇ ਤਾਰੀਫ ਹੈ। ਸੋਭਾ ਸਿੰਘ ਜੀ ਦੀ ਜ਼ਿੰਦਗੀ ਦੀਆਂ ਜੋ ਗੱਲਾਂ ਇਸ ਲੇਖ ਵਿਚ ਦਰਜ ਹਨ ਉਹ ਸਾਡੇ ਲਈ ਬਿਲਕੁਲ ਨਵੀਆਂ ਸਨ। ਸੋਭਾ ਸਿੰਘ ਹੋਰਾਂ ਦੀ ਪੇਟਿੰਗ ਸੋਹਣੀ ਮਹੀਂਵਾਲ ਸਾਡੇ ਘਰ ਦਾ ਵੀ ਸ਼ਿੰਗਾਰ ਹੈ ਪਰ ਇਸ ਪਿਛੇ ਜੋ ਇਤਿਹਾਸ ਹੈ ਉਸ ਨੂੰ ਪੜ੍ਹ ਕੇ ਮਹਿਸੂਸ ਕੀਤਾ ਕਿ ਅਸੀਂ ਕਿੱਡੀ ਵੱਡੀ ਕਲਾਕ੍ਰਿਤ ਆਪਣੇ ਘਰ ਸਾਂਭੀ ਬੈਠੇ ਹਾਂ। ਸ. ਸੋਭਾ ਸਿੰਘ ਹੋਰਾਂ ਦੀਆਂ ਕਹੀਆਂ ਗੱਲਾਂ ਅੱਜ ਵੀ ਸੱਚ ਹਨ। ਸ. ਸੋਭਾ ਸਿੰਘ ਬਾਰੇ ਹੋਰ ਵੀ ਜਾਣਕਾਰੀ ਦੇ ਸਕੋ ਤਾਂ ਬਹੁਤ ਹੀ ਧੰਨਵਾਦੀ ਹੋਵਾਂਗੇ।

***ਇੰਦਰਜੀਤ ਮੰਗਾ, ਨੀਲਮ ਮੰਗਾ***
***ਪਿਟਸਬਰਗ, ਕੈਲੀਫੋਰਨੀਆ***

---

### ਮਾਡਰਨ ਸਿੱਖ ਬੀਬੀਆਂ

24 ਅਕਤੂਬਰ ਦੇ ਪੰਜਾਬ ਟਾਈਮਜ਼ ਵਿਚ ਬੀਬੀ ਬਲਜੀਤ ਕੌਰ ਦਾ ਲਿਖਿਆ 'ਵਰਤਮਾਨ ਯੁੱਗ ਦੀਆਂ ਮਾਡਰਨ ਸਿੱਖ ਬੀਬੀਆਂ ਦੀ ਸਿੱਖੀ' ਲੇਖ ਇਸ ਮਸਲੇ ਉਤੇ ਸੱਚ ਮੁੱਚ ਹੀ ਅੱਖਾਂ ਖੋਲ੍ਹ ਦੇਣ ਵਾਲਾ ਹੈ। ਇਹ ਵੀ ਗਨੀਮਤ ਹੈ ਕਿ ਇਹ ਲੇਖ ਇਕ ਬੀਬੀ ਦਾ ਲਿਖਿਆ ਹੋਇਆ ਹੈ। ਜੇ ਕਿਧਰੇ ਮੇਰੇ ਵਰਗਾ ਕੋਈ ਇਸ ਮਸਲੇ 'ਤੇ ਲਿਖ ਬੈਠਦਾ ਤਾਂ ਸ਼ਾਇਦ ਉਸ ਉਤੇ ਬੀਬੀਆਂ ਨਾਲ ਵਿਤਕਰਾ ਕਰਨ ਦਾ ਦੋਸ਼ ਲੱਗਦਾ। ਸੱਚ ਮੁੱਚ ਹੀ ਕਈ ਵਾਰ ਬੀਬੀਆਂ ਇਸ ਤਰ੍ਹਾਂ ਦੇ ਕੱਪੜੇ ਪਹਿਨ ਕੇ ਗੁਰੂ ਘਰ ਆਉਂਦੀਆਂ ਹਨ ਕਿ ਨਾ ਚਾਹੁੰਦਿਆਂ ਵੀ ਹਰ ਕਿਸੇ ਦਾ ਧਿਆਨ ਉਨ੍ਹਾਂ ਵੱਲ ਚਲਾ ਜਾਂਦਾ ਹੈ। ਫਿਰ ਉਨ੍ਹਾਂ ਦਾ ਗੁਰੂ ਦਰਬਾਰ ਵਿਚ ਵਿਚਰਨ ਦਾ ਤਰੀਕਾ ਵੀ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਉਹ ਗਿਣ ਮਿਥ ਕੇ ਸਭ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੀਆਂ ਹਨ। ਆਸ ਹੀ ਕਰ ਸਕਦਾ ਹਾਂ ਕਿ ਬੀਬੀਆਂ ਬੀਬੀ ਬਲਜੀਤ ਕੌਰ ਦੇ ਇਸ ਲੇਖ ਤੋਂ ਕੁਝ ਸਿਖਿਆ ਹਾਸਲ ਕਰਨ ਅਤੇ ਆਪਣੀ ਫੈਸ਼ਨਪ੍ਰਸਤੀ ਗੁਰੂ ਘਰ ਅੰਦਰ ਦਿਖਾਉਣ ਤੋਂ ਸੰਕੋਚ ਕਰਨਗੀਆਂ।

***ਸੁਰਿੰਦਰ ਸਿੰਘ ਗਰਚਾ, ਮਿਸ਼ੀਗਨ***

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।।
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।।

# ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕੋਟਾਨਿ ਕੋਟਿ ਵਧਾਈ


ਸ. ਜੀਤ ਸਿੰਘ ਬੈਨੀਵਾਲ


ਸ. ਸੁਖਦੇਵ ਸਿੰਘ ਬੈਨੀਵਾਲ

ਸੰਗਤਾਂ ਦੀ ਚਰਨ ਧੂੜ
ਜੀਤ ਸਿੰਘ ਬੈਨੀਵਾਲ,
ਸੁਖਦੇਵ ਸਿੰਘ (ਸਾਬਕਾ ਸੁਪਰੀਮ ਕੌਂਸਲ ਮੈਂਬਰ, ਗੁਰਦੁਆਰਾ ਫਰੀਮਾਂਟ)
ਅਤੇ ਪਰਿਵਾਰ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-421-9463

# ਮੁੰਡਾ ਕਹਿੰਦੇ ਜਿਹਨੂੰ ਮੰਗਲ ਹਠੂਰ ਦਾ


ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025


**ਟਟੀਹਰੀ ਉਪਰ ਨੂੰ ਮੂੰਹ ਚੁੱਕ ਚੁੱਕ ਕੇ ਬੰਦਿਆਂ ਨੂੰ ਕਹੀ ਜਾਂਦੀ ਐ, 'ਅਸਮਾਨ ਮੇਰੇ ਸਹਾਰੇ ਖੜ੍ਹਾ ਹੈ।' ਟਟਹਿਣੇ ਜਾਂ ਜੁਗਨੂੰ ਧਮਕੀਆਂ ਦੇਣ ਲੱਗ ਪਏ ਨੇ 'ਅੱਗ ਲਾ ਕੇ ਫੂਕ ਦਿਆਂਗੇ।' ਕਾਟੋ ਦੋਵੇਂ ਹੱਥ ਜੋੜ ਕੇ ਪ੍ਰੇਮੀਆਂ ਨੂੰ ਕਹੀ ਜਾਂਦੀ ਐ, 'ਫੁੱਲਾਂ 'ਤੇ ਤੁਹਾਨੂੰ ਨ੍ਹੀਂ ਮੈਨੂੰ ਖੇਲ੍ਹਣਾ ਆਉਂਦੈ।' ਜੇ ਕਿਤੇ ਕਿਸੇ ਨੂੰ ਰੱਬ 'ਕੱਲਾ ਟੱਕਰ ਜਾਵੇ ਤਾਂ ਲੋਭੀ ਆਖੇਗਾ, 'ਤੂੜੀ ਆਲਾ ਕੋਠਾ' ਡਾਲਰਾਂ ਨਾਲ ਭਰਦੇ, ਫੋਕੀ ਚੌਧਰ ਆਲਾ ਕਹੇਗਾ, 'ਰੱਜ ਕੇ ਸ਼ੋਹਰਤ ਦੇ ਦੇ' ਤੇ ਸਿਆਣਾ ਬੰਦਾ ਪਤਾ ਕੀ ਮੰਗੇਗਾ, 'ਹੇ ਰੱਬਾ, ਰੱਬ ਕਰਕੇ ਮੈਨੂੰ ਮੇਰਾ ਬਚਪਨ ਦੇ ਦੇ।' ਇਕ ਵਾਰ ਦੀਵਾ ਜਗਿਆ ਤੇ ਟਿੱਡੀ ਤੇ ਟਟਹਿਣਾ ਜਾਂ ਪ੍ਰਵਾਨਾ ਭੱਜੇ ਆਉਂਦੇ ਰੇਲ ਗੱਡੀਆਂ ਦੀ ਦੁਰਘਟਨਾ ਵਾਂਗ ਆਪਸ 'ਚ ਟਕਰਾ ਗਏ। ਟਟਹਿਣਾ ਕਹਿੰਦਾ 'ਏ ਟਿੱਡੀਏ ਕਿੱਥੇ ਸ਼ਾਨੇ ਪੰਜਾਬ ਵਾਂਗ ਭੱਜੀ ਆਉਨੀ ਐਂ, ਪੈਰਾਂ ਨੂੰ ਥੁੱਕ ਲਾ ਕੇ, ਕੀ ਗਾਂ ਕੋਠੇ 'ਤੇ ਚੜ੍ਹ ਗਈ।' ਟਿੱਡੀ ਕਹਿੰਦੀ ਦੀਵਾ ਜਗ ਪਿਐ, ਮੈਂ ਤਾਂ ਭੱਜੀ ਆਂ ਕਿਤੇ ਜਲ ਕੇ ਮਰ ਜਾਂ ਤੇ ਤੂੰ ਸ਼ਤਾਬਦੀ ਵਾਂਗ ਕਿੱਥੇ ਅੱਗ ਬੁਝਾਉਣੀ ਆਂ?' ਕਹਿੰਦਾ ਸੁਣ ਤੈਨੂੰ ਜਾਣ ਦੀ ਪਈ ਐ, ਸਾਨੂੰ ਜਾਨ ਦੀ ਪਈ ਆ। ਮੈਂ ਤਾਂ ਰੇਲ ਬਣਿਆਂ ਕਿ ਕਿਤੇ ਮੇਰੇ ਪਹੁੰਚਣ ਤੋਂ ਪਹਿਲਾਂ ਦੀਵਾ ਬੁਝ ਨਾ ਜਾਵੇ।' ਕਹਿੰਦੇ ਨੇ ਸ਼ੇਰਾਂ ਦੇ ਵੱਗ ਤੇ ਸਿਆਣੇ ਬੰਦਿਆਂ ਦੇ ਕੱਠ ਨ੍ਹੀਂ ਹੁੰਦੇ। ਜਿੰਨਾ ਕੁ ਕਿਸੇ ਨੂੰ ਦਿਸਦੈ, ਉਹਦੇ ਲਈ ਉਹੀ ਸੰਸਾਰ ਹੁੰਦੈ। ਚਿੱਟਾ ਕੱਫਣ ਪਾਉਣ ਦਾ ਕਦੇ ਅਰਥ ਕੱਢ ਵੇਖਿਆ? ਅਰਥ ਇਹ ਹੁੰਦੈ ਕਿ ਹੇ! ਵਾਹਿਗੁਰੂ ਇਹਦੇ ਪਾਪ, ਗਲਤੀਆਂ ਚਿੱਟੇ ਕੱਪੜੇ ਹੇਠ ਲੁਕੋ ਦਿੱਤੀਆਂ ਨੇ, ਮੁਆਫ ਕਰੀਂ। ਇਹਦੇ ਦਾਗ ਨਾ ਦੇਖੀਂ।' ਜੇ ਬਰਫੀ 'ਚ ਮਿੱਠਾ ਜ਼ਿਆਦਾ ਹੋਵੇ ਤਾਂ ਖੋਏ ਦੀ ਵੀ ਜੱਖਣਾ ਪੱਟ ਹੋ ਜਾਂਦੀ ਐ। ਹਾਲੇ ਤੱਕ ਚੁੱਪ ਦੀ ਕਿਸੇ ਨੇ ਵਿਆਖਿਆ ਨ੍ਹੀਂ ਕੀਤੀ। ਪਰ ਸ਼ਾਇਰ ਤੇ ਗੀਤਕਾਰ ਇਹ ਕੰਮ ਸੁਖਾਲਿਆਂ ਕਰ ਲੈਂਦੇ ਨੇ। ਜਿਹੜੇ ਇਹ ਕਹਿੰਦੇ ਨੇ ਗੁਣਾਂ ਦੀ ਕਦਰ ਨ੍ਹੀਂ ਪੈਂਦੀ ਉਹ ਮੰਗਲ ਹਠੂਰ ਵਲ ਵੇਖ ਕੇ ਆਪਣਾ ਭਰਮ ਬਦਲ ਲੈਣ। ਗਾਰੇ ਨਾਲ ਲਿੱਬੜੇ ਪੈਰਾਂ ਨਾਲ ਨੱਚਣ ਲੱਗ ਪਏ ਤਾਂ ਬਾਕੀਆਂ ਦੇ ਮੂੰਹ ਲਬੇੜ ਸੁੱਟਦੈ। ਚੰਗਾ ਬੰਦਾ ਜਿਥੇ ਵੀ ਜਾਂਦੈ ਚੰਗੇ ਬੰਦਿਆਂ ਦੀਆਂ ਬਾਹਵਾਂ ਕਲਾਵੇ 'ਚ ਘੁੱਟਣ ਲਈ ਕਹਿ ਰਹੀਆਂ ਹੁੰਦੀਆਂ, 'ਦੇਰ ਨਾ ਕਰ ਗਲੇ ਲੱਗ।' ਜਿਵੇਂ ਮੰਗਲ ਹਠੂਰ...।**

ਗੱਲ ਸਾਨੂੰ ਉਹੀ ਚੰਗੀ ਲਗਦੀ ਐ ਜਿਹੜੀ ਪਿਆਰ ਦੀ ਭਾਸ਼ਾ ਵਿਚ ਗੁੰਦ ਕੇ ਪੇਸ਼ ਕੀਤੀ ਜਾਵੇ। ਇਸੇ ਲਈ ਜਵਾਨੀ ਵਿਚ ਕਈ ਵਾਰੀ ਪ੍ਰੇਮ ਪੱਤਰ ਟਿੱਚ ਬਟਣਾਂ ਦੀ ਜੋੜੀ ਵਾਂਗ ਬਹੁਤਿਆਂ ਨੇ ਹਿੱਕ ਨੂੰ ਲਾਏ ਹੁੰਦੇ ਨੇ। ਜਿਨ੍ਹਾਂ ਨੂੰ ਗੀਤ ਚੰਗੇ ਨਾ ਲੱਗਣ ਉਨ੍ਹਾਂ ਦੀ ਹਾਲਤ ਉਹੀ ਹੁੰਦੀ ਹੈ ਜਿਵੇਂ ਕੋਈ ਬੂਟਾ ਬਹਾਰ ਦੇ ਦਿਨਾਂ ਵਿਚ ਵੀ ਸਿਰ ਸੁੱਟੀ ਰੱਖੇ।

ਪੰਜਾਬੀ ਗੀਤਕਾਰੀ ਵਿਚ ਬੜੀ ਉਥਲ-ਪੁੱਥਲ ਹੁੰਦੀ ਰਹੀ ਹੈ। ਹੁਣ ਗੀਤਕਾਰਾਂ ਨੂੰ ਉਂਗਲਾਂ 'ਤੇ ਨਹੀਂ ਗਿਣਿਆ ਜਾ ਸਕਦਾ। ਖਲੀਆਂ ਲਾਕੇ ਚਿਣਿਆਂ ਜਾ ਸਕਦਾ ਹੈ। ਜੇ ਆਲੋਚਨਾ ਦੇ ਛਾਣਨੇ 'ਚੋਂ ਸਾਰਿਆਂ ਨੂੰ ਲੰਘਾਉਣਾ ਹੋਵੇ ਤਾਂ ਕਈ ਛਾਣ-ਬੂਰਾ ਬਣ ਜਾਣਗੇ ਤੇ ਬਹੁਤਾ ਪੂੰਗ ਹੀ ਨਿਕਲੇਗਾ। ਜ਼ਰਾ ਧਿਆਨ ਦਿਓ 'ਆ ਜਾ ਚਲੀਏ ਸਕੂਲੇ ਇਕ ਵਾਰ ਹਾੜ੍ਹਾ ਵੇ' ਨਾਲ ਗੁਰਦੇਵ ਮਾਨ ਨਿੱਤਰਿਆ। ਫਿਰ ਸਦੀਕ-ਰਣਜੀਤ ਦੇ ਦੋ ਗਾਣਿਆਂ ਤੋਂ ਦਿਲਸ਼ਾਦ ਤੇ ਹਰਭਜਨ ਮਾਨ ਤੱਕ ਬਾਬੂ ਸਿੰਘ ਮਾਨ, ਕਲੀਆਂ ਤੇ ਲੋਕ ਗਾਥਾਵਾਂ ਦਾ ਬਾਦਸ਼ਾਹ ਦੇਵ ਥਰੀਕਿਆਂ ਵਾਲਾ, ਧਾਰਮਿਕ ਗੀਤਾਂ ਕਰਕੇ ਚਰਨ ਸਿੰਘ ਸਫਰੀ, ਗੁਰਾਇਆ ਵਾਲਾ ਭੁੱਲਾ ਰਾਮ ਚੰਨ ਬੜਾ ਚਿਰ ਨਿੱਖਰਿਆ ਰਿਹਾ। ਜਦੋਂ ਸਾਜਨ ਰਾਏਕੋਟੀ ਦਾ ਗੀਤ 'ਨੈਣ ਪ੍ਰੀਤੋ ਦੇ ਬਹਿ ਬਹਿ ਜਾ ਕਰਦੇ' ਆਇਆ ਤਾਂ ਮੈਨੂੰ ਗੀਤਕਾਰੀ ਦਾ ਕੀੜਾ ਚੰਬੜਿਆਂ ਤੇ ਮੈਂ ਦੇਵ ਤੇ ਰਾਏਕੋਟੀ ਨੂੰ ਪੱਗ ਦੇਣ ਲਈ ਕਾਹਲਾ ਪੈ ਗਿਆ। ਉਸ ਤੋਂ ਬਾਅਦ ਮੈਂ ਤੇ ਰਾਏਕੋਟੀ ਨੇ ਇਕੋ ਡੱਬੀਆਂ ਵਾਲੀ ਖੇਸੀ 'ਚ ਇਕ ਦੂਜੇ ਵੱਲ ਪੈਰ ਕਰਕੇ ਬੜੀਆਂ ਰਾਤਾਂ ਕੱਟੀਆਂ, ਫਿਰ ਦਵਿੰਦਰ ਖੰਨੇ ਵਾਲਾ ਹੰਸ ਦੇ ਗਾਏ ਗੀਤ:

ਨਿੱਕੀ ਨਿੱਕੀ ਗੱਲ ਉੱਤੇ ਗੁੱਸਾ ਕਰ ਲੈਂਦੇ ਹੋ
ਅੱਖਾਂ ਅੱਖਾਂ ਵਿਚ ਸਾਡੀ ਜਿੰਦ ਕੱਢ ਲੈਂਦੇ ਹੋ
ਪਿਆਰ ਵਾਲੀ ਗੱਲ ਨੂੰ ਘੂਰ ਵਿਚ ਕਹਿੰਦੇ ਹੋ
ਅੱਜ ਕੱਲ ਸੁਣਿਆ ਫਤੂਰ ਵਿਚ ਰਹਿੰਦੇ ਹੋ।

...ਤੇ 'ਹੁਸਨਾਂ ਦੇ ਮਾਲਕੋ ਅਤੇ ਹਰਭਜਨ ਦੇ 'ਚਿੱਠੀਏ' ਗੀਤ ਨਾਲ ਸਮਰੱਥ ਗੀਤਕਾਰ ਬਣ ਗਿਆ। ਫਿਰ ਸ਼ਮਸ਼ੇਰ ਆ ਗਿਆ ਬਚਨ ਬੇਦਿਲ, ਸ਼ਬਦਾਂ ਦਾ ਜਾਦੂਗਰ ਦੇਬੀ ਮਖਸੂਸਪੁਰੀ ਤੇ ਫਿਰ ਮਲਕੀਤ, ਮੰਗਲ ਹਠੂਰ...। ਅਸਲ ਵਿਚ ਗਾਇਕਾਂ, ਢਾਡੀਆਂ, ਕਵੀਸ਼ਰਾਂ, ਗੀਤਕਾਰਾਂ ਤੇ ਸੰਗੀਤਕਾਰਾਂ ਨਾਲ ਬੜੀ ਦੇਰ ਗਹਿਗੱਚ ਰਿਹਾ ਹਾਂ। ਚਰਨਜੀਤ ਅਹੂਜਾ ਸਾਜ਼ੀ ਤੋਂ ਸਿਰੇ ਦਾ ਸੰਗੀਤਕਾਰ ਬਣਦਾ ਮੈਂ ਅੱਖੀਂ ਵੇਖਿਆ ਹੈ। ਅਸਲ ਵਿਚ ਇਨ੍ਹਾਂ ਸਾਰਿਆਂ ਨਾਲ ਮੇਰਾ ਰਿਸ਼ਤਾ ਗੜਵੇ ਤੇ ਡੋਰ ਵਾਲਾ ਹੈ। ਮੈਨੂੰ ਇਹ ਪਤਾ ਨ੍ਹੀਂ ਕਿ ਗੜਵਾ ਕਿਹੜਾ ਹੈ ਤੇ ਡੋਰ ਕਿਹੜੀ।

ਮੈਂ ਜਿਸ ਮੰਗਲ ਹਠੂਰ ਦੀ ਜਾਨੀ ਚੋਰ ਦੇ ਕਿਸੇ ਵਾਂਗ ਬਾਤ ਸੁਣਾਉਣ ਲੱਗਾ ਹਾਂ, ਉਹਨੂੰ ਹਰ ਉਹ ਪੰਜਾਬੀ ਜਾਣਦੈ ਜਿਹੜਾ ਗਾਇਕੀ ਨੂੰ ਨਾਲ ਪਾ ਕੇ ਸੌਂਦੈ। ਫਿਰ ਵੀ ਉਹਦੀ ਗੱਲ ਵਿਸਥਾਰ ਵਿਚ ਕਰਨ ਤੋਂ ਪਹਿਲਾਂ ਉਹਦਾ ਸਿਰਨਾਵਾਂ ਬਣੇ ਗੀਤ ਦੱਸ ਦਿਆਂ। ਤਾਂ ਕਿ ਗੀਤ ਚੇਤੇ ਆਉਂਦਿਆਂ ਹੀ ਕਹਿਣਾ ਪਵੇ 'ਅੱਛਾ ਇਹ ਹੈ ਮੰਗਲ ਹਠੂਰ'। ਪ੍ਰੇਮਿਕਾ ਕਈ ਵਾਰ ਗਲ 'ਚ ਬਾਹਵਾਂ ਦਾ ਹਾਰ ਪਾ ਕੇ ਆਖ ਦੇਂਦੀ ਐ। 'ਕਸਮ ਖ਼ੁਦਾ ਦੀ ਵੇ ਤੂੰ ਸੋਹਣਾ ਲਗਦੈਂ' ਪਰ ਮੰਗਲ ਦੇ ਪਿਆਰ ਦੇ ਦੀਵਾਨੇ ਏਨੇ ਬਣ ਗਏ ਨੇ ਕਿ ਸਾਧਾਰਣ ਬੰਦਾ ਵੀ ਗਿੱਠ ਉੱਚਾ ਹੋ ਕੇ ਆਖਦੈ 'ਮੈਂ ਮੰਗਲ ਹਠੂਰ ਨੂੰ ਜਾਣਦਾ ਹਾਂ।' ਖੈਰ! ਉਹਦੇ ਗੀਤਾਂ 'ਤੇ ਸਰਸਰੀ ਨਜ਼ਰ ਮਾਰੋ....

-ਬੈਠ ਕੇ ਤ੍ਰਿਞਣਾਂ 'ਚ ਸੋਹਣੀਏ
ਕੱਢੇਂ ਜਦੋਂ ਚਾਦਰ 'ਤੇ ਫੁੱਲ ਤੂੰ
ਕੀਹਨੂੰ ਯਾਦ ਕਰ ਕਰ ਹੱਸਦੀ
ਚੁੰਨੀ 'ਚ ਲੁਕਾ ਕੇ ਸੂਹੇ ਬੁੱਲ੍ਹ ਤੂੰ....
-ਕੰਡਿਆਂ ਦਾ ਕੀ ਦੋਸ਼
ਦੋਸ਼ ਤਾਂ ਤੁਰਨੇ ਵਾਲੇ ਦਾ....
-ਤੂੰ ਚਰਖਾ ਕੱਤਦੀ ਕੱਤਦੀ ਕੁੜੀਏ
ਗਾਇਆ ਨਾ ਕਰ ਨੀ....
-ਪੁੰਨਿਆਂ ਦਾ ਰੰਗ ਕਾਲਾ ਹੋ ਗਿਆ...
-ਇਸ਼ਕ ਨੇ ਕਮਲੇ ਕਰਤੇ...
-ਬੋਲੀ ਪਾ ਸਰਦਾਰਾ....
-ਛੱਜੂ ਦਾ ਚੁਬਾਰਾ...
-ਸੁੱਤੀ ਪਈ ਨੂੰ ਹਿਚਕੀਆਂ ਆਉਣਗੀਆਂ
-ਧਰਤੀ 'ਤੇ ਚਾਦਰਾਂ ਵਿਛਾ ਦਈਏ....
-ਸੱਦਦਾ ਏ ਤੈਨੂੰ ਇਹ ਪੰਜਾਬ ਉਹ ਪੰਜਾਬੀ ਸ਼ੇਰਾ....
-ਕੋਕਾ ਕਰਕੇ ਧੋਖਾ ਨੀ ਦਿਲ ਲੈ ਗਿਆ....
-ਨਹੀਂ ਭੁਲਣਾ ਦੁੱਖ ਸੰਗਤਾਂ ਨੂੰ
ਵਿਛੜੇ ਨਨਕਾਣੇ ਦਾ...
-ਤੰਬੂ ਵਿਚ ਜਦੋਂ ਤਲਵਾਰ ਖੜਕੀ
-ਚਿੜੀ ਬਾਜ ਨਾਲ ਲੜਦੀ
ਪੀ ਕੇ ਅਮ੍ਰਿਤ ਬਾਟੇ ਦਾ....
-ਨਾਨਕ ਨਾਮ ਧਿਆ ਲਓ ਜੀ
ਪ੍ਰਭਾਤ ਫੇਰੀ ਆਈ ਐ....

ਮਨਮੋਹਨ ਵਾਰਿਸ ਤੇ ਕਮਲ ਹੀਰ ਦੇ ਗਾਏ ਗੀਤ ਨੇ ਇਹ, ਪਰ ਇਸ ਤੋਂ ਬਿਨਾਂ ਅਮਰਿੰਦਰ ਗਿੱਲ ਨੇ 'ਪੰਜਾਂ ਦੀ ਮੁੰਦਰੀ ਛੋਆਂ ਦਾ ਛੱਲਾ... ਕੇ. ਐਸ. ਮੱਖਣ ਨੇ ਯਾਰੀ ਲਾ ਕੇ ਖੱਟ ਜਾਏਂਗੀ ਤੇ ਮੰਗਲ ਸਿੰਘ, ਦਿਲਰਾਜ ਕੌਰ, ਰਾਮਸ਼ੰਕਰ ਨੇ ਉਹਦੇ ਗੀਤਾਂ ਨੂੰ ਜ਼ੁਬਾਨ ਦਿੱਤੀ ਹੈ। ਵਾਰਿਸ ਭਰਾਵਾਂ ਦੀ ਵਿਰਸੇ ਵਾਲੀ ਟੇਪ ਵਿਚਲੇ ਸੈਂਕੜੇ ਯਾਦ ਰੱਖਣ ਯੋਗ ਸ਼ੇਅਰ ਮੰਗਲ ਦੇ ਹੀ ਹਨ।



ਕਈਆਂ ਦਾ ਇਕ ਹੀ ਗੀਤ ਰਿਕਾਰਡ ਹੋਇਆ ਪਰ ਚੱਲਿਆ ਨ੍ਹੀਂ, ਨਾ ਕਿਸੇ ਨੇ ਸੁਣਿਆਂ, ਗੀਤਕਾਰ ਹੋਣ ਦੀ ਮੋਹਰ ਉਹਨੇ ਵੀ ਬਣਾ ਲਈ ਹੈ। ਪਰ ਉਹਦੇ ਵਿਅਕਤੀਗਤ ਪ੍ਰਭਾਵਾਂ ਬਾਰੇ ਗੱਲਾਂ ਕਰਨ ਤੋਂ ਪਹਿਲਾਂ ਉਹਦੀ ਸ਼ਾਇਰੀ ਦਾ ਲੇਖਾ ਜੋਖਾ ਕਰਦੇ ਹਾਂ। ਤੁਹਾਨੂੰ ਲੱਗੇਗਾ 'ਜਿੰਦਗੀ ਬਿਲਾਸ' ਲਿਖਣ ਵਾਲੇ ਸਾਧੂ ਦਿਆ ਸਿੰਘ ਆਰਿਫ ਤੋਂ ਬਾਅਦ ਮੰਗਲ ਵਲ ਹੱਥ ਕਰਕੇ ਕਿਹਾ ਜਾ ਸਕਦੈ ਪਈ ਆ ਹੈ ਸ਼ਾਇਰੀ ਤੇ ਇਹਨੂੰ ਕਹਿੰਦੇ ਨੇ ਲੋਕ ਗੀਤਕਾਰੀ। ਜਿਵੇਂ ਹੁਸਨ ਅੱਖਾਂ ਦੀ ਭੁੱਖ ਲਾਹ ਸੁੱਟਦਾ ਹੈ, ਇਵੇਂ ਉਹਦੇ ਸ਼ੇਅਰਾਂ 'ਤੇ ਗੱਲਾਂ ਦੀ ਵਿਆਖਿਆ 'ਚ ਚਲਦੇ ਹਾਂ। ਸਿਆਣੇ ਬੰਦੇ ਵੀ ਉੱਚੀ ਦੇਣੀ ਕਹਿਣਗੇ 'ਜਿਉਂਦਾ ਰਹਿ ਓਏ ਮੰਗਲਾ..' ਫਿਰ ;

ਦੱਸਾਂ ਕੀ ਕੀ ਦੇਖਿਆ
ਤੇ ਸੁਣਿਆ ਮੈਂ ਦੁਨੀਆਂ ਨੂੰ
ਦੁਨੀਆਂ ਤੋਂ ਕਈ ਧਨਵਾਨ ਜਾਂਦੇ ਵੇਖੇ ਨੇ।
ਰਾਮ, ਕ੍ਰਿਸ਼ਨ ਜਿਹੇ ਜਿਹੜੇ ਦੇਵਤੇ ਸੀ ਸਾਖਸ਼ਾਤ
ਇਕ ਦਿਨ ਛੱਡ ਕੇ ਜਹਾਨ ਜਾਂਦੇ ਵੇਖੇ ਨੇ।
ਧਰਤੀ 'ਤੇ ਬੰਨ੍ਹ ਕੇ ਖੜਾਉਣ ਵਾਲੇ
ਚੰਦਰਮਾ ਨੂੰ
ਅਰਜਨ ਜਿਹੇ ਛੱਡ ਕੇ ਕਮਾਨ ਜਾਂਦੇ ਵੇਖੇ ਨੇ।
ਤਨ ਨੂੰ ਨਾ ਫੁੱਲਾਂ ਦੀ ਛੋਹ ਸੀ ਲੱਗਣ ਦਿੱਤੀ
ਲੱਕੜਾਂ ਦੇ ਥੱਲੇ ਇਨਸਾਨ ਜਾਂਦੇ ਵੇਖੇ ਨੇ।
ਈਨ ਨੂੰ ਨਾ ਮੰਨਣ ਵਾਲੇ,
ਕਾਲ ਪਾਵੇ ਬੰਨਣ ਵਾਲੇ
ਵੈਰੀ ਨੂੰ ਭਜਾਉਣ ਵਾਲੇ ਜੱਗ ਨੂੰ ਰਜਾਉਣ ਵਾਲੇ
ਇਕ ਦਿਨ ਛੱਡ ਕੇ ਜਹਾਨ ਜਾਂਦੇ ਵੇਖੇ ਨੇ।
ਆਖਿਰ ਨੂੰ ਰਹਿ ਜਾਂਦਾ ਨਾਮ ਦਾਨ ਝੋਲੀ ਵਿਚ
ਪੂਜੇ ਨਾਮੀ ਦਾਨੀ ਇਨਸਾਨ ਜਾਂਦੇ ਵੇਖੇ ਨੇ।

ਗੱਲ ਕਹਿਣ ਦਾ ਤਰੀਕਾ ਤੇ ਸਰਹੱਦਾਂ ਦੇ ਦਰਦ ਦੀ ਚੀਖ ਮਾਰਨ ਦਾ ਮੰਗਲ ਦਾ ਆਪਣਾ ਅੰਦਾਜ਼ ਹੈ;

ਖੇਮਕਰਨ ਤੋਂ ਪਾਕਿਸਤਾਨ ਨੂੰ
ਜਾਈਏ ਟਾਂਗੇ 'ਤੇ
ਪਾਸਪੋਰਟ ਦੀ ਲੋੜ ਪਵੇ ਨਾ ਬ
ਾਰਡਰ ਲੰਘਣ ਨੂੰ।
ਹੋਲੀ ਭਾਵੇਂ ਸਾਲ 'ਚ ਚੌਥੀ
ਵਾਰੀ ਆ ਜਾਵੇ
ਕੋਈ ਕਿਸੇ ਦਾ ਖੂਨ ਨਾ ਡੋਲੇ
ਧਰਤੀ ਰੰਗਣ ਨੂੰ।

ਮੈਂ ਕਿੱਸਾ ਕਾਵਿ ਬੜਾ ਪੜ੍ਹਿਆ, ਗੀਤ ਬੜੇ ਸੁਣੇ ਨੇ, ਗੀਤਕਾਰਾਂ ਨਾਲ ਵਾਣ ਤੇ ਮੰਜੇ ਵਾਂਗ ਮੋਹ ਕਰਦਾ ਰਿਹਾ ਹਾਂ ਪਰ ਮੰਗਲ ਨੂੰ ਸਮਝਣਾ ਤੇ ਏਨੀ ਛੇਤੀ ਗੀਤਾਂ ਵਿਚ ਸਚਿਨ ਵਾਂਗ ਚੌਕੇ-ਛੱਕਿਆਂ ਦੇ ਢੇਰ ਲਾ ਦੇਣੇ, ਦਾਰਾ ਸਿੰਘ ਵਾਂਗ ਫਰੀ ਸਟਾਈਲ ਗੀਤਾਂ ਦਾ ਘੋਲ ਕਰਾਉਣਾ, ਮਿਲਖਾ ਸਿੰਘ ਵਾਂਗ ਰਿਕਾਰਡ ਤੇ ਅੰਕੜੇ ਬਣਾਉਣੇ ਧਤੀ ਅੰਨ ਖਾ ਕੇ ਘੁਰਾੜੇ ਮਾਰਨ ਵਾਲਿਆਂ ਦੇ ਵੱਸ ਦਾ ਰੋਗ ਨ੍ਹੀਂ। 'ਜਿੰਦਾਂ ਸ਼ਰਾਬੀ ਕਹਿੰਦੇ ਹੁੰਦੇ ਐ ਕਿ ਜਾਂ ਬੋਤਲ ਢਿੱਡ ਵਿਚ ਵੜ ਜਾਵੇ ਜਾਂ ਮੈਂ ਬੋਤਲ ਵਿਚ ਵੜ ਜਾਵਾਂ' ਵਾਂਗ ਉਹਦੇ ਗੀਤਾਂ ਦੇ ਸ਼ੁਦਾਈ ਉਲਰ ਉਲਰ ਕੇ ਜਾਂ ਸਿਰ ਚੜ੍ਹ ਚੜ੍ਹ ਕੇ ਬੋਲਦੇ ਐ', ਮੰਗਲ ਜਾਂ ਸਾਡੀ ਬੁੱਕਲ 'ਚ ਵੜ ਜਾਏ ਜਾਂ ਸਾਨੂੰ ਵਾੜ ਲਵੇ। ਗੱਲ ਕਹਿਣ ਦਾ ਕਿਆ ਸੁਨੱਖਾ ਤਰੀਕੈ;

ਮਿਹਰ ਕਰੀਂ ਐ ਦਾਤਿਆ
ਹਰ ਪਲ ਸਾਰੀ ਦੁਨੀਆਂ 'ਤੇ
ਹੱਕ ਗਰੀਬਾਂ ਵਾਲਾ ਕਦੇ ਵੀ ਤਕੜੇ ਦੱਬਣ ਨਾ।
ਦੌਲਤ ਲਈ ਵੱਢੇ ਨਾ ਕਦੇ ਵੀ ਭਾਈ ਭਾਈ ਨੂੰ
ਧੀਆਂ ਵਾਲੀਆਂ ਲਾਸ਼ਾਂ ਅੱਕਾਂ ਵਿਚੋਂ ਲੱਭਣ ਨਾ।
ਪਿਆਰ ਦੇ ਵੱਟੇ ਮਿਲ ਜਾਏ
ਸਭ ਨੂੰ ਮੰਗਿਆ ਪਿਆਰ ਸਦਾ
ਆਸ਼ਕ ਧੋਖਿਆਂ ਵਾਲੇ ਕੰਡੇ
ਰੋੜੇ ਚੱਬਣ ਨਾ.....।

ਨਵੀਂ ਪੀੜ੍ਹੀ ਨੂੰ ਤਾਂ ਕੀ ਪਤਾ ਕਿ ਛੰਦ ਕੀ ਹੁੰਦੇ ਨੇ। ਪਰ ਪਿੰਗਲ ਨੂੰ ਸਮਝਣ ਤੇ ਸ਼ਾਇਰੀ ਦੀ ਬਰੀਕੀ ਪਰਖਣ ਵਾਲੇ ਜਾਣਦੇ ਨੇ ਢਾਇਆ ਕੀ ਹੁੰਦੈ। ਜਿਵੇਂ ਮੰਗਲ ਲਿਖਦੈ;

ਕਦੇ ਵੀ ਕਵੀਸ਼ਰੀ ਨੂੰ ਬੋਲੀਏ ਨਾ ਮੂਰਖਾਂ 'ਚ
ਸੱਚ ਦੀ ਗਵਾਹੀ ਬਿਨਾਂ ਕਲਮ ਉਠਾਈਏ ਨਾ।
ਪਿੰਗਲ ਗਵਾਹੀ ਬਿਨਾਂ ਮੱਲੀ ਦੀ ਸਟੇਜ ਨਹੀਂ
ਭੈੜਾ ਬੋਲ, ਬੋਲ ਕਦੇ ਬੇਇੱਜ਼ਤੀ ਕਰਾਈਏ ਨਾ।
ਦਾਵਾਂ ਬਿਨਾਂ ਜਿੱਤਦਾ ਨ੍ਹੀ ਮੱਲ ਕੋਈ ਅਖਾੜੇ 'ਚ
ਗੁਰੂ ਬਿਨਾਂ ਹੱਥ ਔਖੇ ਕੰਮ ਤਾਈਂ ਪਾਈਏ ਨਾ।
ਲੋੜ ਬਿਨਾਂ ਜ਼ਿਆਦਾ ਵੀ ਗਵਾਂਢ ਜਾਣਾ ਚੰਗਾ ਨ੍ਹੀ
ਲੋੜ ਬਿਨਾਂ ਉਧਾਰ ਕਦੇ
ਸਿਰ 'ਤੇ ਚੜ੍ਹਾਈਏ ਨਾ।
ਮੰਗਲਾ ਜੇ ਸ਼ੌਂਕ ਹੋਵੇ ਸੱਚੀ ਗੱਲ ਲਿਖ ਲਈਏ
ਝੂਠ ਤੇ ਫਰੇਬ ਵਿਚ ਵਕਤ ਖਪਾਈਏ ਨਾ...।

ਕੁਦਰਤ ਨਾਲ ਆਢੇ ਲੈਣ ਵਾਲੇ ਮਨੁੱਖ ਨੂੰ ਸਰਾਪ ਮਿਲਿਆ ਹੈ ਕਿ ਨਹਿਰਾਂ ਸੁੱਕ ਗਈਆਂ ਨੇ, ਖੂਹ ਦੀਆਂ ਟਿੰਡਾਂ ਖਾਲੀ ਇਸ਼ਾਰਾ ਕਰੀ ਜਾਂਦੀਆਂ ਨੇ 'ਸੰਗ ਨ੍ਹੀ ਆਉਂਦੀ ਹੁਣ ਬੰਦਿਆ..।' ਪਰ ਮੰਗਲ ਦਾ 'ਸੱਜਣਾਂ ਦਾ ਖੂਹ' ਜੇ ਕਿਤੇ ਟੱਕਰਿਆ ਤਾਂ ਸੁਣਨੋਂ ਨਾ ਹਟਿਓ...ਉਹ ਲਿਖਦੈ...

ਏਸ ਖੂਹੇ ਦੀ ਮੌਣ ਹਾਣੀਓ
ਕਈ ਸੌ ਸਾਲ ਪੁਰਾਣੀ।
ਇਹਦੀਆਂ ਟਿੰਡਾਂ ਵਿਚੋਂ ਗੂੰਜੇ
ਗੁਰ ਨਾਨਕ ਦੀ ਬਾਣੀ।
ਏਸ ਖੂਹੇ ਪੂਰਨ ਸੁਟਵਾਇਆ
ਵੱਢ ਕੇ ਇੱਛਰਾਂ ਰਾਣੀ।
ਏਥੇ ਬਹਿ ਕੇ ਚਰਖਾ ਕੱਤਿਆ
ਹਰ ਇਕ ਧੀ ਧਿਆਣੀ।
ਏਥੇ ਪਿਓ ਨੇ ਹਲ੍ਹ ਸੀ ਵਾਹਿਆ
ਲਿਆਈ ਰੋਟੀ ਮਾਂ ਸੁਆਣੀ।
ਏਸ ਖੂਹ ਤੋਂ ਗੜਵਾ ਲੈ ਗਈ
ਲੈਲਾ ਦਿਲ ਦੀ ਰਾਣੀ।
ਹਠੂਰ ਦਾ ਮੰਗਲ ਲੇਖਕ ਬਣਿਆ
ਪੀ ਏਸ ਦਾ ਪਾਣੀ....।
ਏਹੋ ਮੇਰਾ ਰਾਮ ਤੇ ਅੱਲਾ
ਏਹੋ ਈਸਾ ਹੂ
ਬੱਲੇ ਓ ਸਜਣਾਂ ਦਾ ਖੂਹ।

ਉਹਦੇ 'ਦੁੱਖ ਵਿਛੜੇ ਨਨਕਾਣਾ ਦਾ' ਗੀਤ ਵਿਚਲਾ ਅੱਖਰ ਅੱਖਰ ਚੇਤੇ ਕਰਨਯੋਗ ਹੈ। ਪਰ ਦਸਮ ਪਾਤਸ਼ਾਹ ਬਾਰੇ ਕੁਝ ਸਤਰਾਂ ਦਿਲ ਨੂੰ ਧੂਹ ਪਾਉਂਦੀਆਂ ਨੇ-

ਜਦੋਂ ਗੋਬਿੰਦ ਜੀ ਜੰਗਲ ਦੇ ਵਿਚ
ਆ ਕੇ ਪੈਣ ਲੱਗੇ
ਜੰਗਲ ਦੇ ਸਭ ਪੰਛੀ
ਇਕ ਦੂਜੇ ਨੂੰ ਕਹਿਣ ਲੱਗੇ
ਬਿਲਕੁਲ ਹੀ ਨਾ ਬੋਲੋ
ਵਰਤੋਂ ਕਰੋ ਇਸ਼ਾਰੇ ਦੀ
ਕਿਤੇ ਕੱਚੀ ਨੀਂਦੋਂ ਅੱਖ ਨਾ ਖੁੱਲ੍ਹ ਜਾਏ
ਸਤਿਗੁਰ ਪਿਆਰੇ ਦੀ....।

ਪੰਜਾਬ 'ਚ ਹੁਣ ਸਾਰੇ ਸ਼ਹਿਰਾਂ ਵਲ ਨੂੰ ਭੱਜੇ ਜਾ ਰਹੇ ਹਨ। 'ਪਿੰਡਾਂ 'ਚ ਰੱਬ ਵਸਦੈ' ਕਹਿ ਕੇ ਝੂਰਨ ਵਾਲਾ ਬੇਵੱਸ ਹੈ। ਜ਼ਮੀਨ ਵੇਚ ਸ਼ਹਿਰ ਜਾ ਵਸਦੈ। ਇਸੇ ਕਰਕੇ ਚੰਗੀਆਂ ਜ਼ਮੀਨਾਂ ਕਲੋਨੀਆਂ 'ਚ ਵਟ ਗਈਆਂ ਹਨ। ਜਿਵੇਂ ਮੰਗਲ ਸੋਚਦੈ :

ਬਾਪੂ ਦੀ ਜ਼ਮੀਨ ਸੀ
ਕਲੋਨੀ ਕੱਟ ਵੇਚ ਤੀ।
ਆਖਦਾ ਏ ਮੁੰਡਾ ਬੜੇ ਪੈਸੇ ਵੱਟ ਵੇਚ ਤੀ।
ਸਾਰੇ ਉਡ ਜਾਣੇ ਨੇ ਸਮੈਕ 'ਚ
ਵੈਲੀਆਂ ਨਾ ਯਾਰੀਆਂ ਜੋ ਲਾਉਣੀਆਂ।
ਕਹਿੰਦੇ ਨੇ ਸਿਆਣੇ ਗੱਲਾਂ ਸੱਚੀਆਂ
ਖਾਧੀਆਂ ਖੁਰਾਕਾਂ ਕੰਮ ਆਉਣੀਆਂ।
ਜਾਂ
ਕਿੰਨਾ ਲਿਆ ਏਜੰਟਾਂ
ਕਿੰਨਾ ਰੋਜ਼ ਵਿਆਜ ਪਵੇ।
ਇਹ ਗੱਲ ਪ੍ਰਦੇਸੀ ਨੂੰ
ਰਹਿੰਦੇ ਦਮ ਤੱਕ ਯਾਦ ਰਹੇ...।

ਮੰਗਲ ਹਾਲੇ 36 ਸਾਲਾਂ ਦਾ ਐ, ਪਰ ਸੋਚ, ਤਰਕ ਤੇ ਖਿਆਲ ਬਜ਼ੁਰਗਾਂ ਦੀ ਚਿੱਟੀ ਪੱਗ ਦੇ ਹਾਣ ਦੇ ਬਣ ਗਏ ਨੇ। ਉਹ ਆਪ ਤਰੰਨਮ 'ਚ ਬਹੁਤ ਵਧੀਆ ਗਾਉਂਦੈ। ਸਿਆਣਿਆਂ ਦੀਆਂ ਸਲਾਹਾਂ ਵਾਂਗ :

ਕਦੇ ਨਾ ਕਿਸਾਨ ਕੋਈ ਗਲ ਪਾਵੇ ਫਾਹੀ
ਕਰੀਂ ਮਿਹਰ ਦਾਤਿਆ।
ਦੁਨੀਆਂ 'ਚ ਲੱਗੇ ਹਥਿਆਰਾਂ 'ਤੇ ਮਨਾਹੀ
ਕਰੀਂ ਮਿਹਰ ਦਾਤਿਆ।
ਕਦੇ ਨਾ ਗੱਦਾਰ ਬਣੇ ਦੇਸ਼ ਦਾ ਸਿਪਾਹੀ
ਕਰੀਂ ਮਿਹਰ ਦਾਤਿਆ।
ਮੰਗਲ ਹਠੂਰ ਭਰੇ ਸੱਚ ਦੀ ਗਵਾਹੀ
ਕਰੀਂ ਮਿਹਰ ਦਾਤਿਆ....।

ਤੇ ਉਹ ਆਪਣਾ ਥਹੁ ਪਤਾ ਕਿਵੇਂ ਸ਼ਾਇਰੀ 'ਚ ਦੱਸਦੈ;

ਕਿੰਨੇ ਸਾਡਿਆਂ ਪੈਰਾਂ ਵਿਚ ਚੁਭੇ ਕੰਡੇ
ਦਾਗ ਪਵੇ ਤਾਂ ਤੈਨੂੰ ਕੁਝ ਪਤਾ ਲੱਗੇ।
ਤੇਰੇ ਸ਼ਹਿਰ ਤੋਂ ਮੰਗਲ ਦਾ ਪੈਂਡਾ ਕਿੰਨਾ
ਜੇ ਗਿਣੇ ਤਾਂ ਤੈਨੂੰ ਕੁਝ ਪਤਾ ਲੱਗੇ....।

ਕਈ ਬੰਦੇ 'ਜਦੋਂ ਟੱਕਰਨਗੇ ਤਾਂ ਆਖਣਗੇ 'ਪੈਸਿਆਂ ਦਾ ਹੋ ਗਿਐਂ।' ਜਾਂ ਫਿਰ ਸਾਰੀ ਉਮਰ ਤੁਲਸਾ ਸਿੰਘ ਬਲਦ ਰੁਲਦਾ ਸਿੰਘ ਤੋਂ ਅਗਾਂਹ ਨੀ ਤੁਰਦੇ। ਪਰ ਉਸ ਧਰਤੀ ਤੇ ਸ਼ਹਿਰ ਗਰਾਂ ਨੂੰ ਭਾਗ ਲੱਗਦੇ ਨੇ ਜਿਥੇ ਗੁਣਵਾਨ ਲੋਕ ਪੈਦਾ ਹੋਣ। ਜਿਵੇਂ ਲੁਧਿਆਣੇ ਦੀ ਜਗਰਾਓਂ ਤਹਿਸੀਲ 'ਚ ਪੈਂਦੇ ਹਠੂਰ ਨੂੰ ਕੈਂਠਾ ਮੰਗਲ ਨੇ ਪੁਆਇਆ। ਇਥੇ ਉਹ ਮਾਂ ਸੁਰਜੀਤ ਕੌਰ ਤੇ ਪਿਤਾ ਕਸ਼ਮੀਰ ਸਿੰਘ ਦੇ ਛੇ ਭਰਾਵਾਂ 'ਚੋਂ ਅੱਖਾਂ ਦਾ ਤਾਰਾ ਹੈ। ਤੇ ਰਹਿੰਦੈ ਉਹ ਆਪਣੀ ਵਹੁਟੀ ਹਰਮੀਤ ਨਾਲ ਬੇਟੇ ਗੁਣਗੀਤ ਤੇ ਬੇਟੀ ਅਮ੍ਰਿਤ ਨਾਲ ਜਲੰਧਰ ਲਾਗੇ ਹਵੇਲੀ ਕੋਲ।

ਨਾਂ ਉਹਦਾ ਅਮਰਜੀਤ ਸਿੰਘ ਹੈ ਤੇ ਮੰਗਲ ਹਠੂਰ ਉਹਦਾ ਕਲਮੀ ਨਾਂ ਚਹੁੰ ਕੂੰਟੀ ਧੰਨ ਧੰਨ ਦਾ ਢੋਲ ਵਜਾ ਰਿਹੈ।

ਮਨਮੋਹਨ ਵਾਰਿਸ ਨੇ 'ਗੈਰਾਂ ਨਾਲ ਪੀਂਘਾ ਝੂਟਦੀਏ' ਵੇਲੇ ਸਕੂਟਰ ਤੇ ਮੈਨੂੰ ਬੜਾ ਲੱਭਿਆ ਬ੍ਰੇਕ ਲੈਣ ਲਈ। ਉਦੋਂ ਈ ਗੁਰਦੀਪ ਸਿੰਘ ਨੇ ਮੇਰੇ ਕਹਿਣ 'ਤੇ ਪਹਿਲੀ ਵਾਰ ਜਲੰਧਰ ਦੂਰਦਰਸ਼ਨ ਤੇ 'ਇਕ ਲੱਪ ਸੁਰਮੇ ਦੀ' ਵਿੱਚ 'ਕਿਤੇ ਰੰਗ ਨਾ ਵਟਾ ਲਈਂ ਕੁੜੀਏ' ਗੁਆਇਆ ਸੀ। ਇਵੇਂ ਜਦੋਂ ਪਤਾ ਲੱਗਾ ਕਿ ਮੰਗਲ ਅਮਰੀਕਾ 'ਚ ਹੈ ਤਾਂ ਮੈਂ ਤਵਾ, ਪ੍ਰਾਤ, ਪਤੀਲਾ, ਕੜਛੀ ਸਭ ਟੈਲੀਫੂਨ ਤੇ ਖੜਕਾ 'ਤੇ ਮੰਗਲ ਨੂੰ ਲੱਭਣ ਲਈ।

ਉਹ ਰਾਮ ਸੇਤੀ ਬਾਜਾਖਾਨਾ, ਬੀਰਪਾਲ ਸੋਹੀ, ਪਰਮਿੰਦਰ ਹੁੰਦਲ, ਜਸਵਿੰਦਰ ਖੋਸਾ, ਬਾਬ ਸਿੱਧੂ, ਭਿੰਦਾ ਭੁੱਲਰ, ਹਰਜੀਤ ਹਠੂਰ ਤੇ ਅਮਰਜੀਤ ਢਿੱਲੋਂ ਡੈਲਸ ਦੀ ਮਿਹਰਬਾਨੀ ਨਾਲ ਅਮਰੀਕਾ ਕੈਨੇਡਾ ਗੇੜੀ ਮਾਰ ਰਿਹੈ। ਉਹਨੂੰ ਮਿਲੋਗੇ ਤਾਂ ਕਹਿਣਾ ਨਹੀਂ ਭੁੱਲੋਗੇ 'ਸੱਚੀਂ ਰੱਬ ਬੰਦਿਆਂ 'ਚ ਹੀ ਵਸਦੈ।'


DRIVERS
COMTRAK
LOGISTICS
LEASING: INTERMODAL OWNER OPERATORS
10% Bonus On ALL Weekly Revenue for CARB Compliant Trucks
• CARB Compliant Truck Program Available.
• Trade In for a Compliant Truck
• $0 Down Payment
• Easy & Affordable with No Credit Hassles!
• Excellent Rate & FSC
• Paid On LD & Empty Miles
• 75% Drop & Hook
• Fleet Fuel & Tire Discounts
• 1 Year Tractor Trailer Experience with Class A CDL Required
Call For Details Today
209-323-9806
BE HOME DAILY & MAKE $$$$
www.comtrakinc.com

# ਮਰ ਰਹੀਆਂ ਭਾਸ਼ਾਵਾਂ ਤੇ ਪੰਜਾਬੀ ਭਾਸ਼ਾ

## ਭਖਦੇ ਮਸਲੇ

*ਪਹਿਲੀ ਨਵੰਬਰ 1966 ਨੂੰ ਮੌਜੂਦਾ ਪੰਜਾਬ ਭਾਸ਼ਾਈ ਆਧਾਰ 'ਤੇ ਬਣਿਆ, ਉਹ ਵੀ ਪੰਜਾਬ ਦੇ ਬਹੁਤ ਸਾਰੇ ਪੰਜਾਬੀ ਬੋਲਦੇ ਹਿੱਸੇ ਪੰਜਾਬ ਤੋਂ ਬਾਹਰ ਰੱਖ ਕੇ। ਇੰਨੇ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਵਿਚ ਪੰਜਾਬੀ ਨੂੰ ਇਸ ਦਾ ਸਹੀ ਸਥਾਨ ਨਹੀਂ ਮਿਲ ਸਕਿਆ। ਇਸ ਸਮੇਂ ਕੁਝ ਹਲਕਿਆਂ ਵਿਚ ਇਸ ਜ਼ੁਬਾਨ ਦੇ ਨਿਕਟ ਭਵਿੱਖ ਵਿਚ ਦੁਨੀਆਂ ਤੋਂ ਅਲੋਪ ਹੋ ਜਾਣ ਦੇ ਖਦਸ਼ੇ ਪ੍ਰਗਟ ਕੀਤੇ ਜਾ ਰਹੇ ਹਨ। ਇਸ ਲੇਖ ਵਿਚ ਸ. ਗਿਆਨ ਸਿੰਘ ਬਿਲਗਾ ਨੇ ਪੰਜਾਬੀ ਦੇ ਭਵਿੱਖ ਬਾਰੇ ਆਪਣੀ ਚਿੰਤਾ ਜਾਹਰ ਕੀਤੀ ਹੈ। -ਸੰਪਾਦਕ*



ਗਿਆਨ ਸਿੰਘ ਬਿਲਗਾ

ਯੂਨੈਸਕੋ ਦੇ ਭਾਸ਼ਾ ਵਿਗਿਆਨੀਆਂ ਨੇ ਹਾਲ ਹੀ ਵਿਚ ਦਿੱਤੀ ਇੱਕ ਰਿਪੋਰਟ ਵਿਚ ਕਿਹਾ ਹੈ ਕਿ ਸੰਸਾਰ ਦੇ ਵੱਖ-ਵੱਖ ਇਲਾਕਿਆਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿਚੋਂ ਕੁੱਝ ਕੁ ਨੇੜਲੇ ਭਵਿੱਖ ਵਿਚ ਆਪਣੀ ਮੌਤੇ ਮਰ ਜਾਣਗੀਆਂ। ਮਰ ਰਹੀਆਂ ਇਨ੍ਹਾਂ 370 ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਦਾ ਪੰਜਾਹਵਾਂ ਸਥਾਨ ਹੈ। ਇਸ ਰਿਪੋਰਟ ਨੇ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ, ਭਾਸ਼ਾ ਵਿਗਿਆਨੀਆਂ, ਸਾਹਿਤ ਸਭਾਵਾਂ ਤੇ ਪੰਜਾਬੀ ਪ੍ਰੇਮੀਆਂ ਨੂੰ ਫਿਕਰਮੰਦੀ ਵਿਚ ਪਾ ਦਿੱਤਾ ਹੈ।

ਸਾਹਿਤਕਾਰ, ਲਿਖਾਰੀ ਤੇ ਪੰਜਾਬੀ ਪ੍ਰੇਮੀ ਤਿੰਨ ਤਰ੍ਹਾਂ ਦੇ ਵਿਚਾਰ ਗਰੁਪਾਂ ਵਿਚ ਵੰਡੇ ਨਜ਼ਰ ਆਉਂਦੇ ਹਨ। ਪਹਿਲੀ ਤਰ੍ਹਾਂ ਦੇ ਲੋਕ ਯੂਨੈਸਕੋ ਦੇ ਭਾਸ਼ਾ ਵਿਗਿਆਨੀਆਂ ਦੇ ਵਿਚਾਰ ਨਾਲ ਪੂਰਨ ਰੂਪ ਵਿਚ ਸਹਿਮਤ ਹਨ। ਇਸ ਲਈ ਤਰਕ ਦਿੱਤਾ ਜਾਂਦਾ ਹੈ ਕਿ ਜਿਵੇਂ ਘਟ ਗਿਣਤੀ ਸਭਿਆਚਾਰ ਨੂੰ ਬਹੁਗਿਣਤੀ ਵਾਲਾ ਸਭਿਆਚਾਰ ਆਪਣੇ ਵਿਚ ਸਮੋ ਲੈਂਦਾ ਹੈ ਇਸੇ ਤਰ੍ਹਾਂ ਸੰਸਾਰ ਭਰ ਦੇ ਬਹੁਸੰਮਤੀ ਲੋਕਾਂ ਦੀਆਂ ਭਾਸ਼ਾਵਾਂ ਘਟ ਗਿਣਤੀ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਨੂੰ ਆਪਣੇ ਵਿਚ ਜਜ਼ਬ ਕਰ ਲੈਣਗੀਆਂ।

ਦੂਜੇ ਗੁੱਟ ਦੇ ਲਿਖਾਰੀ ਤੇ ਸਾਹਿਤਕਾਰ ਐਨ ਵਿਰੋਧ ਵਿਚ ਖੜ੍ਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਉਹ ਭਾਸ਼ਾ ਜਿਸ ਵਿਚ ਮਣਾਂ-ਮੂੰਹੀਂ ਸਾਹਿਤ ਨਿਰੰਤਰ ਰਚਿਆ ਜਾ ਰਿਹਾ ਹੋਵੇ, ਜੋ ਅੰਤਰਰਾਸ਼ਟਰੀ ਭਾਸ਼ਾਵਾਂ ਦੇ ਮਿਆਰ ਦਾ ਟਾਕਰਾ ਕਰਦੀ ਹੋਵੇ, ਜਿਸ ਭਾਸ਼ਾ ਦੀ ਆਪਣੀ ਵਿਆਕਰਣ ਹੈ, ਉਹ ਕਿਵੇਂ ਮਰ ਸਕਦੀ ਹੈ? ਦੇਸ਼ ਜਾਂ ਪਰਦੇਸ ਜਿਥੇ ਵੀ ਪੰਜਾਬੀ ਸਾਹਿਤਕਾਰ ਬੈਠਾ ਹੈ ਨਿਰੰਤਰ ਸਾਹਿਤ ਰਚਨਾ ਕਰ ਰਿਹਾ ਹੈ। ਅਨੇਕਾਂ ਰੋਜ਼ਾਨਾ ਹਫਤਾਵਾਰੀ, ਮਾਸਿਕ ਅਤੇ ਤ੍ਰੈਮਾਸਿਕ ਪਰਚੇ ਪ੍ਰਕਾਸ਼ਤ ਹੋ ਰਹੇ ਹਨ। ਜਿਸ ਭਾਸ਼ਾ ਨੇ ਵਿਗਿਆਨ, ਸਮਾਜਕ, ਸਿਹਤ ਵਿਗਿਆਨ ਤੇ ਰਾਜਨੀਤਕ ਵਿਸ਼ਿਆਂ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੋਵੇ, ਨਾਟਕ, ਕਵਿਤਾ, ਨਾਵਲ, ਕਹਾਣੀ, ਛੋਟੀ ਕਹਾਣੀ ਹਰ ਵਿਧਾ ਨੂੰ ਅਪਨਾਇਆ ਹੋਵੇ, ਉਹ ਕਿਵੇਂ ਮਰ ਸਕਦੀ ਹੈ?

ਤੀਸਰੀ ਤਰ੍ਹਾਂ ਦੇ ਪੰਜਾਬੀ ਸਾਹਿਤਕਾਰਾਂ ਤੇ ਭਾਸ਼ਾ ਵਿਗਿਆਨੀਆਂ ਦੀ ਸੋਚ ਹੈ ਕਿ ਇਸ ਉੱਨਤ ਸੰਚਾਰ ਸਾਧਨਾਂ ਦੇ ਯੁੱਗ ਵਿਚ, ਜਿੱਥੇ ਸੰਸਾਰ ਇੱਕ ਪਿੰਡ ਹੀ ਨਜ਼ਰ ਆਉਂਦਾ ਹੋਵੇ ਤੇ ਕੁਝ ਕੁ ਬੋਲੀਆਂ ਦੀ ਹੀ ਸਰਦਾਰੀ ਸੰਸਾਰ ਭਰ ਵਿਚ ਚਲਦੀ ਹੋਵੇ, ਉਥੇ ਸਾਨੂੰ ਸੁਚੇਤ ਜ਼ਰੂਰ ਰਹਿਣਾ ਚਾਹੀਦਾ ਹੈ। ਆਪਣੀ ਮਾਤ ਭਾਸ਼ਾ ਦੀ ਉਨਤੀ ਲਈ ਸੰਜੀਦਾ ਜਥੇਬੰਦਕ ਯਤਨ ਜਾਰੀ ਰਖਣੇ ਚਾਹੀਦੇ ਹਨ ਤਾਂ ਜੋ ਅੰਤਰਰਾਸ਼ਟਰੀ ਉਨਤੀ ਦੇ ਹਾਣ ਦਾ ਹੋਇਆ ਜਾ ਸਕੇ। ਆਪਣੀ ਮਾਂ ਬੋਲੀ ਦੀ ਰਖਿਆ ਕੀਤੀ ਜਾ ਸਕੇ।

ਕਲਾਡ ਹੈਗੇਜ ਫਰਾਂਸ ਦਾ ਮਸ਼ਹੂਰ ਭਾਸ਼ਾਸ਼ਾਸਤਰੀ ਤਾਂ ਇਥੋਂ ਤੱਕ ਕਹਿ ਗਿਆ ਹੈ, ''ਸੰਸਾਰ ਦੇ ਲੋਕਾਂ ਦੀ ਬਹੁਸੰਮਤੀ ਭਾਸ਼ਾਵਾਂ ਦੇ ਮਰ ਜਾਣ ਦੇ ਵਿਸ਼ੇ ਨੂੰ ਲੈ ਕੇ ਸੰਜੀਦਾ ਨਹੀਂ, ਜੇ ਅਸੀਂ ਸਾਵਧਾਨੀ ਨਹੀਂ ਵਰਤਾਂਗੇ, ਅੰਗਰੇਜ਼ੀ ਜਿਸ ਤਰ੍ਹਾਂ ਤਰੱਕੀ ਕਰ ਰਹੀ ਹੈ, ਯਕੀਨਨ ਇਹ ਹੋਰ ਭਾਸ਼ਾਵਾਂ ਨੂੰ ਨਿਗਲ ਜਾਵੇਗੀ।''

ਹਾਲੇਂ ਇਹ ਚਰਚਾ ਚਲ ਹੀ ਰਹੀ ਸੀ ਕਿ 17 ਅਕਤੂਬਰ 2009 ਨੂੰ ਬੀ.ਬੀ.ਸੀ. ਲੰਡਨ ਤੋਂ ਟੌਮ ਕੈਲੇਜ਼ ਵਲੋਂ ਪ੍ਰਸਾਰਿਤ ਇਕ ਰਿਪੋਰਟ ਪ੍ਰਸਾਰਤ ਹੋਈ, ਜਿਸ ਦਾ ਸਾਰੰਸ਼ ਹੀ ਇਥੇ ਦਿੱਤਾ ਜਾ ਸਕਦਾ ਹੈ, ''ਸੰਸਾਰ ਭਰ ਦੀਆਂ ਅੰਦਾਜ਼ਨ 7000 ਭਾਸ਼ਾਵਾਂ ਦੀ ਗਿਣਤੀ ਇਕ ਦਹਾਕੇ ਤਕ ਪੰਜ ਸੌ ਤਕ ਘਟਣ ਜਾ ਰਹੀ ਹੈ, ਜਦ ਇਕ ਭਾਸ਼ਾ ਮਰਦੀ ਹੈ ਤਾਂ ਕੀ ਕੀ ਗੁਆਚਦਾ ਹੈ?''

1992 ਈ. ਵਿਚ ਅਮਰੀਕੀ ਭਾਸ਼ਾ ਵਿਗਿਆਨੀਆਂ ਨੇ ਇਹ ਕਹਿ ਕੇ ਸੰਸਾਰ ਸਕਤੇ ਵਿਚ ਲੈ ਆਂਦਾ ਸੀ ਕਿ ਸੰਨ 2100 ਈ. ਤੱਕ ਦੁਨੀਆਂ ਦੀਆਂ 90% ਭਾਸ਼ਾਵਾਂ ਮਰ ਜਾਣਗੀਆਂ। ਫਰਾਂਸੀਸੀ ਭਾਸ਼ਾ ਵਿਗਿਆਨੀ ਕੈਲੇਡ ਹੈਗੇਜ ਨੇ ਇਕ ਥਾਂ ਹੋਰ ਟਿਪਣੀ ਕਰਦਿਆਂ ਕਿਹਾ, ''ਕੁਝ ਕੁ ਕਬੀਲੇ ਬਾਹਰੀ ਦਬਾ ਅਧੀਨ ਆਪਣੀ ਭਾਸ਼ਾ ਛੱਡਣ ਲਈ ਮਜਬੂਰ ਹੋ ਜਾਂਦੇ ਹਨ, ਹਾਲੇ ਤਕ ਤਾਂ ਅਸੀਂ ਲੇਖਕਾਂ, ਸਾਹਿਤਕਾਰਾਂ ਨੂੰ ਸੁਚੇਤ ਵੀ ਨਹੀਂ ਕੀਤਾ, ਕੁਝ ਕੁ ਲੋਕ ਇਸ ਵਿਸ਼ੇ ਨੂੰ ਅਣਗੌਲਿਆ ਕਰੀ ਰਖਣ ਵਿਚ ਹੀ ਭਲਾ ਸੋਚਦੇ ਹਨ।''

ਐਥਨੋਲੌਗ, ਜਿਸ ਨੇ ਇਹ ਬਹਿਸ ਜਾਰੀ ਰਖੀ ਹੋਈ ਹੈ, ਅਨੁਸਾਰ 473 ਭਾਸ਼ਾਵਾਂ ਦੇ ਸਿਰ 'ਤੇ ਖਤਰੇ ਦੀ ਘੰਟੀ ਵਜ ਰਹੀ ਹੈ।

ਐਥਨੋਲੌਗ ਦਾ ਐਡੀਟਰ ਪਾਲ ਲੁਇਸ ਕਹਿੰਦਾ ਹੈ, ''ਅਸੀਂ ਉਸ ਦੰਦੀ ਤੇ ਖੜੇ ਹਾਂ ਜਿਥੋਂ ਭਾਸ਼ਾਵਾਂ ਨੂੰ ਮਰ ਰਿਹਾ ਵੇਖ ਰਹੇ ਹਾਂ।'' ਐਥਨੋਲੌਗ ਦੇ ਕੁਝ ਅੰਕੜਿਆਂ ਅਨੁਸਾਰ ਸੰਸਾਰ ਦੀਆਂ 6% ਭਾਸ਼ਾਵਾਂ 94% ਸੰਸਾਰ ਵਸੋਂ ਵਿਚ ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। 94% ਬਾਕੀ ਸੰਸਾਰ ਭਾਸ਼ਾਵਾਂ 6% ਵਸੋਂ ਬੋਲਦੀ ਜਾ ਲਿਖਦੀ ਹੈ।

ਮੈਨਡਰਨ ਭਾਸ਼ਾ 845 ਮਿਲੀਅਨ ਬੋਲਦੇ ਹਨ, ਸਪੈਨਿਸ਼ 329 ਮਿਲੀਅਨ, ਅੰਗਰੇਜ਼ੀ 328 ਮਿਲੀਅਨ ਬੋਲਦੇ ਹਨ। 133 ਭਾਸ਼ਾਵਾਂ ਨੂੰ ਤਾਂ ਬੋਲਣ ਵਾਲੇ ਕੇਵਲ ਇਕ ਇਕ ਟੱਬਰ ਹਨ, ਜਿਨ੍ਹਾਂ ਦੀ ਗਿਣਤੀ 10 ਹੀ ਹੈ। 2008 ਈ. ਵਿਚ ਸਭ ਤੋਂ ਪਹਿਲੋਂ ਚੀਫ ਮੈਰੀ ਸਮਿਥ ਜੌਨਜ਼ ਨੇ ਭਾਸ਼ਾਵਾਂ ਦੀ ਮੌਤ ਦਾ ਸੰਕੇਤ ਦਿੱਤਾ ਸੀ।

### ਕੀ ਗੁਆਚਦਾ ਹੈ ਜਦੋਂ ਭਾਸ਼ਾ ਮਰਦੀ ਹੈ?

ਜਦੋਂ ਸੰਸਾਰੀਕਰਨ ਦੀ ਹਨੇਰੀ ਸਾਰੇ ਸੰਸਾਰ ਵਿਚ ਵੱਗ ਰਹੀ ਹੈ, ਕੁੱਝ ਕੁ ਕੌਮਾਂ ਤੇ ਫਿਰਕੇ ਆਪਣੇ ਨਿਖੇੜੇ ਤੋਂ ਡਰਦੇ ਹੀ ਆਪਣੇ ਸਭਿਆਚਾਰ ਤੇ ਭਾਸ਼ਾਵਾਂ ਨੂੰ ਮਰਦੇ ਮੂਕ ਦਰਸ਼ਕ ਦੇ ਤੌਰ 'ਤੇ ਵੇਖ ਰਹੇ ਹਨ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਵੀ ਨਹੀਂ ਕਰਦੇ। ਜਦੋਂ ਕੋਈ ਭਾਸ਼ਾ ਮਰਦੀ ਹੈ, ''ਅਸੀਂ ਅਮੀਰ ਵਿਰਸਾ ਤੇ ਸਭਿਆਚਾਰ, ਕੁਦਰਤ ਨਾਲ ਇਕ ਮਿਕ ਹੋਣ ਦੀ ਭਾਸ਼ਾ, ਦੁਨੀਆਂ ਨਾਲ ਸੰਪਰਕ, ਆਪਣੇ ਪਰਿਵਾਰਕ ਰਿਸ਼ਤੇ ਤੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਮੇਲ ਗੁਆ ਲੈਂਦੇ ਹਾਂ।'' ਭਾਸ਼ਾ ਦੇ ਮਰਨ ਬਾਰੇ ਹੈਨ ਗੌਗ ਕਹਿੰਦਾ ਹੈ, ''ਇਹ ਆਨੰਦ, ਖੁਸ਼ੀ, ਪਿਆਰ, ਜ਼ਿੰਦਗੀ, ਸਮਾਜਕ ਜੀਵਨ ਜੋ ਬਹੁਮੁਲਾ ਹੈ, ਇਸ ਸਨਅਤੀ ਤਰੱਕੀ ਦੀ ਦੁਨੀਆਂ ਬਹੁਤ ਕੁਝ ਜ਼ਰੂਰੀ ਜਿਸਦਾ ਵਰਨਣ ਕਰ ਸਕਣਾ ਔਖਾ ਲਗਦਾ ਹੈ। ਤੁਹਾਥੋਂ ਲੁਟਿਆ ਜਾ ਚੁੱਕਿਆ ਹੋਵੇਗਾ।''

ਭਾਸ਼ਾ ਵਿਗਿਆਨੀ ਹੈਨ ਗੌਗ ਹੋਰ ਅੱਗੇ ਕਹਿੰਦਾ ਹੈ, ''ਭਾਸ਼ਾ ਕੇਵਲ ਸ਼ਬਦਾਂ ਦਾ ਹੀ ਸਮੂਹ ਨਹੀਂ। ਇਹ ਸ਼ਬਦ ਤਾਂ ਜੀਊਂਦੇ ਤੇ ਸਾਹ ਲੈਂਦੇ ਹਨ ਇਹ ਸਬੰਧਾਂ ਨੂੰ ਜੋੜਦੇ ਸਭਿਆਚਾਰ ਨੂੰ ਪਰਿਭਾਸ਼ਤ ਕਰਦੇ ਹਨ। ਜਦੋਂ ਕੋਈ ਭਾਸ਼ਾ ਮਰਦੀ ਹੈ ਤਾਂ ਸਭਿਆਚਾਰ ਵੀ ਮਰ ਜਾਂਦਾ ਹੈ।'' ਭਾਸ਼ਾ ਤੇ ਸਭਿਆਚਾਰ ਦੀ ਕੀਮਤ ਬਹਿਸ ਵਿਚ ਲਿਆਉਣ ਵਾਲੀ ਚੀਜ਼ ਨਹੀਂ। ਯੂਨੀਵਰਸਿਟੀ ਆਫ਼ ਸ਼ਿਕਾਗੋ ਦਾ ਭਾਸ਼ਾ ਵਿਗਿਆਨੀ ਸੈਲੀਕੋਕੋ ਜੋਰ ਦੇ ਕੇ ਕਹਿੰਦਾ ਹੈ ''ਸਮਾਜਕ ਤੇ ਆਰਥਕ ਤਬਦੀਲੀਆਂ ਦੇ ਸਨਮੁੱਖ ਕੁਝ ਕੁ ਭਾਸ਼ਾਈ ਜਨਸਮੂਹਾਂ ਨੇ ਆਪਣੇ ਆਪ ਨੂੰ ਉਸ ਬਿੰਦੂ 'ਤੇ ਲੈ ਆਂਦਾ ਹੈ ਜਿਥੋਂ ਮੋੜ ਕਟਣਾ ਅਸੰਭਵ ਹੈ। ਉਹ ਆਪਣੀ ਬੋਲੀ, ਭਾਸ਼ਾ ਸਭਿਆਚਾਰ ਤੋਂ ਮੂੰਹ ਮੋੜ ਲੈਂਦੇ ਹਨ।'' ਐਥਨੋਲੌਗ ਦਾ ਐਡੀਟਰ ਪਾਲ ਲੁਇਸ ਕਹਿੰਦਾ ਹੈ ''ਖਤਰੇ ਬਹੁਤ ਵੱਡੇ ਹਨ। ਆਪਣੀ ਹੋਂਦ ਦੀ ਕਾਇਮੀ ਤੇ ਭਾਸ਼ਾ ਦੋ ਜੁੜਵੇਂ ਸ਼ਬਦ ਹਨ। ਕੁਝ ਕੁ ਜਨਸਮੂਹ ਭਾਸ਼ਾ ਦੇ ਖਤਮ ਹੁੰਦਿਆਂ ਸਾਰ ਹੀ ਆਪਣੀ ਸਭਿਆਚਾਰਕ ਹੋਂਦ ਗੁਆ ਬੈਠਦੇ ਹਨ ਅਤੇ ਇਹ ਸਮਾਜਕ ਨਿਘਾਰ ਉਦਾਸੀਨਤਾ, ਆਤਮਘਾਤ ਅਤੇ ਨਸ਼ਿਆਂ ਦੀ ਡੂੰਘੀ ਖਾਈ ਵਿਚ ਗਰਕ ਜਾਂਦੇ ਹਨ। ਜੋ ਮਾਂ ਪਿਉ ਆਪਣੇ ਬੱਚਿਆਂ ਨੂੰ ਮਾਂ ਬੋਲੀ ਤੇ ਭਾਸ਼ਾ ਦਾ ਗਿਆਨ ਨਹੀਂ ਦਿੰਦੇ ਉਨ੍ਹਾਂ ਦੇ ਆਪਣੇ ਵਡੇਰਿਆਂ ਨਾਲੋਂ ਸੰਬੰਧ ਟੁੱਟ ਜਾਂਦੇ ਹਨ, ਸਭਿਆਚਾਰਕ ਕਦਰਾਂ ਕੀਮਤਾਂ ਨਾਲੋਂ ਨਾਤਾ ਤੋੜ ਬਹਿੰਦੇ ਹਨ। ਜਦੋਂ ਤੱਕ ਸਭਿਆਚਾਰ ਤੇ ਸਮਾਜ ਨਾਲੋਂ ਟੁੱਟਣ ਦਾ ਦਰਦ ਮਹਿਸੂਸ ਹੁੰਦਾ ਹੈ ਉਦੋਂ ਤਕ ਪੁਸ਼ਤਾਂ ਬੱਧੀ ਉਨ੍ਹਾਂ ਸਭ ਕੁਝ ਗੁਆ ਲਿਆ ਹੁੰਦਾ ਹੈ। ਕੋਈ ਵੀ ਇਸ ਗੱਲ ਨੂੰ ਨਹੀਂ ਸਮਝਦਾ ਕਿ ਭਾਸ਼ਾਵਾਂ ਦਾ ਮਰਨਾ ਦੁਨੀਆਂ ਭਰ ਦੀਆਂ ਹੋਰ ਸਮਰਥਾਵਾਨ ਭਾਸ਼ਾਵਾਂ ਦੀ ਹੀ ਗਲਤੀ ਨਹੀਂ ਹੁੰਦੀ। ਸਾਡੀ ਤਰ੍ਹਾਂ ਬਹੁਤ ਸਾਰੇ ਭਾਸ਼ਾਈ ਜਨਸਮੂਹ ਤਾਂ ਇਹ ਹੀ ਮਹਿਸੂਸ ਕਰਦੇ ਹਨ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਵਿਚ ਗਿਆਨ ਦਿੱਤਾ ਤਾਂ ਉਹ ਕਿੱਤੇ ਦੀ ਵਿਸ਼ੇਸ਼ ਯੋਗਤਾ ਪ੍ਰਾਪਤ ਨਹੀਂ ਕਰ ਸਕਣਗੇ ਅਤੇ ਸਮਾਜ ਨਾਲੋਂ ਪਛੜ ਜਾਣਗੇ। ਜਦੋਂ ਲੋਕਾਂ ਦੀ ਅਜਿਹੀ ਮਾਨਸਿਕਤਾ ਬਣ ਜਾਵੇ ਤਾਂ ਤੁਸੀਂ ਆਪਣੀ ਬੋਲੀ ਤੇ ਭਾਸ਼ਾ, ਸਭਿਆਚਾਰ ਦੀ ਕਿਵੇਂ ਰਾਖੀ ਕਰ ਸਕਦੇ ਹੋ। ਕੀ ਮਰ ਰਹੀ ਭਾਸ਼ਾ ਦੀ ਪੁਨਰ ਸੁਰਜੀਤੀ ਹੋ ਸਕਦੀ ਹੈ? ਹਾਂ ਹੋ ਸਕਦੀ ਹੈ।

ਨਿਊਜ਼ੀਲੈਂਡ ਵਿਚ ਮੋਆਰੀ (Moari) ਅਤੇ ਬਰਤਾਨੀਆਂ ਵਿਚ ਵੈਲਿਸ਼ (Welish) ਦੀ ਤਰ੍ਹਾਂ

**ਗਿਆਨ ਸਿੰਘ ਬਿਲਗਾ**

ਪਰ ਗੰਭੀਰ ਯਤਨ ਕਰਨੇ ਪੈਣਗੇ। ਜੌਹਨ ਕਲਿਊਡ ਹੇਗੇਗ ਹਿਬਰਿਊ ਭਾਸ਼ਾ ਦੀ ਉਦਾਹਰਣ ਦਿੰਦਾ ਹੈ। ਇਜ਼ਰਾਈਲੀ ਯਹੂਦੀਆਂ ਦੇ ਗੰਭੀਰ ਯਤਨਾਂ ਸਦਕਾ ਇਹ ਭਾਸ਼ਾ ਨਿਤ ਵਰਤੋਂ ਦੀ ਤੇ ਜੀਊਂਦੀ ਜਾਗਦੀ ਭਾਸ਼ਾ ਬਣ ਗਈ ਹੈ। ਕੋਰਨਿਸ਼ (Cornish) ਵਿਦਵਾਨਾਂ ਨੇ ਵੀ ਹਿਬਰਿਊ ਭਾਸ਼ਾ ਨੂੰ ਮੁੜ ਜੀਵਤ ਕਰਨ ਵਿਚ ਯੋਗਦਾਨ ਪਾਇਆ। ਕੋਰਨਿਸ਼ ਭਾਸ਼ਾ ਘਟ ਗਿਣਤੀ ਤਬਕੇ ਦੀ ਭਾਸ਼ਾ 2002 ਈ. ਤੋਂ ਪ੍ਰਵਾਣਤ ਕੀਤੀ ਜਾ ਚੁੱਕੀ ਹੈ ਅਤੇ ਉਥੋਂ ਦੀ ਸਰਕਾਰ ਨੇ ਮਾਨਤਾ ਵੀ ਪ੍ਰਦਾਨ ਕਰ ਦਿੱਤੀ ਹੈ। ਅਸੀਂ ਪੁਰਾਣੇ ਮਕਾਨ ਦੀ ਮੁਰੰਮਤ ਕਰਨ ਲਈ ਕਿੰਨਾ ਧਨ ਖਰਚ ਕਰਦੇ ਹਾਂ ਕਿ ਇਹ ਸਾਡੀ ਵਿਰਾਸਤ ਹੈ ਇਹ ਭਾਸ਼ਾ, ਸਭਿਆਚਾਰ ਵੀ ਤਾਂ ਸਾਡੀ ਵਿਰਾਸਤ ਹੈ। ਆਉ ਇਸ ਦੀ ਸੰਭਾਲ ਲਈ ਸਿਰਤੋੜ ਯਤਨ ਕਰੀਏ।

ਉਪਰੋਕਤ ਬੁਧੀਮਾਨ ਭਾਸ਼ਾ ਵਿਗਿਆਨੀਆਂ ਵਲੋਂ ਸਥਾਪਤ ਸੋਧਾਂ, ਭਵਿਖਬਾਣੀਆਂ ਅਤੇ ਖੋਜਾਂ ਦੇ ਆਧਾਰ 'ਤੇ ਪੰਜਾਬੀ ਭਾਸ਼ਾ ਦੀ ਉਨਤੀ, ਲੰਬੇਰਾ ਇਤਿਹਾਸਕ ਪਿਛੋਕੜ, ਆਪਣਿਆਂ ਵਲੋਂ ਦਿੱਤੇ ਜ਼ਖ਼ਮਾਂ, ਵਿਰੋਧੀਆਂ ਦੇ ਛੜਯੰਤਰਾਂ, ਮਾਤ ਭਾਸ਼ਾ ਦੇ ਪ੍ਰੇਮੀਆਂ ਦੀਆਂ ਕੁਰਬਾਨੀਆਂ, ਰਾਜਨੀਤਕ ਪਾਰਟੀਆਂ ਤੇ ਸਰਕਾਰਾਂ ਦੀਆਂ ਤਿਗੜਮਬਾਜ਼ੀਆਂ ਦਾ ਸੰਖੇਪ ਲੇਖਾ ਜੋਖਾ ਕਰਕੇ ਹੀ ਕਿਸੇ ਨਤੀਜੇ ਤੇ ਪੁਜਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ, ਉੱਤਰੀ ਭਾਰਤ ਵਿਚ ਪੰਜ ਦਰਿਆਵਾਂ ਦੀ ਧਰਤੀ, ਲਹਿੰਦਾ ਪੰਜਾਬ (ਪਾਕਿਸਤਾਨ), ਚੜ੍ਹਦਾ ਪੰਜਾਬ (ਭਾਰਤੀ ਪੰਜਾਬ) ਵਿਚ ਪੜ੍ਹੀ ਤੇ ਲਿਖੀ ਜਾਣ ਵਾਲੀ ਭਾਸ਼ਾ ਹੈ। ਇਸ ਦੀਆਂ ਸੱਤ ਹੋਰ ਉਪ ਭਾਸ਼ਾਵਾਂ ਵੀ ਹਨ:

ਡੋਗਰੀ ਪਹਾੜੀ ਮੁਲਤਾਨੀ ਤੇ ਦੁਆਬੇ ਵਿਚ
ਜੀਵੇ ਮੁਲਤਾਨੀ ਮਾਝੀ ਧੀ ਪੋਠੋਹਾਰ ਦੀ
ਬੋਲੀ ਹਾਂ ਪੰਜਾਬੀ ਪੰਜ ਪਾਣੀਆਂ ਦਾ ਰਸ ਮੇਰਾ
ਪੀ ਲਵੇ ਜਿਹੜਾ ਉਹਦੀ ਹਿਕੜੀ ਹਾਂ ਠਾਰਦੀ

ਜਿਵੇਂ ਜਿਵੇਂ ਛਾਂਗਦੇ ਹੋ ਤਿਵੇਂ ਤਿਵੇਂ ਫੈਲਦੀ ਹਾਂ
ਤੂਤ ਦੀ ਲਗਰ ਮੈਂ ਟਹਿਣੀ ਹਾਂ ਗੁਲਾਬ ਦੀ
(ਕੰਵਰ ਇਮਤਿਆਜ਼)

ਸਿੱਖ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਨੇ ਇਸ ਨੂੰ ਅਮੀਰ ਹੀ ਨਹੀਂ ਕੀਤਾ ਸਗੋਂ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਠੀਕ ਰੂਪ ਦੇਣ ਅਤੇ ਬੋਲੀ ਦੇ ਮੇਚ ਦਾ ਬਣਾਉਣ ਹਿੱਤ ਲਾਮਿਸਾਲ ਕੰਮ ਕੀਤਾ ਹੈ। ਗੈਰੀਬਾਰਡੀ ਨੂੰ ਫੌਜੀ ਭਰਤੀ ਨਾ ਮਿਲਦੀ ਜੇ ਮੇਜ਼ਨੀ ਸਾਹਿਤ ਤੇ ਸਾਹਿਤਕ ਜਾਗ੍ਰਿਤੀ ਪੈਦਾ ਨਾ ਕਰਦੇ, ਆਇਰਿਸ਼ ਲੋਕ ਗੈਲਿਕ ਭਾਸ਼ਾ ਮੁੜ ਸੁਰਜੀਤ ਨਾ ਕਰ ਸਕਦੇ। ਤੁਹਾਨੂੰ ਪਤਾ ਹੋਵੇਗਾ ਇਸ ਭਾਸ਼ਾ ਵਿਚ ਕਵਿਤਾ ਲਿਖਣ ਕਾਰਨ ਆਇਰਿਸ਼ ਬਚਿਆਂ ਨੂੰ ਘੋਰ ਦੰਡ ਦਿੱਤੇ ਜਾਂਦੇ ਸਨ। ਰੂਸੋ ਵਾਲਟੇਅਰ ਦੇ ਸਾਹਿਤ ਬਗੈਰ ਫਰਾਂਸ ਵਿਚ ਕ੍ਰਾਂਤੀ ਨਹੀਂ ਆ ਸਕਦੀ ਸੀ। ਟਾਲਸਟਾਏ ਤੇ ਗੋਰਕੀ ਬਿਨਾ ਰੂਸ ਦੀ ਮਜ਼ਦੂਰ ਕ੍ਰਾਂਤੀ ਅਸੰਭਵ ਸੀ। ਸਿੱਖ ਗੁਰੂ ਸਾਹਿਬਾਨ ਵਲੋਂ ਰਚੇ ਨਰੋਏ ਸਾਹਿਤ ਤੋਂ ਬਗੈਰ ਧਾਰਮਿਕ ਤੇ ਮਾਨਸਿਕ ਗੁਲਾਮੀ ਝੱਲ ਰਹੇ ਪੰਜਾਬੀ ਕਦੇ ਵੀ ਆਪਣੀ ਰਖਿਆ ਲਈ ਜੱਥੇਬੰਦਕ ਟਾਕਰੇ ਵਾਸਤੇ ਉਠ ਨਹੀਂ ਸਕਦੇ ਸਨ। ਸ਼ਹੀਦੇਆਜ਼ਮ ਭਗਤ ਸਿੰਘ ਨੇ ਜ਼ੋਰ ਦੇ ਕਿਹਾ ਸੀ ਪੰਜਾਬੀ ਭਾਸ਼ਾ ਨੂੰ ਧਰਮਾਂ ਨਾਲ ਜੋੜ ਕੇ ਪੰਜਾਬੀਓ ਤੁਸੀਂ ਪਹਾੜ ਜਿੱਡੀ ਗਲਤੀ ਕਰ ਰਹੇ ਹੋ।

ਜਿਵੇਂ ਪੰਜਾਬੀ ਗੁਰਮੁਖੀ ਅੱਖਰਾਂ ਵਿਚ ਸਿਖ ਧਰਮ ਨਾਲ, ਹਿੰਦੀ, ਦੇਵਨਾਗਰੀ ਅੱਖਰਾਂ ਵਿਚ ਹਿੰਦੂਆਂ ਨਾਲ ਪੰਜਾਬੀ (ਸ਼ਾਹਮੁਖੀ) ਮੁਸਲਮਾਨਾਂ ਨਾਲ ਜੋੜ ਕੇ ਅਸੀਂ ਸਭਿਆਚਾਰਕ ਵੰਡੀਆਂ ਪਾ ਰਹੇ ਹਾਂ। ਇਸ ਕੁਰੁਚੀ ਨੂੰ ਰੋਕਣਾ ਹੋਵੇਗਾ, ਇਸ ਤਰ੍ਹਾਂ ਦੀ ਵੰਡ ਸਮਾਜਕ ਉਨਤੀ ਦੇ ਰਾਹ ਵਿਚ ਰੁਕਾਵਟ ਹੈ। ਇਸ ਅੜੰਗੇ ਨੂੰ ਦੂਰ ਕਰਨਾ ਹੋਵੇਗਾ। ਇਸ ਵਿਚ ਸ਼ੱਕ ਨਹੀਂ ਕਿ ਪੰਜਾਬੀ ਬੋਲੀ ਲਿਖਣ ਲਈ ਗੁਰਮੁਖੀ ਹੀ ਢੁਕਵੀਂ ਲਿਪੀ ਹੈ, ਪਰ ਨਿੱਜੀ ਸਹੂਲਤ ਲਈ ਇਸਨੂੰ ਕਿਸੇ ਵੀ ਲਿਪੀ ਵਿਚ ਲਿੱਖਣ ਦੀ ਖੁਲ੍ਹ ਦੇ ਦੇਣੀ ਚਾਹੀਦੀ ਹੈ।

ਅੱਜ ਅਸੀਂ ਵੇਖਦੇ ਹਾਂ ਕਿ ਲਹਿੰਦੇ ਪੰਜਾਬ ਵਿਚ ਸ਼ਾਹਮੁਖੀ ਵਿਚ ਨਿੱਗਰ ਤੇ ਸਿਹਤਮੰਦ ਪੰਜਾਬੀ ਸਾਹਿਤ ਦੀ ਵੱਡੇ ਪੈਮਾਨੇ ਤੇ ਰਚਨਾ ਹੋ ਰਹੀ ਹੈ। ਅਫਰੀਕਾ ਦੀਆਂ ਬਹੁਤ ਸਾਰੀਆਂ ਬੋਲੀਆਂ ਰੋਮਨ ਅਖਰਾਂ ਵਿਚ ਲਿਖੀਆਂ ਜਾ ਰਹੀਆਂ ਹਨ ਅਤੇ ਉਚ ਪਾਏ ਦਾ ਸਾਹਿਤ ਰਚਿਆ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਵੀ ਪੰਜਾਬ ਦੀ ਰਾਜ ਭਾਸ਼ਾ ਫਾਰਸੀ ਹੀ ਰਹੀ ਜਿਸ ਕਰਕੇ ਮਾਤ ਭਾਸ਼ਾ ਪੰਜਾਬੀ, ਪੰਜਾਬ ਦੀ ਮਾਤਭਾਸ਼ਾ ਹੋਣ ਦੇ ਬਾਵਜੂਦ ਉਨਤੀ ਦੀ ਪਟੜੀ ਨਾ ਚੜ੍ਹ ਸਕੀ। ਅੰਗਰੇਜ਼ ਸਾਮਰਾਜ ਦੀ ਗੁਲਾਮੀ ਸਮੇਂ ਰਾਜ ਕਾਜ ਦਾ ਸਾਰਾ ਕੰਮ ਅੰਗਰੇਜ਼ੀ ਵਿਚ ਹੋਣ ਲੱਗਾ, ਪੰਜਾਬ ਸਮੇਤ ਹੋਰ ਪ੍ਰਾਂਤਾਂ ਦੀਆਂ ਮਾਤ ਭਾਸ਼ਾਵਾਂ ਨੂੰ ਵੀ ਹਾਸ਼ੀਏ ਵਲ ਧੱਕ ਦਿੱਤਾ ਗਿਆ ਭਾਵੇਂ ਉਨ੍ਹਾਂ ਵਿਚ ਉਚ ਪੱਧਰੀ ਸਾਹਿਤਕ ਰਚਨਾ ਲਗਾਤਾਰ ਕੀਤੀ ਜਾ ਰਹੀ ਸੀ।



ਦੁਨੀਆਂ ਦੇ ਨਕਸ਼ੇ ਤੋਂ ਮਿਟ ਰਹੀ ਹਿਬਰਿਊ ਯਹੂਦੀ ਕੌਮ ਨੇ ਮੁੜ ਜਿਊਂਦੀ ਕਰ ਲਈ

ਚੈਕੋਸਲਵਾਕੀਆ ਦਾ ਇਕ ਭਾਸ਼ਾਸ਼ਾਸਤਰੀ ਲਿਖਦਾ ਹੈ, 'ਜਿਸ ਕੌਮ ਨੂੰ ਲੰਬਾ ਸਮਾਂ ਗੁਲਾਮੀ ਦੇ ਸੰਗਲ ਵਿਚ ਜਕੜ ਕੇ ਰੱਖਣਾ ਹੁੰਦਾ ਹੈ ਉਸ ਦੀ ਮਾਤ ਭਾਸ਼ਾ ਨੂੰ ਖਤਮ ਕਰਕੇ ਕੌਮੀ ਯਾਦਸ਼ਕਤੀ ਨੂੰ ਨਸ਼ਟ ਕੀਤਾ ਜਾਂਦਾ ਹੈ। ਇਸ ਦੀਆਂ ਲਿਖਤਾਂ, ਕਿਤਾਬਾਂ, ਇਤਿਹਾਸ ਨੂੰ ਉਜਾੜ ਦਿਉ ਸਭਿਆਚਾਰ ਆਪੇ ਉਜੜ ਜਾਵੇਗਾ। ਉਹ ਲੋਕ ਸਾਹ ਸਤਹੀਣ ਹੋ ਕੇ ਗੁਲਾਮ ਰਹਿਣ ਲਈ ਮਜਬੂਰ ਹੋ ਜਾਣਗੇ।'' ਇਸੇ ਲਈ ਕੌਮੀ ਮੁਕਤੀ ਘੋਲ ਦੀ ਲਹਿਰ ਨੂੰ ਜਿੱਤ ਤਕ ਪਹੁੰਚਾਉਣ ਲਈ ਪ੍ਰਾਂਤਕ ਮਾਤ ਭਾਸ਼ਾਵਾਂ ਨੂੰ ਪਹਿਲ ਦੇਣਾ ਜ਼ਰੂਰੀ ਸਮਝਿਆ ਜਾਣ ਲੱਗਾ ਸੀ। ਇੰਡੀਅਨ ਨੈਸ਼ਨਲ ਕਾਂਗਰਸ ਤੇ ਹੋਰ ਕੌਮੀ ਮੁਕਤੀ ਘੋਲ ਦੀ ਅਗਵਾਈ ਕਰ ਰਹੀਆਂ ਪਾਰਟੀਆਂ ਤੇ ਗਰੁੱਪਾਂ ਨੇ ਪ੍ਰਮੁੱਖਤਾ ਨਾਲ ਇਸਨੂੰ ਆਪਣੇ ਅਜੰਡੇ 'ਤੇ ਲਿਆਂਦਾ ਕਿ ਅੰਗਰੇਜ਼ਾਂ ਨੇ ਇਕ ਸਭਿਆਚਾਰਕ ਇਕਾਈ ਮਿਥ ਕੇ ਬੋਲੀ ਤੇ ਭਾਸ਼ਾ ਦੇ ਆਧਾਰ 'ਤੇ ਹਦਬੰਦੀ ਕਰਨ ਦੀ ਬਜਾਏ ਗੁਲਾਮੀ ਦੇ ਸੰਗਲ ਨੂੰ ਹੋਰ ਪੀਡਾ ਕਰਨ ਹਿਤ ਸਾਰੇ ਦੇਸ਼ ਦੀ ਪ੍ਰਾਂਤਕ ਵੰਡ ਕੇਵਲ ਪ੍ਰਸ਼ਾਸਨਿਕ ਇਕਾਈ ਨੂੰ ਸਾਹਮਣੇ ਰਖ ਕੇ ਹੀ ਕੀਤੀ ਹੋਈ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਬੋਲੀ ਦੇ ਆਧਾਰ 'ਤੇ ਹੱਦਬੰਦੀ ਕਰਕੇ ਪ੍ਰਾਂਤਕ ਭਾਸ਼ਾਵਾਂ ਵਿਚ ਮੁਢਲੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇਗਾ। ਕਲਕੱਤਾ, ਨਾਗਪੁਰ, ਲਾਹੌਰ, ਕਰਾਚੀ ਕਾਂਗਰਸ ਦੇ ਪਾਸ ਕੀਤੇ ਮਤੇ ਇਸੇ ਗੱਲ ਦੀ ਪ੍ਰੋੜਤਾ ਕਰਦੇ ਹਨ।

1947 ਵਿਚ ਭਾਰਤ ਨੂੰ ਛੱਡਣ ਸਮੇਂ ਅੰਗਰੇਜ਼ਾਂ ਨੇ ਸਭਿਆਚਾਰਾਂ ਤੇ ਬੋਲੀਆਂ ਦੀ ਥਾਂ ਧਰਮਾਂ ਦੇ ਆਧਾਰ 'ਤੇ ਪੰਜਾਬ ਤੇ ਬੰਗਾਲ ਦੀ ਵੰਡ ਦਾ ਐਲਾਨ ਕਰ ਦਿੱਤਾ। ਫਿਰਕੂ ਦੰਗਿਆਂ ਵਿਚ ਦੋ ਢਾਈ ਲੱਖ ਲੋਕਾਂ ਦਾ ਧਾਰਮਿਕ ਜਨੂੰਨੀਆਂ ਹੱਥੋਂ ਕਤਲ ਹੋਇਆ। ਲੋਕ ਘਰੋਂ ਬੇਘਰ ਹੋ ਗਏ। ਕਵੀਆਂ, ਲੇਖਕਾਂ ਨੇ ਇਸ ਦੁਖਾਂਤ ਦਾ ਹਿਰਦੇਵੇਦਕ ਵਰਨਣ ਕੀਤਾ:

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ ਖੋਏ ਅਸੀਂ ਵੀ ਹਾਂ।
ਇਨ੍ਹਾਂ ਆਜ਼ਾਦੀਆਂ ਹਥੋਂ ਬਰਬਾਦ ਯਾਰੋ,
ਹੋਏ ਤੁਸੀਂ ਵੀ ਹੋ ਹੋਏ ਅਸੀਂ ਵੀ ਹਾਂ।
ਜਾਗਣ ਵਾਲਿਆਂ ਰੱਜ ਕੇ ਲੁਟਿਆ ਏ,
ਸੋਏ ਤੁਸੀਂ ਵੀ ਹੋ ਸੋਏ ਅਸੀਂ ਵੀ ਹਾਂ।
ਲਾਲੀ ਅਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਹੋ ਰੋਏ ਅਸੀਂ ਵੀ ਹਾਂ।

ਦੋਹਾਂ ਮੁਲਕਾਂ ਦੇ ਇਕ ਸਾਂਝੇ ਕਵੀ ਦਰਬਾਰ ਵਿਚ, ਜਿਸ ਦੀ ਪ੍ਰਧਾਨਗੀ ਭਾਰਤ ਦੇ ਪ੍ਰਧਾਨ ਡਾ. ਰਜਿੰਦਰ ਪ੍ਰਸ਼ਾਦ ਕਰ ਰਹੇ ਸਨ, ਉਸਤਾਦ ਦਾਮਨ ਦੀ ਇਸ ਕਵਿਤਾ ਨੇ ਪ੍ਰਧਾਨ ਮੰਤਰੀ ਪੰ. ਨਹਿਰੂ ਨੂੰ ਹੰਝੂ ਵਹਾਉਣ ਲਈ ਮਜ਼ਬੂਰ ਕਰ ਦਿੱਤਾ ਸੀ। ਇਸ ਉਜੜੇ ਪੁਜੜੇ ਪੰਜਾਬ ਲਈ ਭਾਸ਼ਾ ਤੇ ਸਿੱਖਿਆ ਦਾ ਮੂੰਹ ਮੁਹਾਂਦਰਾਂ ਉਲੀਕਦਿਆਂ ਅੱਠ ਦੇਸੀ ਰਿਆਸਤਾਂ (ਪੈਪਸੂ) ਵਿਚ ਪੰਜਾਬੀ ਨੂੰ ਰਾਜ ਭਾਸ਼ਾ ਮੰਨ ਲਿਆ ਗਿਆ। ਪੰਜਾਬੀ ਖਿੱਤੇ ਵਿਚ ਪੰਜਾਬੀ ਭਾਸ਼ਾ ਪਹਿਲੀ ਜਮਾਤ ਤੋਂ ਤੇ ਹਿੰਦੀ ਤੀਜੀ ਜਮਾਤ ਤੋਂ ਪੜ੍ਹਾਉਣੀ ਮਿਥੀ ਗਈ। ਹਿੰਦੀ ਖਿੱਤੇ ਵਿਚ ਪਹਿਲੀ ਜਮਾਤ ਤੋਂ ਹਿੰਦੀ ਤੇ ਤੀਜੀ ਤੋਂ ਪੰਜਾਬੀ ਲਾਗੂ ਕੀਤੀ ਗਈ। ਹਿੰਦੀ ਜੋਨ, ਜ਼ਿਲ੍ਹਾ ਰੋਹਤਕ, ਕਰਨਾਲ, ਗੁੜਗਾਵਾਂ, ਹਿਸਾਰ, ਅੰਬਾਲੇ ਦੀਆਂ ਦੋ ਤਹਿਸੀਲਾਂ ਜਗਾਧਰੀ ਤੇ ਨਰਾਇਣਗੜ੍ਹ ਅਤੇ ਦੋ-ਭਾਸ਼ੀ ਸ਼ਿਮਲਾ ਤੇ ਅੰਬਾਲਾ ਨੂੰ ਛੱਡ ਕੇ, ਬਾਕੀ ਪੰਜਾਬ ਵਿਚ ਪੰਜਾਬੀ ਪਹਿਲੀ ਸ਼੍ਰੇਣੀ ਤੋਂ, ਹਿੰਦੀ ਪੰਜਵੀਂ ਤੋਂ ਤੇ ਹਿੰਦੀ ਜ਼ੋਨ ਵਿਚ ਇਸ ਦੇ ਉਲਟ ਲਾਗੂ ਹੋ ਗਿਆ। ਸਿਖਿਆ ਦੇ ਮਾਧਿਅਮ ਦਾ ਫੈਸਲਾ ਬਚਿਆਂ ਦੇ ਮਾਪਿਆਂ ਤੇ ਛੱਡ ਦਿੱਤਾ ਗਿਆ।

ਮਾਤ ਭਾਸ਼ਾ ਤੋਂ ਮੂੰਹ ਮੋੜਨ ਦਾ ਕਸ਼ਟ ਕਿੰਨਾ ਕੁ ਹੁੰਦਾ ਹੈ? ਗੋਰਕੀ ਦੇ ਨਾਵਲ ਦੇ ''ਮਾਂ'' ਤੋਂ ਪਤਾ ਲੱਗਦਾ ਹੈ। ਰੂਸੀ ਮਾਂ ਬਿਸਤਰੇ ਮਰਗ 'ਤੇ ਹੈ। ਉਸਦਾ ਫੌਜੀ ਪੁੱਤਰ ਉਸ ਦੀ ਆਖਰੀ ਖ਼ਬਰ ਲੈਣ ਲਈ ਆਉਂਦਾ ਹੈ ਤੇ ਪ੍ਰਦੇਸ਼ੀ ਭਾਸ਼ਾ ਵਿਚ ਗੱਲਬਾਤ ਕਰਦਾ ਹੈ। ਮਾਂ ਕਹਿੰਦੀ ਹੈ, ''ਮੈਂ ਇਸਨੂੰ ਆਪਣੇ ਪੇਟ ਵਿਚ ਜਿਹੜੀ ਬੋਲੀ ਸਿਖਾਈ ਸੀ ਇਸ ਨੇ ਉਸਨੂੰ ਵਿਸਾਰ ਦਿੱਤਾ ਹੈ। ਇਹ ਮੇਰਾ ਪੁੱਤਰ ਹੋ ਹੀ ਨਹੀਂ ਸਕਦਾ ਕੋਈ ਹੋਰ ਹੈ।'' ਮਾਂ ਨੇ ਇਹ ਕਹਿੰਦਿਆਂ ਚਾਦਰ ਨਾਲ ਮੂੰਹ ਢਕਦਿਆਂ ਪ੍ਰਾਣ ਤਿਆਗ ਦਿੱਤੇ।

ਪਰ 1951 ਅਤੇ 1961 ਈ. ਦੀ ਜਨਗਣਨਾ ਸਮੇਂ ਪੰਜਾਬ ਦੀ ਹਿੰਦੂ ਬਹੁਗਿਣਤੀ ਨੇ ਮਾਤ ਭਾਸ਼ਾ ਦੇ ਖਾਨੇ ਵਿਚ ਹਿੰਦੀ ਲਿਖਵਾ ਕੇ ਸਭਿਆਚਾਰਕ ਸਮੱਸਿਆ ਨੂੰ ਫਿਰਕੂ ਰੰਗਣ

ਚਾੜ ਦਿੱਤੀ। ਕੇਂਦਰ ਦੀ ਕਾਂਗਰਸ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਹੱਦਬੰਦੀ ਦਾ ਕੰਮ ਬਾਕੀ ਸਾਰੇ ਰਾਜਾਂ ਵਿਚ ਤਾਂ ਮੁਕੰਮਲ ਕਰ ਲਿਆ ਪਰ ਤਾਮਿਲ ਭਾਸ਼ਾਈ ਆਧਾਰਾ ਪ੍ਰਦੇਸ਼ ਦਾ ਗਠਨ ਡਾ. ਰਾਮੂਲੋ ਦੇ ਸੜ ਮਰ ਕੇ ਸ਼ਹੀਦੀ ਪਾਉਣ ਪਿਛੋਂ ਹੀ ਕੀਤਾ ਗਿਆ। ਉੱਤਰੀ ਭਾਰਤ ਵਿਚ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਹੱਦਬੰਦੀ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ;

''ਵੀਹ ਸਾਲ ਤੋਂ ਵੀ ਵੱਧ ਸਮਾਂ ਪਹਿਲੋਂ ਕਾਂਗਰਸ ਪਾਰਟੀ ਆਪਣੇ ਸੰਵਿਧਾਨਕ ਨਜ਼ਰੀਏ ਤੋਂ ਭਾਸ਼ਾਈ ਆਧਾਰ ਤੇ ਸੂਬਿਆਂ ਦੀ ਸਿਰਜਣਾ ਨੂੰ ਉਤਸ਼ਾਹਿਤ ਕਰਦੀ ਰਹੀ ਹੈ...ਭਾਸ਼ਾ ਤੇ ਉਸ ਨਾਲ ਜੁੜੇ ਸਭਿਆਚਾਰਾਂ ਦੀ ਉੱਨਤੀ ਦੇ ਪੱਖ ਤੋਂ। ਪ੍ਰੰਤੂ ਕੇਵਲ ਭਾਸ਼ਾ ਨੂੰ ਹੀ ਕਿਸੇ ਰਾਜ ਦੀ ਹੱਦਬੰਦੀ ਲਈ ਪ੍ਰਭਾਵੀ ਤੱਤ ਨਹੀਂ ਕਿਹਾ ਜਾ ਸਕਦਾ। ਜੇ ਭਾਸ਼ਾ ਨੂੰ ਵੱਖਵਾਦੀ ਰੁਚੀਆਂ ਨੂੰ ਉਤਸ਼ਾਹਤ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਤਾਂ ਭਾਰਤ ਦੀ ਅਖੰਡਤਾ ਦੇ ਮੂਲ ਸੰਕਲਪ 'ਤੇ ਹੀ ਸੱਟ ਲੱਗਦੀ ਹੈ।''

3 ਮਾਰਚ 1949 ਈ. ਨੂੰ ਪਹਿਲੀ ਵਾਰ ਪੰਜਾਬੀ ਸੂਬੇ ਦੀ ਮੰਗ ਰਖੀ ਗਈ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਪੰਜਾਬੀਆਂ ਵਲੋਂ 17 ਸਾਲ ਦੇ ਲੰਬੇ ਸੰਘਰਸ਼ ਨਾਲ ਹੀ ਬੋਲੀ ਦੇ ਆਧਾਰ 'ਤੇ 1 ਨਵੰਬਰ 1966 ਈ. ਨੂੰ ਪੰਜਾਬ ਦਾ ਪੁਨਰਗਠਨ ਕਰਵਾਇਆ ਜਾ ਸਕਿਆ। 9 ਮਈ 1955 ਈ. ਤੋਂ ਪੰਜਾਬੀ ਸੂਬੇ ਦੇ ਨਾਹਰੇ ਤੇ ਪਾਬੰਦੀ ਦੇ ਸ਼ਹਿਰੀ ਆਜ਼ਾਦੀਆਂ ਦੇ ਮੋਰਚੇ ਵਿਚ ਅਕਤੂਬਰ 1955 ਤਕ 12000 ਪੰਜਾਬੀਆਂ ਨੇ ਗ੍ਰਿਫਤਾਰੀ ਦਿੱਤੀ। ਪਾਬੰਦੀ ਹਟਾਏ ਜਾਣ ਨਾਲ ਮੋਰਚਾ ਜਿਤਿਆ ਗਿਆ। ਇਹ ਇੱਕ ਵੱਡਾ ਜਨਤਕ ਐਕਸ਼ਨ ਸੀ। 1957 ਵਿਚ ਪੈਪਸੂ ਪੰਜਾਬ ਵਿਚ ਸ਼ਾਮਿਲ ਕਰ ਦਿੱਤਾ ਗਿਆ ਤੇ ਰਿਜ਼ਨਲ ਫਾਰਮੂਲਾ ਲਾਗੂ ਕੀਤਾ ਗਿਆ। 1960 ਤੱਕ ਪੰਜਾਬੀ ਸੂਬਾ ਮੋਰਚੇ ਵਿਚ 57000 ਪੰਜਾਬੀਆਂ ਨੇ ਗ੍ਰਿਫਤਾਰੀ ਦਿੱਤੀ। ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੇ ਮਰਨ ਵਰਤ ਕੇਂਦਰ ਦੀਆਂ ਰਾਜਸੀ ਚਾਲਬਾਜ਼ੀਆਂ ਨਾਲ ਤੁੜਵਾਏ ਗਏ। 10 ਸਤੰਬਰ 1965 ਨੂੰ ਸੰਤ ਫਤਹਿ ਸਿੰਘ ਦਾ ਮਰਨ ਵਰਤ ਤੇ ਹੋਰ ਜਨਤਕ ਐਕਸ਼ਨ ਹਿੰਦ-ਪਾਕਿ ਜੰਗ ਕਾਰਨ ਮੁਲਤਵੀ ਕਰਨੇ ਪਏ।

3 ਸਤੰਬਰ 1966 ਨੂੰ ਲੋਕ ਸਭਾ ਵਿਚ ਪੰਜਾਬ ਪੁਨਰਗਠਨ ਦਾ ਬਿਲ ਪੇਸ਼ ਹੋਇਆ ਜਿਸ ਅਨੁਸਾਰ ਕੇਂਦਰ ਦੀ ਕਾਂਗਰਸ ਸਰਕਾਰ ਨੇ ਵੋਟ ਦੀ ਰਾਜਨੀਤੀ ਨੂੰ ਸਨਮੁਖ ਰਖਦਿਆਂ ਭਾਰਤੀ ਬਹੁਗਿਣਤੀ ਸੰਪਰਦਾਇਕਤਾ ਨੂੰ ਖੁਸ਼ ਕਰਨ ਹਿਤ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਇਸ ਵਿਚ ਸ਼ਾਮਿਲ ਨਾ ਕੀਤੇ ਗਏ। ਵਖਰੇ ਹੋਏ ਹਰਿਆਣਾ ਪ੍ਰਾਂਤ ਨਾਲ ਸਾਂਝੀ ਹਾਈ ਕੋਰਟ, ਸਾਂਝੀ ਰਾਜਧਾਨੀ, ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਬਿਜਲੀ ਤੇ ਦਰਿਆਈ ਪਾਣੀਆਂ ਦੀ ਵੰਡ ਦੀਆਂ ਅਸਾਧ ਦੀਰਘ ਕਾਲ ਸਮੱਸਿਆਵਾਂ ਨੇ ਅਗਲੇਰੇ ਸੰਘਰਸ਼ਾਂ ਦਾ ਪੜੁੱਲ ਬੰਨ੍ਹਿਆਂ।

ਕੇਂਦਰ ਦੇ ਸਖਤ ਅੜੀਅਲ ਵਤੀਰੇ ਨਾਲ ਪੰਜਾਬੀਆਂ ਵਿਚ ਬੇਗਾਨਗੀ ਦੀ ਭਾਵਨਾ ਵਧਦੀ ਗਈ। ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਦੀ ਪ੍ਰਾਪਤੀ ਹਿੱਤ ਦਰਸ਼ਨ ਸਿੰਘ ਫੇਰੂਮਾਨ ਨੇ 15 ਅਗਸਤ 1969 ਨੂੰ ਪ੍ਰਾਣ ਤਿਆਗ ਦਿੱਤੇ। ਜਮਹੂਰੀ ਸੰਘਰਸ਼ ਸਿੱਟਾ ਰਹਿਤ ਰਹਿਣ ਕਾਰਨ ਇਹ ਲਹਿਰ ਫਿਰਕੂ ਹਥਿਆਰਬੰਦ ਸੰਘਰਸ਼ ਵਲ ਮੋੜਾ ਕਟ ਗਈ ਜਿਸ ਦਾ ਨਤੀਜਾ ਹਜ਼ਾਰਾਂ ਬੇਕਸੂਰ ਨੌਜਵਾਨਾਂ ਦੀ ਮੌਤ, ਫਿਰਕੂ ਡੂੰਘੀ ਵੰਡ, ਧਾਰਮਿਕ ਸਥਾਨਾਂ ਦੀ ਬੇਹੁਰਮਤੀ ਵਿਚ ਨਿਕਲਿਆ। ਇਨ੍ਹਾਂ ਜ਼ਖਮਾਂ ਦੀ ਟੀਸ ਅੱਜ ਤਕ ਮਹਿਸੂਸ ਕੀਤੀ ਜਾਂਦੀ ਹੈ।

ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੰਦੇ ਭਾਸ਼ਾ ਐਕਟ 1968 ਦਾ ਇਤਿਹਾਸਕ ਕੰਮ ਮਰਹੂਮ ਲਛਮਣ ਸਿੰਘ ਗਿੱਲ ਦੀ ਸਰਕਾਰ ਨੇ ਨੇਪਰੇ ਚਾੜ੍ਹਿਆ। ਇਸ ਐਕਟ ਅਨੁਸਾਰ ਸਾਰੇ ਪ੍ਰਾਂਤਕ ਪ੍ਰਸ਼ਾਸਨਿਕ ਵਿਭਾਗਾਂ ਦਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨ, ਸਕੂਲਾਂ ਵਿਚ ਪੰਜਾਬੀ ਲਾਗੂ ਕਰਨ ਤੇ ਇਸ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦਾ ਫੈਸਲਾ ਲਾਗੂ ਕੀਤਾ ਗਿਆ।

ਅਕਾਲੀ ਪਾਰਟੀ, ਜਿਸ ਦੀ ਅਗਵਾਈ ਵਿਚ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬੇ ਦੀ ਸਥਾਪਤੀ ਲਈ ਪੰਜਾਬੀਆਂ ਨੇ ਸੰਘਰਸ਼ ਲੜਿਆ ਤੇ ਕੁਰਬਾਨੀਆਂ ਕੀਤੀਆਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਲਾਗੂ ਕਰਨ ਦਾ ਐਲਾਨ ਕਰਨ ਦਾ ਸਮਾਗਮ ਮਰਹੂਮ ਲਛਮਣ ਸਿੰਘ ਗਿੱਲ ਦੇ ਪਿੰਡ ਚੂਹੜ ਚੱਕ (ਮੋਗਾ) ਵਿਖੇ ਹੀ ਰਖਿਆ ਸੀ। ਇਸ ਸਮਾਗਮ ਵਿਚ ਕੁਝ ਕੁ ਸਾਹਿਤਕਾਰ ਵੀ ਪੁੱਜੇ ਸਨ, ਜਿਨ੍ਹਾਂ ਸਰਕਾਰ ਦੇ ਇਸ ਫੈਸਲੇ ਦੀ ਸਰਾਹਨਾ ਕੀਤੀ ਸੀ। ਸਾਹਿਤ ਸਭਾਵਾਂ, ਪੰਜਾਬੀ ਲੇਖਕਾਂ ਸਾਹਿਤਕਾਰਾਂ ਨੇ ਫੈਸਲੇ ਦੀ ਨਿੰਦਿਆਂ ਕਰਦਿਆਂ ਜਨਤਕ ਰੋਹ ਦਾ ਪ੍ਰਗਟਾਵਾ ਕੀਤਾ ਸੀ। ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਕਵੀ ਹਰਭਜਨ ਸਿੰਘ ਹੁੰਦਲ ਨੇ ਇਸ ਅਵਿਗਿਆਨਕ ਫੈਸਲੇ ਤੇ ਕਵਿਤਾ ਰਾਹੀਂ ਵਿਅੰਗ ਕਸਿਆ ਸੀ:

ਤੋਤਾ ਸਿੰਘ ਨੇ ਆਖਿਆ ਸੁਣੋ ਸਿੰਘੋ,
ਹੁਣ ਨਾ ਬਿਨਾ ਅੰਗਰੇਜ਼ੀ ਦੇ ਸਰੇਗਾ ਜੀ।
ਭੁਲ ਜਾਓ ਪੰਜਾਬੀ ਵਿਚ ਗਲ ਕਰਨੀ,
ਪੜ੍ਹੇ ਗੁਰਮੁਖੀ ਜੋ ਭੁੱਖਾ ਮਰੇਗਾ ਜੀ।
ਬੜੇ ਸਾਲ ਅਸਾਨੂੰ ਨਹੀਂ ਅਕਲ ਆਈ,
ਅਗੋਂ ਪੰਥ ਨਾ ਗਲਤੀਆਂ ਕਰੇਗਾ ਜੀ।
ਵੈਣ ਪੈਣਗੇ ਵਿਚ ਅੰਗਰੇਜ਼ੀਆਂ ਦੇ
ਅਗਲੇ ਸਾਲ ਬੁੱਢਾ ਜਿਹੜਾ ਮਰੇਗਾ ਜੀ।
ਸਾਨੂੰ ਪਤਾ ਹੈ ਰਹੇ ਉਸਤਾਦ ਜਿਹੜੇ,
ਅਗਲੇ ਸਾਲ ਤੋਂ ਚੰਦ ਜੋ ਚਾੜ੍ਹਨਗੇ ਜੀ।
ਬੱਚੇ ਪਿੰਡਾਂ ਦੇ ਬਣਨ ਅੰਗਰੇਜ਼ ਲੱਗੇ,
ਬਿਨਾ ਟੀਚਰਾਂ ਦੇ ਇੰਗਲਿਸ਼ ਪੜ੍ਹਨਗੇ ਜੀ।
ਭੱਜ ਜਾਣਗੇ ਕੁੱਟ ਤੋਂ ਡਰਦਿਆਂ ਕਈ,
ਜਾ ਕੇ ਗੁਰਦਵਾਰੇ ਲਾਗੇ ਖੜ੍ਹਨਗੇ ਜੀ।
ਸ਼ਾਹ ਮੁਹੰਮਦਾ, ਰੋਣਗੇ ਵੇਖ ਮਾਪੇ,
ਜਦੋਂ ਬਾਲ ਵਿਹਲੇ ਬੈਠੇ ਲੜਨਗੇ ਜੀ।

ਅਕਾਲੀ ਭਾਜਪਾ ਸਾਂਝੀ ਸਰਕਾਰ ਅਤੇ ਵਿਰੋਧੀ ਧਿਰ 'ਚ ਬੈਠੀ ਕਾਂਗਰਸ ਸਾਰਿਆਂ ਨੇ ਸਰਬਸੰਮਤੀ ਨਾਲ ਪੰਜਾਬੀ ਭਾਸ਼ਾ ਬਾਰੇ ਦੋ ਅਹਿਮ ਤਰਮੀਮੀ ਬਿਲ ਪਾਸ ਕੀਤੇ। ਪਹਿਲੇ ਦਾ ਸੰਬੰਧ ਸਕੂਲੀ ਵਿਦਿਆ ਨਾਲ ਤੇ ਵਿਦਿਅਕ ਅਦਾਰਿਆਂ ਨਾਲ ਹੈ, ਦੂਜੇ ਦਾ ਸੰਬੰਧ ਨਿਆਇਕ ਤੇ ਪ੍ਰਸ਼ਾਸਨਿਕ ਵਿਭਾਗਾਂ ਨਾਲ ਹੈ। ਇਥੇ ਇਹ ਯਾਦ ਕਰਵਾ ਦੇਣਾ ਜ਼ਰੂਰੀ ਬਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਮੁਢੋਂ ਸੁਢੋਂ ਹੀ ਪੰਜਾਬੀ ਭਾਸ਼ਾ ਵਿਰੋਧੀ ਰਹੀ ਹੈ।

ਇਹ ਕਾਨੂੰਨ ਬਾਕਾਇਦਾ 22 ਅਕਤੂਬਰ 2008 ਤੋਂ ਲਾਗੂ ਹੋ ਗਿਆ। ਸੈਸ਼ਨ 2009-2010 ਦੌਰਾਨ ਪੰਜਾਬ ਦੇ ਸਾਰੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਾਰ ਦਿੱਤੀ ਗਈ ਹੈ। ਇਸ ਕਾਨੂੰਨ ਅਨੁਸਾਰ ਦਸਵੀਂ ਤੱਕ ਪੰਜਾਬੀ ਪਾਸ ਵਿਦਿਆਰਥੀ ਨੂੰ ਹੀ ਬੋਰਡ ਜਾਂ ਸੰਸਥਾ ਮੈਟ੍ਰਿਕ ਪਾਸ ਹੋਣ ਦਾ ਪ੍ਰਮਾਣ ਪੱਤਰ ਜਾਰੀ ਕਰ ਸਕੇਗੀ। ਕਾਨੂੰਨ ਦੀ ਧਾਰਾ ਚਾਰ ਤੇ ਪੰਜ ਨੰਬਰ ਦੀਆਂ ਉਪ ਧਾਰਾਵਾਂ ਵਿਚ ਉਲੰਘਣਾ ਕਰਨ ਵਾਲਿਆਂ ਲਈ ਸਜ਼ਾਵਾਂ ਦਾ ਉਲੇਖ ਹੈ। ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ ਵਾਲੇ ਪਹਿਲੇ ਕਾਨੂੰਨ ਤੇ ਇਸਦਾ ਕੋਈ ਪ੍ਰਭਾਵ ਨਹੀਂ ਪਵੇਗਾ। ਉਹ ਇਨ ਬਿਨ ਲਾਗੂ ਰਹੇਗਾ। ਇਸ ਕਾਨੂੰਨ ਦੇ ਦੂਜੇ ਭਾਗ ਵਿਚ ਪੰਜਾਬੀ ਭਾਸ਼ਾ ਨੂੰ ਸੁਚਾਰੂ ਰੂਪ ਵਿਚ ਅਦਾਲਤਾਂ, ਟ੍ਰਿਬਿਊਨਲਾਂ, ਸਿਵਲ ਤੇ ਫੌਜਦਾਰੀ ਅਦਾਲਤਾਂ, ਸਰਕਾਰੀ ਦਫਤਰਾਂ, ਪਬਲਿਕ ਅਦਾਰਿਆਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਲਾਗੂ ਕਰਨ ਹਿਤ ਪਤਰ ਵਿਹਾਰ ਪੰਜਾਬੀ ਵਿਚ ਕਰਨਾ ਹੋਵੇਗਾ। ਇਸ ਨਾਲ ਜੁੜੀ ਧਾਰਾ ਅਠਵੀਂ ਅਨੁਸਾਰ ਉਚ ਅਧਿਕਾਰਾਂ ਵਾਲੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਅਮਲ ਨਾ ਕਰਨ ਵਾਲੇ ਅਧਿਕਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਨਿਰਧਾਰਿਤ ਸਜ਼ਾਵਾਂ ਦੇਣਗੀਆਂ। ਫਿਰ ਵੀ ਹਾਲੇ ਤਕ ਭਾਸ਼ਾ ਤੇ ਸਿਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਵਲੋਂ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਲਈ ਕੇਵਲ ਤਾੜਨਾ ਭਰੇ ਬਿਆਨ ਹੀ ਅਖਬਾਰਾਂ ਵਿਚ ਆ ਰਹੇ ਹਨ। ਜਿਸ ਤੋਂ ਸਰਕਾਰ ਦੀ ਇਛਾ ਸ਼ਕਤੀ ਦੀ ਘਾਟ ਦਾ ਸੰਕੇਤ ਮਿਲਦਾ ਹੈ।



ਮੈਰੀ ਸਮਿਥ ਜੌਨਸ ਦੀ 2008 ਵਿਚ ਮੌਤ ਦੇ ਨਾਲ ਹੀ ਉਸ ਦੀ ਭਾਸ਼ਾ ਦੀ ਵੀ ਮੌਤ ਹੋ ਗਈ

ਲਹਿੰਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਜੀਵਤ ਰਖਣ ਲਈ ਪੰਜਾਬੀ ਪਿਆਰਿਆਂ ਨੇ ਫੌਜੀ ਤਾਨਾਸ਼ਾਹ ਤੇ ਲੋਕਤੰਤਰਿਕ ਸਰਕਾਰ ਦੀਆਂ ਸਖਤੀਆਂ ਦੇ ਬਾਵਜੂਦ ਕੁਰਬਾਨੀਆਂ ਭਰਿਆ ਬੜਾ ਹੀ ਬਿਖੜਾ ਤੇ ਲੰਬਾ ਪੈਂਡਾ ਤੈਅ ਕੀਤਾ ਹੈ। ਉਥੇ ਪੰਜਾਬੀ ਜ਼ੁਬਾਨ ਨੂੰ ਫਾਰਸੀ ਅਖਰਾਂ ਭਾਵ ਸ਼ਾਹਮੁਖੀ ਵਿਚ ਲਿਖਿਆ ਜਾਂਦਾ ਹੈ। ਪਾਕਿਸਤਾਨ ਵਿਚ ਬੜੇ ਹੀ ਸਿਹਤਮੰਦ ਉਚ ਮਿਆਰੀ ਪੰਜਾਬੀ ਸਾਹਿਤ ਦੀ ਰਚਨਾ ਹੋ ਰਹੀ ਹੈ। ਮਾਸਿਕ ਪਰਚੇ ਪ੍ਰਕਾਸ਼ਤ ਹੁੰਦੇ ਹਨ। ਸਾਹਿਤ ਲਿਪੀਅੰਤ੍ਰ ਕਰਕੇ ਦੋਹੀਂ ਪਾਸੀ ਪ੍ਰਕਾਸ਼ਤ ਵੀ ਹੋ ਰਿਹਾ ਹੈ। ਯੂਨੀਵਰਸਿਟੀ ਪੱਧਰ ਤਕ ਪੰਜਾਬੀ ਦੀ ਪੜ੍ਹਾਈ ਦਾ ਪ੍ਰਾਵਧਾਨ ਹੈ। ਲਿਪੀ ਸ਼ਾਹਮੁਖੀ ਹੈ ਪਰ ਰਾਜ ਭਾਸ਼ਾ ਉਰਦੂ ਹੀ ਹੈ। ਸਾਰਾ ਸਰਕਾਰੀ ਕੰਮਕਾਜ ਉਸੇ ਵਿਚ ਹੁੰਦਾ ਹੈ। ਇਕ ਵਾਰੀ ਵਜ਼ੀਰੇਤਾਲੀਮ ਖੁਰਸ਼ੀਦ ਸ਼ਾਹ ਉਰਫ਼ ਸ਼ੀਦੇ ਸ਼ਾਹ ਨੇ ਇਕ ਸਵਾਲ ਦੇ ਉਤਰ ਵਿਚ ਕਿਹਾ ਸੀ ਕਿ ਪਛੜੀ ਹੋਣ ਕਾਰਨ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਤੇ ਸਿਖਿਆ ਦਾ ਮਾਧਿਅਮ ਨਹੀਂ ਬਣਾਇਆ ਜਾ ਸਕਦਾ। ਭਾਵੇਂ ਇਹ ਲਹਿੰਦੇ ਪੰਜਾਬ ਦੀ ਬੋਲੀ ਹੈ। ਲਹਿੰਦੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਬਾਬਾ ਨਜ਼ਮੀ ਨੇ ਸ਼ੀਦੇ ਸ਼ਾਹ ਨੂੰ ਕਵਿਤਾ ਰਾਹੀਂ ਠੋਕਵਾਂ ਉਤਰ ਦਿੱਤਾ ਸੀ;

ਆਪਣੇ ਮੂੰਹ ਨੂੰ ਡੱਕਾ ਲਾ ਉਏ ਸ਼ੀਦੇ ਸ਼ਾਹ,
ਇੰਝ ਨਾ ਆਪਣਾ ਕੱਦ ਵਧਾ ਉਏ ਸ਼ੀਦੇ ਸ਼ਾਹ
ਨਿੰਦਿਆ ਮੇਰੀ ਮਾਂ ਬੋਲੀ ਦੀ ਕਰਕੇ ਤੂੰ,
ਦਿੱਤੀ ਆਪਣੀ ਜ਼ਾਤ ਵਿਖਾ ਉਏ ਸ਼ੀਦੇ ਸ਼ਾਹ
ਸੱਚਲ, ਵਾਰਸ, ਫਰੀਦ, ਭੱਟਾਈ ਇਕੋ ਜਿਹੇ,
ਗੰਦੀਆਂ ਅਖਾਂ ਸਾਫ ਕਰਾ ਉਏ ਸ਼ੀਦੇ ਸ਼ਾਹ।
ਮੇਰਾ ਵਿਰਸਾ, ਝੱਲਿਆ ਵਾਂਗ ਸਮੁੰਦਰ ਦੇ,
ਆਪਣੇ ਵਿਹੜੇ ਝਾਤੀ ਪਾ ਉਏ ਸ਼ੀਦੇ ਸ਼ਾਹ।
ਲੂਸੇ ਤੇਰਾ ਜੁੱਸਾ ਤੇਰੀ ਜੀਭ ਸੜੇ,
ਹੋਵੇ ਤੇਰਾ ਮੂੰਕ ਮੁਕਾ ਉਏ ਸ਼ੀਦੇ ਸ਼ਾਹ।
ਹੇਠ ਸਦਾ ਨਹੀਂ ਰਹਿਣਾ ਮੰਜਾ ਚੌਧਰ ਦਾ,
ਰੱਜਵੀਂ ਲਭੀ ਜਰ ਕੇ ਖਾਹ ਉਏ ਸ਼ੀਦੇ ਸ਼ਾਹ।

ਮਜ਼ਹਬੀ ਜਨੂੰਨੀਆਂ ਦੀਆਂ ਰੁਕਾਵਟਾਂ ਦੇ ਬਾਵਜੂਦ ਲਹਿੰਦੇ ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਉਨਤੀ ਕਰ ਰਹੀ ਹੈ। ਜਥੇਬੰਦਕ ਉਪਰਾਲੇ ਵੀ ਹੋ ਰਹੇ ਹਨ। ਲਾਹੌਰ ਵਿਚ ਸ਼ਾਹ ਹੁਸੈਨ ਦੇ ਹੁਜਰੇ ਵਿਚ ਆਪਣੀ ਜ਼ਿੰਦਗੀ ਦੀਆਂ ਆਖਰੀ ਘੜੀਆਂ ਗਿਣ ਰਹੇ ਲਹਿੰਦੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਉਸਤਾਦ ਦਾਮਨ ਨੇ ਪੁਕਾਰ ਪੁਕਾਰ ਕੇ ਕਿਹਾ ਸੀ;

ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।

ਇਕ ਪੰਜਾਬੀ ਮੁਸ਼ਾਇਰੇ ਵਿਚ ਕਿਸੇ ਨੇ ਕਿਹਾ ਸੀ ਕਿ ਜਿਨਾ ਚਿਰ ਪੰਜਾਬੀ ਬੱਚੇ ਨੂੰ ਜਨਮ ਦੇਣ ਵਾਲੀ ਇਕ ਵੀ ਪੰਜਾਬੀ ਮਾਂ ਜਿਊਂਦੀ ਹੈ, ਪੰਜਾਬੀ ਭਾਸ਼ਾ ਮਰ ਨਹੀਂ ਸਕਦੀ। ਇੰਗਲੈਂਡ, ਕੇਨੈਡਾ, ਅਮਰੀਕਾ, ਆਸਟ੍ਰੇਲੀਆ ਅਤੇ ਕੀਨੀਆ ਵਿਚ ਪੰਜਾਬੀ ਪਰਵਾਸੀ ਵਸਿਆ ਹੋਇਆ ਹੈ। ਇਨ੍ਹਾਂ ਮੁਲਕਾਂ ਵਿਚ ਪੰਜਾਬੀ ਸਪਤਾਹਿਕ ਅਖਬਾਰਾਂ ਤੇ ਮਾਸਿਕ ਰਸਾਲਿਆਂ ਦੀ ਭਰਮਾਰ ਹੈ। ਸਾਹਿਤ ਸਭਾਵਾਂ, ਲੇਖਕ ਸਭਾਵਾਂ ਵਿਚ ਸਾਹਿਤਕਾਰ ਜਥੇਬੰਦਕ ਰੂਪ ਵਿਚ ਮਾਤ ਭਾਸ਼ਾ ਤੇ ਸਭਿਆਚਾਰ ਦੀ ਰਾਖੀ ਲਈ ਯਤਨਸ਼ੀਲ ਵੀ ਹਨ।

**ਕੀ ਕਰਨਾ ਲੋੜੀਏ:** ਬੀ.ਸੀ. ਕੇਨੈਡਾ ਇਸ ਲਈ ਰਾਹ ਦਸੇਰੇ ਦਾ ਕੰਮ ਕਰਦਾ ਹੈ। ਪੰਜਾਬੀ ਉਥੇ ਦੇ ਰਾਜਨੀਤਕ ਖੇਤਰ ਵਿਚ ਵੀ ਆਪਣੇ ਪੂਰੀ ਤਰ੍ਹਾਂ ਪੈਰ ਜਮਾਂ ਕੇ ਰਖਦਾ ਹੈ। ਬੀ.ਸੀ. ਕੇਨੈਡਾ, ਵਿਚ ਜਿਥੇ ਵੀ ਜਿਸ ਕਲਾਸ ਵਿਚ ਵੀ 20 ਵਿਦਿਆਰਥੀ, ਪੰਜਾਬੀ ਭਾਸ਼ਾ ਸਿਖਣ ਦੀ ਮੰਗ ਕਰਦੇ ਹਨ ਸਿਖਿਆ ਵਿਭਾਗ ਸੁਸਿਖਿਅਤ ਅਧਿਆਪਕ ਦਾ ਪ੍ਰਬੰਧ ਕਰਦਾ ਹੈ। ਜਿਥੇ ਵੀ ਪੰਜਾਬੀ ਗਿਨਣਯੋਗ ਵਸੋਂ ਵਿਚ ਹੈ ਇਹ ਢੰਗ ਅਪਨਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਕੀਨੀਆਂ ਨੈਰੋਬੀ ਵਿਚ ਪੰਜਾਬੀਆਂ ਨੇ ਆਪਣੇ ਸਕੂਲ ਖੋਲ੍ਹੇ ਹੋਏ ਹਨ। ਉਸ ਦੇਸ਼ ਦੇ ਵਿਸ਼ੇ ਤੇ ਸਲੇਬਸ ਦੇ ਨਾਲ ਨਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਇਨ੍ਹਾਂ ਸਕੂਲਾਂ ਵਿਚ ਛੁਟੀਆਂ ਦੇ ਸਮੇਂ ਪੰਜਾਬੀ ਭਾਸ਼ਾ ਦਾ ਗਿਆਨ ਦੇਣ ਲਈ ਕਲਾਸਾਂ ਲਗਦੀਆਂ ਹਨ।

ਪਰਦੇਸੀਂ ਬੈਠੇ ਪੰਜਾਬੀ ਪਰਿਵਾਰਾਂ ਦੇ ਬਜ਼ੁਰਗਾਂ ਨੂੰ ਆਪਣੇ ਪੋਤੇ, ਪੋਤੀਆਂ, ਦੋਹਤਰੇ-ਦੋਹਤਰੀਆਂ ਨੂੰ ਮਾਤ ਭਾਸ਼ਾ ਦਾ ਗਿਆਨ ਦੇਣਾ ਚਾਹੀਦਾ ਹੈ। ਘਰਾਂ ਵਿਚ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕੀਤੀ ਜਾਵੇ ਤਾਂ ਉਹ ਸ਼ੁਧ ਸਰਲ ਪੰਜਾਬੀ ਬੋਲ ਸਕਣ।

ਪਰਦੇਸ਼ ਵਿਚ ਗੁਰਦਵਾਰਿਆਂ ਵਿਚ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਲਾਉਣ ਦੇ ਯਤਨ ਕੀਤੇ ਜਾਂਦੇ ਹਨ ਪਰ ਸਫਲਤਾ ਨਹੀਂ ਮਿਲਦੀ। ਕਿਉਂਕਿ ਹਫਤੇ ਵਿਚ ਕੇਵਲ ਇਕ ਦਿਨ ਐਤਵਾਰ ਨੂੰ ਹੀ ਕੀਤੇ ਯਤਨ ਕਾਰਗਰ ਸਿੱਧ ਨਹੀਂ ਹੋ ਸਕਦੇ। ਸਮਰ ਸਕੂਲ, ਲੰਬੀਆਂ ਛੁਟੀਆਂ ਦੇ ਦਿਨਾਂ ਵਿਚ ਕਲਾਸਾਂ ਲਾਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਸਫਲਤਾ ਮਿਲ ਸਕਦੀ ਹੈ। ਇਨ੍ਹਾਂ ਯਤਨਾਂ ਨੂੰ ਕੇਵਲ ਧਾਰਮਿਕ ਸਿੱਖਿਆ ਤਕ ਸੀਮਤ ਨਾ ਕੀਤਾ ਜਾਵੇ।

ਯੂਨੈਸਕੋ ਅਤੇ ਬੀ ਬੀ ਸੀ ਲੰਡਨ ਦੀਆਂ ਰਿਪੋਰਟਾਂ ਅਨੁਸਾਰ ਪੰਜਾਬੀ ਭਾਸ਼ਾ ਲਈ ਨੇੜਲੇ ਭਵਿੱਖ ਵਿਚ ਆ ਰਹੇ ਖਤਰਿਆਂ ਦੇ ਸਨਮੁਖ ਸਾਨੂੰ ਸੰਸਾਰੀਕਰਨ ਦੇ ਘਟਨਾਚੱਕਰ ਨੂੰ ਧਿਆਨ ਵਿਚ ਰਖਦਿਆਂ ਮਾਂ ਬੋਲੀ, ਭਾਸ਼ਾ ਤੇ ਸਭਿਆਚਾਰ ਨੂੰ ਬਚਾਉਣ ਲਈ ਨਿਰੰਤਰ ਜਥੇਬੰਦਕ ਸਮੂਹਕ ਯਤਨ ਜਾਰੀ ਰਖਣੇ ਹੋਣਗੇ।

## ਬੋਲੀ ਪੰਜ ਦਰਿਆਵਾਂ ਦੀ

ਬਾਣੀ ਮੈਂ ਫਰੀਦ ਦੀ, ਸੁਖਨ ਮੀਆਂ ਵਾਰਿਸ ਦਾ
ਬੁੱਲੇ ਦੀ ਸਾਰੰਗੀ ਦੀ ਮਿੱਠੀ ਮਿੱਠੀ ਤਾਨ ਹਾਂ।
ਲੋਰੀ ਦਾ ਅਲਾਪ ਤੇ ਗੜ੍ਹੀਰੇ ਦਾ ਮੈਂ ਗੀਤ ਹਾਂ
ਗੁੱਡੀਆਂ ਪਟੋਲਿਆਂ ਤੇ ਕਿੱਕਲੀ ਦੀ ਸ਼ਾਨ ਹਾਂ।

ਮਿਰਜ਼ੇ ਦੀ ਸੱਦ ਹਾਂ ਤੇ ਰਾਂਝੇ ਦੀ ਵੰਝਲੀ ਮੈਂ
ਹੀਰ ਦਾ ਦੁਪੱਟਾ ਪੰਜਾਂ ਪਾਣੀਆਂ ਦਾ ਮਾਣ ਹਾਂ।
ਹਾਸ਼ਮ ਦੀ ਹੇਕ ਹਾਂ ਤੇ ਪੀਲੂ ਦੀ ਮੈਂ ਆਤਮਾ
ਸੱਚੀ-ਮੁੱਚੀ ਹੀਰਿਆਂ ਤੇ ਮੋਤੀਆਂ ਦੀ ਖਾਣ ਹਾਂ।

ਬੋਲੀ ਮੈਂ ਸਿਹਰਿਆਂ ਦੀ, ਗੌਣ ਹਾਂ ਗਿੱਧਿਆਂ ਦਾ
ਪੀੜ੍ਹੀ ਡਾਹ ਕੇ ਬੈਠੀ ਪਿੜ ਵਿਚ ਮੈਂ ਰਕਾਨ ਹਾਂ।
ਸੋਂਹ ਮੈਨੂੰ ਲੱਗੇ ਮੀਆਂ ਰਾਂਝਣੇ ਦੀ ਵੰਝਲੀ ਦੀ
ਮੈਂ ਹਾਂ ਪੰਜਾਬੀ ਜੋ ਪੰਜਾਬ ਦੀ ਜ਼ੁਬਾਨ ਹਾਂ।

ਸ਼ਰਫ ਜੀ ਦੀ ਸ਼ਾਨ ਹਾਂ ਤੇ ਨੂਰ ਨੂਰਪੁਰੀ ਦਾ ਮੈਂ
ਰੂਹ ਮੈਂ ਹਾਂ ਬਟਾਲੇ ਵਾਲੇ ਕਾਦਰਯਾਰ ਦੀ।
ਕੀ ਜੀਣਾ ਹੁਣ ਮੇਰੀ ਖੁੱਬਤੀ ਦਾ ਸੋਹਣਿਆ ਵੇ
ਅੱਧੀ ਹਾਂ ਮੈਂ ਤੇਰੀ ਅੱਧੀ ਹਾਂ ਝਨਾਉਂ ਪਾਰ ਦੀ।

ਪੂਰਨ ਦੀ ਸੁੰਦਰਾਂ ਮੈਂ ਗੋਰਖ ਦੀ ਗੋਦੜੀ ਹਾਂ
ਰਾਵੀ ਵਿਚ ਡੁੱਬਦੀ ਮੈਂ ਚੀਕ ਬੇਗੋ ਨਾਰ ਦੀ।
ਸਿੱਠਣੀ ਦੀ ਗੁੜ੍ਹਤੀ ਤੇ ਨੱਥ ਹਾਂ ਸੁਹਾਗ ਦੀ ਮੈਂ
ਬੋਲੀਆਂ ਤੇ ਟੱਪਿਆਂ ਦੇ ਦੰਗਲ ਨਾ ਹਾਰਦੀ।

ਡੋਗਰੀ, ਪਹਾੜੀ, ਮਲਵਾਈ ਤੇ ਦੁਆਬੇ ਵਿਚ
ਜੀਵੇਂ ਮੁਲਤਾਨੀ, ਮਾਝੀ ਧੀ ਪੋਠੋਹਾਰ ਦੀ।
ਬੋਲੀ ਹਾਂ ਪੰਜਾਬੀ ਪੰਜਾ ਪਾਣੀਆਂ 'ਚ ਰਸ ਮੇਰਾ
ਪੀ ਲਵੇ ਜਿਹੜਾ ਉਹਦੀ ਹਿੱਕੜੀ ਨੂੰ ਠਾਰਦੀ।

ਜਿਵੇਂ ਜਿਵੇਂ ਛਾਂਗਦੇ ਹੋ ਤਿਵੇਂ ਤਿਵੇਂ ਫੈਲਦੀ ਹਾਂ
ਤੂਤ ਦੀ ਲਗਰ ਮੈਂ, ਟਹਿਣੀ ਹਾਂ ਮੈਂ ਗੁਲਾਬ ਦੀ।
ਮੇਰੀ ਹੈ ਮਿਠਾਸ ਮਾਂ ਦੇ ਸੱਚੇ ਸੁੱਚੇ ਦੁੱਧ ਜੇਹੀ
ਗੁੜ ਦੀ ਮੈਂ ਡਲੀ ਤੇ ਕਟੋਰੀ ਹਾਂ ਮੈਂ ਰਾਬ ਦੀ।

ਅੱਖਾਂ ਦੀ ਭਾਸ਼ਾ ਨੂੰ ਉਲੀਕਤ ਕਰਨਾ ਚਾਹੇ ਕੋਈ
ਬਾਵਾਂ ਦੀ ਤਾਲ ਮੈਂ ਗੱਲ ਕਰਾਂ ਖ਼ਾਬ ਦੀ।
ਮੇਰੇ ਜੁੱਸੇ ਵਿਚ ਨਿੰਬਦੀ ਕਵੀਆਂ ਦੀ ਕਲਪਨਾ
ਬਾਜ ਦੀ ਮੈਂ ਅੱਖ ਤੇ ਉਡਾਰੀ ਹਾਂ ਉਕਾਬ ਦੀ।

ਆਂਢਣਾਂ ਗੁਆਂਢਣਾਂ ਵੀ ਸੜ ਮੱਚ ਜਾਣ ਉਦੋਂ
ਗੱਲ ਸਮਝ ਲੈਣ ਜਦੋਂ ਮੇਰੇ ਰੋਅਬ ਦਾਬ ਦੀ।
ਤੈਨੂੰ ਮੁਬਾਰਕ ਮਿੱਟੀ ਸੈਆਂ ਮੁਲਕਾਂ ਦੀ
ਭੁੱਲੀਂ ਨਾ ਮੈਨੂੰ ਮੈਂ ਬੋਲੀ ਹਾਂ ਪੰਜਾਬ ਦੀ।

*-ਕੰਵਰ ਇਮਤਿਆਜ਼*
*ਸਿਧਵਾਂ ਦੋਨਾ, ਕਪੂਰਥਲਾ*

## ਕਾਵਿ-ਮੰਚ

## ਸਤਿਗੁਰੂ ਨਾਨਕ

*-ਸੁਰਜੀਤ ਕੌਰ, ਸੈਕਰਾਮੈਂਟੋ**

ਪਿੰਡ ਤਲਵੰਡੀ ਰਾਇ ਭੁਇੰ ਦੀ ਜਿਥੇ ਬਾਬਾ ਕਾਲੂ ਰਹਿੰਦਾ
ਮਹਿਤਾ ਕਾਲੂ ਦੇ ਘਰ ਕੋਲੇ ਨਾਲ ਹੀ ਚਾਚਾ ਲਾਲੂ ਰਹਿੰਦਾ
ਮਾਂ ਤ੍ਰਿਪਤਾ ਸੀ ਤ੍ਰਿਪਤੀ ਹੋਈ ਫਿਰ ਵੀ ਮਾਂ ਨੂੰ ਭੁਖ ਸੀ ਰਹਿੰਦੀ
ਕਦ ਵਿਹੜੇ ਵਿਚ ਪੁੱਤਰ ਖੇਡੇ ਮਾਂ ਸੀ ਸੁਖਨਾ ਸੁੱਖਦੀ ਰਹਿੰਦੀ
ਲਾਡ ਲਡਿਕੀ ਨਾਨਕੀ ਉਸਦੀ ਰੱਬ ਵਰਗਾ ਇਕ ਵੀਰ ਹੈ ਮੰਗਦੀ
ਆਪਣੇ ਬਾਬਲ ਰਾਜੇ ਦੇ ਲਈ ਸੋਹਣਾ ਜਿਹਾ ਵਜ਼ੀਰ ਹੈ ਮੰਗਦੀ
ਉਠਦੀ ਬਹਿੰਦੀ ਰੱਬ ਨੂੰ ਕਹਿੰਦੀ ਨਿਕਾ ਜਿਹਾ ਇਕ ਵੀਰਾ ਦੇ ਦੇ
ਜਿਸਦਾ ਮੁਲ ਨਾ ਕੋਈ ਪਾ ਸਕੇ ਉਹ ਵਡਮੁੱਲਾ ਹੀਰਾ ਦੇ ਦੇ
ਰੱਬ ਨਾਲ ਗੱਲਾਂ ਕਰਦੀ ਕਰਦੀ ਭੈਣ ਨਾਨਕੀ ਰੱਜ ਕੇ ਰੋਈ
ਤਾਰਨਹਾਰੇ ਭਗਤ ਵੱਛਲ ਨੇ ਸੁਣ ਲੀਤੀ ਉਸਦੀ ਅਰਜੋਈ
ਸਿਰ 'ਤੇ ਹੱਥ ਰੱਖ ਕੇ ਕਹਿੰਦੇ ਪਹੁੰਚ ਗਈ ਅਰਦਾਸ ਹੈ ਤੇਰੀ
ਵੀਰ ਤੇਰਾ ਬਣ ਆ ਜਾਵਾਂਗਾ ਪੂਰੀ ਕਰ ਦਿਆਂ ਆਸ ਮੈਂ ਤੇਰੀ
ਅੰਮ੍ਰਿਤ ਵੇਲਾ ਪੁੰਨਿਆਂ ਦਾ ਦਿਨ ਤਲਵੰਡੀ ਵਿਚ ਵਜੀ ਵਧਾਈ
ਕੂੜ ਹਨੇਰੇ ਉਡ ਗਏ ਸਾਰੇ ਚਹੁੰ ਕੁੰਟੀ ਹੋ ਗਈ ਰੁਸ਼ਨਾਈ
ਮਹਿਕਾਂ ਨਾਲ ਹਵਾਵਾਂ ਭਰੀਆਂ ਸਾਰੀ ਦੁਨੀਆਂ ਗਈ ਮਹਿਕਾਈ
ਸੰਤ ਉਬਾਰਨ ਪਾਪੀ ਤਾਰਨ ਰੱਬੀ ਜੋਤ ਧਰਤ 'ਤੇ ਆਈ
ਸਚ ਚੰਦਰਮਾ ਐਸਾ ਚੜ੍ਹਿਆ ਕੂੜ ਹਨੇਰੇ ਦੂਰ ਹੋ ਗਏ
ਪੰਡਿਤ ਮੁਲਾਂ ਪਾਂਧੇ ਸਾਰੇ ਤੱਕ ਕੇ ਨੂਰੋ ਨੂਰ ਹੋ ਗਏ
ਦਿਲ ਦਰਿਆ ਜੋ ਸੁਕੇ ਪਏ ਸੀ, ਪਿਆਰ ਨਾਲ ਭਰਪੂਰ ਹੋ ਗਏ
ਸੱਜਣ ਠੱਗ ਤੇ ਵਲੀ ਕੰਧਾਰੀ ਟੁੱਟ ਕੇ ਚਕਨਾ ਚੂਰ ਹੋ ਗਏ।
ਤਾਰਨਹਾਰ ਸਤਿਗੁਰੂ ਮੇਰਾ ਜਿਸਦੇ ਦਰ 'ਤੇ ਝੁਕੀ ਲੋਕਾਈ
ਤੇਰਾ ਤੇਰਾ ਤੋਲ ਤੋਲ ਕੇ ਜਿਸਨੇ ਜੱਗ ਦੀ ਭੁਖ ਮਿਟਾਈ
ਨਾ ਕੋ ਬੈਰੀ ਨਹੀ ਬੇਗਾਨਾ, ਸਗਲ ਸੰਗ ਹਮ ਕੋ ਬਨਿਆਈ
ਉਸ ਮੇਰੇ ਗੁਰੂ ਨਾਨਕ ਤਾਈਂ ਝੁਕ ਝੁਕ ਸੱਜਦੇ ਕਰੇ ਖੁਦਾਈ
ਵਿਚ ਸੁਲਤਾਨ ਪੁਰੇ ਦੇ ਬੈਠੀ ਭੈਣ ਨਾਨਕੀ ਵਾਜਾਂ ਮਾਰੇ
ਹੱਥ ਜੋੜ ਅਰਦਾਸਾਂ ਕਰਦੀ ਹਰ ਪਲ ਰਸਤਾ ਪਈ ਨਿਹਾਰੇ।
ਫੁਲਕਾ ਫੁਲਿਆ ਯਾਦ ਤੇਰੀ ਵਿਚ ਆ ਕੇ ਖਾ ਲੈ ਵੀਰ ਪਿਆਰੇ
ਚਲ ਮਰਦਾਨਿਆਂ ਛੇਤੀ ਚੱਲੀਏ ਬੇਬੇ ਸਾਨੂੰ ਪਈ ਪੁਕਾਰੇ
ਸਤਿਨਾਮ ਸ੍ਰੀ ਵਾਹਿਗੁਰੂ ਕਹਿ ਗੁਰੂ ਨਾਨਕ ਬੂਹਾ ਖੜਕਾਇਆ
ਬੇਬੇ ਤੱਕਿਆ ਵੀਰ ਖਲੋਤਾ ਅੱਖੀਆਂ ਵਿਚ ਪਾਣੀ ਭਰ ਆਇਆ
ਸਤਿਗੁਰੂ ਨਾਨਕ ਹੱਥ ਜੋੜ ਕੇ ਬੇਬੇ ਦੇ ਪੈਰੀਂ ਹਥ ਲਾਇਆ
ਨਾਲ ਪ੍ਰੇਮ ਦੇ ਖਾਧਾ ਫੁਲਕਾ, ਬੇਬੇ ਰਜ ਰਜ ਦਰਸ਼ਨ ਪਾਇਆ
ਸਤਿਗੁਰੂ ਨਾਨਕ ਖੇਤੀ ਕਰਕੇ ਸੋਹਣਾ ਪੁਰ ਕਰਤਾਰ ਵਸਾਇਆ
ਖੱਤਰੀ ਬ੍ਰਾਹਮਣ ਸੂਦ ਵੈਸ਼ ਵਿਚ ਇਕੋ ਸਿਰਜਣ ਹਾਰ ਦਿਖਾਇਆ
ਜਾਹਰੀ ਕਲਾ ਦਿਖਾਈ ਜੱਗ ਨੂੰ, ਮੱਕਾ ਪੈਰਾਂ ਨਾਲ ਘੁਮਾਇਆ
ਤਾਹੀਓਂ ਸਾਰੀ ਦੁਨੀਆਂ ਆਖੇ, ਕਲ ਤਾਰਣ ਗੁਰੂ ਨਾਨਕ ਆਇਆ
ਅੱਜ ਦੇ ਸਿੱਖਾਂ ਦੀ ਗੱਲ ਕਰੀਏ, ਸਿੱਖਾਂ ਦੇ ਨੇ ਰੰਗ ਨਿਆਰੇ
ਗੁਰੂਘਰਾਂ ਵਿਚ ਕਰਨ ਲੜਾਈਆਂ, ਲੱਥੀਆਂ ਪੱਗਾਂ ਕੇਸ ਖਿਲਾਰੇ
ਸ਼ਰਮ ਧਰਮ ਸਭ ਵੇਚ ਕੇ ਖਾ ਗਏ, ਲੁੱਟਣ ਗੋਲਕਾਂ ਤੋੜ ਕੇ ਤਾਲੇ
ਚੌਧਰ ਖਾਤਰ ਲੜ ਲੜ ਮਰਦੇ ਕੌਣ, ਇਨ੍ਹਾਂ ਨੂੰ ਰਾਹ ਵਿਖਾਵੇ
ਸੁੱਤੀ ਹੋਈ ਮਨੁੱਖਤਾ ਤਾਈਂ ਗੁਰੂ ਨਾਨਕ ਨੇ ਆਣ ਜਗਾਇਆ
ਮਲਕ ਭਾਗੋ ਜਿਹੇ ਬੰਦਿਆਂ ਤਾਈਂ ਸੱਚ ਦੇ ਸੋਹਣੇ ਰਸਤੇ ਪਾਇਆ
ਲਾਲੋ ਜਿਹੇ ਗਰੀਬਾਂ ਤਾਈਂ ਬਾਹੋਂ ਫੜ ਕੇ ਗਲ ਨਾਲ ਲਾਇਆ
ਦੱਬੇ ਕੁਚਲੇ ਲੋਕਾਂ ਤਾਈਂ ਜ਼ਿੰਦਗੀ ਜਿਊਣ ਦਾ ਸਬਕ ਸਿਖਾਇਆ
ਫਿਰਾਂ ਭਟਕਦੀ ਕਈ ਜਨਮਾਂ ਤੋਂ ਪੂਰੀ ਕਰੋ ਤਲਾਸ਼ ਇਹ ਮੇਰੀ
ਆਪਣੇ ਨਾਮ ਦਾ ਅੰਮ੍ਰਿਤ ਦੇ ਦੇ, ਮੁਕ ਜਾਵੇ ਪਿਆਸ ਇਹ ਮੇਰੀ
ਸਦਾ ਤੇਰੇ ਗੁਣ ਗਾਈ ਜਾਵਾਂ, ਪੂਰੀ ਕਰਦੇ ਆਸ ਇਹ ਮੇਰੀ
ਰਹਿਮਤ ਦਾ ਹੱਥ ਸਿਰ ਧਰ ਕੇ ਸੁਣ ਲੈ ਅੱਜ ਅਰਦਾਸ ਇਹ ਮੇਰੀ
ਜਦ ਤੱਕ ਇਸ ਧਰਤੀ ਦੇ 'ਤੇ, ਮਾਨਵਤਾ ਆਬਾਦ ਰਹੇਗੀ
ਉਦੋਂ ਤਕ ਜਗਤ ਵਿਚ ਜਗਤ ਬਾਬੇ ਨਾਨਕ ਦੀ ਯਾਦ ਰਹੇਗੀ।

**ਹਜ਼ੂਰੀ ਰਾਗੀ ਸ੍ਰੀ ਗੁਰੂ ਰਵਿਦਾਸ ਟੈਂਪਲ,*
*ਪਿਟਸਬਰਗ ਕੈਲੀਫੋਰਨੀਆ।*

# ਪੰਜਾਬੀ ਫਿਲਮ ਸੰਗੀਤ:ਸਰਦੂਲ ਕਵਾਤੜਾ ਅਤੇ ਉਸ ਦਾ ਖ਼ੂਬਸੂਰਤ ਸੰਗੀਤ

**ਹਰਜਾਪ ਸਿੰਘ ਔਜਲਾ**

ਕਈ ਵਾਰੀ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਇਤਿਹਾਸ ਦਾ ਬਹੁਤ ਕੁਝ ਬਿਨਾ ਰਿਕਾਰਡ ਕੀਤੇ ਲੰਘ ਗਿਆ ਹੈ। ਹਾਲਾਂਕਿ ਅੱਜ ਕੱਲ੍ਹ ਪੰਜਾਬੀ ਪੌਪ ਸੰਗੀਤ ਭਾਰਤੀ ਸੰਗੀਤ ਸਨਅਤ ਉਪਰ ਭਾਰੂ ਹੈ ਫਿਰ ਵੀ ਕਿਸੇ ਨੇ ਇਸ ਸੰਗੀਤ ਦੇ ਮੂਲ ਪੰਜਾਬੀ ਲੋਕ ਅਤੇ ਸੁਗਮ ਸੰਗੀਤ ਦੀ ਮੁਢਲੇ ਸਮਿਆਂ ਦੀ ਖੋਜ ਪੜਤਾਲ ਕਰਨ ਦੀ ਕਦੀ ਕਿਸੇ ਨੇ ਜਹਿਮਤ ਨਹੀਂ ਉਠਾਈ। ਪੰਜਾਬੀ ਸਿਨੇਮੇ ਉਤੇ ਵੀ ਘੱਟ ਹੀ ਕੋਈ ਸਮੱਗਰੀ ਮੈਨੂੰ ਪੜ੍ਹਨ ਨੂੰ ਮਿਲੀ ਹੈ। ਕਿੱਡੀ ਸ਼ਰਮ ਵਾਲੀ ਗੱਲ ਹੈ! ਇਹ ਲੇਖ ਪੰਜਾਬੀ ਫਿਲਮ ਸੰਗੀਤ ਬਾਰੇ ਜਿੰਨੀ ਕੁ ਮੈਨੂੰ ਜਾਣਕਾਰੀ ਹੈ ਉਸ ਨੂੰ ਰਿਕਾਰਡ ਕਰਨ ਦੀ ਕੋਸ਼ਿਸ਼ ਹੈ।

ਤੁਹਾਨੂੰ ਹੈਰਾਨੀ ਹੋਵੇਗੀ ਕਿ ਪੰਜਾਬੀ ਫਿਲਮਾਂ ਦਾ ਇਤਿਹਾਸ ਵੀ ਉਨਾ ਹੀ ਪੁਰਾਣਾ ਹੈ ਜਿੰਨਾ ਕਿ ਹਿੰਦੀ ਸਿਨੇਮੇ ਦਾ। ਹਿੰਦੀ ਵਿਚ ਪਹਿਲੀ ਬੋਲਣ ਵਾਲੀ ਫਿਲਮ 'ਅਲਾਮ ਅਰਾ' 1931 ਵਿਚ ਬਣੀ ਸੀ ਜਦੋਂਕਿ ਪਹਿਲੀ ਪੰਜਾਬੀ ਫਿਲਮ 1934 ਵਿਚ ਬਣੀ ਸੀ। ਬਦਕਿਸਮਤੀ ਨਾਲ ਇਸ ਫਿਲਮ ਦਾ ਪ੍ਰਿੰਟ ਆਪਣੇ ਇਤਿਹਾਸ ਅਤੇ ਵਿਰਸੇ ਪ੍ਰਤੀ ਸਾਡੀ ਅਣਗਹਿਲੀ ਦੀ ਭੇਟ ਚੜ੍ਹ ਗਿਆ। ਜੇ ਅੱਜ ਵੀ ਅਸੀਂ ਆਪਣੇ ਇਤਿਹਾਸ ਨੂੰ ਰਿਕਾਰਡ ਕਰਨਾ ਸ਼ੁਰੂ ਕਰੀਏ ਤਾਂ ਦੇਰ ਨਹੀਂ ਹੋਈ। ਮੈਂ ਸੋਚਦਾ ਹਾਂ ਕਿ ਸਾਨੂੰ ਆਪਣੀਆਂ ਫਿਲਮਾਂ ਅਤੇ ਉਨ੍ਹਾਂ ਦੇ ਸੰਗੀਤ ਨੂੰ ਸੁਰੱਖਿਅਤ ਰੱਖਣ ਲਈ ਇਕ ਆਰਕਾਈਵ ਕਾਇਮ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਆਪਣੀ ਖੋਜ ਦੇ ਆਧਾਰ ਉਪਰ ਮੈਂ ਪੰਜਾਬੀ ਸੰਗੀਤ ਡਾਇਰੈਕਟਰਾਂ ਨੂੰ ਤਿੰਨ ਵੱਖ-ਵੱਖ ਪੀੜ੍ਹੀਆਂ ਵਿਚ ਵੰਡਦਾ ਹਾਂ। ਪਹਿਲੀ ਪੀੜ੍ਹੀ ਮੋਢੀ ਸੰਗੀਤਕਾਰਾਂ ਦੀ ਹੈ ਜਿਨ੍ਹਾਂ ਕੋਲ ਅਨੁਸਰਨ ਕਰਨ ਲਈ ਕੋਈ ਰੋਲ ਮਾਡਲ ਨਹੀਂ ਸਨ। ਦੂਜੀ ਪੀੜ੍ਹੀ ਉਹ ਸੀ ਜਿਨ੍ਹਾਂ ਨੇ ਨਵੀਆਂ ਲੀਹਾਂ ਪਾਈਆਂ। 1980 ਤੋਂ ਬਾਅਦ ਪੌਪ ਸੰਗੀਤ ਦਾ ਸਮਾਂ ਆਉਂਦਾ ਹੈ ਜਦੋਂ ਪੰਜਾਬੀ ਫਿਲਮ ਸੰਗੀਤ ਅਤੇ ਲੋਕ ਸੰਗੀਤ ਵਿਚ ਨਵੇਂ ਤਜ਼ਰਬੇ ਹੋਣ ਲੱਗੇ। ਮੈਂ ਪੰਜਾਬੀ ਸੰਗੀਤ ਦੇ ਸਮਕਾਲੀ ਨਿਰਦੇਸ਼ਕਾਂ ਸੰਬੰਧੀ ਗੱਲ ਨਹੀਂ ਕਰਾਂਗਾ, ਜਿਹੜੇ ਪੰਜਾਬੀ ਸੰਗੀਤ ਤਿਆਰ ਕਰਦੇ ਹਨ ਅਤੇ ਬਦਲੇ ਵਿਚ ਵੱਡੇ ਗੱਫੇ ਹਾਸਲ ਕਰ ਰਹੇ ਹਨ। ਮੈਂ ਸੋਚਦਾ ਹਾਂ ਕਿ 1934 ਤੋਂ ਲੈ ਕੇ 1979 ਤੱਕ ਦੇ ਉਸ ਸਮੇਂ ਬਾਰੇ ਲਿਖਣਾ ਜ਼ਿਆਦਾ ਉਚਿਤ ਹੋਵੇਗਾ ਜਿਸ ਵਿਚ ਸੰਗੀਤ ਡਾਇਰੈਕਟਰਾਂ ਨੇ ਵੱਡਾ ਸੰਘਰਸ਼ ਕੀਤਾ ਅਤੇ ਜਿਨ੍ਹਾਂ ਦੀਆਂ ਯਾਦਾਂ ਹੁਣ ਮਿੱਟ ਰਹੀਆਂ ਹਨ ਅਤੇ ਜਲਦੀ ਹੀ ਲੋਕ ਉਨ੍ਹਾਂ ਨੂੰ ਭੁੱਲਣਾ ਸ਼ੁਰੂ ਕਰ ਦੇਣਗੇ।

ਪਹਿਲਾ ਪੰਜਾਬੀ ਮਿਊਜ਼ਿਕ ਡਾਇਰੈਕਟਰ ਉਸਤਾਦ ਝੰਡੇ ਖਾਨ ਸੀ, ਦੂਜਾ ਸੀ ਰਫੀਕ ਗਜ਼ਨਵੀ ਬੀ. ਏ., ਤੀਜੇ, ਚੌਥੇ ਅਤੇ ਪੰਜਵੇਂ ਪੰਜਾਬੀ ਮਿਊਜ਼ਿਕ ਡਾਇਰੈਕਟਰ ਸਨ, ਗੁਲਾਮ ਹੈਦਰ, ਪੰਡਿਤ ਅਮਰਨਾਥ ਅਤੇ ਪੰਡਿਤ ਗੋਵਿੰਦ ਰਾਮ। ਉਨ੍ਹਾਂ ਸਭਨਾਂ ਨੇ ਆਪਣਾ ਸਿਖਰ 1950 ਵਿਚ ਹੰਢਾਇਆ। ਇਸ ਸ਼੍ਰੇਣੀ ਵਿਚ ਦੋ ਹੋਰ ਸੰਗੀਤ ਨਿਰਦੇਸ਼ਕ ਦਲੀਪ ਚੰਦਰ ਵੇਦੀ ਅਤੇ ਹਰੀਸ਼ ਚੰਦਰ ਬਾਲੀ ਵੀ ਆਉਂਦੇ ਹਨ ਪਰ ਉਨ੍ਹਾਂ ਦਾ ਕੰਮ ਬਹੁਤ ਥੋੜ੍ਹਾ ਹੈ। ਪੰਜਾਬੀ ਸੰਗੀਤ ਨਿਰਦੇਸ਼ਕਾਂ ਦੀ ਦੂਜੀ ਪੀੜ੍ਹੀ ਵਿਚ ਖੁਰਸ਼ੀਦ ਅਨਵਰ, ਫਿਰੋਜ਼ ਨਿਜ਼ਾਮੀ, ਰਸ਼ੀਦ ਅਤਰੇ, ਮਾਸਟਰ ਇਨਾਇਤ ਹੁਸੈਨ, ਸ਼ਿਆਮ ਸੁੰਦਰ, ਪੰਡਿਤ ਹੁਸਨ ਲਾਲ, ਭਗਤ ਰਾਮ, ਹੰਸ ਰਾਜ ਬਹਿਲ, ਵਿਨੋਦ, ਅੱਲਾ ਰੱਖਾ ਕੁਰੈਸ਼ੀ, ਸ਼ਿਵ ਦਿਆਲ ਬਾਤਿਸ਼, ਮਦਨ ਮੋਹਨ, ਸਰਦੂਲ ਕਵਾਤੜਾ, ਐਸ. ਮੋਹਿੰਦਰ, ਰੋਸ਼ਨ, ਰਵੀ, ਖਯਾਮ, ਕੇ. ਪੰਨਾ ਲਾਲ, ਪੰਡਿਤ ਅਮਰਨਾਥ (ਦੂਜਾ), ਓ.ਪੀ. ਨਈਅਰ ਅਤੇ ਊਸ਼ਾ ਖੰਨਾ ਦੇ ਨਾਂ ਆਉਂਦੇ ਹਨ। ਉਨ੍ਹਾਂ ਵਿਚੋਂ ਕੁਝ ਨੇ ਪੰਜਾਬੀ ਫਿਲਮ ਲਈ ਸੰਗੀਤ ਤਿਆਰ ਨਹੀਂ ਕੀਤਾ ਪਰ ਇਨ੍ਹਾਂ ਸਾਰੀਆਂ ਦਾ ਪਿਛਾ ਪੰਜਾਬ ਦਾ ਸੀ।

ਇਨ੍ਹਾਂ ਸਭਨਾਂ ਵਿਚੋਂ ਜਿਨ੍ਹਾਂ ਨੂੰ ਮੈਂ ਨੇੜਿਓਂ ਜਾਣਦਾ ਹਾਂ ਉਹ ਹਨ ਐਸ. ਮੁਹਿੰਦਰ ਅਤੇ ਮਰਹੂਮ ਸਰਦੂਲ ਸਿੰਘ ਕਵਾਤੜਾ। ਇਹ ਲੇਖ ਮੁੱਖ ਤੌਰ 'ਤੇ ਸਰਦੂਲ ਕਵਾਤੜਾ (1928-2005) ਦੀ ਜ਼ਿੰਦਗੀ ਅਤੇ ਸੰਗੀਤ ਨਾਲ ਇਸ਼ਕ ਬਾਰੇ ਹੈ। ਸਰਦੂਲ ਸਿੰਘ ਕਵਾਤੜਾ ਪੰਜਾਬ ਦੀ ਪੁਰਾਣੀ ਰਾਜਧਾਨੀ ਲਾਹੌਰ 'ਚ ਜੰਮਿਆ ਪਲਿਆ ਬਚਪਨ ਤੋਂ ਹੀ ਸਰਦੂਲ ਸੰਗੀਤ ਦਾ ਆਸ਼ਿਕ ਸੀ। ਲਾਹੌਰ ਉਹ ਸ਼ਹਿਰ ਹੈ ਜਿਥੇ ਪੰਜਾਬੀ ਦੇ ਵੱਡੇ ਸੰਗੀਤਕਾਰਾਂ ਨੇ ਨਾਂ-ਥਾਂ ਕਮਾਇਆ। ਇਨ੍ਹਾਂ ਸਮਿਆਂ ਦੌਰਾਨ ਲਾਹੌਰ ਕਈ ਵੱਡੇ ਸੰਗੀਤਕਾਰਾਂ ਦੀ ਕਰਮ ਭੂਮੀ ਸੀ। ਸਰਦੂਲ ਜਦੋਂ ਸਕੂਲ ਵਿਚ ਪੜ੍ਹਦਾ ਸੀ ਤਾਂ ਇਸੇ ਦੌਰਾਨ ਉਸ ਨੇ ਸ. ਅਵਤਾਰ ਸਿੰਘ ਤੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਲਈ। ਸ. ਅਵਤਾਰ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਹੁਤੇ ਰਾਗਾਂ ਅਤੇ ਉਨ੍ਹਾਂ ਰਾਗਾਂ ਦੀ ਡੂੰਘੀ ਜਾਣਕਾਰੀ ਸੀ ਜਿਨ੍ਹਾਂ ਉਤੇ ਪੰਜਾਬ ਦੀਆਂ ਲੋਕ ਧੁਨਾਂ ਆਧਾਰਤ ਹਨ। ਮਰਦ ਗਾਇਕਾਂ ਵਿਚੋਂ ਸਰਦੂਲ ਅੰਮ੍ਰਿਤਸਰ ਦੇ ਆਗ਼ਾਹ ਫੈਜ਼ ਦਾ ਵੱਡਾ ਪ੍ਰਸ਼ੰਸਕ ਸੀ ਅਤੇ ਮਹਿਲਾ ਗਾਇਕਾਂ ਵਿਚੋਂ ਉਹ ਜ਼ੀਨਤ ਬੇਗਮ ਦਾ ਮੁਰੀਦ ਸੀ।

ਸਰਦੂਲ ਦਾ ਵਿਚਾਰ ਸੀ ਕਿ ਜ਼ੀਨਤ ਦੀ ਆਵਾਜ਼ ਸੰਗੀਤ ਵਿਚ ਗੁੰਨੀ ਹੋਈ ਹੁੰਦੀ ਹੈ। ਉਹ ਬੜੇ ਗੁਲਾਮ ਅਲੀ ਖ਼ਾਨ ਅਤੇ ਉਨ੍ਹਾਂ ਦੇ ਭਰਾ ਬਰਕਤ ਅਲੀ ਖ਼ਾਨ ਦਾ ਵੀ ਪ੍ਰਸ਼ੰਸਕ ਸੀ। ਆਪਣੇ ਬਚਪਨ ਤੋਂ ਹੀ ਸਰਦੂਲ ਨੂੰ ਕੇਂਦਰੀ ਪੰਜਾਬ ਦੇ ਗੀਤਾਂ ਹੀਰ, ਮਿਰਜ਼ਾ, ਟੱਪੇ, ਬੋਲੀਆਂ, ਜੁਗਨੀ, ਢੋਲਾ, ਮਾਹੀਆ, ਮੁਲਤਾਨੀ ਕਾਫੀ ਅਤੇ ਸੈਫੁਲ ਮਲੂਕ ਦੀਆਂ ਬੁਨਿਆਦੀ ਧੁਨਾਂ ਬਾਰੇ ਡੂੰਘੀ ਦਿਲਚਸਪੀ ਅਤੇ ਜਾਣਕਾਰੀ ਸੀ। ਪਿਛੋਂ ਜਦੋਂ ਸਰਦੂਲ ਸੰਗੀਤ ਨਿਰਦੇਸ਼ਕ ਬਣਿਆ ਤਾਂ ਇਹ ਗਿਆਨ ਉਸਦੇ ਬਹੁਤ ਕੰਮ ਆਇਆ।

ਮੈਂ ਸਰਦੂਲ ਦਾ ਕੰਮ ਪਹਿਲੀ ਵਾਰੀ ਉਦੋਂ ਵੇਖਿਆ ਜਦੋਂ ਕਵਾਤੜਾ ਪ੍ਰੋਡਕਸ਼ਨ ਦੀ ਪਹਿਲੀ ਪੰਜਾਬੀ ਫਿਲਮ 'ਪੋਸਤੀ' 1950 ਵਿਚ ਮੈਂ ਨਵੀਂ ਦਿੱਲੀ ਵਿਚ ਦੇਖੀ। ਬੱਚਾ ਹੋਣ ਕਰਕੇ ਮੈਂ ਭਾਵੇਂ ਉਸ ਫਿਲਮ ਦੀ ਕਹਾਣੀ ਨਾ ਸਮਝ ਸਕਿਆ ਪਰ ਇਸ ਫਿਲਮ ਦਾ ਗੀਤਾਂ ਦਾ ਮੈਂ ਉਦੋਂ ਵੀ ਰੱਜ ਕੇ ਆਨੰਦ ਮਾਣਿਆ ਅਤੇ ਇਨ੍ਹਾਂ ਗੀਤਾਂ ਦੀਆਂ ਧੁਨਾਂ ਅੱਜ ਵੀ ਮੈਨੂੰ ਯਾਦ ਹਨ। ਆਹਮੋ-ਸਾਹਮਣੇ ਮੈਂ ਉਸ ਨੂੰ ਪਹਿਲੀ ਵਾਰ 1957 ਵਿਚ ਅੰਮ੍ਰਿਤਸਰ ਮਿਲਿਆ। ਇਥੇ ਉਹ ਮੁਹੰਮਦ ਰਫੀ ਨਾਲ ਹਿੰਦੀ ਅਤੇ ਪੰਜਾਬ ਦੇ ਇਕ ਰਲੇਮਿਲੇ ਸੰਗੀਤ ਸੰਮੇਲਨ ਵਿਚ ਆਇਆ ਸੀ। ਇਸ ਵੇਲੇ ਉਸ ਨੇ ਪਿਆਨੋ ਵਜਾਈ ਅਤੇ ਉਹ ਮੇਲੇ ਦਾ ਮੰਚ ਸੰਚਾਲਕ ਵੀ ਸੀ।

ਦੂਜੀ ਵਾਰ ਮੈਂ ਉਸਨੂੰ ਚੰਡੀਗੜ੍ਹ ਦੇ 7 ਸੈਕਟਰ ਦੇ ਮੱਧਿਆ ਮਾਰਗ ਸ਼ਾਪਿੰਗ ਸੈਂਟਰ 'ਤੇ ਮਿਲਿਆ। ਇਹ ਅਚਨਚੇਤ ਮਿਲਣੀ ਸੀ। ਮੈਂ 1957 ਵਿਚ ਵੇਖੇ ਸਰਦੂਲ ਕਵਾਤੜਾ ਜਿਹੇ ਵਿਅਕਤੀ ਨੂੰ ਪਛਾਣਨ ਲੱਗਿਆ। ਪੁੱਛਣ 'ਤੇ ਉਸ ਨੇ ਕਿਹਾ ਕਿ ਮੈਂ ਸਰਦੂਲ ਕਵਾਤੜਾ ਹੀ ਹਾਂ ਅਤੇ ਮੁੰਬਈ ਤੋਂ ਚੰਡੀਗੜ੍ਹ ਪਰਤ ਆਇਆਂ ਹਾਂ। ਉਸ ਨੇ ਕਿਹਾ ਕਿ ਉਹ ਆਪਣੀਆਂ ਜੜ੍ਹਾਂ ਤਲਾਸ਼ ਕਰ ਰਿਹਾ ਹੈ ਅਤੇ ਇਥੇ ਫਿਲਮ ਇੰਸਟੀਚਿਊਟ ਖੋਲ੍ਹਣ ਦਾ ਇਛੁੱਕ ਹੈ। ਇਸ ਇੰਸਟੀਚਿਊਟ ਵਿਚ ਉਹ ਨਵੇਂ ਖਾਹਿਸ਼ਮੰਦਾਂ ਨੂੰ ਐਕਟਿੰਗ, ਡਾਇਰੈਕਸ਼ਨ, ਗਾਇਕੀ, ਡਾਂਸਿੰਗ ਅਤੇ ਤਰਜ਼ਾਂ ਆਦਿ ਬਣਾਉਣ ਦੀ ਸਿੱਖਿਆ ਦੇਵੇਗਾ। ਇਹ ਸੁਣ ਕੇ ਮੈਂ ਬਹੁਤ ਖੁਸ਼ ਹੋਇਆ। ਇਸ ਤੋਂ ਪਿੱਛੋਂ ਅਸੀਂ ਉਸ ਦੇ ਸੁਖਨਾ ਝੀਲ ਦੇ ਨਜ਼ਦੀਕ ਖੁੱਲ੍ਹੇ-ਡੁੱਲੇ ਸੈਕਟਰ 5 ਵਿਚ ਸਥਿਤ 'ਚੰਡੀਗੜ੍ਹ ਫਿਲਮ ਇੰਸਟੀਚਿਊਟ' ਵਿਚ ਲਗਾਤਾਰ ਮਿਲਦੇ ਰਹੇ। ਇਥੇ ਇਸ ਇਮਾਰਤ ਵਿਚ, ਝੀਲ ਉਪਰ ਅਤੇ ਸੈਕਟਰ 11 ਵਿਚ ਸਥਿਤ ਮੇਰੇ ਘਰ ਉਸ ਨਾਲ ਲੰਮੀਆਂ ਮੁਲਾਕਾਤਾਂ ਹੁੰਦੀਆਂ ਰਹੀਆਂ ਜਿਨ੍ਹਾਂ ਵਿਚ ਮੈਨੂੰ ਉਸ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਬਾਰੇ ਜਾਨਣ ਦਾ ਮੌਕਾ ਮਿਲਿਆ।



ਮੈਨੂੰ ਸਰਦੂਲ ਕਵਾਤੜਾ ਦੀਆਂ ਪੰਜਾਬੀ ਫਿਲਮ ਸਨਅਤ ਵਿਚ ਸੰਗੀਤ ਨਿਰਦੇਸ਼ਕ ਵਜੋਂ ਪ੍ਰਾਪਤੀਆਂ ਨੇ ਕਾਫੀ ਪ੍ਰਭਾਵਿਤ ਕੀਤਾ। ਉਸ ਦੀਆਂ ਸੁਰਾਂ ਵਿਚ ਅਸਲ ਪੰਜਾਬੀ ਲੋਕ ਸੰਗੀਤ ਦੀ ਝਲਕ ਮਿਲਦੀ ਹੈ। ਇਸ ਵਿਚ ਲਾਹੌਰ ਅਤੇ ਇਸ ਦੇ ਆਲੇ-ਦੁਆਲੇ ਮੌਜੂਦ ਵੰਡ ਤੋਂ ਪਹਿਲਾਂ ਦੇ ਕੇਂਦਰੀ ਪੰਜਾਬ ਦੀ ਰੂਹ ਸ਼ਾਮਲ ਸੀ। ਉਸ ਵਲੋਂ ਕੁਝ ਹਿੰਦੀ ਫਿਲਮਾਂ ਲਈ ਤਿਆਰ ਕੀਤਾ ਗਿਆ ਸੰਗੀਤ ਵੀ ਉਸ ਸਮੇਂ ਦੇ ਹਿੰਦੀ ਸੰਗੀਤ ਦੇ ਕੁਝ ਨਾਮੀ ਨਿਰਦੇਸ਼ਕਾਂ ਦੇ ਬਰਾਬਰ ਖੜ੍ਹਦਾ ਸੀ। ਸਰਦੂਲ ਨੇ ਮੈਨੂੰ ਦੱਸਿਆ ਕਿ ਉਹ ਆਪਣੇ ਜੀਵਨ ਵਿਚ ਇਕ ਬਹੁਤ ਰੋਮਾਂਟਿਕ ਵਿਅਕਤੀ ਰਿਹਾ ਅਤੇ ਉਸ ਦੀਆਂ ਸਭ ਤੋਂ ਵਧੀਆ ਤਰਜ਼ਾਂ ਉਸ ਦੇ ਇਸ ਰੋਮਾਂਸ ਦੇ ਕਿੱਸਿਆਂ ਦੌਰਾਨ ਹੀ ਜਨਮੀਆਂ।

ਕਵਾਤੜਾ ਪਰਿਵਾਰ ਦੀ ਸਭ ਤੋਂ ਪਹਿਲੀ ਫਿਲਮ 'ਪੋਸਤੀ' ਸੀ। ਇਸ ਫਿਲਮ ਬਾਰੇ ਵਿਚਾਰ ਉਦੋਂ ਜਨਮ ਲਿਆ ਜਦੋਂ ਪਰਿਵਾਰ ਹਾਲਾਂ ਲਾਹੌਰ ਵਿਚ ਹੀ ਸੀ ਪਰ ਵੰਡ ਨੇ ਇਸ ਪਰਿਵਾਰ ਦਾ ਬਹੁਤ ਉਜਾੜਾ ਕੀਤਾ। ਥੋੜ੍ਹਾ ਸਮਾਂ ਅੰਮ੍ਰਿਤਸਰ ਵਿਚ ਰਹਿਣ ਤੋਂ ਪਿਛੋਂ ਕਵਾਤੜਾ ਪਰਿਵਾਰ ਬੰਬਈ ਚਲਾ ਗਿਆ। ਇਸ ਸਮੇਂ ਇਸ ਪਰਿਵਾਰ ਦੇ ਪੱਲੇ ਧੇਲਾ ਵੀ ਨਹੀਂ ਸੀ। ਬਹੁਤੇ ਫਿਲਮ ਕਲਕਾਰ ਵੀ ਬੰਬਈ ਪਹੁੰਚ ਗਏ ਸਨ। ਫਿਲਮ 'ਪੋਸਤੀ' ਵਿਚ ਪੋਸਤੀ ਦਾ ਕਿਰਦਾਰ ਲਾਹੌਰ ਤੋਂ ਆਏ ਇਕ ਕ੍ਰਿਸਚੀਅਨ ਫਿਲਮ ਅਤੇ ਸਟੇਜੀ ਕਲਾਕਾਰ ਮਜਨੂ ਨੇ ਨਿਭਾਇਆ। ਪੋਸਤੀ ਦੇ ਪਿਤਾ ਦਾ ਰੋਲ ਭਾਗ ਸਿੰਘ ਨੇ ਨਿਭਾਇਆ। ਹੀਰੋਇਨ ਦਾ ਪਿਤਾ ਮਸ਼ਹੂਰ ਅਦਾਕਾਰ ਰਮੇਸ਼ ਠਾਕੁਰ ਸੀ। ਹੀਰੋਇਨ ਦੀ ਭੂਮਿਕਾ ਵਿਚ ਆਉਣ ਵਾਲੀ ਔਰਤ ਦੀ ਭਾਲ ਜਾਰੀ ਸੀ। ਸਰਦੂਲ ਕਵਾਤੜਾ ਨੇ ਖ਼ੁਦ ਇਸ ਦੀ ਤਲਾਸ਼ ਦਾ ਜ਼ਿੰਮਾ ਲਿਆ।

17 ਸਾਲਾ ਐਕਟਰਸ ਸ਼ਿਆਮਾ ਵਿਚ ਉਸ ਨੇ ਆਪਣੀ ਫਿਲਮ ਦੀ ਹੀਰੋਇਨ ਲੱਭ ਲਈ। ਚੰਗੀ ਡੀਲ-ਡੌਲ ਵਾਲੀ ਸ਼ਿਆਮਾ ਇਕ ਪੰਜਾਬੀ ਪਰਿਵਾਰ ਦੀ ਕੁੜੀ ਸੀ ਅਤੇ ਬਹੁਤ ਠੇਠ ਪੰਜਾਬੀ ਬੋਲਦੀ ਸੀ। ਉਸ ਦੀ ਪੰਜਾਬੀ ਕਾਫੀ ਵਧੀਆ ਸੀ। ਸਰਦੂਲ ਨੇ ਆਪਣੇ ਪਰਿਵਾਰਕ ਮੈਂਬਰਾਂ, ਵੱਡੇ ਭਰਾ ਅਤੇ ਫਿਲਮ ਦੇ ਪ੍ਰੋਡਿਊਸਰ ਹਰਚਰਨ ਸਿੰਘ ਕਵਾਤੜਾ ਤੋਂ ਇਸ ਦੀ ਇਜਾਜ਼ਤ ਲੈ ਲਈ। ਕੁਝ ਮੁਢਲੀ ਖਿੱਚੋਤਾਣ ਤੋਂ ਬਾਅਦ ਉਸ ਨੇ ਪੈਸੇ ਦਾ ਪ੍ਰਬੰਧ ਵੀ ਕਰ ਲਿਆ। ਇਹ ਫਿਲਮ 1949 ਵਿਚ ਪੂਰੀ ਹੋਈ ਅਤੇ ਇਕਦਮ ਹਿੱਟ ਹੋ ਗਈ। ਫਿਲਮ ਦਾ ਸੰਗੀਤ ਕਮਾਲ ਦਾ ਸੀ। ਸ਼ਮਸ਼ਾਦ ਬੇਗਮ ਅਤੇ ਮੁਹੰਮਦ ਰਫੀ ਇਸ ਵਿਚ ਪ੍ਰਮੁੱਖ ਮਰਦ ਅਤੇ ਔਰਤ ਗਾਇਕ ਸਨ। ਇਕ ਮਸ਼ਹੂਰ ਹਿੰਦੀ ਪਿਠਵਰਤੀ ਗਾਇਕਾ ਰਾਜਕੁਮਾਰੀ ਨੇ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿਚ ਗੀਤ ਗਾਇਆ। ਆਸ਼ਾ ਭੌਸਲੇ ਨੇ ਵੀ ਇਸ ਫਿਲਮ ਵਿਚ ਆਪਣੀ ਆਵਾਜ਼ ਦਿੱਤੀ।

ਸਰਦੂਲ ਕਵਾਤੜਾ ਨੇ ਦੱਸਿਆ ਕਿ ਉਹ ਸ਼ਿਆਮਾ ਦੇ ਸੁਡੌਲ ਸਰੀਰ ਅਤੇ ਖ਼ੂਬਸੂਰਤੀ ਦਾ ਦੀਵਾਨਾ ਸੀ। ਸ਼ਿਆਮਾ ਜੰਮਾਦਰੂ ਨ੍ਰਿਤਕੀ ਸੀ, ਜਿਸ ਦਾ ਸਰੀਰ ਸੰਗੀਤ ਦੀਆਂ ਧੁਨਾਂ 'ਤੇ ਥਿਰਕਣ ਲੱਗ ਪੈਂਦਾ। ਸਰਦੂਲ ਨੇ ਸ਼ਿਆਮਾ ਨੂੰ ਕਦੀ ਛੂਹਿਆ ਤੱਕ ਨਹੀਂ, ਪਰ ਉਹ ਉਸ ਦਾ ਇਕ ਖਾਮੋਸ਼ ਪ੍ਰਸ਼ੰਸਕ ਰਿਹਾ ਅਤੇ ਇਸ ਪ੍ਰੇਰਣਾ ਵਿਚ ਹਮੇਸ਼ਾ ਅਮਰ ਰਹਿਣ ਵਾਲੀਆਂ ਕਈ ਧੁਨਾਂ ਨੂੰ ਜਨਮ ਦਿੱਤਾ।

ਕਵਾਤੜਾ ਪਰਿਵਾਰ ਸ਼ਿਆਮਾ ਦੀ ਠੇਠ ਲਾਹੌਰੀ ਪੰਜਾਬੀ, ਉਸ ਦੇ ਨ੍ਰਿਤ ਅਤੇ ਅਦਾਕਾਰੀ ਦੀ ਕੁਦਰਤੀ ਬਖ਼ਸ਼ਿਸ਼ ਦਾ ਇਸ ਕਦਰ ਦੀਵਾਨਾ ਹੋਇਆ ਕਿ ਉਸ ਨੂੰ ਆਪਣੀ ਅਗਲੀ ਪੰਜਾਬੀ ਫਿਲਮ 'ਕੌਡੇ ਸ਼ਾਹ' ਲਈ ਵੀ ਹੀਰੋਇਨ ਬਣਾ ਲਿਆ। ਫਿਲਮ 'ਕੌਡੇ ਸ਼ਾਹ' 1952 ਵਿਚ ਬਣੀ। ਸਰਦੂਲ ਨੇ ਇਸ ਫਿਲਮ ਦਾ ਵੀ ਸੰਗੀਤ ਤਿਆਰ ਕੀਤਾ। 'ਪੋਸਤੀ' ਵਾਂਗ ਹੀ 'ਕੌਡੇ ਸ਼ਾਹ' ਵੀ ਹਿੱਟ ਹੋ ਗਈ। ਇਸ ਫਿਲਮ ਦੇ ਸੰਗੀਤ ਨੇ ਨਵੀਆਂ ਉਚਾਣਾਂ ਛੋਹੀਆਂ। ਸ਼ਮਸ਼ਾਦ ਬੇਗਮ ਇਸ ਫਿਲਮ ਦੇ ਸੰਗੀਤ ਦੇ ਸਹਾਰੇ ਪੰਜਾਬੀ ਫਿਲਮ ਸੰਗੀਤ ਵਿਚ ਸਿਖਰ 'ਤੇ ਪਹੁੰਚ ਗਈ। ਹਿੰਦੀ ਸਿਨੇਮੇ ਦੇ ਸਭ ਤੋਂ ਵੱਧ ਰੋਮਾਂਟਿਕ ਗਾਇਕ ਤਲਤ ਮਹਿਮੂਦ ਨੇ ਵੀ ਰਾਜ ਕੁਮਾਰੀ ਨਾਲ ਇਸ ਫਿਲਮ ਵਿਚ ਇਕ ਦੋਗਾਣਾ ਗਾਇਆ। ਇਹ ਖ਼ੂਬਸੂਰਤ ਗੀਤ 'ਜ਼ੁਲਫਾਂ ਨੇ ਖੁੱਲ੍ਹ ਗਈਆਂ, ਅੱਖੀਆਂ ਨੇ ਰੁਲ੍ਹ ਗਈਆਂ, ਕੀ ਖੱਟਿਆ ਏ ਦਿਲ ਲਾ ਕੇ' ਇਕ ਸਦਾਬਹਾਰ ਪੰਜਾਬੀ ਗੀਤ ਹੈ।

ਇਸ ਤੋਂ ਥੋੜ੍ਹੀ ਦੇਰ ਬਾਅਦ 1953 ਵਿਚ ਕਵਾਤੜਾ ਪਰਿਵਾਰ ਨੇ ਹਿੰਦੀ ਫਿਲਮ 'ਮਿਰਜ਼ਾ ਸਾਹਿਬਾਂ' ਬਣਾਈ। ਸ਼ਮੀ ਕਪੂਰ ਇਸ ਦਾ ਹੀਰੋ ਸੀ ਪਰ ਹੀਰੋਇਨ ਸ਼ਿਆਮਾ ਨੂੰ ਹੀ ਲਿਆ ਗਿਆ। ਇਸ ਫਿਲਮ ਨੇ ਬਹੁਤਾ ਬਿਜ਼ਨੈੱਸ ਨਹੀਂ ਕੀਤਾ। ਪਰ ਇਸ ਫਿਲਮ ਨਾਲ ਸਰਦੂਲ ਕਵਾਤੜਾ ਹਿੰਦੀ ਸਿਨੇਮੇ ਦੀ ਮੁੱਖ ਧਾਰਾ ਵਿਚ ਇਕ ਮਿਊਜ਼ਿਕ ਡਾਇਰੈਕਟਰ ਵਜੋਂ ਦਾਖ਼ਲ ਹੋ ਗਿਆ। ਲਤਾ ਮੰਗੇਸ਼ਕਰ ਅਤੇ ਮੁਹੰਮਦ ਰਫੀ ਨੇ ਇਸ ਫਿਲਮ ਦੇ ਬਹੁਤੇ ਗੀਤ ਗਾਏ। ਫਿਲਮ ਨਾਲੋਂ ਇਸ ਦਾ ਸੰਗੀਤ ਵਧੇਰੇ ਮਕਬੂਲ ਹੋਇਆ। ਮੁਹੰਮਦ ਰਫੀ ਦੀ ਆਵਾਜ਼ ਵਿਚ ਇਕ ਗੀਤ 'ਨਈ ਰੀਸ ਪੰਜਾਬ ਦੀ, ਕਹਿੰਦੀ ਏ ਲਹਿਰ ਸ਼ਰਾਬ ਦੀ' ਪੂਰੇ ਪੰਜਾਬ ਵਿਚ ਬਹੁਤ ਪ੍ਰਸਿੱਧ ਹੋਇਆ।

ਪੰਜਾਹਵਿਆਂ ਦੇ ਅੱਧ ਵਿਚ ਸ਼ਮਿੰਦਰ ਸਿੰਘ ਨਾਂ ਦਾ ਮੁਕਤਸਰ ਦਾ ਇਕ ਜ਼ਿੰਮੀਂਦਾਰ ਕੋਈ ਪੰਜਾਬੀ ਫਿਲਮ ਬਣਾਉਣ ਅਤੇ ਲਤਾ ਮੰਗੇਸ਼ਕਰ ਨਾਲ ਇਕ-ਦੋ ਗਾਣੇ ਗਾਉਣ ਦਾ ਮੌਕਾ ਹਾਸਲ ਕਰਨ ਦੀ ਇੱਛਾ ਨਾਲ ਮੁੰਬਈ ਆਇਆ। ਸ਼ਮਿੰਦਰ ਸਿੰਘ ਨੇ ਕਵਾਤੜਾ ਭਰਾਵਾਂ ਨਾਲ ਮਿਲ ਕੇ 'ਵਣਜਾਰਾ' ਨਾਂ ਦੀ ਪੰਜਾਬੀ ਫਿਲਮ ਬਣਾਈ। ਲਤਾ ਇਸ ਫਿਲਮ ਵਿਚ ਮੁੱਖ ਗਾਇਕਾ ਸੀ। ਸ਼ਮਿੰਦਰ ਨੇ ਲਤਾ ਨਾਲ ਇਸ ਫਿਲਮ ਵਿਚ ਕੁਝ ਦੋਗਾਣੇ ਗਾਏ। ਸੰਗੀਤ ਸਰਦੂਲ ਕਵਾਤੜਾ ਨੇ ਤਿਆਰ ਕੀਤਾ। ਫਿਲਮ ਬਹੁਤੀ ਸਫਲ ਨਾ ਹੋਈ ਪਰ ਸਰਦੂਲ ਕਵਾਤੜਾ ਦਾ ਸੰਗੀਤ ਫਿਰ ਨਵੀਆਂ ਸਿੱਖਰਾਂ ਛੂਹ ਗਿਆ।

ਸਰਦੂਲ ਕਵਾਤੜਾ ਨੂੰ ਹਿੰਦੀ ਫਿਲਮ 'ਪਿਲਪਲੀ ਸਾਹਿਬ' ਦਾ ਸੰਗੀਤ ਤਿਆਰ ਕਰਨ ਦਾ ਮੌਕਾ ਮਿਲਿਆ। ਇਸ ਫਿਲਮ ਦਾ ਸੰਗੀਤ ਸੰਗੀਤ ਕਲਾ ਦਾ ਇਕ ਮਹਾਨ ਨਮੂਨਾ ਹੈ।

ਸਰਦੂਲ ਨੇ ਐਕਟਰਸ ਅਤੇ ਗਾਇਕਾ ਸੁਰੈਯੀਆ ਲਈ ਆਪਣੀਆਂ ਪ੍ਰਸ਼ੰਸਾਤਮਕ ਭਾਵਨਾਵਾਂ ਕਦੇ ਵੀ ਨਹੀਂ ਲੁਕਾਈਆਂ। ਉਹ ਹਮੇਸ਼ਾ ਸੁਰੈਯੀਆ ਲਈ ਤਰਜ਼ਾਂ ਬਣਾਉਣ ਵਾਸਤੇ ਹਾੜੇ ਲੈਂਦਾ ਰਹਿੰਦਾ। ਸੁਰੈਯੀਆ ਸਹੀ ਅਰਥਾਂ ਵਿਚ ਸਟਾਰ ਸੀ। ਉਹ ਅਮੀਰ ਅਤੇ ਸ਼ਾਹਾਨਾ ਸੀ। ਉਹ ਇਕ ਕਾਲੀ ਕੈਡੀਲੈਕ ਸਿਡਾਨ ਵਿਚ ਡਰਾਈਵਰ ਨਾਲ ਸਫਰ ਕਰਦੀ। ਇਸ ਵੀ ਆਈ ਪੀ ਨੂੰ ਦੇਖਣਾ ਵੀ ਆਪਣੇ ਆਪ ਵਿਚ ਇਕ ਨਜ਼ਾਰਾ ਸੀ। 1957 ਵਿਚ ਸੁਰੈਯੀਆ ਨੇ ਸਰਦੂਲ ਦੀ ਬੇਨਤੀ ਮੰਨ ਲਈ।

ਕਵਾਤੜਾ ਪਰਿਵਾਰ ਨੇ 1957 ਵਿਚ ਹਿੰਦੀ ਫਿਲਮ 'ਗੂੰਜ' ਬਣਾਈ। ਫਿਲਮ ਦਾ ਸੰਗੀਤ ਖ਼ੁਦ ਸਰਦੂਲ ਨੇ ਤਿਆਰ ਕੀਤਾ। ਸੁਰੈਯੀਆ ਫਿਲਮ ਦੀ ਮੁੱਖ ਗਾਇਕਾ ਅਤੇ ਹੀਰੋ ਸੀ। ਸਰਦੂਲ ਨੇ ਫਿਲਮ ਦੀਆਂ ਸਾਰੀਆਂ ਧੁਨਾਂ ਸੁਰੈਯੀਆ ਦੇ ਸਾਹਮਣੇ ਬੈਠ ਕੇ ਤਿਆਰ ਕੀਤੀਆਂ। ਸਰਦੂਲ ਲਈ ਸੁਰੈਯੀਆ ਇੱਡੀ ਵੱਡੀ ਸ਼ਖਸੀਅਤ ਸੀ ਕਿ ਉਸ ਦੇ ਆਦਰ ਵਿਚ ਹੀ ਉਸ ਦੇ ਸਾਹਮਣੇ ਉਸ ਦੇ ਪਸੀਨੇ ਛੁਟ ਜਾਂਦੇ। ਸੁਰੈਯੀਆ ਨੂੰ ਬਿਹਤਰੀਨ ਕਿਸਮ ਦੇ ਇਤਰ ਵਰਤਣ ਦਾ ਸ਼ੌਕ ਸੀ ਅਤੇ ਫਰਾਂਸੀਸੀ ਇਤਰ ਉਸ ਦੀ ਕਮਜ਼ੋਰੀ ਸਨ। ਸਰਦੂਲ ਦੀ ਨਿਹਚਾ ਕੁਝ ਅਜਿਹੀਆਂ ਧੁਨਾਂ ਤਿਆਰ ਕਰਨ ਦੀ ਸੀ ਜੋ ਸੁਰੈਯੀਆ ਦੇ ਸਰੀਰ ਵਿਚੋਂ ਉਠਦੀਆਂ ਮਹਿਕਾਂ ਨਾਲ ਮੇਲ ਖਾਂਦੀਆਂ ਹੋਣ। ਇਉਂ, ਖ਼ੁਦ ਸਰਦੂਲ ਦੇ ਸ਼ਬਦਾਂ ਵਿਚ ਉਸ ਨੇ ਫਿਲਮ 'ਗੂੰਜ' ਦੀਆਂ ਯਾਦਗਾਰੀ ਧੁਨਾਂ ਤਿਆਰ ਕੀਤੀਆਂ। ਹਾਲ ਹੀ ਵਿਚ ਰਿਲੀਜ਼ ਹੋਏ ਦੋ ਸੀਡੀਆਂ ਦੇ ਇਕ ਸੈਟ ਵਿਚ ਫਿਲਮ 'ਗੂੰਜ' ਦੇ ਯਾਦਗਾਰੀ ਗੀਤ ਰਿਕਾਰਡ ਕੀਤੇ ਗਏ। ਸਰਦੂਲ ਮੰਨਿਆ ਕਰਦਾ ਸੀ ਕਿ ਉਸ ਵਿਚ ਤਾਂ ਸੁਰੈਯੀਆ ਨਾਲ ਰਸਮੀ ਤੌਰ 'ਤੇ ਹੱਥ ਮਿਲਾਉਣ ਦੀ ਵੀ ਕਦੇ ਜੁਰਅਤ ਪੈਦਾ ਨਹੀਂ ਹੋ ਸਕੀ। ਉਸ ਦਾ ਰੋਮਾਂਸ ਸੁਰੈਯੀਆ ਦੀ ਚੁੱਪ ਚਪੀਤੇ ਪ੍ਰਸ਼ੰਸਾ ਵਿਚ ਲੁਕਿਆ ਹੋਇਆ ਸੀ। ਸੁਰੈਯੀਆ ਦੇ ਗਾਉਣ ਲਈ ਰੂਹ ਭਰਪੂਰ ਤਰਜ਼ਾਂ ਬਣਾ ਕੇ ਦੇਣ ਲਈ ਸਰਦੂਲ ਵਾਸਤੇ ਇੰਨਾ ਹੀ ਕਾਫੀ ਸੀ। ਸੁਰੈਯੀਆ ਦੀ ਮੌਤ ਵਾਲੇ ਦਿਨ ਸਰਦੂਲ ਤੋਂ ਆਪਣੇ ਅੱਥਰੂ ਸਾਂਭੇ ਨਹੀਂ ਸਨ ਜਾਂਦੇ। ਉਹ ਉਨ੍ਹਾਂ ਖ਼ੂਬਸੂਰਤ ਛਿਣਾਂ ਨੂੰ ਯਾਦ ਕਰ ਰਿਹਾ ਸੀ ਜੋ ਉਸ ਨੇ ਬੰਬਈ ਵਿਚ ਉਸ ਨਾਲ ਗੁਜ਼ਾਰੇ ਸਨ।

ਸਰਦੂਲ ਅਤੇ ਮੁਹੰਮਦ ਰਫੀ ਚੰਗੇ ਮਿੱਤਰ ਸਨ। ਮੁਹੰਮਦ ਰਫੀ ਨੂੰ ਸ਼ੱਕ ਸੀ ਕਿ ਸਰਦੂਲ ਨੇ ਉਸਨੂੰ ਵੱਡੀ ਰਕਮ ਦਾ ਚੂਨਾ ਲਾਇਆ। ਸਰਦੂਲ ਇਸ ਤੋਂ ਇਨਕਾਰੀ ਸੀ ਪਰ ਫਿਲਮ ਸਨਅਤ ਮੁਹੰਮਦ ਰਫੀ ਉਤੇ ਵਧੇਰੇ ਵਿਸ਼ਵਾਸ ਕਰਦੀ ਸੀ ਇਸੇ ਕਰਕੇ ਸਰਦੂਲ ਨੇ ਮੁੰਬਈ ਛੱਡੀ। ਮੁੱਢ ਵਿਚ ਉਸ ਨੇ ਪੰਜਾਬ ਵਿਚ ਸੈਟਲ ਹੋਣ ਦੀ ਕੋਸ਼ਿਸ਼ ਕੀਤੀ ਅਤੇ ਪਿਛੋਂ ਅਮਰੀਕਾ ਚਲਾ ਗਿਆ। ਉਸ ਦੀ ਪਤਨੀ ਅਤੇ ਬੱਚੇ ਸਨ। ਉਹ ਸਾਰੇ ਭਲੇ ਲੋਕ ਹਨ। ਅਸਲ ਵਿਚ ਸਰਦੂਲ ਦਾ ਰੋਮਾਂਸ ਵਿਚ ਬਹੁਤਾ ਹੀ ਉਲਝੇ ਰਹਿਣਾ ਝਗੜੇ ਦਾ ਕਾਰਨ ਬਣ ਗਿਆ। ਉਹ ਆਪਣਾ ਪਰਿਵਾਰ ਪਿਛੇ ਭਾਰਤ ਵਿਚ ਹੀ ਛੱਡ ਕੇ ਐਕਟਰਸ ਅਤੇ ਡਾਂਸਰ ਬਣਨ ਦੀ ਚਾਹਵਾਨ ਇਕ ਬਹੁਤ ਨਵੀਂ ਉਮਰ ਦੀ ਕੁੜੀ ਦੇ ਨਾਲ ਅਮਰੀਕਾ ਜਾ ਪਹੁੰਚਿਆ। ਇਸ ਰਿਸ਼ਤੇ ਵਿਚੋਂ ਉਸ ਦੇ ਦੋ ਪੁੱਤਰ ਜੰਮੇ ਪਰ ਬਣ ਨਾ ਸਕਣ ਕਰਕੇ ਇਹ ਰਿਸ਼ਤਾ ਵੀ ਤਾਲਾਕ ਵਿਚ ਖਤਮ ਹੋਇਆ।

ਇਥੇ ਅਮਰੀਕਾ ਵਿਚ ਵੀ ਸਰਦੂਲ ਨੇ ਸੰਗੀਤ ਤਿਆਰ ਕਰਨ ਦੇ ਪੇਸ਼ੇ ਵਿਚ ਰਹਿਣ ਦੀ ਕੋਸ਼ਿਸ਼ ਕੀਤੀ ਪਰ ਕੈਲੇਫੋਰਨੀਆ ਮੁੰਬਈ ਨਹੀਂ ਸੀ। ਮੁੰਬਈ ਵਿਚ ਉਹ ਬਿਨਾ ਬਹੁਤਾ ਤਰੱਦਦ ਕੀਤਿਆਂ ਬਿਹਤਰੀਨ ਸਾਜ਼ੀ ਹਾਸਲ ਕਰ ਸਕਦਾ ਸੀ। ਕੈਲੀਫੋਰਨੀਆ ਵਿਚ ਭਾਰਤੀ ਕਿਸਮ ਦੇ ਸੰਗੀਤਕਾਰ ਲੱਭਣੇ ਮੁਸ਼ਕਲ ਸਨ। ਇੰਝ ਉਸ ਦੇ ਫਿਲਮੀ ਕੈਰੀਅਰ ਦਾ ਇਕਦਮ ਅੰਤ ਹੋ ਗਿਆ। ਭਾਰਤ ਵਿਚ ਰਹਿੰਦਿਆਂ ਉਸ ਨੇ ਕਰੀਬ ਦੋ ਦਰਜਨ ਫਿਲਮਾਂ ਦਾ ਸੰਗੀਤ ਤਿਆਰ ਕੀਤਾ ਜਿਨ੍ਹਾਂ ਵਿਚੋਂ ਬਹੁਤੀਆਂ ਪੰਜਾਬੀ ਸਨ। 'ਬਿਲੋ' ਉਸ ਦੀ ਇਕ ਹੋਰ ਵਧੀਆ ਸੰਗੀਤਕ ਫਿਲਮ ਸੀ ਪਰ ਇਹ ਬਾਕਸ ਆਫਿਸ 'ਤੇ ਅਸਫਲ ਰਹੀ। ਉਸ ਨੇ 'ਸ਼ਹੀਦ ਊਧਮ ਸਿੰਘ' ਦੇ ਨਾਂ 'ਤੇ ਬਣੀ ਪਹਿਲੀ ਫਿਲਮ ਦਾ ਸੰਗੀਤ ਤਿਆਰ ਕੀਤਾ, ਇਸ ਦਾ ਨਾਂ 'ਸਰਫਰੋਸ਼' ਵੀ ਰੱਖਿਆ ਗਿਆ ਸੀ। ਇਹ ਫਿਲਮ ਨਾ ਬਹੁਤੀ ਸਫਲ ਰਹੀ ਅਤੇ ਨਾ ਅਸਫਲ। ਸਰਦੂਲ ਦੀ ਆਖਰੀ ਫਿਲਮ ''ਅਣਖੀਲੀ ਮੁਟਿਆਰ' ਸੀ ਜਿਹੜੀ 1979 ਵਿਚ ਬਣੀ। ਉਸ ਨੇ ਅਮਰੀਕਾ ਵਿਚ ਵੀ ਬਹੁਤ ਸਾਰੀਆਂ ਸੁਰਾਂ ਤਿਆਰ ਕੀਤੀਆਂ ਪਰ ਉਨ੍ਹਾਂ ਦਾ ਖਰੀਦਦਾਰ ਕੋਈ ਨਹੀਂ ਸੀ।

ਅਮਰੀਕਾ ਵਿਚ ਸਰਦੂਲ ਇਕ ਨਿਰਾਸ਼ ਵਿਅਕਤੀ ਸੀ। ਬਹੁਤ ਵਾਰੀ ਜਦੋਂ ਉਹ ਉਦਾਸ ਹੁੰਦਾ, ਕੈਲੀਫੋਰਨੀਆ ਤੋਂ ਮੈਨੂੰ ਫੋਨ ਕਰਦਾ। ਉਹ ਅਕਸਰ ਹੀ ਮੇਰੇ ਨਾਲ ਫੋਨ 'ਤੇ ਲੰਮੀ ਗੱਲਬਾਤ ਕਰਦਾ ਅਤੇ ਇਨ੍ਹਾਂ ਵਾਰਤਾਲਾਪਾਂ ਵਿਚੋਂ ਹੀ ਮੈਂ ਇਹ ਲੇਖ ਤਿਆਰ ਕੀਤਾ ਹੈ। ਇਸ ਕਿਸਮ ਦੇ ਕਿੱਸੇ ਅਤੇ ਅਫਵਾਹਾਂ ਵੀ ਗਰਮ ਰਹੀਆਂ ਹਨ ਕਿ ਅਮਰੀਕਾ ਵਿਚ ਵੀ ਸਰਦੂਲ ਕੁਝ ਹੋਰ ਔਰਤਾਂ ਨਾਲ ਰੋਮਾਂਸ ਦੇ ਚੱਕਰ ਵਿਚ ਪੈ ਗਿਆ ਸੀ ਪਰ ਇਹ ਸਾਰਾ ਕੁਝ ਇਥੇ ਇੰਨਾ ਸੌਖਾ ਨਹੀਂ ਸੀ ਜਿੰਨਾ ਭਾਰਤ ਵਿਚ ਸੀ। ਇਸ ਦੇ ਨਾਲ ਹੀ ਉਸਦੀ ਉਮਰ ਵੀ ਵਧ ਰਹੀ ਸੀ। ਪ੍ਰੇਸ਼ਾਨੀ ਵਿਚ ਉਸ ਨੇ ਸ਼ਰਾਬ ਦਾ ਵਧੇਰੇ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਉਸ ਨੂੰ ਸ਼ੂਗਰ ਵੀ ਹੋ ਗਈ ਸੀ ਅਤੇ ਬਲੱਡ ਪ੍ਰੈਸ਼ਰ ਵੀ। ਸੰਨ 2005 ਵਿਚ ਮਾਲੀ ਪੱਖੋਂ ਤੰਗਦਸਤ ਅਤੇ ਪੇਸ਼ੇ ਪੱਖੋਂ ਪ੍ਰੇਸ਼ਾਨ ਉਹ ਇਸ ਸੰਸਾਰ ਤੋਂ ਕੂਚ ਕਰ ਗਿਆ। ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਰਦੂਲ ਕਵਾਤੜਾ ਮਹਾਨ ਪ੍ਰਤਿਭਾਸ਼ੀਲ ਕਲਾਕਾਰ ਸੀ ਪਰ ਉਸ ਦੀ ਇਸ ਲਿਆਕਤ ਦਾ ਪੂਰਾ ਲਾਭ ਨਾ ਉਠਾਇਆ ਜਾ ਸਕਿਆ। ਆਪਣੀ ਸਿਰਜਣਾਤਮਕਤਾ ਦੇ ਸਿਖਰ ਦੇ ਸਾਲਾਂ ਦੌਰਾਨ ਜੇ ਉਹ ਮੁੰਬਈ ਹੀ ਰਹਿੰਦਾ ਤਾਂ ਇਹ ਸੰਗੀਤ ਲਈ ਬਿਹਤਰੀਨ ਗੱਲ ਹੋਣੀ ਸੀ।

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗਿ ਚਾਨਣੁ ਹੋਆ

## ਸਮੂਹ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ


ਸ. ਪ੍ਰਕਾਸ਼ ਸਿੰਘ ਬਾਦਲ


ਸ. ਸੁਖਬੀਰ ਸਿੰਘ ਬਾਦਲ


ਸ. ਸੁਖਦੇਵ ਸਿੰਘ ਢੀਂਡਸਾ


ਸ. ਪਰਮਿੰਦਰ ਸਿੰਘ ਢੀਂਡਸਾ


ਸ. ਬਿਕਰਮਜੀਤ ਸਿੰਘ ਮਜੀਠੀਆ


ਸ. ਸੁਰਜੀਤ ਸਿੰਘ ਰੱਖੜਾ
ਪ੍ਰਧਾਨ, ਐਨ ਆਰ ਆਈ ਵਿੰਗ


ਸ. ਮਨਜੀਤ ਸਿੰਘ ਦਸੂਹਾ
ਪ੍ਰਧਾਨ, ਅਮਰੀਕਾ ਇਕਾਈ


ਸ. ਦੀਦਾਰ ਸਿੰਘ ਬੈਂਸ
ਸਰਪ੍ਰਸਤ, ਅਮਰੀਕਾ ਇਕਾਈ


ਸ. ਹੈਰੀ ਗਿੱਲ
ਚੇਅਰਮੈਨ, ਅਮਰੀਕਾ ਇਕਾਈ


ਸ. ਹਰਸ਼ਰਨ ਸਿੰਘ ਘੁਮਾਣ
ਸਕੱਤਰ ਜਨਰਲ
ਅਕਾਲੀ ਦਲ ਅਮਰੀਕਾ
ਫੋਨ:615-416-4712


ਸ. ਜਸਬੀਰ ਸਿੰਘ ਲਾਲੀ
ਜਨਰਲ ਸਕੱਤਰ
ਅਕਾਲੀ ਦਲ ਅਮਰੀਕਾ

## ਵਲੋਂ: ਸਮੂਹ ਵਰਕਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਰਥ ਅਮਰੀਕਾ



ਕਹਾਣੀ

# ਲੈਣਾ ਦੇਣਾ

ਬਲਦੇਵ ਸਿੰਘ ਲੰਡਨ

ਇਕ ਨੌਜਵਾਨ ਗੋਰਾ ਮੁੰਡਾ, ਬੁੱਢੇ ਲਾਚਾਰ ਲੋਕਾਂ ਲਈ ਬੱਸ 'ਚ ਅਗਲੀਆਂ ਰਾਖਵੀਆਂ ਸੀਟਾਂ 'ਤੇ ਲੱਤਾਂ ਪਸਾਰੀ ਬੈਠਾ ਸੀ। ਸੀ ਵੀ ਡਰੱਗੀ ਜਾਪਦਾ ਤੇ ਚਿਹਰਾ ਵੀ ਕੁਰੱਖਤ, ਘ੍ਰਿਣਾ ਨਾਲ ਭਰਿਆ ਹੋਇਆ। ਲੋਕਾਂ ਵੱਲ ਇੰਜ ਦੇਖ ਰਿਹਾ ਸੀ ਜਿਵੇਂ ਉਹ ਕੀੜੇ ਕਾਢੇ ਹੋਣ ਤੇ ਉਨ੍ਹਾਂ ਨੂੰ ਮਾਰ ਦੇਣਾ ਚਾਹੁੰਦਾ ਹੋਵੇ। ਬੈਠਾ ਵੀ ਇੰਜ ਸੀ ਕਿ ਦੋਵੇਂ ਆਹਮੋ ਸਾਹਮਣੀਆਂ ਸੀਟਾਂ, ਜਿਨ੍ਹਾਂ 'ਤੇ ਚਾਰ ਬੰਦੇ ਬੈਠ ਸਕਦੇ ਹਨ, ਉਹਨੇ ਮੱਲੀਆਂ ਹੋਈਆਂ ਸਨ। ਆਪਣੇ ਨਾਲ ਦੀ ਸੀਟ 'ਤੇ ਬੈਗ ਰੱਖਿਆ ਹੋਇਆ ਸੀ ਤੇ ਮੋਹਰਲੀਆਂ ਸੀਟਾਂ 'ਤੇ ਲੱਤਾਂ ਪਸਾਰੀਆਂ ਹੋਈਆਂ ਸਨ। ਬੈਠਾ ਵੀ ਇੰਜ ਸੀ ਜਿਵੇਂ ਅੱਧਲੇਟਿਆ ਹੋਵੇ। ਬੱਸ ਭਰੀ ਹੋਈ ਸੀ। ਕਈ ਬੰਦੇ ਖੜ੍ਹੇ ਸਨ। ਇਕ ਗੋਰਾ ਬੁੱਢਾ ਤੇ ਬੁੱਢੀ ਵੀ ਖੜ੍ਹੇ ਸਨ, ਜਿਹੜੇ ਬਹੁਤ ਸ਼ਰੀਫ ਹੋਣ ਕਰਕੇ ਉਹਦੀ ਵੱਲ ਦੇਖ ਵੀ ਰਹੇ ਸਨ ਤੇ ਮੁਸਕਰਾ ਵੀ। ਉਨ੍ਹਾਂ ਦੀ ਮੁਸਕਰਾਹਟ ਜਿਵੇਂ ਕਹਿ ਰਹੀ ਹੋਵੇ, "ਦੇਖੋ ਇਸ ਪਸ਼ੂ ਵਲ! ਇਹਨੂੰ ਕਿਸੇ ਦੂਸਰੇ ਦਾ ਉੱਕਾ ਕੋਈ ਖਿਆਲ ਨਹੀਂ! ਸੀਟਾਂ ਉੱਪਰ ਲਿਖਿਆ ਹੋਇਆ ਵੀ ਹੈ ਕਿ ਇਹ ਸੀਟਾਂ ਬੁੱਢੇ ਤੇ ਲਾਚਾਰ ਲੋਕਾਂ ਲਈ ਹਨ। ਫਿਰ ਵੀ ਲੱਤਾਂ ਪਸਾਰੀ ਬੈਠਾ ਹੈ!"

ਇਕ ਕਾਲਾ ਤੇ ਦੋ ਪੰਜਾਬੀ ਉਹਦੇ ਵੱਲ ਘੂਰ ਰਹੇ ਸਨ ਪਰ ਕਿਸੇ ਨੇ ਵੀ ਉਹਨੂੰ ਕਿਹਾ ਕੁਝ ਨਹੀਂ ਸੀ। ਜਾਂ ਇਹ ਸਮਝਦੇ ਹੋਣ ਕਿ ਕਿਉਂ ਮੁਸੀਬਤ 'ਚ ਫਸਣਾ? ਕੀ ਪਤਾ ਪੰਕ ਦਾ? ਕਿਧਰੇ ਗਲ਼ ਹੀ ਨਾ ਪੈ ਜਾਵੇ?

ਏਨੇ ਨੂੰ ਬੱਸ ਇਕ ਸਟਾਪ 'ਤੇ ਰੁਕੀ ਤਾਂ ਇਕ ਗੁਜਰਾਤਣ ਔਰਤ ਚੜ੍ਹੀ, ਜਿਹਦੇ ਹੱਥ 'ਚ ਸੋਟੀ ਸੀ। ਉਮਰ 70 ਦੇ ਕਰੀਬ ਤੇ ਸਾੜ੍ਹੀ ਪਹਿਨੀ ਹੋਈ ਸੀ। ਵਾਲ ਕਾਲੇ ਰੰਗੇ ਹੋਏ, ਸਾਫ-ਸੁਥਰਾ ਚਿਹਰਾ, ਬੁੱਲ੍ਹਾਂ 'ਤੇ ਲਾਲ ਲਿਪਸਟਿਕ, ਮੱਥੇ 'ਤੇ ਬਿੰਦੀ ਤੇ ਸੋਹਣੀਆਂ ਨਵੇਂ ਢੰਗ ਦੀਆਂ ਜਚਦੀਆਂ ਫੱਬਦੀਆਂ ਐਨਕਾਂ। ਹੱਥ 'ਚ ਛੋਟਾ ਜਿਹਾ ਬੈਗ ਸੀ। ਉਹਨੇ ਇਕ ਦੋ ਮਿੰਟ ਏਧਰ ਉਧਰ ਦੇਖਿਆ ਤੇ ਜਿਵੇਂ ਇਕਦਮ ਸਾਰੀ ਸਥਿਤੀ ਨੂੰ ਸਮਝ ਕੇ, ਉਹ ਗੋਰੇ ਮੁੰਡੇ ਨੂੰ ਸੰਬੋਧਨ ਕਰਦੀ ਅੰਗਰੇਜ਼ੀ 'ਚ ਬੋਲੀ, "ਨੌਜਵਾਨ ਮੁੰਡਿਆ ਆਪਣੀਆਂ ਟੰਗਾਂ ਚੁੱਕ! ਮੈਨੂੰ ਵੀ ਬੈਠਣ ਦੇਹ।"

ਗੋਰੇ ਮੁੰਡੇ ਨੇ ਹੈਰਾਨੀ ਤੇ ਨਫਰਤ ਦੀ ਮਿਲੀਜੁਲੀ ਤੱਕਣੀ ਨਾਲ, ਉਸ ਵਲ ਇੰਜ ਤੱਕਿਆ ਜਿਵੇਂ ਪੁੱਛਣਾ ਚਾਹੁੰਦਾ ਹੋਵੇ ਕਿ ਤੂੰ ਮੈਨੂੰ ਇਹ ਗੱਲ ਕਹਿਣ ਦੀ ਦਲੇਰੀ ਕਿਵੇਂ ਕੀਤੀ?

ਗੁਜਰਾਤਣ ਔਰਤ ਨੇ ਮੁਸਕਰਾਉਂਦਿਆਂ ਦੁਬਾਰਾ ਉਹੀ ਸ਼ਬਦ ਕਹੇ ਤਾਂ ਉਹ ਪਲ ਕੁ ਲਈ ਉਹਦੇ ਵਲ ਤੱਕ ਕੇ, ਸਾਵਧਾਨ ਹੋ ਕੇ ਬੈਠ ਗਿਆ ਤੇ ਉਹ ਬਜ਼ੁਰਗ ਔਰਤ ਝਟ ਕੇ ਉਹਦੇ ਨਾਲ ਲੱਗ ਕੇ ਬੈਠ ਗਈ। ਬੈਠੀ ਵੀ ਇਸ ਤਰ੍ਹਾਂ ਜਿਵੇਂ ਉਹਨੂੰ ਧੱਕ ਕੇ ਪਰ੍ਹਾਂ ਕਰ ਦਿੱਤਾ ਜਾਂ ਉਹ ਆਪ ਹੀ ਸ਼ਰਮਿੰਦਾ ਹੋਇਆ ਸੁੰਗੜ ਜਿਹਾ ਗਿਆ। ਫੇਰ ਉਸ ਔਰਤ ਨੇ ਬੁੱਢੇ ਗੋਰੇ ਤੇ ਗੋਰੀ ਵਲ ਇਸ਼ਾਰਾ ਕਰਦਿਆਂ ਕਿਹਾ, "ਦੇਖਦੇ ਕੀ ਹੋ? ਆਓ ਬੈਠੋ ਤੁਸੀਂ ਵੀ। ਇਹ ਸੀਟਾਂ ਬੈਠਣ ਲਈ ਹੀ ਹਨ।"

ਬੁੱਢੇ ਗੋਰੇ ਤੇ ਗੋਰੀ ਨੇ ਉਸ ਔਰਤ ਦਾ ਧੰਨਵਾਦ ਕਰਦਿਆਂ 'ਥੈਂਕ ਯੂ' ਕਿਹਾ ਤੇ ਉਨ੍ਹਾਂ ਦੇ ਸਾਹਮਣੇ ਬੈਠ ਗਏ। ਹੁਣ ਗੋਰੇ ਮੁੰਡੇ ਤੋਂ ਬਿਨਾ ਸਾਰੇ ਲੋਕਾਂ ਦੇ ਚਿਹਰੇ 'ਤੇ ਮੁਸਕਾਨ ਸੀ, ਜਿਵੇਂ ਸਾਰੇ ਸੁਖ ਦਾ ਸਾਹ ਲੈਂਦੇ ਇਹ ਸੋਚ ਰਹੇ ਹੋਣ ਕਿ ਚੰਗਾ ਹੋਇਆ ਬਲਾ ਟਲੀ। ਨਹੀਂ ਤਾਂ ਅੱਜ ਕੱਲ੍ਹ ਅਜਿਹੇ ਡਰੱਗੀ ਮੁੰਡਿਆਂ ਦਾ ਕੀ ਪਤਾ, ਕੀ ਕਰ ਦੇਣ? ਹਰ ਰੋਜ਼ ਕੋਈ ਨਾ ਕੋਈ ਇਹੋ ਜਿਹੀ ਘਟਨਾ ਜ਼ਰੂਰ ਵਾਪਰ ਰਹੀ ਹੈ। ਮਾੜੀ ਜਿਹੀ ਗੱਲ ਤੋਂ ਲੋਕ ਚਾਕੂ ਕੱਢ ਮਾਰਦੇ ਹਨ।

ਮੈਂ ਇਸ ਗੁਜਰਾਤਣ ਔਰਤ ਨੂੰ ਜਾਣਦਾ ਤਾਂ ਕਈ ਸਾਲਾਂ ਤੋਂ ਸੀ ਪਰ ਪਹਿਚਾਣਿਆ ਪਹਿਲੀ ਵਾਰ ਸੀ। ਮੈਂ ਤਾਂ ਕਦੀ ਸੋਚਿਆ ਹੀ ਨਹੀਂ ਸੀ ਕਿ ਇਹਦੇ 'ਚ ਏਨਾ ਹੌਸਲਾ ਹੋਵੇਗਾ? ਫੇਰ ਇੰਡੀਅਨ ਤੇ ਬਜ਼ੁਰਗ ਔਰਤ ਹੁੰਦਿਆਂ ਏਨੀ ਗੱਲ ਕਹਿਣ ਦਾ ਜੇਰਾ ਕਰ ਸਕਦੀ ਸੀ? ਬੱਸ ਉਸ ਦਿਨ ਤੋਂ ਮੈਨੂੰ ਉਹਦੀ ਕਦਰ ਹੋ ਗਈ ਸੀ।

ਫੇਰ ਮੈਨੂੰ ਪਤਾ ਲੱਗਾ ਕਿ ਉਹ ਤਾਂ ਕੈਂਸਰ ਦੀ ਮਰੀਜ਼ ਸੀ। ਇਕ ਛਾਤੀ ਵੀ ਕੱਟੀ ਹੋਈ ਸੀ। ਸ਼ੂਗਰ ਦੀ ਬੀਮਾਰੀ ਵੀ ਸੀ। ਦਿਹਾੜੀ 'ਚ ਦੋ ਤਿੰਨ ਟੀਕੇ ਵੀ ਜ਼ਰੂਰ ਲਾਉਂਦੀ ਸੀ। ਚੈੱਕ-ਅੱਪ ਲਈ ਹਸਪਤਾਲ ਜਾਣਾ ਪੈਂਦਾ ਸੀ ਤੇ ਹੁੰਦੀ ਵੀ ਇਕੱਲੀ ਸੀ। ਉਂਜ ਉਹਦੇ ਦੋ ਪੁੱਤਰ ਤੇ ਦੋ ਧੀਆਂ ਵੀ ਸਨ। ਇਕ ਪੁੱਤਰ ਡਾਕਟਰ ਸੀ ਤੇ ਇਕ ਧੀ ਅਮਰੀਕਾ ਰਹਿੰਦੀ ਸੀ। ਛੋਟੀ ਧੀ ਦੇ ਦੋ ਜਵਾਨ ਪੁੱਤਰ ਵੀ ਸਨ। ਉਹਦੇ ਪਤੀ ਦੀ ਮੌਤ ਹੋ ਚੁੱਕੀ ਸੀ। ਉਹ ਇਕੱਲੀ ਰਹਿੰਦੀ ਸੀ।

ਸਾਡੀ ਸੜਕ 'ਤੇ ਹੀ ਰਹਿੰਦੀ ਸੀ। ਆਉਂਦੇ-ਜਾਂਦੇ ਨਮਸਤੇ ਹੁੰਦੀ। ਇਕੱਲੇ ਮੇਰੇ ਨਾਲ ਹੀ ਨਹੀਂ, ਸਾਰਿਆਂ ਨਾਲ। ਉਹ ਹਰੇਕ ਨੂੰ ਜ਼ਰੂਰ ਬੁਲਾ ਲੈਂਦੀ ਸੀ। ਬੁੱਢਾ ਹੋਵੇ ਚਾਹੇ ਜਵਾਨ, ਨਮਸਤੇ ਜ਼ਰੂਰ ਕਹਿੰਦੀ। ਉਹਦੀ ਬੋਲ-ਬਾਣੀ ਵੀ ਏਨੀ ਮਿੱਠੀ ਹੁੰਦੀ ਜਿਵੇਂ ਮੂੰਹੋਂ ਫੁੱਲ ਝੜ ਰਹੇ ਹੋਣ। ਗੋਰਿਆਂ ਨਾਲ ਵੀ ਤੇ ਕਾਲਿਆਂ ਨਾਲ ਵੀ ਗੱਲ ਕਰਦੀ। ਸੁੱਖਸਾਂਦ ਪੁੱਛਦੀ। ਉਹਦੀ ਅੰਗਰੇਜ਼ੀ ਵੀ ਸੋਹਣੀ ਅਤੇ ਹਿੰਦੀ ਵੀ ਵਧੀਆ ਸੀ। ਗੁਜਰਾਤੀ ਤਾਂ ਆਪੇ ਵਧੀਆ ਹੋਣੀ ਸੀ।

ਮੈਨੂੰ ਹੈਰਾਨੀ ਇਸ ਗੱਲ ਕਰਕੇ ਵੀ ਹੁੰਦੀ ਸੀ ਕਿ ਉਹਦੀ ਜ਼ੁਬਾਨ 'ਤੇ ਕਦੀ ਵੀ ਦੁੱਖ ਤਕਲੀਫ ਦਾ ਜ਼ਿਕਰ ਨਹੀਂ ਸੀ ਹੁੰਦਾ। ਮੈਂ ਉਹਨੂੰ ਇਹ ਕਹਿੰਦਿਆਂ ਕਦੀ ਨਹੀਂ ਸੀ ਸੁਣਿਆ ਕਿ ਮੈਨੂੰ ਆਹ ਬੀਮਾਰੀ ਹੈ। ਮੈਂ ਦੁਖੀ ਹਾਂ। ਇਕੱਲੀ ਹਾਂ। ਕੀ ਕਰਾਂ? ਮੇਰਾ ਕੀ ਬਣੂੰਗਾ? ਹਾਲੀ ਤਾਂ ਤੁਰ ਫਿਰ ਰਹੀ ਆਂ, ਫੇਰ ਇਕ ਦੋ ਸਾਲ ਬਾਅਦ ਕੀ ਹੋਵੇਗਾ?

...ਹਾਂ, ਇਕ ਵਾਰ ਜਦ ਮੈਂ ਸਵੇਰੇ ਸੈਰ ਤੋਂ ਬਾਅਦ ਘਰ ਵਾਪਸ ਆ ਰਿਹਾ ਸੀ ਤਾਂ ਉਹ ਆਪਣੇ ਘਰ ਮੋਹਰੇ, ਸੜਕ 'ਤੇ ਖੜ੍ਹੀ ਸੀ। ਮੈਨੂੰ ਦੇਖਦਿਆਂ ਹੀ, ਆਪਣੀ ਆਦਤ ਅਨੁਸਾਰ ਦੋਵੇਂ ਹੱਥ ਜੋੜ ਕੇ ਨਮਸਤੇ ਬੁਲਾਈ।

ਮੈਂ ਨਮਸਤੇ ਦਾ ਉੱਤਰ ਦਿੰਦਿਆਂ ਪੁੱਛਿਆ, "ਸੁੱਖ ਤਾਂ ਹੈ? ਇਸ ਵੇਲੇ ਸਵੇਰੇ ਬਾਹਰ ਖੜ੍ਹੇ ਹੋ?"

"ਭਾਈ ਸਾਹਿਬ, ਕੋਈ ਤਕਲੀਫ ਨਹੀਂ। ਸਭ ਕੁਝ ਠੀਕ ਠਾਕ ਹੈ", ਉਹਨੇ ਹਿੰਦੀ 'ਚ ਕਿਹਾ, "ਅੱਜ ਗਰਮੀ ਬਹੁਤ ਸੀ। ਚੰਗੀ ਤਰ੍ਹਾਂ ਨੀਂਦ ਨਹੀਂ ਆਈ। ਮੈਂ ਸੋਚਿਆ-ਚਲੋ ਨੀਂਦ ਨਹੀਂ ਆਈ, ਨਾ ਸਹੀ। ਬਾਹਰ ਨਿਕਲ ਕੇ ਹਵਾ ਲੈਂਦੇ ਹਾਂ...ਤੇ ਮੈਂ ਏਥੇ ਖੜ੍ਹੀ ਹੋ ਗਈ। ਹੁਣ ਤੁਸੀਂ ਮਿਲ ਪਏ, ਦਸੋਂ ਕੀ ਹਾਲ ਹੈ ਤੁਹਾਡਾ?"

ਫੇਰ ਉਹਨੇ ਆਪਣੀ ਆਦਤ ਅਨੁਸਾਰ ਗੱਲਾਂ ਦੀ ਐਸੀ ਲੜੀ ਸ਼ੁਰੂ ਕਰ ਦਿੱਤੀ, ਜਿਹਦੀ ਮੁੱਕਣ 'ਚ ਹੀ ਨਹੀਂ ਸੀ ਆਉਂਦੀ। ਤੱਤ ਇਹ ਸੀ ਕਿ ਉਹਦੇ ਪਤੀ ਦੀ ਮੌਤ ਤੋਂ ਬਾਅਦ ਉਹਦਾ ਜਵਾਈ ਜਾਂ ਮੁੰਡਾ, ਕੋਈ ਨਾ ਕੋਈ ਉਹਦੇ ਘਰ ਰਾਤ ਨੂੰ ਜ਼ਰੂਰ ਸੌਂਦਾ ਸੀ ਤਾਂ ਜੁ ਉਹ ਇਕੱਲੀ ਮਹਿਸੂਸ ਨਾ ਕਰੇ।

ਪਰ ਇਕ ਵਾਰ ਉਹਨੇ ਆਪਣੇ ਜਵਾਈ ਤੇ ਪੁੱਤਰ ਦੀਆਂ ਗੱਲਾਂ ਕੁਦਰਤੀ ਸੁਣ ਲਈਆਂ।

ਦੋਵੇਂ ਸੋਚ ਰਹੇ ਸਨ ਕਿ ਬੁੱਢੀ ਨੇ ਪਤਾ ਨਹੀਂ ਕਦੋਂ ਮਰਨਾ ਹੈ। ਇਹ ਤਾਂ ਏਨੀਆਂ ਬੀਮਾਰੀਆਂ ਦੇ ਹੁੰਦਿਆਂ ਹੋਇਆਂ ਵੀ ਘੋੜੀ ਵਰਗੀ ਹੈ। ਕਿਸੇ ਤਰ੍ਹਾਂ ਇਹਨੂੰ ਪਤਿਆ ਕੇ ਨਰਸਿੰਗ ਹੋਮ 'ਚ ਪਾ ਕੇ ਮਕਾਨ ਵੇਚ ਦੇਈਏ। ਨਹੀਂ ਤਾਂ ਆਪਾਂ ਨੂੰ ਕੁਝ ਨਹੀਂ ਮਿਲਣ ਵਾਲਾ। ਏਸ ਬੁੱਢੀ ਦਾ ਕੀ ਪਤਾ ਕੀ ਕਰ ਦੇਵੇ? ਕਿਹਨੂੰ ਮਕਾਨ ਦੇ ਦੇਵੇ?

ਉਹ ਕਹਿਣ ਲੱਗੀ, "ਬੱਸ ਭਾਈ ਸਾਹਿਬ, ਉਸ ਦਿਨ ਤੋਂ ਮੈਂ ਉਨ੍ਹਾਂ ਸਾਰਿਆਂ ਦੀ ਛੁੱਟੀ ਕਰ ਦਿੱਤੀ। ਇਕੱਲੀ ਰਹਿੰਦੀ ਹਾਂ। ਇਹ ਮੇਰੇ ਪਤੀ ਦੀ ਜਾਇਦਾਦ ਹੈ। ਜਦ ਤਕ ਮੈਂ ਹਾਂ, ਮੈਂ ਛੱਡਣ ਨਹੀਂ ਲੱਗੀ। ਮੈਂ ਮਰੂੰਗੀ ਤਾਂ ਇਸ ਘਰ 'ਚ..."

ਉਹ ਕੁਝ ਦੇਰ ਰੁਕੀ ਤੇ ਫਿਰ ਬੋਲੀ, "ਦੇਖੋ ਨਾ ਭਾਈ ਸਾਹਿਬ, ਅਸੀਂ ਇਹ ਘਰ ਪਿਆਰ ਨਾਲ ਖਰੀਦਿਆ ਸੀ। ਸਾਰੇ ਬੱਚੇ ਇਥੇ ਜੰਮੇ ਤੇ ਜਵਾਨ ਹੋਏ। ਹੁਣ ਉਹ ਨਹੀਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹਦੀ ਯਾਦ ਵੀ ਨਹੀਂ। ਮੈਨੂੰ ਤਾਂ ਹਾਲੀ ਵੀ ਉਹ ਜੀਂਦਾ ਜਾਪਦੈ। ਘਰ 'ਚ ਤੁਰਿਆ ਫਿਰਦਾ...(ਹੱਸਦੀ ਹੋਈ) ਕਈ ਵਾਰ ਰਾਤ ਨੂੰ ਇੰਜ ਵੀ ਜਾਪਦਾ ਜਿਵੇਂ ਮੇਰੇ ਨਾਲ ਸੁੱਤਾ ਪਿਆ...।"

ਉਹ ਕਿੰਨਾ ਚਿਰ ਖਿੜਖਿੜਾ ਕੇ ਹੱਸਦੀ ਰਹੀ ਤੇ ਮੈਂ ਵੀ ਹੱਸਣ ਲੱਗ ਪਿਆ।

ਉਹਦੇ 'ਚ ਕੋਈ ਨੁਕਸ ਸੀ ਤਾਂ ਇਹੋ ਕਿ ਉਹਦੀ ਗੱਲ ਕਦੀ ਮੁੱਕਦੀ ਨਹੀਂ ਸੀ। ਗੱਲ 'ਚੋਂ ਗੱਲ ਨਿਕਲਦੀ ਹੀ ਰਹਿੰਦੀ ਸੀ। ਕਈ ਵਾਰ ਬੰਦੇ ਉਹਦੇ ਕੋਲੋਂ ਅੱਕ ਵੀ ਜਾਂਦੇ ਸਨ। ਕਈ ਵਾਰ ਤਾਂ ਮੈਂ ਵੀ ਉਹਨੂੰ ਦੇਖ ਕੇ ਰਸਤਾ ਬਦਲ ਲੈਂਦਾ ਸਾਂ।

ਇਕ ਵਾਰ ਗੱਲਾਂ ਗੱਲਾਂ 'ਚ ਮੈਂ ਪੁੱਛਿਆ, "ਤੁਹਾਡਾ ਦਿਲ ਕਦੀ ਘਬਰਾਉਂਦਾ ਨਹੀਂ?"

ਕਹਿਣ ਲੱਗੀ, "ਘਬਰਾਉਂਦਾ ਤਾਂ ਹੈ, ਪਰ ਕੀ ਕੀਤਾ ਜਾਵੇ? ਨਾ ਅਸੀਂ ਇਕਦਮ ਅਗਾਂਹ ਛਾਲ ਮਾਰ ਸਕਦੇ ਹਾਂ ਤੇ ਨਾ ਪਿੱਛੇ ਪਰਤ ਸਕਦੇ ਹਾਂ। ਕਿਉਂ ਨਹੀਂ ਹਾਲ ਦੀ ਘੜੀ 'ਚ, ਜਿਹੋ ਜਿਹੀ ਵੀ ਹੈ, ਸਬਰ ਨਾਲ ਰਹੀਏ?"

ਮੈਂ ਕਿੰਨਾ ਚਿਰ ਹੈਰਾਨ ਹੋਇਆ ਉਹਦੇ ਮੂੰਹ ਵਲ ਦੇਖਦਾ ਰਿਹਾ ਕਿ ਇਸ ਔਰਤ ਨੂੰ ਜ਼ਿੰਦਗੀ ਦਾ ਕਿੰਨਾ ਡੂੰਘਾ ਅਨੁਭਵ ਹੈ।

ਏਨੇ ਨੂੰ ਉਹ ਕਹਿਣ ਲੱਗੀ, "ਭਾਈ ਸਾਹਿਬ, ਸਾਰਾ ਕਸ਼ਟ ਦੁਚਿੱਤੀ 'ਚ ਹੈ। ਦੁਚਿੱਤੀ ਨਹੀਂ ਤਾਂ ਚਿੰਤਾ ਵੀ ਨਹੀਂ। ਜੇਕਰ ਤੁਹਾਡੇ ਸਾਹਮਣੇ ਚੋਣ ਹੈ ਤਾਂ ਕਿਉਂ ਨਹੀਂ ਚੰਗੀ ਚੋਣ ਕਰਦੇ? ਮੈਂ ਜੀਣ ਦਾ ਫੈਸਲਾ ਕੀਤਾ ਹੈ ਤਾਂ ਚੀਕਣ ਦਾ ਕੋਈ ਅਰਥ ਨਹੀਂ। ਮੈਂ ਖੁਸ਼ ਹਾਂ। ਘਬਰਾਹਟ ਕਾਹਦੀ?...ਦੂਸਰੇ ਇਸ ਮੁਲਕ 'ਚ ਤਾਂ ਸਹੂਲਤਾਂ ਵੀ ਬਹੁਤ ਹਨ...।"

ਫੇਰ ਮੈਨੂੰ ਇਹ ਵੀ ਪਤਾ ਲੱਗਾ ਕਿ ਉਹ ਲੋਕਾਂ ਦੇ ਛੋਟੇ ਮੋਟੇ ਕੰਮ ਵੀ ਕਰਦੀ ਰਹਿੰਦੀ ਸੀ। ਅੰਗਰੇਜ਼ੀ ਸੋਹਣੀ ਹੋਣ ਕਰਕੇ ਗਲੀ ਗੁਆਂਢ 'ਚ ਦੋਭਾਸ਼ੀਏ ਦੇ ਤੌਰ 'ਤੇ ਵੀ ਮਸ਼ਹੂਰ ਸੀ। ਡਾਕਟਰ ਦੇ ਜਾਣਾ ਹੋਵੇ, ਕੌਂਸਲ 'ਚ ਕੋਈ ਕੰਮ ਹੋਵੇ ਜਾਂ ਕੋਈ ਚੀਜ਼ ਖਰੀਦਣੀ ਹੋਵੇ ਤਾਂ ਨਾਲ ਵੀ ਚਲੀ ਜਾਂਦੀ ਸੀ।

ਇਕ ਵਾਰ ਮੇਰੀ ਪਤਨੀ ਨੂੰ ਕਿਸੇ ਨੇ ਦੱਸਿਆ ਕਿ ਉਹ ਤਰਨ ਜਾਂਦੀ ਹੈ, ਤੂੰ ਉਹਨੂੰ ਪੁੱਛ ਕੇ ਦੇਖ। ਜੇਕਰ ਤੈਨੂੰ ਨਾਲ ਲੈ ਜਾਇਆ ਕਰੇ, ਸਾਥ ਬਣ ਜਾਊ। ਉਹ ਉਹਦੇ ਘਰ ਗਈ ਤਾਂ ਬੜਾ ਹੈਰਾਨ ਹੋਈ ਕਿ ਉਹਦੇ ਘਰ 'ਚ ਸਭ ਕੁਝ ਸੀ। ਸਾਰੀਆਂ ਸੁਖ ਸਹੂਲਤਾਂ ਸਨ। ਉਹਨੇ ਕਸਰਤ ਕਰਨ ਲਈ ਇਕ ਕਮਰਾ ਵੱਖਰਾ ਰੱਖਿਆ ਹੋਇਆ ਸੀ।

ਫੇਰ ਇਕ ਵਾਰ ਮਿਲੀ ਤਾਂ ਕਹਿਣ ਲੱਗੀ, "ਭਾਈ ਸਾਹਿਬ, ਭੈਣ ਜੀ ਮਿਲੇ ਸਨ। ਉਹ ਤਰਨਾ ਚਾਹੁੰਦੇ ਹਨ। ਮੈਨੂੰ ਤਰਨਾ ਤਾਂ ਆਉਂਦਾ ਹੈ, ਪਰ ਤਰਨ ਜਾਂਦੀ ਨਹੀਂ। ਏਨਾ ਸਮਾਂ ਵੀ ਨਹੀਂ। ਮੈਂ ਤਾਂ ਇਕ ਤਰ੍ਹਾਂ ਹਰ ਵੇਲੇ ਹੀ ਕਸਰਤ ਕਰਦੀ ਰਹਿੰਦੀ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਉਨ੍ਹਾਂ ਨਾਲ, ਇਕ ਕਲੱਬ 'ਚ ਜਾ ਕੇ ਤਰਨਾ ਸਿਖਾ ਸਕਦੀ ਹਾਂ। ਦੂਸਰੇ ਕਲੱਬਾਂ 'ਚ ਤਰਨਾ ਸਿਖਾਉਣ ਦਾ ਪ੍ਰਬੰਧ ਵੀ ਹੁੰਦਾ ਹੈ...ਉਂਜ ਮੈਂ ਇਕ ਕਲੱਬ 'ਚ ਤਿੰਨ ਦਿਨ ਜਾਂਦੀ ਹਾਂ। ਉਥੇ ਕਸਰਤ ਕਰਾਉਂਦੇ ਹਨ। ਹਲਕੀਆਂ ਹਲਕੀਆਂ ਫੁਰਤੀ ਲਈ ਕਈ ਕਸਰਤਾਂ ਹਨ। ਨੱਚਣ ਟੱਪਣ ਵਾਲੀਆਂ ਵੀ ਹਨ। ਕਸਰਤ ਕਰਾਉਣ ਵਾਲੀਆਂ ਦੋ ਤੀਵੀਆਂ ਹਨ...ਹਾਂ, ਤੁਸੀਂ ਵੀ ਆਇਆ ਕਰੋ। ਉਥੇ ਆਦਮੀ ਵੀ ਆਉਂਦੇ ਹਨ ਤੇ ਭੈਣ ਜੀ ਨੂੰ ਵੀ ਨਾਲ ਲੈ ਕੇ ਆਉਣਾ। ਈਲਿੰਗ ਚਰਚ ਦੇ ਕੋਲ ਹੀ ਉਹ ਕਲੱਬ ਹੈ...।"

ਉਹ ਕਹਿੰਦੀ ਕਹਿੰਦੀ ਪਲ ਕੁ ਲਈ ਰੁਕ ਗਈ ਤੇ ਫਿਰ ਬੋਲੀ, "ਉਨ੍ਹਾਂ ਕਸਰਤ ਕਰਾਉਣ ਵਾਲੀਆਂ ਦੇ ਆਦਮੀ ਵੀ ਆਉਂਦੇ ਹਨ। ਇਕ ਦਾ ਆਦਮੀ ਤਾਂ ਐਸਾ ਵੈਸਾ ਹੀ ਹੈ ਪਰ ਦੂਸਰੀ ਦਾ ਸੋਹਣਾ ਹੈ...।"

ਉਹ ਕਹਿੰਦੀ ਕਹਿੰਦੀ ਚੁੱਪ ਕਰ ਗਈ ਜਿਵੇਂ ਸੋਚ ਰਹੀ ਹੋਵੇ ਕਿ ਉਹ ਆਪਣੀ ਗੱਲ ਨੂੰ ਕਿਵੇਂ ਕਹੇ।


ਦੇਖਦਿਆਂ ਹੀ ਦੇਖਦਿਆਂ ਉਹਦੀਆਂ ਅੱਖਾਂ 'ਚ ਇਕ ਲਿਸ਼ਕ ਜਿਹੀ ਪੈਦਾ ਹੋਈ, ਬੁੱਲ੍ਹਾਂ 'ਤੇ ਮੁਸਕਾਨ ਦੌੜ ਗਈ ਤੇ ਉਹਦਾ ਸਾਰਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਅਤੇ ਉਹ ਖਿੜਖਿੜਾ ਕੇ ਹੱਸਣ ਲੱਗ ਪਈ।

ਉਹ ਕਿੰਨਾ ਚਿਰ ਹੱਸਦੀ ਰਹੀ। ਮੈਂ ਹੈਰਾਨੀ 'ਚ ਉਹਦੇ ਵਲ ਝਾਕਦਾ ਰਿਹਾ।

ਕਹਿਣ ਲੱਗੀ, "ਦੇਖੋ ਨਾ, ਲੈਣਾ ਦੇਣਾ ਕੁਝ ਨਹੀਂ। ਫਿਰ ਵੀ ਔਰਤ ਚਾਹੇ ਬੁੱਢੀ ਕਿਉਂ ਨਾ ਹੋ ਜਾਵੇ, ਆਦਮੀ ਦੀ ਸੰਗਤ ਤਾਂ ਚਾਹੁੰਦੀ ਹੀ ਹੈ...ਤੁਸੀਂ ਵੀ ਜ਼ਰੂਰ ਕਲੱਬ 'ਚ ਆਇਆ ਕਰੋ ਤੇ ਭੈਣ ਜੀ ਨੂੰ ਵੀ ਜ਼ਰੂਰ ਲੈ ਕੇ ਆਉਣਾ...।"

ਇਹ ਕਹਿੰਦਿਆਂ ਉਹਨੇ ਮੇਰੇ ਵੱਲ ਇੰਜ ਤੱਕਿਆ, ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਮੈਂ ਸੱਤਰ ਤੋਂ ਇਕਦਮ ਸਤਾਰਾਂ ਸਾਲ ਦਾ ਬਣ ਗਿਆ ਹੋਵਾਂ।

# ਰੇਸ਼ਮਾ ਦੀ ਆਵਾਜ਼ ਸਦਾ ਲਈ ਬੰਦ ਹੋ ਜਾਏਗੀ?



ਪੰਜਾਬੀ ਸੰਗੀਤ ਦੀ ਦੁਨੀਆਂ ਵਿਚ, ਇਕ ਦਿਨ ਪਾਕਿਸਤਾਨ ਨੇ ਬੜੀ ਵੱਡੀ ਲੱਭਤ ਲੱਭੀ ਜਦੋਂ ਜੰਗਲ ਬੇਲਿਆਂ ਤੇ ਸਿਕਲੀਗਰਾਂ ਦੀਆਂ ਬਸਤੀਆਂ ਵਿਚ ਕੁਦਰਤੀ ਬੇਪ੍ਰਵਾਹੀ ਨਾਲ, ਆਪਣੀ ਰੂਹ ਨੂੰ ਖੁਸ਼ ਕਰਨ ਲਈ, ਗਾਉਂਦੀ ਰੇਸ਼ਮਾ ਨੂੰ ਲੱਭ ਲਿਆ ਗਿਆ। ਜਿੰਨੀ ਖੁਸ਼ੀ ਰੇਸ਼ਮਾ ਨੂੰ ਪਾਕਿਸਤਾਨ ਵਿਚ ਲੱਭ ਲੈਣ ਵਾਲਿਆਂ ਨੂੰ ਹੋਈ, ਉਸਤੋਂ ਜ਼ਿਆਦਾ ਖੁਸ਼ੀ ਸ਼ਾਇਦ ਹਿੰਦੁਸਤਾਨ ਵਿਚ ਰਹਿੰਦੇ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਹੋਈ। ਜੰਗਲ ਬੇਲਿਆਂ ਵਿਚ ਗੁਣਗੁਣਾਉਣ ਵਾਲੀ ਰੇਸ਼ਮਾ ਦੀ ਆਵਾਜ਼, ਦੋਹਾਂ ਪੰਜਾਬਾਂ ਦੀ ਸਾਂਝ ਬਣ ਗਈ।

ਰੇਸ਼ਮਾ ਦੇ ਹਰ ਨਵੇਂ ਗੀਤ ਦੀ ਉਡੀਕ, ਪਾਕਿਸਤਾਨ ਤੋਂ ਬਾਅਦ, ਹਿੰਦੁਸਤਾਨ ਦੇ ਪੰਜਾਬੀ ਪ੍ਰੇਮੀ ਵੀ ਉਸੇ ਚਾਅ ਨਾਲ ਕਰਨ ਲੱਗ ਪਏ। ਰੇਸ਼ਮਾ ਦੇ ਗੀਤਾਂ ਦਾ ਸਵਾਗਤ ਹਿੰਦੁਸਤਾਨ ਅਤੇ ਪਾਕਿਸਤਾਨ, ਦੋਹਾਂ ਦੇਸ਼ਾਂ ਵਿਚ ਹੋਣ ਲੱਗਾ। ਤੇ ਫਿਰ ਉਹ ਦਿਨ ਵੀ ਆ ਗਿਆ ਜਦ ਰੇਸ਼ਮਾ ਦੇ ਪੰਜਾਬੀ ਗੀਤ, ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਘੋੜਿਆਂ 'ਤੇ ਸਵਾਰੀ ਕਰਨ ਲੱਗੇ। ਜੰਗਲਾਂ ਬੇਲਿਆਂ ਵਿਚ ਸ਼ੌਕੀਆ ਗਾਉਣ ਵਾਲੀ ਰੇਸ਼ਮਾ ਬੀ.ਬੀ.ਸੀ., ਅਮਰੀਕਾ ਤੇ ਹੋਰ ਦੇਸ਼ਾਂ ਦੇ ਚੈਨਲਾਂ 'ਤੇ ਵੀ, ਪੰਜਾਬੀ ਗੀਤ ਗਾਉਂਦੀ ਵਿਖਾਈ ਦੇਣ ਲੱਗ ਪਈ।

ਰੇਸ਼ਮਾ ਨੂੰ ਉਹ ਦਿਨ ਵੀ ਨਹੀਂ ਭੁੱਲੇ ਜਦੋਂ ਉਸਨੂੰ ਲਾਹੌਰ ਰੇਡੀਓ 'ਤੇ ਗਾਉਣ ਲਈ ਬੁਲਾਇਆ ਗਿਆ ਤੇ ਗੀਤ ਸੁਣਾਉਣ ਲਈ ਕਿਹਾ ਗਿਆ। ਉਹ ਇਕ ਦੋ ਗੀਤ ਗਾ ਕੇ ਕਾਹਲੀ ਪੈ ਗਈ ਤੇ ਬੋਲ ਉਠੀ ਕਿ ਐਵੇਂ ਮੁਫ਼ਤ ਵਿਚ ਉਹ ਨਹੀਂ ਗਾਏਗੀ ਤੇ ਉਸਨੂੰ ਪਹਿਲਾਂ ਪੈਸੇ ਦਿਤੇ ਜਾਣ। ਜਦ ਉਸ ਤੋਂ ਜਾਣਨਾ ਚਾਹਿਆ ਕਿ ਉਹ ਕਿੰਨੇ ਪੈਸਿਆਂ ਦੀ ਆਸ ਰਖਦੀ ਹੈ ਤਾਂ ਉਸ ਦਾ ਕਹਿਣਾ ਸੀ ਕਿ ਰੁਪਈਆ ਦੋ ਰੁਪਏ ਜੋ ਵੀ ਦੇਣੇ ਜੇ, ਦੇ ਦਿਉ ਪਰ ਮੁਫ਼ਤ ਵਿਚ ਨਾ ਸੁਣੀ ਜਾਉ। ਉਸ ਸਮੇਂ ਰੇਸ਼ਮਾ ਲਈ ਰੁਪਈਆ, ਦੋ ਰੁਪਏ ਹੀ ਵੱਡੀ ਕਮਾਈ ਹੁੰਦੀ ਸੀ ਕਿਉਂਕਿ ਏਨੀ ਕੁ ਕਮਾਈ ਨਾਲ ਸ਼ਾਮ ਦੀ ਰੋਟੀ ਦਾ ਪ੍ਰਬੰਧ ਤਾਂ ਹੋ ਹੀ ਜਾਂਦਾ ਸੀ। ਉਸਨੂੰ ਨਹੀਂ ਸੀ ਪਤਾ ਕਿ ਉਸਦੇ ਹੁਨਰ ਦੀ ਕੀਮਤ, ਲੱਖਾਂ ਵਿਚ ਲਗਾਈ ਜਾਣੀ ਸ਼ੁਰੂ ਹੋਣ ਵਾਲੀ ਸੀ ਤੇ ਰੂਹ ਦਾ ਸੰਗੀਤ ਪੇਸ਼ ਕਰਨ ਬਦਲੇ, ਉਹ ਪੰਜਾਬੀ ਸੰਗੀਤ ਦਾ ਧਰੂ-ਤਾਰਾ ਬਣਨ ਜਾ ਰਹੀ ਸੀ।

ਅੱਜ ਅਸੀਂ ਰੇਸ਼ਮਾ ਨੂੰ ਕਿਵੇਂ ਯਾਦ ਕਰ ਰਹੇ ਹਾਂ? ਰੇਸ਼ਮਾ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਹੀ ਸੀ ਤੇ ਉਸਨੂੰ ਮਿਲ ਕੇ ਇਹ ਅਫਸੋਸਨਾਕ ਸਚਾਈ ਸਾਹਮਣੇ ਆਈ ਹੈ ਕਿ ਪਿਛਲੇ ਦੋ ਸਾਲਾਂ ਤੋਂ ਉਸ ਦੀ ਆਵਾਜ਼ ਜੋ ਸੁਣਾਈ ਨਹੀਂ ਸੀ ਦੇ ਰਹੀ, ਉਸ ਦਾ ਕਾਰਨ ਇਹ ਸੀ ਕਿ ਕੈਂਸਰ ਦੀ ਨਾਮੁਰਾਦ ਬੀਮਾਰੀ ਨੇ ਉਸ ਦੀ ਆਵਾਜ਼ ਖੋਹ ਲਈ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ਾਇਦ ਉਸ ਦੀ ਆਵਾਜ਼ ਹੁਣ ਦੁਬਾਰਾ ਕਦੇ ਨਹੀਂ ਗੂੰਜ ਸਕੇਗੀ। 1980ਵਿਆਂ ਵਿਚ ਉਸਨੂੰ ਨੱਕ ਦੀ ਹੱਡੀ ਦਾ ਕੈਂਸਰ ਹੋ ਗਿਆ ਸੀ ਪਰ ਇਸ 'ਤੇ ਕਾਬੂ ਪਾ ਲਿਆ ਗਿਆ ਸੀ।

ਇਹ ਹੁਣ ਦੁਬਾਰਾ ਆ ਪ੍ਰਗਟ ਹੋਇਆ ਹੈ। ਰੇਸ਼ਮਾ ਇਕ ਪ੍ਰਾਈਵੇਟ ਪਾਰਟੀ ਦੇ ਸੱਦੇ 'ਤੇ ਭਾਰਤ ਆਈ ਹੋਈ ਹੈ ਤੇ ਪ੍ਰੋਗਰਾਮ ਕੋਆਰਡੀਨੇਟਰ ਨੇ ਉਸਨੂੰ ਪੀ.ਜੀ.ਆਈ. ਚੰਡੀਗੜ੍ਹ ਵਿਚ ਵੀ ਵਿਖਾਇਆ। ਡਾਕਟਰਾਂ ਨੇ ਤੁਰਤ ਕੁਝ ਟੈਸਟ ਕਰਵਾਉਣ ਲਈ ਕਿਹਾ ਪਰ ਰੇਸ਼ਮਾ ਚਾਹੁੰਦੀ ਹੈ ਕਿ ਉਹ ਤੁਰਤ ਪਾਕਿਸਤਾਨ ਜਾ ਕੇ, ਆਪਣੇ ਪਹਿਲਾਂ ਵਾਲੇ ਡਾਕਟਰਾਂ ਕੋਲੋਂ ਇਲਾਜ ਕਰਵਾਵੇ। ਹਿੰਦੁਸਤਾਨ ਵਿਚ, ਉਹ ਸ਼ਾਇਦ ਬਹੁਤੇ ਦਿਨ ਨਹੀਂ ਰਹਿਣਾ ਚਾਹੇਗੀ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਭਾਗ – 1

ਕਰਮਜੀਤ ਸਿੰਘ ਕੁੱਸਾ

ਥੋੜੇ ਦਿਨ ਬਾਅਦ ਜਗਰਾਜ ਦਿਨ ਛਿਪੇ ਘਰ ਆਇਆ, ਬੂਹਾ ਲੰਘਦਿਆਂ ਉਸ ਨੂੰ ਘਰ ਦਾ ਮਾਹੌਲ ਸਾਹ-ਘੁੱਟਵਾਂ ਪ੍ਰਤੀਤ ਹੋਇਆ, ਵਿਹੜੇ ਵਿਚ ਕੋਈ ਨਹੀਂ ਸੀ। ਉਹ ਪਲ-ਝਟ ਖਲੋਤਾ ਰਿਹਾ, ਫੇਰ ਚੁਪ-ਚਾਪ ਹੀ ਸਬਾਤ ਵਿਚ ਜਾ ਕੇ ਵੱਡੇ ਮੰਜੇ ਉੱਤੇ ਪੈ ਗਿਆ। ਕਿੰਨੇ ਸਮੇਂ ਮਗਰੋਂ ਉਸ ਨੂੰ ਵਿਹੜੇ ਵਿਚ ਕਿਸੇ ਦੇ ਕਦਮਾਂ ਦੀ ਪੈੜ ਚਾਲ ਸੁਣੀ, ਪਲ ਕੁ ਮਗਰੋਂ ਕੋਈ ਅੰਦਰ ਆਇਆ, ਪਰ ਉਸ ਜਾਣਦਿਆਂ ਬੁਝਦਿਆਂ ਅੱਖਾਂ ਮੀਟ ਲਈਆਂ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਬੇ ਜੀ ਸਰਸਰੀ ਨਜ਼ਰ ਮਾਰ ਕੇ ਮੁੜ ਗਈ ਸੀ। ਬਾਹਰੋਂ ਭਾਂਡੇ ਖੜਕਣ ਦੀ ਆਵਾਜ਼ ਆਈ, ਪੈੜ ਚਾਲ ਫੇਰ ਸਬਾਤ ਵਲ ਆਉਂਦੀ ਮਲੂਮ ਹੋਈ,

"ਪਾਣੀ ਲਿਆਵਾਂ?"

ਜਗਰਾਜ ਨੇ ਬਿਨਾ ਅੱਖਾਂ ਖੋਲ੍ਹਿਆਂ ਬਲਬੰਤ ਨੂੰ ਸਿਰ ਮਾਰ ਕੇ ਜਵਾਬ ਦਿੱਤਾ। ਬਲਬੰਤ ਉਸ ਨੂੰ ਮੰਜੇ ਤੋਂ ਲੱਤਾਂ ਲਮਕਾਈ ਤੇ ਸਿਰ ਕੰਧ ਨਾਲ ਲਾ ਕੇ ਪਏ ਨੂੰ ਵੇਖਦੀ ਰਹੀ, ਪਰ ਉਸ ਅੱਖਾਂ ਨਾ ਪੱਟੀਆਂ। ਚੁੱਪ ਸਾਏ ਵਾਂਗ ਤਣੀਂ ਰਹੀ। ਬਾਹਰਲਾ ਮਾਮੂਲੀ ਖੜਕਾ ਵੀ ਅੰਦਰ ਸਾਫ਼ ਸੁਣਾਈ ਦੇ ਰਿਹਾ ਸੀ। ਜਗਰਾਜ ਨੂੰ ਬਲਬੰਤ ਦਾ ਮੱਧਮ ਸੁਰ ਵਿਚ ਲਿਆ ਸਾਹ, ਫੇਰ ਹੌਲੀ ਹੌਲੀ ਨੱਕ ਰਾਹੀਂ ਖਾਰਜ ਹੁੰਦਾ ਮਹਿਸੂਸ ਹੋਇਆ, ਪਰ ਉਸ ਜਾਣਦਿਆਂ ਹੋਇਆਂ ਵੀ ਅੱਖਾਂ ਬੰਦ ਰੱਖੀਆਂ।

ਰਾਤ ਨੂੰ ਕੰਮ ਨਿਬੇੜ ਕੇ ਜਦੋਂ ਬਲਬੰਤ ਉਸ ਕੋਲ ਆ ਕੇ ਮੰਜੇ ਉਤੇ ਪਈ, ਉਸ ਕਿੰਨਾ ਸਮਾਂ ਚੁੱਪ ਨਾ ਤੋੜੀ, ਕਦੇ ਕਦੇ ਇਕ ਦੂਜੇ ਨੂੰ ਮੰਜਿਆਂ ਦੇ ਤੜਾਕੇ ਪੈਣ ਦੀ ਬਿੜਕ ਮਿਲਦੀ, ਜਿਵੇਂ ਉਨ੍ਹਾਂ ਦੇ ਸਰੀਰ ਅੱਚਵੀ ਮਹਿਸੂਸ ਕਰ ਰਹੇ ਹੋਣ। ਫੇਰ ਬਲਬੰਤ ਕੁਰ ਨੇ ਉੱਠ ਕੇ ਆਖਿਆ, "ਦੁੱਧ ਪਿਐ ਤੇਰੇ ਸਿਰਾਹਣੇ!"

"ਪੀ ਲੈਨਾਂ, ਤੂੰ ਪੀ ਲੈ।"

"ਤੇਰੇ ਜੋਗਾ ਈ ਐ!"

"ਕਿਉਂ?" ਜਗਰਾਜ ਨੇ ਪਾਸਾ ਵੱਟਦਿਆਂ ਪੁੱਛਿਆ।

ਬਲਬੰਤ ਬੋਲੀ ਕੁਝ ਨਹੀਂ, ਮੰਜੇ ਉੱਤੇ ਪਈ ਸਿੱਧੀ ਝਾਕਦੀ ਰਹੀ, ਫੇਰ ਹੌਲੀ ਜਿਹੀ, ਫੁਸ ਫੁਸਾਹਟ ਸੁਣਾਈ ਦਿੱਤੀ, "ਦੁੱਧ ਦੀ ਥਾਂ ਹੋਰ ਕੁਸ਼ ਮਿਲ ਜੇ, ਥੋੜਾ ਐ।"

ਸੁਣ ਕੇ ਜਗਰਾਜ ਸਤੰਭ ਜਿਹਾ ਹੋ ਗਿਆ। ਉਸ ਜਵਾਬ ਨਾ ਦੇਣਾ ਹੀ ਚੰਗਾ ਸਮਝਿਆ, ਚੁਪ ਫਿਰ ਕਾਬੂ ਹੋ ਗਈ।

"ਕੀ ਕਰਕੇ ਆਇਆਂ ਫੇਰ ਤੂੰ?"

"ਕਾਹਦਾ?" "ਥਾਂ ਦਾ?"

ਜਗਰਾਜ ਫੇਰ ਨਹੀਂ ਬੋਲਿਆ, ਪਤਾ ਨਹੀਂ ਪਲ-ਝਟ ਮਗਰੋਂ ਹੀ ਚੁੱਪ ਹੋ ਜਾਂਦਾ ਸੀ। ਉਸ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਉਸ ਦੇ ਅੰਦਰ ਕੋਈ ਵਾਢ ਕਰ ਰਿਹਾ ਹੋਵੇ।

ਹੁਣ ਬਲਬੰਤ ਦੀ ਆਵਾਜ਼ ਵਿਚ ਭਰਵੀਂ ਰੜਕ ਸੀ, "ਇਉਂ ਚੁੱਪ ਵੱਟਿਆਂ ਨ੍ਹੀਂ ਗੁਜਾਰਾ ਹੋਣਾ...ਜਿਨ੍ਹਾਂ ਨੇ ਅੱਗਾ ਸੁਆਰਨਾ, ਜੁਆਕਾਂ ਦਾ ਕੁਸ਼ ਬਣਾਉਣਾ, ਜੇ ਉਹ ਤੇਰੇ ਵਾਂਗੂੰ ਘੇਸਲ ਵੱਟਣ, ਧੀਆਂ ਪੁੱਤਾਂ ਨੂੰ ਬਗਲੀ ਫੜਾ ਦੇਣ!...ਏਥੇ ਤਾਂ ਚੱਤੋ-ਪਹਿਰ ਗੋਲਾ ਧੰਦਾ ਐ, ਜਿੰਨਾ ਮਰਜ਼ੀ ਕਰੀ ਜਾਉ, ਕਦਰ ਕੋਈ ਪਾਉਂਦਾ ਨ੍ਹੀਂ! ਸਗੋਂ ਬੋਲਣ ਦਾ ਹੁਕਮ ਨ੍ਹੀਂ।"

ਜਦੋਂ ਉਹ ਚੁੱਪ ਹੋਈ, ਰਾਤ ਫਿਰ ਸਾਂ ਸਾਂ ਕਰਨ ਲੱਗ ਪਈ, ਪਰ ਜਗਰਾਜ ਉਸੇ ਤਰ੍ਹਾਂ ਚੁਪ-ਚਾਪ ਮੰਜੇ ਉੱਤੇ ਲੰਮਾ ਪਿਆ ਰਿਹਾ। ਬਲਬੰਤ ਕੁਰ ਨੇ ਪਿਆਂ ਹੀ ਅੱਖਾਂ ਘੁਮਾ ਕੇ ਉਹਦੇ ਮੰਜੇ ਵਲ ਵੇਖਿਆ, ਉਸਨੂੰ ਜਗਰਾਜ 'ਤੇ ਗੁੱਸਾ ਬੇਹੱਦ ਆਉਂਦਾ ਸੀ, ਪਰ ਉਹ ਕਰ ਕੁਝ ਨਹੀਂ ਸਕਦੀ ਸੀ। ਉਸ ਠੰਢਾ ਜਿਹਾ ਸਾਹ ਭਰ ਕੇ ਸੋਚਿਆ, "ਮੇਰੀ ਤਾਂ ਕਿਸਮਤ ਈ ਮਾੜੀ ਐ!-ਬੰਦੇ ਵੀ ਬਿੱਜੂ ਨਾਲ ਵਾਹ ਪੈ ਗਿਆ! ਡੁੰਨ ਬਨੇਰਾ! ਮੈਨੂੰ ਤਾਂ ਸਮਝਿਆ ਡੰਗਰ ਐ! ਕੰਮ ਕਰਨ ਨੂੰ ਨੌਕਰ ਥਿਆਈ ਆਂ! ਮਾਂ ਪਲੋਸ ਲੈਂਦੀ ਐ, ਝੱਟ ਬਦਲ ਜਾਂਦੈ। ਕੁੱਟਣ ਨੂੰ ਬਥੇਰਾ ਹੱਥ ਖੁੱਲ੍ਹਿਆ ਹੋਇਐ।"

ਵੱਡਾ ਸਾਰਾ ਹਉਕਾ ਭਰ ਕੇ ਉਹ ਆਪਣੀ ਬੇਵਸੀ 'ਤੇ ਝੂਰਦੀ ਰਹੀ, ਫੇਰ ਉਹ ਉੱਠ ਕੇ ਬੈਠ ਗਈ, ਦੁੱਧ ਚੁੱਕ ਕੇ ਜਗਰਾਜ ਨੂੰ ਫੜਾਉਂਦਿਆਂ ਫੇਰ ਬੋਲੀ, "ਐਸ ਤਰ੍ਹਾਂ ਸੋਚਿਆਂ ਤਾਂ ਕੁਸ਼ ਨ੍ਹੀਂ ਹੋਣਾ। ਮੈਂ ਨ੍ਹੀਂ ਏਥੇ ਰਹਿ ਸਕਦੀ। ਮੇਰੀ ਤਾਂ ਬੂ-ਪਾਹਰਿਆ! ਜਿਨ੍ਹਾਂ ਨੇ ਕਿਨਾਰਾ ਕਰਨਾ ਸੀ, ਬਿਨ ਪੁੱਛੇ ਹੀ ਕਰ ਗਏ! ਉਨ੍ਹਾਂ ਦੀ ਕੀ ਇਨ੍ਹਾਂ ਨੇ ਲੱਤ ਭੰਨ-ਤੀ।"

'ਕਰਾਂਗੇ ਕੁਸ਼, ਤੂੰ ਹੁਣ ਸੌਂ ਜਾ।" ਜਗਰਾਜ ਨੇ ਦੁੱਧ ਪੀ ਕੇ ਮੰਜੇ ਉੱਤੇ ਪੈਂਦਿਆਂ ਹੌਲੀ ਜਿਹੀ ਆਖਿਆ।

"ਸੌਂ ਕਿਵੇਂ ਜਾਵਾਂ, ਮੰਜਾ ਈ ਨ੍ਹੀਂ ਝੱਲਦਾ!" ਉਹ ਉਸੇ ਤਰ੍ਹਾਂ ਮੰਜੇ ਉੱਤੇ ਬੈਠੀ ਸੀ, "ਦਿਨੇ ਪਸ਼ੂਆਂ ਵਾਂਗੂੰ ਕੰਮ ਕਰੀਦਾ ਐ, ਨਾਲੇ ਆਰਾਂ ਸੁਣੀਦੀਆਂ! ਮੇਰਾ ਤਾਂ ਜਿਉਣਾ ਦੁੱਭਰ ਹੋਇਆ ਪਿਐ, ਕੋਈ ਜੂਨ ਐ! ਤੂੰ ਤਾਂ ਉੱਠ ਜਾਨੈ, ਮਗਰੋਂ ਜਿਹੜੀਆਂ ਮੇਰੇ ਨਾਲ ਹੁੰਦੀਆਂ, ਮੈਂ ਈ ਜਾਣਦੀ ਆਂ।" ਆਖਦਿਆਂ ਉਹ ਹਥੇਲੀਆਂ ਨਾਲ ਅੱਖਾਂ ਪੂੰਝਣ ਲੱਗ ਪਈ, "ਤੈਨੂੰ ਕੀ, ਤੈਨੂੰ ਮੇਰਾ ਦਰਦ ਹੋਵੇ ਤਾਂ ਹੀ ਜਾਣੇ, ਬਿਗਾਨੀਆਂ ਧੀਆਂ ਦਾ ਕੀਹਨੂੰ ਦਰਦ ਹੁੰਦੈ! ਮੜ੍ਹ ਕੁੱਟਣ ਨੂੰ ਮੁਫਤ 'ਚ ਥਿਆ ਜਾਂਦੀਆਂ! ਏਹੋ ਜੇ ਕੰਜਰ ਮਾਪੇ, ਇਕ ਵਾਰੀ ਗਲੋਂ ਲਾਹ ਕੇ ਮੁੜ ਕੇ ਸਾਰ ਨ੍ਹੀਂ ਲੈਂਦੇ ਬਈ ਜਿਉਂਦੀਆਂ ਕਿ ਮਰ ਖਪ ਗਈਆਂ।"

ਜਗਰਾਜ ਨੇ ਹੌਲੀ ਜਿਹੀ ਆਖਿਆ, "ਹੁਣ ਐਵੇਂ ਰੋ ਰੋ ਕੇ ਕਿਉਂ ਬੁਰਾ ਹਾਲ ਕਰਦੀ ਐਂ! ਕਮਰਾ ਮੈਂ ਪੁੱਛ ਆਇਆਂ, ਜਾਣਾ ਤਾਂ ਹੈ ਹੀ, ਮੈਂ ਸੋਚਦਾ ਆਂ ਬਈ ਅਜੇ ਇਨ੍ਹਾਂ ਦੇ ਮੂੰਹ ਵਲ ਹੋਰ ਵੇਖ ਲੈਂਦੇ ਆ।"

"ਮੂੰਹ ਵਲ ਕੀ ਵੇਖਣਾ ਐ? ਜੇ ਚੰਮ ਕੁਟਾਉਣੈ, ਤੇਰੀ ਮਰਜ਼ੀ! ਅਜੇ ਸਾਰਾ ਲਾ ਲਸ਼ਕਰ ਵਿਆਹੁਣ ਵਾਲਾ ਰਹਿੰਦਾ, ਇਨ੍ਹਾਂ ਦੇ ਕਾਰਜ ਕਰਦਿਆਂ ਹੀ ਬੁੜ੍ਹਾ ਹੋਜੇਂਗਾ। ਆਪਦੇ ਨਿਆਣਿਆਂ ਵਾਰੀ ਖੁੰਡਾ ਫੜ ਲੀਂ! ਮਗਰੋਂ ਜੁਆਕ ਤੇਰੇ ਬੀਹੀਆਂ 'ਚ ਰੁਲਣਗੇ! ਭੈਣ ਭਾਈ ਵੀ ਚਲਦੀਆਂ ਦੇ ਸਕੇ ਐ! ਮਗਰੋਂ ਕਿਸੇ ਨੇ ਬਾਤ ਨ੍ਹੀਂ ਪੁੱਛਣੀ!"

ਉਹ ਪਲ ਕੁ ਚੁੱਪ ਹੋਈ ਤਾਂ ਟਿਕੀ ਰਾਤ ਵਿਚ ਇਉਂ ਲੱਗਾ, ਜਿਵੇਂ ਕੋਈ ਹਿਲ-ਜੁਲ ਹੋ ਰਹੀ ਹੋਵੇ, ਉਸ ਆਸੇ ਪਾਸੇ ਦੇਖਿਆ, ਪਰ ਹਨੇਰੇ ਕਾਰਨ ਉਸ ਨੂੰ ਕੁਝ ਨਾ ਦਿੱਸਿਆ, ਤੇ ਫੇਰ ਕਿਸੇ ਦੀ ਮੱਧਮ ਜਿਹੀ ਖੰਘ ਸੁਣੀ, ਜਿਵੇਂ ਸਾਹਬ ਕੁਰ ਹਾਲੇ ਤੁਰੀ ਫਿਰਦੀ ਹੋਵੇ। ਜਗਰਾਜ ਹੌਲੀ ਜਿਹੀ ਬੋਲਿਆ, "ਪੈ ਜਾ ਹੁਣ ਐਵੇਂ ਅੱਧੀ ਰਾਤ ਕਲੇਸ਼ ਖੜਾ ਕਰੇਂਗੀ!"

"ਕਿਉਂ ਕਲੇਸ਼ ਕਾਹਤੋਂ ਖੜਾ ਹੋ ਜੂ? ਮੈਂ ਕਿਸੇ ਨੂੰ ਕੀ ਕਹਿਨੀ ਆਂ, ਆਪਦੀ ਗੱਲ ਕਰਦੀ ਆਂ, ਹੁਣ ਬੰਦਾ ਢਿੱਡ ਦੀ ਭੜਾਸ ਵੀ ਨਾ ਕਿਸੇ ਕੋਲ ਕੱਢੇ। ਸਾਰੀ ਦਿਹਾੜੀ ਮੂੰਹ ਸਿਉਂ ਕੇ ਕੱਢੀਦਾ! ਮੈਂ ਵੀ ਬੰਦਾਂ, ਪੱਥਰ ਤਾਂ ਨਹੀਂ। ਬੁੜ੍ਹੀ ਤਾਂ ਇਕ ਰੰਬੀਆਂ ਨਾਲ ਮਾਸ ਨ੍ਹੀਂ ਉਧੇੜਦੀ। ਹੋਰ ਕਸਰ ਕੋਈ ਨ੍ਹੀਂ।"

ਇਸ ਵਾਰ ਜਗਰਾਜ ਕਾਹਲੀ ਨਾਲ ਮੰਜੇ ਤੋਂ ਉੱਠਿਆ, ਬਲਬੰਤ ਉਸ ਵਲ ਡਰ ਕੇ ਝਾਕੀ, ਜਗਰਾਜ ਨੇ ਉਸਦੇ ਨੇੜੇ ਹੋ ਕੇ ਕਾਨਾ ਫੂਸਵੀਂ ਆਵਾਜ਼ ਵਿਚ ਸਤ ਕੇ ਆਖਿਆ, "ਤੇਰੇ ਦਮਾਗ 'ਚ ਤਾਂ ਕੂੜਾ ਭਰਿਆ ਹੋਇਐ। ਰਾਤ ਨੂੰ ਰੌਲਾ ਪੁਆਵੇਂਗੀ! ਲੋਕਾਂ ਨੂੰ ਜਲੂਸ ਵਿਖਾ ਕੇ 'ਰਾਮ ਰਹੂ! ਕਰਨੀ ਤਾਂ ਆਪਦੇ ਮਨ ਦੀ ਐ, ਐਵੇਂ ਡੰਡ ਕਿਉਂ ਪਾਈ ਜਾਨੀ ਐਂ।" ਪਲ ਕੁ ਬਲਬੰਤ ਉਸ ਦੀ ਝਿੜਕ ਸੁਣ ਕੇ ਚੁੱਪ ਵੱਟ ਗਈ, ਫੇਰ ਠਹਿਰ ਕੇ ਬੋਲੀ, "ਡੰਡ ਪਾਏ ਬਿਨਾ ਏਥੇ ਸੁਣਦਾ ਕੌਣ ਐ! ਪਹਿਲਾਂ ਤੂੰ ਹੀ ਨੀ ਕੰਨ ਕਰਦਾ! – ਨਾਲੇ ਮੈਂ ਤੈਨੂੰ ਕਹਿ 'ਤਾ, ਸੌ ਹੱਥ ਰੱਸਾ ਸਿਰੇ 'ਤੇ ਗੰਢ! ਮੈਥੋਂ ਹੁਣ ਹੋਰ ਨਹੀਂ ਗੁਲਾਮਪੁਣਾ ਕਰ ਹੁੰਦਾ। ਜੇ ਮੇਰੀ ਜਾਨ ਸਵੱਲੀ ਚਾਹੁੰਨੈਂ, ਇਨ੍ਹਾਂ ਤੋਂ ਪਰ੍ਹੇ ਹੋ ਜਾਹ! ਨਹੀਂ ਮੈਂ ਤਾਂ ਇਨ੍ਹਾਂ ਦਾ ਨਰਕ ਕਿਉਂਟਦੀ ਮਰ ਜੂੰ"! ਪਿੱਛੋਂ ਭੈਣ ਭਾਈ ਮੈਨੂੰ ਸੀਰੀ ਬਣਾ ਕੇ ਰੱਖਣਗੇ! ਜੁਆਕ ਅੱਡ ਗੂੰਹ ਦੀਆਂ ਰੋੜੀਆਂ ਚੁਗਦੇ ਫਿਰਨਗੇ।"

ਜਗਰਾਜ ਚੁੱਪ ਕਰਕੇ ਖੇਸ ਲਪੇਟ ਕੇ ਪੈ ਗਿਆ, ਬਲਬੰਤ ਬਿੰਦ ਝੱਟ ਬੈਠੀ ਰਹੀ, ਵਿਚ ਦੀ ਉਹ ਕੋਈ ਗੱਲ ਕਰ ਲੈਂਦੀ, ਪਰ ਸਵੇਰੇ ਸਾਝਰੇ ਜਦੋਂ ਸਾਰਾ ਟੱਬਰ ਉੱਠ ਖਲੋਤਾ, ਜਗਰਾਜ ਅੰਦਰ ਚਾਹ ਪੀ ਰਿਹਾ ਸੀ, ਸਾਹਬ ਕੁਰ ਅੰਦਰ ਆਈ, ਉਹਦੇ ਵਲ ਝਾਕੀ। ਪਹਿਲਾਂ ਪੰਜ-ਸੱਤ ਮਿੰਟ ਸਾਹਬ ਕੁਰ ਇਧਰ ਉਧਰ ਹੱਥ ਜਿਹੇ ਮਾਰਦੀ ਰਹੀ। ਜਿਵੇਂ ਕੁਝ ਲਭਦੀ ਹੋਵੇ, ਫੇਰ ਮੰਜੇ ਉੱਪਰ ਚੁੱਪ ਕਰਕੇ ਬੈਠ ਗਈ, ਜਗਰਾਜ ਨੇ ਇਕ ਪਲ ਉਸ ਵਲ ਵੇਖਿਆ, ਚੁੱਪ ਕਰਕੇ ਚਾਹ ਪੀਂਦਾ ਰਿਹਾ, ਸਾਹਬ ਕੁਰ ਨੇ ਹਲੇਮੀ ਨਾਲ ਗੱਲ ਤੋਰੀ, "ਲੈ ਭਾਈ ਗੁੱਸੇ ਗਿਲ੍ਹੇ ਵਾਲੀ ਕੋਈ ਗੱਲ ਨਹੀਂ, ਮੈਂ ਰਾਤ ਸਭ ਕੁਝ ਸੁਣ ਲਿਆ। ਜੇ ਥੋਡਾ ਸਾਡੇ ਨਾਲ ਨਹੀਂ ਵਸੇਬਾ ਹੁੰਦਾ, ਬੇਸ਼ੱਕ ਰੋਟੀ ਅੱਡ ਕਰ ਲਓ।"

ਜਗਰਾਜ ਨੇ ਜਵਾਬ ਕੋਈ ਨਾ ਦਿੱਤਾ, ਸਾਹਬ ਕੁਰ ਦੇ ਚਿਹਰੇ ਅਤੇ ਹੱਥ ਦੇ ਇਸ਼ਾਰਿਆਂ ਵਲ ਵੇਖਦਾ ਰਿਹਾ। ਉਸਦੀਆਂ ਅੱਖਾਂ ਸਹਿਜ ਸੁਭਾਅ ਫਰਕੀਆਂ। ਸਾਹਬ ਕੁਰ ਨੇ ਮੰਜੇ ਦੀ ਬਾਹੀ ਉੱਤੇ ਉਂਗਲ ਧਰਦਿਆਂ ਆਖਿਆ, "ਜਦੋਂ ਭਾਈ ਤੁਸੀਂ ਸਾਡੇ ਨਾਲ ਰਹਿਣਾ ਈ ਨਹੀਂ ਚਾਹੁੰਦੇ, ਅਸੀਂ ਥੋਨੂੰ ਮਾਰ ਕੇ ਖੀਰ ਨਹੀਂ ਖੁਆਉਣੀ। ਜਿਵੇਂ ਕਹਿੰਦੀ ਐ, ਉਸੇ ਤਰ੍ਹਾਂ ਕਰ। ...ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਦਾ ਹੁੰਦੈ। ਇਹ ਚੰਗੀ ਭਲੀ ਸੀ। ਜਿਉਂ ਦਰਸ਼ਨ ਨੇ ਸਹੁਰੀਂ ਜ਼ਮੀਨ ਲਈ ਐ, ਉਸੇ ਦਿਨ ਤੋਂ ਇਹ ਡਿਮਾਕ ਚੁੱਕੀ ਫਿਰਦੀ ਐ! ਹਾਏ ਜ਼ਮੀਨ! ਹਾਏ ਜ਼ਮੀਨ!...ਤੁਸੀਂ ਆਪਦੀ ਜ਼ਮੀਨ ਬਣਾਵੋ, ਸਾਡਾ ਰੱਬ ਵਾਲੀ!"

"ਅਸੀਂ ਤਾਂ ਅੱਡ ਹੋਣ ਨੂੰ ਆਖਿਆ ਨ੍ਹੀਂ! ਤੁਸੀਂ ਈ ਆਖੀ ਜਾਨੇ ਓਂ!" ਜਗਰਾਜ ਨੇ ਖਾਲੀ ਗਿਲਾਸ ਥੱਲੇ ਰੱਖ ਦਿੱਤਾ।

"ਮਾਂ ਪਿਉ ਤਾਂ ਸੌ ਸੌ ਗੱਲ ਕਹਿੰਦੇ ਹੁੰਦੇ ਐ! ਤੁਸੀਂ ਸਾਡੀ ਬਰਾਬਰੀ ਕਰਨੀ ਐ! ਅਸੀਂ ਥੋਨੂੰ ਜੰਮਿਐ, ਪਾਲਿਐ, ਪੜ੍ਹਾਇਐ ਜਿਹੋ ਜਿਹੇ ਸਰੇ ਵਿਆਹ ਕੀਤੇ ਐ, ਕੰਮ ਵੀ ਚਲਾ ਕੇ ਦਿੱਤੇ... ਸਾਨੂੰ ਹੁਣ ਮੂੰਹ ਖੋਲ੍ਹਣ 'ਤੇ ਵੀ ਪਾਬੰਦੀ ਐ।"

"ਗੱਲ ਇਕ ਵਾਰੀ ਕਹੀਦੀ ਐ, ਜਾਂ ਟਿੰਡ 'ਚ ਕਾਨਾ ਪਾਈ ਰੱਖਣਾ ਹੁੰਦਾ।"

"ਭਾਈ ਜਿਹੜਾ ਦੁਖੀ ਹੁੰਦਾ, ਉਹ ਤਾਂ ਸੌ ਖੂਹ ਟੋਭਾ ਪੱਟਦਾ। ਤੁਸੀਂ ਨਹੀਂ ਅਖਵਾਉਣਾ, ਬਸ਼ੱਕ ਪਰ੍ਹੇ ਹੋ ਜੋ। ਸਾਂਝੇ ਘਰ ਵਿਚ ਤਾਂ ਲੱਤ-ਮੁੱਕੀ ਸਹਿਣੀ ਹੀ ਪੈਂਦੀ ਐ। ਉਹ ਕਹਿੰਦੀ ਐ, ਮੈਂ ਨਾਲ ਰਹਿਣਾ ਨਹੀਂ, ਜੇ ਉਹਨੇ ਰਹਿਣਾ ਨਹੀਂ,



ਰੱਖਦੇ ਅਸੀਂ ਵੀ ਨ੍ਹੀਂ। ਥੋਡੇ ਚਿੱਤ ਵਿਚ ਐ ਨਾ, ਇਨ੍ਹਾਂ ਦੀ ਅਜੇ ਕਬੀਲਦਾਰੀ ਸਮੇਟਣ ਵਾਲੀ ਪਈ ਐ। ਜਿਨ੍ਹਾਂ ਨੇ ਜੰਮੇ ਐ, ਉਹੀ ਕਰਨਗੇ, ਹੋਰ ਨੀ ਕੋਈ ਕਰਨ ਲੱਗਿਆ। ਜੰਮੇ ਤਾਂ ਤੁਸੀਂ ਵੀ ਸੀ, ਪਰ ਪਤਾ ਨਹੀਂ ਸੀ ਢਿੱਡ ਈ ਬੇਈਮਾਨ ਹੋਜੂ।"

ਜਗਰਾਜ ਨੇ ਨਿਹੋਰਾ ਜਿਹਾ ਦਿੱਤਾ, "ਬਸ਼ਰਮ ਤਾਂ ਮੈਂ ਆਂ, ਜਿਹੜਾ ਫੇਰ ਆ ਗਿਆ, ਬਾਪੂ ਨੇ ਤਾਂ ਉਦੋਂ ਕਿਹਾ ਸੀ, ਜੇ ਬੰਦੇ ਦਾ ਪੁੱਤ ਐਂ, ਮੇਰੇ ਘਰ ਨਾ ਵੜੀਂ।" ਸਾਹਬ ਕੁਰ ਕੁਝ ਨਾ ਬੋਲ ਸਕੀ। ਖਾਲੀ ਖਾਲੀ ਨਜ਼ਰਾਂ ਨਾਲ ਉਹਦੇ ਰਾਤਾਂ ਦੇ ਉਨੀਂਦਰੇ ਕਾਰਨ ਹੱਡਲ ਜਿਹੇ ਹੋਏ ਚਿਹਰੇ ਵਲ ਝਾਕਦੀ ਰਹੀ। ਜਗਰਾਜ ਬੋਲਿਆ, "ਗੱਲ ਕੋਈ ਹੋਰ ਹੁੰਦੀ ਐ, ਆਖਣਗੇ ਕੰਮ ਦਾ ਭੱਠਾ ਇਹਨੇ ਬਹਾਇਐ! ਗਲਤੀਆਂ ਕੀਹਤੋਂ ਨਹੀਂ ਹੁੰਦੀਆਂ। ਭਾਮੇ ਘਰ ਦੀ ਗੱਡੀ ਸੀ, ਮੈਨੂੰ ਕਿਹੜਾ ਤਨਖਾਹ ਦਿੰਦੇ ਸੀ। ਦਰਸ਼ਨ ਨੇ ਆਪਦੇ ਹੱਥ ਨਾਲ ਥੋਨੂੰ ਕੋਈ ਪੈਸਾ ਦਿੱਤਾ ਹੋਊ? ਐਵੇਂ ਨਹੀਂ ਜ਼ਮੀਨਾਂ ਖਰੀਦ ਹੁੰਦੀਆਂ। ਸਹੁਰੇ ਕੀਹਦੇ ਖਰੀਦ ਕੇ ਦਿੰਦੇ ਐ।"

"ਜੇ ਦਰਸ਼ਨ ਨੂੰ ਹੱਥ ਚੱਕਵੇਂ ਪੈਸੇ ਦਿੱਤੇ ਐ। ਸੁੱਕੇ-ਸੋੜੇ ਵੀ ਉਸੇ ਨੇ ਕੱਟੇ ਐ। ਚਲ ਮੰਨਦੇ ਆਂ, ਤੂੰ ਤਨਖਾਹ ਨਹੀਂ ਲਈ, ਪਰ ਮਨਮਰਜ਼ੀ ਦਾ ਖਰਚਾ ਵੀ ਤੂੰ ਹੀ ਕਰਦਾ ਰਿਹੈਂ! ਪਿਉ ਤੇਰਾ ਸੱਚਾ ਐ। ਦੂਜੇ ਉਹਤੋਂ ਕਿਵੇਂ ਅਖਵਾ ਲੈਣਗੇ। ਜਦੋਂ ਉਨ੍ਹਾਂ 'ਤੇ ਉਹਨੇ ਆਨਾ ਨਹੀਂ ਖਰਚਿਆ।"

"ਖਰਚਿਆ ਕਿਉਂ ਨਹੀਂ? ਪਾਲੀ ਐਵੇਂ ਪੰਦਰਾਂ ਵਰ੍ਹਿਆਂ ਦਾ ਪੜ੍ਹੀ ਜਾਂਦਾ ਐ।" ਜਗਰਾਜ ਨੇ ਛੇਤੀ ਨਾਲ ਉੱਠ ਕੇ ਆਖਿਆ।

"ਉਹ ਕਿਹੜਾ ਕੰਮ 'ਤੇ ਲੱਗ ਗਿਆ। ਮਹੀਨਾ ਮਹੀਨਾ ਘਰ ਈ ਨ੍ਹੀਂ ਵੜਦਾ। ਜਿੱਦੇਂ ਜਾਂਦੈ, ਘਰੋਂ ਖਾਲੀ ਜਾਂਦੈ। ਸਾਨੂੰ ਤਾਂ ਤੁਸੀਂ ਉੱਲੂ ਸਮਝਦੇ ਓ ਬਈ ਇਨ੍ਹਾਂ ਨੂੰ ਕੀ ਚੱਜ ਐ! ਬੰਦਾ ਮੂੰਹੋਂ ਭਾਵੇਂ ਨਾ ਬੋਲੇ, ਪਤਾ ਉਸਨੂੰ ਸਾਰਾ ਹੁੰਦਾ ਐ। ਕਮਲ਼ਾ ਕੋਈ ਨਹੀਂ ਹੁੰਦਾ।"

"ਇਹ ਤਾਂ ਹੁਣ ਥੋਡੀ ਐਵੇਂ ਵਾਧੂ ਦੀ ਈਰਖਾ ਐ। ਪਾਲੀ ਪੜ੍ਹ ਗਿਆ। ਉਹਦੀ ਆਪਦੀ ਮਿਹਨਤ ਐ। ਤੁਸੀਂ ਪੜ੍ਹ ਲੈਂਦੇ। ਥੋਨੂੰ ਕਿਹੜਾ ਲਾਇਆ ਨਹੀਂ ਸੀ। ਸਾਨੂੰ ਤਾਂ ਤੁਸੀਂ ਭੋਰਾ ਨਹੀਂ ਦੋਸ਼ ਦੇ ਸਕਦੇ। ਇਕ ਦੂੰ ਵਾਡਿਓਂ ਸਰੇ ਲਾਏ ਸੀ। ਨਹੀਂ ਪੜ੍ਹੇ, ਇਸ ਵਿਚ ਸਾਡਾ ਕੀ ਕਸੂਰ? ਨਾਲੇ ਉਹ ਸਾਰਿਆਂ ਤੋਂ ਛੋਟਾ ਐ। ਸਾਰਿਆਂ ਦੀਆਂ ਝਿੜਕਾਂ ਖਾਧੀਆਂ ਉਹਨੇ। ਉਹਦਾ ਨਾਂ ਤੁਸੀਂ ਸਾਰੇ ਲੈ ਦਿੰਨੇ ਓਂ। ਕਦੇ ਉਹਨੇ ਵੀ ਆਖਿਐ। ਇਨ੍ਹਾਂ ਦੇ ਵਿਆਹ ਕੀਤੇ ਐ, ਮੇਰਾ ਵੀ ਕਰੋ। ਐਵੇਂ ਹਵਾ 'ਚ ਡਾਗਾਂ ਮਾਰੀ ਜਾਨੇ ਓਂ।"

ਸਾਹਬ ਕੁਰ ਉੱਠ ਕੇ ਖਲੋ ਗਈ, ਉਸ ਹੱਥ ਉੱਤੇ ਹੱਥ ਮਾਰ ਕੇ ਚਿਹਰੇ ਉਪਰ ਰੋਹ ਲਿਆਉਂਦਿਆਂ ਬਾਹਰ ਜਾਂਦਿਆਂ ਆਖਿਆ; "ਇਹ ਥੋਡੇ ਸਭ ਬਹਾਨੇ ਐ! ਅਖੇ ਮੈਂ ਨ੍ਹੀਂ ਤੇਰੇ ਵਸਣਾਂ, ਤੇਰੀ ਰੋਟੀ ਖਾਂਦੇ ਦੀ ਦਾਹੜੀ ਹਿਲਦੀ ਐ।" ਬੂਹੇ ਵਿਚ ਖੜੋ ਫੇਰ ਆਖਿਆ, "ਤੁਸੀਂ ਆਪਦਾ ਜਿਵੇਂ ਸਲਾਹ ਐ, ਕਰ-ਲੋ, ਬੁੱਤੀਆਂ ਬਤਾਉਣ ਦੀ ਕੀ ਲੋੜ ਐ, ਸਿੱਧੇ ਆਖੋ, ਅਸੀਂ ਅੱਡ ਹੋਣਾ। ਕਬੀਲਦਾਰੀ ਨਹੀਂ ਕਦੇ ਕਿਸੇ ਦੀ ਖੜੀ।"

ਬੋਲਦੀ ਹੋਈ ਸਾਹਬ ਕੁਰ ਵਿਹੜੇ ਵਿਚ ਚਲੀ ਗਈ, ਜਗਰਾਜ ਨੂੰ ਉਸਦੀ ਡੂੰਘੀ ਜਿਹੀ 'ਬੁੜ ਬੁੜ' ਸੁਣਦੀ ਰਹੀ, ਉਸ ਉੱਠ ਕੇ ਆਪਣੇ ਆਪ ਨੂੰ ਸੜ-ਭੁੱਜ ਕੇ ਆਖਿਆ, "ਕਦੇ ਮਰ ਚਿੜੀਏ, ਕਦੇ ਜਿਉਂ ਚਿੜੀਏ!-ਭੈਣ ਦੇਣਾ ਫੇਰ ਅਸੀਂ ਈ ਲੇਖਾ ਦੇਣਾ ਲਿਖਾਇਐ! ਉਹਨੂੰ ਪਤੰਦਰ ਨੂੰ ਆਖੋ ਤਾਂ, ਜੇ ਲੱਤਾਂ 'ਚ ਦਮ ਐ।"

ਪਰਨਾ ਸਿਰ ਉਤੇ ਲਪੇਟਦਾ ਬਾਹਰ ਜੰਗਲ-ਪਾਣੀ ਤੁਰ ਗਿਆ। ਮਹਿਕੀ ਰੁੱਤ ਹੋਣ ਦੇ ਬਾਵਜੂਦ ਵੀ ਉਸ ਨੂੰ ਵਿਹੜੇ ਵਿਚੋਂ ਬਰਾਨੀ ਉੱਡਦੀ ਜਾਪੀ, ਬਾਹਰ ਘਰ ਦੇ ਉੱਚੇ ਥਾਂ ਖਲੋਤੇ ਜਗਰਾਜ ਨੂੰ ਇਉਂ ਭਾਸ ਰਿਹਾ ਸੀ, ਜਿਵੇਂ ਵੀਰਾਨ ਉਜਾੜ ਥਾਂ ਗਿਆ ਹੋਵੇ। ਸਵੇਰ ਭਾਵੇਂ ਖਿੜੀ ਹੋਈ ਸੀ, ਜਗਰਾਜ ਨੂੰ ਆਪਣਾ ਦਮ ਘੁੱਟਦਾ ਲੱਗਿਆ ਤੇ ਉਹਦੇ ਕਦਮ ਦਰਿਆ ਵਾਲੇ ਪਹੇ ਹੋ ਗਏ। ਮੂਹਰਲੇ ਖੇਤਾਂ ਵਿਚ ਕੋਈ ਟਾਂਵਾਂ ਟਾਂਵਾਂ ਬੰਦਾ ਫਿਰਦਾ ਨਜ਼ਰ ਆ ਰਿਹਾ ਸੀ। ਸਹਿਜ ਸੁਭਾਅ ਤੁਰਿਆਂ ਜਾਂਦਿਆਂ ਵੀ ਉਸ ਦੇ ਅੰਦਰੋਂ ਕੋਈ ਦੱਬਿਆ ਹਉਕਾ ਧੂੰਆਂ ਬਣਕੇ ਉਤਾਂਹ ਨੂੰ ਆਉਂਦਾ, ਇਕ ਗੈਸ ਜਿਹੀ ਮੱਲੋ ਮੱਲੀ ਮੱਥੇ ਅਤੇ ਨੱਕ ਰਾਹੀਂ ਸਿੰਮਣ ਲੱਗ ਪੈਂਦੀ। ਉਸ ਦੇ ਅੰਦਰ ਏਨੀ ਜ਼ਿਆਦਾ ਉਥਲ-ਪੁਥਲ ਹੋ ਰਹੀ ਸੀ, ਲਾਗੋਂ ਲੰਘਦਿਆਂ ਦਾ ਹੀ ਪਤਾ ਨਹੀਂ ਲੱਗਦਾ ਸੀ। ਸੁਤੇ ਹੀ ਨਜ਼ਰਾਂ ਉਤਾਂਹ ਕੀਤੀਆਂ, ਖੇਤਾਂ ਵਿਚ ਖਲੋਤੀ ਕਣਕ ਪੀਲੀ ਭਾਅ ਮਾਰ ਰਹੀ ਸੀ, ਉਨ੍ਹਾਂ ਦੇ ਆਪਣੇ ਖੇਤ ਵੀ ਸੁੰਨ-ਸਰਾਂਅ ਵਰਤੀ ਹੋਵੇ, ਫੇਰ ਧੀਰੇ ਦਾ ਰੋੜਾ ਜਿਹਾ ਸਿਰ ਦਿੱਸਿਆ, ਮਗਰੋਂ ਉਸਦਾ ਪਤਲਾ-ਲੰਮਾ ਲਹਿਰਦਾ ਸਰੀਰ ਨਜ਼ਰ ਆਉਣ ਲੱਗ ਪਿਆ।

***

ਕਣਕ ਵੱਢੀ ਜਾ ਰਹੀ ਸੀ, ਦਿਹਾੜੀਆਂ ਦੀ ਨਿਗਰਾਨੀ ਕਰ ਰਹੇ ਨਿਰਵੈਰ ਦੀ ਨਿਗਾਹ ਅਚਾਨਕ ਪਹੀ ਪਹੀ ਆਉਂਦੇ ਇਕ ਖਾਲਸੇ ਉੱਤੇ ਪਈ, ਉਸ ਹੈਰਾਨੀ ਜਿਹੀ ਨਾਲ ਉਸ ਵਲ ਵੇਖਿਆ, ਉਸ ਦੇ ਮੂੰਹੋਂ ਸੁਭਾਵਕ ਨਿਕਲਿਆ, "ਕੌਣ ਹੋਇਐ ਬਈ?"

"ਖ਼ਾਲਸੇ ਦਾ ਆਪਣੇ ਤਾਈਂ ਕੀ ਕੰਮ?" ਗੁਰੇ ਨੇ ਰਤਾ ਕੁ ਹੱਸ ਕੇ ਆਖਿਆ।

"ਆਪਣੇ ਪਿੰਡੋਂ ਤਾਂ ਲੱਗਦਾ ਨ੍ਹੀਂ, ਕਿਤੇ...!" ਅਗਲੀ ਗੱਲ ਉਸਦੇ ਮੂੰਹ ਵਿਚ ਹੀ ਰਹਿ ਗਈ। ਗੁਰੇ ਨੇ ਫਿਰ ਉਨ੍ਹਾਂ ਵਲ ਆ ਰਹੇ ਬੰਦੇ ਵਲ ਵੇਖਿਆ, ਜਿਸ ਦੇ ਚਿੱਟਾ ਕਮੀਜ਼-ਪਜਾਮਾ, ਉਪਰ ਦੀ ਗਾਤਰਾ ਲਿਸ਼ਕ ਰਿਹਾ ਸੀ, ਵੇਖ ਕੇ ਹੌਲੀ ਜਿਹੀ ਮੱਥਾ ਸਕੋੜਦਿਆਂ ਕਿਹਾ, "ਅੱਜ ਕੱਲ੍ਹ, ਬਾਬਿਆਂ ਦੀ ਮੇਹਰ ਹੋਈ ਵੀ ਐ, ਖਾਲਸੇ ਤਾਂ ਹੁਣ ਪਿੰਡ ਪਿੰਡ ਖੁੰਬਾਂ ਵਾਂਗੂੰ ਉੱਠਣ ਲੱਗ ਪਏ।"

ਬੰਦਾ ਨੇੜੇ ਆ ਗਿਆ ਸੀ, ਪਰ ਅਜੇ ਵੀ ਉਸਦੀ ਪਛਾਣ ਨਹੀਂ ਆਈ ਸੀ। ਭਰਵੀਂ ਦਾਹੜੀ ਵਿਚ ਮੁੱਛਾਂ ਹੱਸ ਪਈਆਂ, ਉਸ ਦੋਵੇਂ ਹੱਥ ਜੋੜ ਕੇ ਫਤਹਿ ਬੁਲਾਈ, ਨਿਰਵੈਰ ਨੇ ਬੋਲ ਤੋਂ ਪਛਾਣਦਿਆਂ ਹੱਸ ਕੇ ਆਖਿਆ, "ਬੱਲੇ! ਕਮਾਲ ਹੋ-ਗੀ! ਹੁਲੀਆ ਕੀ ਬਣਾਈ ਫਿਰਦੈਂ।"

"ਏਵੇਂ ਈਂ ਐ, ਹੁਲੀਆ ਵੀ ਬਣਾਉਣਾ ਈ ਪੈਂਦੈ।" ਬਹਾਦਰ ਨੇ ਉਨ੍ਹਾਂ ਨਾਲ ਗਰਮਜੋਸ਼ੀ ਨਾਲ ਗਲਵਕੜੀ ਪਾਉਂਦਿਆਂ ਕਿਹਾ।

"ਐਨੀ ਕੀ ਭੀੜ ਪੈ ਗਈ ਸੀ, ਜਿਹੜਾ ਤੈਨੂੰ ਬਾਣਾ ਬਦਲਣਾ ਪੈ ਗਿਆ?"

ਨਿਰਵੈਰ ਨੇ ਚਾਹ ਦਾ ਗਲ਼ਾਸ ਫੜਾਉਂਦਿਆਂ ਕਿਹਾ, "ਲੈ ਪਹਿਲਾਂ ਚਾਹ ਪੀ ਤੇ ਰੋਟੀ?"

"ਰੋਟੀ ਵੀ ਖਾਣੀ ਐ।"

"ਚਲ ਘਰ ਚਲ ਕੇ ਖਾ ਲੈਂਦੇ ਆਂ। ਪਰ ਤੂੰ ਰਿਹਾ ਕਿੱਥੇ ਐਨਾ ਚਿਰ?"

ਬਹਾਦਰ ਮੁਸਕਰਾਇਆ, ਨਿਰਵੈਰ ਨੇ ਉਸਦੇ ਚਿਹਰੇ ਉੱਤੇ ਪਸਰੀ ਖਚਰੀ ਜਿਹੀ ਮੁਸਕਾਣ ਵਲ ਗਹੁ ਨਾਲ ਵੇਖਿਆ, ਬਹਾਦਰ ਨੇ ਉਸੇ ਤਰ੍ਹਾਂ ਟੇਢਾ ਝਾਕਦਿਆਂ, ਉਸੇ ਖਚਰੇਪਣ ਨਾਲ ਹੌਲੀ ਜਿਹੀ ਪੁੱਛਿਆ,"ਥੋਡਾ ਖਹਿੜਾ ਤਾਂ ਥਾਣਿਉਂ ਛੁੱਟ ਗਿਆ ਸੀ?"

"ਸਾਨੂੰ ਕੁਝ ਦਿਨਾਂ ਬਾਅਦ ਰਾਤ ਨੂੰ ਥਾਣੇਦਾਰ ਕਹਿੰਦਾ, ਥੋਨੂੰ ਤਾਂ ਸ਼ੱਕ 'ਚ ਹੀ ਫੜਿਆ ਸੀ।"

"ਤੇਰਾ ਕੀ ਖਿਆਲ ਐ?" ਬਹਾਦਰ ਨੇ ਵਧਾਈ ਦਾਹੜੀ ਪਲੋਸਦਿਆਂ ਫਿਰ ਪੁੱਛਿਆ, "ਪੁਲਿਸ ਕਤਲ ਕੇਸ 'ਚ ਇਉਂ ਬੰਦੇ ਛੱਡ ਦਿੰਦੀ ਹੁੰਦੀ ਐ?"

"ਨਹੀਂ।" ਨਿਰਵੈਰ ਨੇ ਜ਼ੋਰ ਨਾਲ ਆਖਿਆ, "ਏਹੀ ਗੱਲ ਤਾਂ ਸਮਝ ਨਹੀਂ ਆਈ, ਪੁਲਿਸ ਨੇ ਸਾਨੂੰ ਛੱਡ ਕਿਉਂ ਦਿੱਤਾ।"

ਬਹਾਦਰ ਨੇ ਉਸੇ ਕਿਸਮ ਦੀ ਮੁਸਕਰਾਹਟ ਨਾਲ ਨਿਰਵੈਰ ਵਲ ਵੇਖਿਆ, ਜਿਹੜਾ ਬੇਹੱਦ ਗੰਭੀਰ ਬਣਿਆ ਹੋਇਆ ਸੀ, ਬਹਾਦਰ ਨੇ ਫਿਰ ਦਾਹੜੀ ਪਲੋਸਦਿਆਂ ਕਿਹਾ, "ਬਸ, ਇਹ ਇਸ ਬਾਣੇ ਦੀ ਈ ਕਰਾਮਾਤ ਐ!"

ਨਿਰਵੈਰ ਨੇ ਫਿਰ ਉਸ ਦੇ ਮੂੰਹ ਵਲ ਵੇਖਿਆ, ਐਤਕੀਂ ਉਸ ਨੇ ਬਹਾਦਰ ਦੇ ਪਹਿਲਾਂ ਨਾਲੋਂ ਰਾਜੀ ਹੋਏ ਸਰੀਰ ਵਲ ਧਿਆਨ ਨਾਲ ਵੇਖਿਆ, ਪਰ ਹੈਰਾਨੀ ਨਾਲ ਉਸਦੀਆਂ ਅੱਖਾਂ ਵਿਚ ਖੜਕਵੀਂ ਜਿਹੀ ਤੱਕ ਲਰਜ਼ ਰਹੀ ਸੀ।

ਬਹਾਦਰ ਫਿਰ ਗੜਕੇ ਨਾਲ ਬੋਲਿਆ, "ਥੋਨੂੰ ਛੱਡਿਆ ਨਹੀਂ, ਛੁਡਾਇਆ ਗਿਆ।"

"ਛੁਡਾਇਆ ਗਿਆ?"

"ਹਾਂਅ...!" ਬਹਾਦਰ ਨੇ ਉਸ ਵਲ ਵੇਖਦਿਆਂ ਅੱਖਾਂ ਝਪਕੀਆਂ, "ਥਾਣੇ ਵਾਲਿਆਂ ਨੂੰ ਆਪਾਂ ਭੁੱਲੇ ਆਂ, ਬੰਦਾ ਮੌਤ ਤੋਂ ਬਚ ਕੇ ਆ ਸਕਦਾ, ਪਰ ਇਨ੍ਹਾਂ ਤੋਂ ਸੁੱਕਾ ਨੀ ਨਿਕਲ ਸਕਦਾ!"

ਨਿਰਵੈਰ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਸ ਦੇ ਸਿਰ ਵਿਚ ਗੂੰਜ ਪੈ ਰਹੀ ਹੋਵੇ। ਉਸ ਨੇ ਇਸ ਵਾਰ ਪੂਰੇ ਧਿਆਨ ਨਾਲ ਬਹਾਦਰ ਵਲ ਨਜ਼ਰ ਮਾਰੀ, ਸਰੀਰ ਅੱਗੇ ਨਾਲੋਂ ਭਰ ਗਿਆ ਸੀ। ਦਾਹੜੀ ਨਾਲ ਉਸਦੀ ਦੱਖ ਪ੍ਰਭਾਵਸ਼ਾਲੀ ਦਿਸ ਰਹੀ ਸੀ। ਡੌਰ-ਭੌਰ ਹੋਇਆ ਬਹਾਦਰ ਵਲ ਝਾਕੀ ਜਾਂਦਾ ਸੀ।

"ਬੁਝਾਰਤਾਂ ਜੀਆਂ ਕੀ ਪਾਉਨੈਂ? ਅਸਲ ਗੱਲ ਦੱਸ, ਵਿਚੋਂ ਕੀ ਐ?"

"ਅਸਲ ਗੱਲ ਸੁਣ ਲੈ, ਤੁਸੀਂ ਸ਼ੈਦ ਸੋਚਦੇ ਹੋਵੋਂ ਬਈ ਪੁਲਿਸ ਆਪਣੇ ਮੁਜਾਹਰੇ ਤੋਂ ਡਰਦੀ ਹੋਊਗੀ! ਕਾਮਰੇਡਾਂ ਨੂੰ ਪੁਲਿਸ ਕੀ ਸਮਝਦੀ ਐ! ਮੈਂ ਤਾਂ ਭਰਾਵਾ ਅੰਮਰਸਰ ਬਾਬਿਆਂ ਦੇ ਚਰਨੀਂ ਲੱਗ ਗਿਆ।"

ਨਿਰਵੈਰ ਉਸ ਵਲ ਛੇਤੀ ਦੇ ਕੇ ਝਾਕਿਆ।

"ਇਹਦਾ ਮਤਲਬ ਐ...ਤੂੰ...?"

"ਬੁੜੇ-ਬੁੜੀ ਦੀ ਥਾਣੇ ਵਾਲੇ ਬਹੁਲੀ ਕਰੀ ਜਾਂਦੇ ਸੀ। ਮਿੱਤਰਾ, ਮੈਂ ਦੂਰ ਦੀ ਸੋਚੀ। ਬਾਬਿਆਂ ਨੂੰ ਸਾਰੀ ਗੱਲ ਦੱਸ ਦਿੱਤੀ।"

"ਪਰ ਤੂੰ ਹੀ ਤਾਂ ਕਹਿੰਦਾ ਹੁੰਦਾ ਸੀ, ਧਰਮ ਦਾ ਰੋਲ ਪਿਛਾਂਹ ਖਿੱਚੂ ਹੁੰਦਾ ਐ।"

*(ਬਾਕੀ ਅਗਲੇ ਅੰਕ 'ਚ)*

# ਪੰਜਾਬ ਦੇ ਦਿਸ਼ਾਹੀਣ ਹੁੰਦੇ ਮੁੰਡਿਆਂ ਤੇ ਜ਼ਿੰਮੇਵਾਰੀ ਵਿਚਾਲੇ ਸੰਵਾਦ

**ਦਲਜੀਤ ਅਮੀ**

ਹੁਣ ਤੱਕ ਪੰਜਾਬੀ ਫ਼ਿਲਮਾਂ ਦਾ ਖਾਸਾ ਮਨੋਰੰਜਨ ਤੱਕ ਮਹਿਦੂਦ ਰਿਹਾ ਹੈ। ਜਾਤੀ ਹਉਮੈ, ਜ਼ਮੀਨ ਲਈ ਦੁਸ਼ਮਣੀਆਂ, ਪਰਵਾਸ ਦੇ ਕੁਝ ਪੱਖਾਂ ਅਤੇ ਪਿਆਰ ਤਿਕੋਣਾਂ ਦੁਆਲੇ ਘੁੰਮਦਾ ਪੰਜਾਬੀ ਫਿਲਮਾਂ ਦਾ ਵਿਸ਼ਾ-ਵਸਤੂ ਖੜੋਤ ਦਾ ਸ਼ਿਕਾਰ ਹੈ। ਆ ਰਹੀ ਫਿਲਮ 'ਮਿੱਟੀ' ਇਸ ਖੜੋਤ ਅਤੇ ਪੰਜਾਬੀ ਫਿਲਮ ਦੇ ਪ੍ਰਵਾਨਿਤ ਖਾਸੇ ਨੂੰ ਵੱਢ ਮਾਰਦੀ ਹੈ। 'ਮਿੱਟੀ' ਪੰਜਾਬ ਦੇ ਮੁੰਡਿਆਂ ਦੀ ਕਹਾਣੀ ਹੈ ਜੋ ਪੰਜਾਬੀ ਹੋਣ ਦੇ ਬਾਵਜੂਦ ਇਥੋਂ ਦੀ ਮਿੱਟੀ ਤੋਂ ਨਿਰਲੇਪ ਹਨ। ਦਿਸ਼ਾਹੀਣਤਾ ਦੀ ਹਾਲਤ ਵਿਚ ਉਹ ਜੋ ਵੀ ਕਰਦੇ ਹਨ ਸਿਰਫ ਸਾਹ ਲੈਂਦੇ ਰਹਿਣ ਦਾ ਤਰੱਦਦ ਹੈ। ਜਦੋਂ ਜ਼ਿੰਦਗੀ ਦੇ ਥਪੇੜੇ ਉਨ੍ਹਾਂ ਨੂੰ ਮਿੱਟੀ ਦੀ ਜਾਗ ਲਾਉਂਦੇ ਹਨ ਤਾਂ ਉਨ੍ਹਾਂ ਨੂੰ ਕੀਮਤ ਜਾਨ ਦੇ ਕੇ ਤਾਰਨੀ ਪੈਂਦੀ ਹੈ।

ਮੌਜੂਦਾ ਸਮਿਆਂ ਦੀ ਵੱਡੀ ਤ੍ਰਾਸਦੀ ਨੌਜਵਾਨ ਪੀੜ੍ਹੀ ਨਾਲ ਸੰਵਾਦ ਦੀ ਅਣਹੋਂਦ ਹੈ। ਨਿਘਾਰ ਅਤੇ ਗੈਰ ਜ਼ਿੰਮੇਵਾਰੀ ਦੀਆਂ ਤੋਹਮਤਾਂ ਸਹਿੰਦੀ ਇਹ ਪੀੜ੍ਹੀ ਆਪਣੇ ਜੀਣ-ਥੀਣ ਦੇ ਕਾਰਨ ਤੇ ਸਾਧਨ ਤਲਾਸ਼ ਰਹੀ ਹੈ। 'ਮਿੱਟੀ' ਇਸ ਪੀੜ੍ਹੀ ਨਾਲ ਨਿੱਗਰ ਅਤੇ ਟਕਰਾਵਾਂ ਸੰਵਾਦ ਸਿਰਜਦੀ ਹੈ। ਇਸ ਸੰਵਾਦ ਨਾਲ ਇਸ ਪੀੜ੍ਹੀ ਦਾ ਰਿਸ਼ਤਾ ਪਿਛਲੀਆਂ ਪੀੜ੍ਹੀਆਂ ਰਾਹੀਂ ਹੁੰਦਾ ਹੋਇਆ ਇਤਿਹਾਸ ਨਾਲ ਜੁੜਦਾ ਹੈ ਜੋ ਨਾਬਰੀ ਦੀਆਂ ਬਾਤਾਂ ਪਾ ਰਿਹਾ ਹੈ। ਇਹ ਮੁੰਡੇ ਜਦੋਂ ਇਤਿਹਾਸ ਵਿਚ ਸੋਝੀ ਹਾਸਿਲ ਕਰਦੇ ਹਨ ਤਾਂ ਇਨ੍ਹਾਂ ਦੀਆਂ ਜ਼ਿੰਮੇਵਾਰੀਆਂ ਵੱਡੀਆਂ ਹੋ ਨਿਬੜਦੀਆਂ ਹਨ। ਇਸ ਤਰ੍ਹਾਂ ਉਹ ਮਿੱਟੀ ਬਚਾਉਣ ਦੇ ਜਿਸ ਆਹਰ ਵਿਚ ਲੱਗਦੇ ਹਨ ਉਹ ਸਿਆਸਤ, ਮੁਨਾਫੇ ਅਤੇ ਧਰਮ ਦੀ ਜੁੰਡਲੀ ਨੂੰ ਬੇਪਰਦ ਕਰਦਾ ਹੈ। ਇਹ ਜੁੰਡਲੀ ਜੋ ਲੋਕਾਂ ਦੇ ਜੀਣ ਥੀਣ ਦੇ ਸਾਧਨਾਂ ਤੇ ਕਾਰਨਾਂ ਨੂੰ ਆਪਣੇ ਹਿੱਤਾਂ ਦੀ ਬਲੀ ਚਾੜ੍ਹ ਰਹੀ ਹੈ।




ਰੱਬੀ, ਗਾਜ਼ੀ, ਲਾਲੀ ਅਤੇ ਟੁੰਡਾ ਯੂਨੀਵਰਸਿਟੀ ਤੋਂ ਕੱਢੇ ਜਾਣ ਤੋਂ ਬਾਅਦ ਚੰਡੀਗੜ੍ਹ ਵਿਚ ਦੱਬੀ ਹੋਈ ਕੋਠੀ ਵਿਚ ਟਿਕੇ ਹੋਏ ਹਨ। ਉਹ ਸ਼ਰਾਬ ਅਤੇ ਸਿਆਸਤ ਦਾ ਧੰਦਾ ਕਰਦੇ ਹਰਮੇਲ ਸਿੰਘ ਲਈ ਹਰ ਜਾਇਜ਼ ਨਾਜਾਇਜ਼ ਕੰਮ ਕਰਦੇ ਹਨ। ਪਿੰਡ ਵਿਚ ਲਾਲੀ ਦਾ ਭਰਾ ਜੀਤ ਕਿਸਾਨ ਯੂਨੀਅਨ ਆਗੂ ਹੈ ਜੋ ਇਨ੍ਹਾਂ ਨੂੰ ਜ਼ਿੰਦਗੀ ਦਾ ਅਸਲ ਪੱਖ ਦਿਖਾਉਣਾ ਚਾਹੁੰਦਾ ਹੈ। ਪਰ ਇਨ੍ਹਾਂ ਕੋਲ ਉਸ ਦੀ ਗੱਲ ਸੁਣਨ ਲਈ ਨਾ ਸਮਾਂ ਹੈ, ਨਾ ਸਬਰ। ਇਹ ਤੋੜ ਵਿਛੋੜਾ ਕਰਨ ਉੱਤੇ ਉਤਾਰੂ ਹਨ ਤੇ ਉਹ ਜੋੜਨ ਨੂੰ ਫਿਰਦਾ ਹੈ।


ਰੱਬੀ ਦੀ ਪ੍ਰੇਮਿਕਾ ਉਨ੍ਹਾਂ ਨੂੰ ਅਸਲੀਅਤ ਦਾ ਸ਼ੀਸ਼ਾ ਦਿਖਾਉਂਦੀ ਹੈ। ਉਨ੍ਹਾਂ ਹੱਥੋਂ ਸਰਦਾਰ ਦੀਆਂ ਬੇਈਮਾਨੀਆਂ ਨੂੰ ਬੇਪਰਦ ਕਰਨ ਲਈ ਕੰਮ ਕਰਦੇ ਪੱਤਰਕਾਰ ਦਾ ਕਤਲ ਹੁੰਦਾ ਹੈ। ਜ਼ਮੀਨ ਮਾਫੀਆ ਅਤੇ ਸਨਅਤਕਾਰ ਪੁਲਿਸ ਦੀ ਮਿਲੀਭੁਗਤ ਤੇ ਸਿਆਸੀ ਸਰਪ੍ਰਸਤੀ ਨਾਲ ਜੀਤ ਦਾ ਕਤਲ ਕਰਦੇ ਹਨ। ਇਨ੍ਹਾਂ ਮੁੰਡਿਆਂ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਕੁੱਤਿਆਂ ਤੋਂ ਵੀ ਬਦਤਰ ਹਨ। ਉਨ੍ਹਾਂ ਦੀ ਮੁੜ ਬਹਾਲੀ ਦਾ ਸੰਘਰਸ਼ ਇਸ ਫਿਲਮ ਦਾ ਹਾਸਿਲ ਹੈ। ਜ਼ਿੰਦਗੀ ਦੀ ਬਿਹਤਰੀ ਦੀ ਲੜਾਈ ਦੇ ਦਾਅ-ਪੇਚਾਂ ਤੋਂ ਅਣਜਾਣ ਮੁੰਡੇ ਜਦੋਂ ਪਿੜ ਵਿਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਸਿਆਸੀ ਸਮਾਜਿਕ ਵਰਤਾਰਾ ਕਿੰਨਾ ਗੁੰਝਲਦਾਰ ਹੈ।

ਇਸ ਫ਼ਿਲਮ ਵਿਚ ਨੌਜਵਾਨ ਪੀੜ੍ਹੀ ਅੰਦਰਲਾ ਖਰੂਦ ਉਨ੍ਹਾਂ ਦੀ ਜ਼ੁਬਾਨ ਵਿਚੋਂ ਪ੍ਰਗਟ ਹੁੰਦਾ ਹੈ। ਪੰਜਾਬੀ ਗਾਇਕ ਮੀਕਾ ਸਿੰਘ ਨੇ ਫਿਲਮ ਵਿਚ ਗਾਜ਼ੀ ਦੀ ਭੂਮਿਕਾ ਨਿਭਾਈ ਹੈ। ਉਸ ਦਾ ਕਿਰਦਾਰ ਬਹੁਤ ਗੁੰਝਲਦਾਰ ਹੈ ਜੋ ਆਪਣੇ ਦੋਸਤ ਦੀ ਮਾਸ਼ੂਕ ਉੱਤੇ ਅੱਖ ਵੀ ਰੱਖ ਸਕਦਾ ਹੈ ਅਤੇ ਉਸੇ ਦੋਸਤ ਲਈ ਜਾਨ ਵੀ ਦੇ ਸਕਦਾ ਹੈ। ਦੋਵੇਂ ਕੰਮ ਉਹ ਬਹੁਤ ਸਹਿਜਤਾ ਨਾਲ ਕਰਦਾ ਹੈ। ਫਿਲਮ ਦੇ ਨਿਰਦੇਸ਼ਕ ਜਤਿੰਦਰ ਮੋਹਨ ਦਾ ਕਹਿਣਾ ਹੈ ਕਿ ਸ਼ੈਕਸਪੀਅਰ ਦੇ ਨਾਟਕ ਜੂਲੀਅਸ ਸੀਜ਼ਰ ਦੇ ਦੋ ਕਿਰਦਾਰਾਂ ਵਾਂਗ ਹਰ ਲਹਿਰ ਵਿਚ ਬਰੂਟਸ ਤੇ ਕੈਸ਼ੀਅਸ਼ ਦੀ ਮਾਨਸਿਕਤਾ ਵਾਲੇ ਆਗੂ ਹੁੰਦੇ ਹਨ। ਬਰੂਟਸ ਨੈਤਿਕਤਾ ਨੂੰ ਤਰਜੀਹ ਦਿੰਦਾ ਹੈ ਅਤੇ ਕੈਸ਼ੀਅਸ਼ ਨੈਤਿਕਤਾ ਤੋਂ ਬੇਪਰਵਾਹ ਟੀਚੇ ਵਲ ਵਧਦਾ ਹੈ। ਇਹ ਜ਼ਿਆਦਾ ਹਿੰਸਕ ਹੁੰਦਾ ਹੈ। ਕੈਸੀਅਸ਼ ਤੋਂ ਪ੍ਰਭਾਵਤ ਗਾਜ਼ੀ ਦਾ ਕਿਰਦਾਰ ਮੀਕਾ ਸਿੰਘ ਉੱਤੇ ਚੰਗੀ ਤਰ੍ਹਾਂ ਨਿਭਿਆ ਹੈ। ਬਰੂਟਸ ਦਾ ਕਿਰਦਾਰ ਰੱਬੀ ਹੈ ਜੋ ਲਖਵਿੰਦਰ ਕੰਦੋਲਾ ਨੇ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਸਰਦਾਰ ਸੋਹੀ, ਹਰਦੀਪ ਗਿੱਲ, ਵਿਕਟਰ ਜੌਨ, ਵੱਕਾਰ ਸ਼ੇਖ, ਕਸ਼ਿਸ਼ ਧਨੋਆ, ਸੁਰਜੀਤ ਗਾਮੀ, ਯਾਦ ਗਰੇਵਾਲ, ਕਰਤਾਰ ਚੀਮਾ ਅਤੇ ਤੇਜਵੰਤ ਮਾਂਗਟ ਨੇ ਅਹਿਮ ਕਿਰਦਾਰ ਨਿਭਾਏ ਹਨ।

ਜਤਿੰਦਰ ਮੋਹਰ ਮੁਤਾਬਕ 'ਮਿੱਟੀ' ਰਾਹੀਂ ਪੰਜਾਬੀ ਫਿਲਮਾਂ ਵਿਚ ਪਹਿਲੀ ਵਾਰ ਦਲਿਤ ਕਿਰਦਾਰ ਨਾਇਕ ਵਜੋਂ ਪੇਸ਼ ਹੋਏ ਹਨ। ਟੁੰਡਾ ਮਜ਼ਬੀ ਸਿੱਖਾਂ ਵਿਚੋਂ ਹੈ। ਟੁੰਡੇ ਦੇ ਪਿਓ ਦਾ ਕਿਰਦਾਰ ਸੁਰਜੀਤ ਗਾਮੀ ਨੇ ਨਿਭਾਇਆ ਹੈ ਜੋ ਨਿਰਦੇਸ਼ਕ ਅਨੁਸਾਰ ਫਿਲਮ ਦਾ ਸਭ ਤੋਂ ਚੇਤਨ ਬੰਦਾ ਹੈ। ਇਸ ਫ਼ਿਲਮ ਦਾ ਸੰਗੀਤ ਮੀਕਾ ਸਿੰਘ ਨੇ ਦਿੱਤਾ ਹੈ। ਕਹਾਣੀ, ਪਟਕਥਾ ਅਤੇ ਸੰਵਾਦ ਇਸ ਫਿਲਮ ਦੇ ਨਿਰਦੇਸ਼ਕ ਜਤਿੰਦਰ ਮੋਹਰ ਨੇ ਲਿਖੇ ਹਨ। ਸਿਨਮਾ ਘਰਾਂ ਵਿਚ ਪਹੁੰਚਣ ਤੋਂ ਪਹਿਲਾਂ 'ਮਿੱਟੀ' ਕਈ ਵਾਰ ਮੁੰਬਈ ਵਿਚ ਦਿਖਾਈ ਗਈ ਹੈ। ਫ਼ਿਲਮ ਸਨਅਤ ਨਾਲ ਜੁੜੇ ਲੋਕਾਂ ਵਿਚ ਇਸ ਦੀ ਬਹੁਤ ਚਰਚਾ ਹੈ। ਉਂਜ ਚੋਣਵੇਂ ਲੋਕਾਂ ਵਿਚ ਚਰਚਾ ਕਰਵਾ ਕੇ ਹੀ ਕੋਈ ਫਿਲਮ ਕਾਮਯਾਬ ਨਹੀਂ ਹੋ ਜਾਂਦੀ। ਇਸ ਦਾ ਅਸਲ ਇਮਤਿਹਾਨ ਤਾਂ ਸਿਨਮਾ ਘਰਾਂ ਵਿਚ ਹੋਣਾ ਹੈ। ਦਰਸ਼ਕਾਂ ਨੂੰ 'ਮਿੱਟੀ' ਦੀ ਉਡੀਕ ਹੈ। 'ਮਿੱਟੀ' ਨੂੰ ਦਰਸ਼ਕਾਂ ਤੱਕ ਪਹੁੰਚਣ ਦੀ ਕਿੰਨੀ ਕੁ ਕਾਹਲ ਹੈ, ਇਹ ਤਾਂ ਫਿਲਮ ਨਿਰਮਾਤਾ ਕਮਲ ਬੈਂਸ, ਰੁਬੀਨਾ ਬੇਗ ਜਾਂ ਦਰਸ਼ਨ ਪਟੇਲ ਹੀ ਦੱਸ ਸਕਦੇ ਹਨ।

# ਪੰਜਾਬੀਅਤ 'ਚ ਰੰਗੀ ਲੰਦਨ ਡ੍ਰੀਮਸ

ਕਿਸੇ ਸਮੇਂ ਰਾਜਕੁਮਾਰ ਸੰਤੋਸ਼ੀ ਨੇ ਸਲਮਾਨ ਖਾਨ ਅਤੇ ਅਜੇ ਦੇਵਗਨ ਨੂੰ ਲੈ ਕੇ ਫਿਲਮ 'ਲੰਦਨ ਡ੍ਰੀਮਸ' ਦਾ ਐਲਾਨ ਕੀਤਾ ਸੀ। ਸੰਤੋਸ਼ੀ ਨੂੰ ਇਹ ਫਿਲਮ ਬਣਾਉਣ 'ਚ ਕੁਝ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੇ ਇਸ ਨੂੰ ਠੰਡੇ ਬਸਤੇ 'ਚ ਪਾ ਦਿੱਤਾ। ਸੰਤੋਸ਼ੀ ਵਲੋਂ ਚੁਣੀ ਗਈ ਕਹਾਣੀ 'ਤੇ ਹੀ ਆਪਣੇ ਵਲੋਂ ਸਕ੍ਰਿਪਟ 'ਚ ਕੁਝ ਤਬਦੀਲੀ ਕਰਕੇ ਇਸਨੂੰ ਹੁਣ ਸਫਲ ਨਿਰਮਾਤਾ-ਨਿਰਦੇਸ਼ਕ ਵਿਪੁਲ ਸ਼ਾਹ ਲੈ ਕੇ ਆ ਰਹੇ ਹਨ। ਇਸ ਫਿਲਮ ਦੀ ਖਾਸੀਅਤ ਇਹ ਵੀ ਹੈ ਕਿ 'ਹਮ ਦਿਲ ਦੇ ਚੁਕੇ ਸਨਮ' ਦੇ ਇਕ ਦਹਾਕੇ ਬਾਅਦ ਉਹ ਸਲਮਾਨ ਅਤੇ ਅਜੇ ਦੇਵਗਨ ਨੂੰ ਇਕੱਠਿਆ ਅਸਿਨ ਨਾਲ ਪੇਸ਼ ਕਰ ਰਹੇ ਹਨ। ਜਿਥੇ ਸਲਮਾਨ ਧਰਮਿੰਦਰ ਦਾ ਪ੍ਰਸ਼ੰਸਕ ਰਿਹਾ ਹੈ, ਅਜਿਹੇ 'ਚ ਉਸ ਨੇ ਇਸ ਦਾ ਫਾਇਦਾ ਜ਼ਰੂਰ ਚੁੱਕਿਆ ਹੈ ਅਤੇ ਸਲਮਾਨ ਖਾਨ ਨੂੰ ਧਰਮਿੰਦਰ ਵਰਗੀ ਦਿਖ ਦੇ ਕੇ ਪੇਸ਼ ਕੀਤਾ ਗਿਆ ਹੈ। ਇਸ ਦੇ ਇਕ ਗੀਤ 'ਚ ਤਾਂ ਧਰਮਿੰਦਰ ਨੂੰ ਹੂ-ਬ-ਹੂ ਕਾਪੀ ਕੀਤਾ ਜਾ ਰਿਹਾ ਹੈ। ਇਹ ਇਕ ਪ੍ਰੇਮ ਤ੍ਰਿਕੋਣ ਵਾਲੀ ਫਿਲਮ ਹੈ। ਇਹ ਫਿਲਮ ਪੀਟਰ ਸ਼ੇਫਰ ਦੇ ਵਿਸ਼ਵ ਪ੍ਰਸਿੱਧ ਨਾਟਕ 'ਅਮੇਡੀਅਸ' 'ਤੇ ਆਧਾਰਤ ਹੈ। ਇਸ ਫਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ ਕਿ ਮਨੂੰ (ਸਲਮਾਨ ਖਾਨ) ਅਤੇ ਅਰਜੁਨ (ਅਜੇ ਦੇਵਗਨ) ਦੋਵੇਂ 7 ਸਾਲ ਦੀ ਉਮਰ ਤੋਂ 35 ਸਾਲ ਦੀ ਉਮਰ ਤੱਕ ਇਕੱਠੇ ਉਠਦੇ ਬੈਠਦੇ ਹਨ। ਦੋਵੇਂ ਬਚਪਨ ਦੇ ਦੋਸਤ ਹਨ। ਦੋਵੇਂ ਸੰਗੀਤ ਘਰਾਣੇ ਨਾਲ ਜੁੜੇ ਹੋਏ ਹਨ। ਦੋਵੇਂ ਮਹਾਨ ਸੰਗੀਤਕਾਰ ਬਣਨ ਦੀ ਇੱਛਾ 'ਚ ਪੰਜਾਬ ਤੋਂ ਲੰਦਨ ਆ ਜਾਂਦੇ ਹਨ, ਜਿਥੇ ਉਨ੍ਹਾਂ ਦੀ ਮੁਲਾਕਾਤ ਪਾਕਿਸਤਾਨ ਤੋਂ ਆਏ ਦੋ ਭਰਾਵਾਂ ਜੋਬੇਹ (ਰਣਵਿਜੇ ਸਿੰਘ) ਅਤੇ ਵਸੀਮ (ਆਦਿੱਤਯ ਰਾਏ) ਨਾਲ ਹੁੰਦੀ ਹੈ। ਉਹ 'ਲੰਦਨ ਡ੍ਰੀਮਸ' ਨਾਮੀ ਬੈਂਡ ਦੀ ਸਥਾਪਨਾ ਕਰਦੇ ਹਨ।



*ਫਿਲਮ ਦੀ ਰਿਲੀਜ਼ਿੰਗ ਮੌਕੇ ਦਰਬਾਰ ਸਾਹਿਬ ਵਿਖੇ ਆਇਆ ਸਲਮਾਨ ਖਾਨ*

# ਪੰਜਾਬੀਆਂ ਨੂੰ ਪਿਆਰ ਕਰਦੀ ਹਾਂ : ਕੈਟਰੀਨਾ


ਏਸ਼ੀਆ ਦੀ ਸਭ ਤੋਂ ਖ਼ੂਬਸੂਰਤ ਲੜਕੀ ਦਾ ਖ਼ਿਤਾਬ ਹਾਸਲ ਕਰਨ ਵਾਲੀ ਮਸ਼ਹੂਰ ਬਾਲੀਵੁੱਡ ਦੀ ਹੀਰੋਇਨ ਕੈਟਰੀਨਾ ਕੈਫ ਅਤੇ ਫ਼ਿਲਮ ਅਭਿਨੇਤਾ ਰਣਬੀਰ ਕਪੂਰ ਭਾਵੇਂ ਆਪਣੀ ਅਗਲੀ ਫ਼ਿਲਮ 'ਅਜਬ ਪ੍ਰੇਮ ਕੀ ਗਜ਼ਬ ਕਹਾਣੀ' ਦੇ ਪ੍ਰੋਮੋਸ਼ਨ ਦੇ ਸਿਲਸਿਲੇ 'ਚ ਸਿਟੀ ਬਿਊਟੀਫੁਲ ਚੰਡੀਗੜ੍ਹ 'ਚ ਮੀਡੀਆ ਨੂੰ ਮਿਲਣ ਵਾਲੇ ਆਪਣੇ ਵਕਤ ਤੋਂ ਲਗਭਗ ਢਾਈ ਘੰਟੇ ਲੇਟ ਸਨ ਪਰ ਇਸ ਦੇ ਬਾਵਜੂਦ ਮੀਡੀਆ ਵਾਲੇ ਬੜੇ ਠਰ੍ਹੰਮੇ ਨਾਲ ਉਨ੍ਹਾਂ ਦੀ ਉਡੀਕ ਕਰਦੇ ਰਹੇ। ਕੈਟਰੀਨਾ ਦੇ ਚਾਹਵਾਨ ਹਜ਼ਾਰਾਂ ਨੌਜਵਾਨ ਅਤੇ ਰਣਬੀਰ ਦੀਆਂ ਚਹੇਤੀਆਂ ਜੋ ਗਿਣਤੀ 'ਚ ਕੈਟਰੀਨਾ ਦੇ ਚਾਹਵਾਨਾਂ ਤੋਂ ਜ਼ਿਆਦਾ ਹੀ ਸਨ, ਸੰਮੇਲਨ ਸਮਾਰੋਹ ਮਗਰੋਂ ਇਕ ਰੈਲੀ ਦੀ ਸ਼ਕਲ 'ਚ ਭੁੱਖੇ ਪਿਆਸੇ ਧੁੱਪ 'ਚ ਖੜ੍ਹੇ ਰਹਿਣ ਦੇ ਬਾਵਜੂਦ ਵੀ ਮੁਸਕੁਰਾਉਂਦੇ ਨਜ਼ਰ ਆ ਰਹੇ ਸਨ।

ਪੱਤਰਕਾਰ ਸੰਮੇਲਨ 'ਚ ਜਦੋਂ ਕੈਟਰੀਨਾ ਕੈਫ ਅਤੇ ਰਣਬੀਰ ਪਹੁੰਚੇ ਤਾਂ ਭਾਰੀ ਮੁਸ਼ੱਕਤ ਨਾਲ ਪੁਲਿਸ ਅਤੇ ਖਾਸ ਤੌਰ 'ਤੇ ਸੱਦੇ ਗਏ ਲਗਭਗ 100 ਦੇ ਕਰੀਬ ਬਾਊਂਸਰਾਂ ਦੀ ਮੱਦਦ ਨਾਲ ਭੀੜ ਨੂੰ ਸੰਮੇਲਨ ਵਾਲੀ ਥਾਂ 'ਤੇ ਜ਼ਬਰਦਸਤੀ ਵੜਨ ਤੋਂ ਰੋਕਿਆ ਗਿਆ। ਹਜ਼ਾਰਾਂ ਦੀ ਗਿਣਤੀ 'ਚ ਉਥੇ ਖੜ੍ਹੇ ਮੁੰਡੇ ਤੇ ਕੁੜੀਆਂ ਦੇ ਕੁਝ ਗਰੁੱਪ 'ਕੈਟਰੀਨਾ ਵੀ ਲਵ ਯੂ' ਅਤੇ 'ਰਣਬੀਰ ਵੀ ਲਵ ਯੂ' ਕਹਿ ਕੇ ਉਚੀ ਉਚੀ ਕੰਨ ਪਾੜ ਦੇਣ ਵਾਲੀਆਂ ਆਵਾਜ਼ਾਂ ਨਾਲ ਚੀਕ ਰਹੇ ਸਨ। ਪੱਤਰਕਾਰ ਸੰਮੇਲਨ ਵਾਲੀ ਥਾਂ, ਜੋ ਛੋਟੀ ਹੋਣ ਕਾਰਨ ਪ੍ਰੈਸ ਫੋਟੋਗ੍ਰਾਫਰਾਂ, ਪੱਤਰਕਾਰਾਂ ਅਤੇ ਆਯੋਜਕਾਂ ਵਲੋਂ ਸੱਦੇ ਗਏ ਸੈਂਕੜੇ ਮਹਿਮਾਨਾਂ ਨਾਲ ਖਚਾਖਚ ਭਰੀ ਗਈ ਸੀ, ਉਥੇ ਇਹ ਦੋਵੇਂ ਸ਼ਖਸੀਅਤਾਂ ਲੋਕਾਂ ਦਾ ਰੌਲਾ ਰੱਪਾ ਜ਼ਿਆਦਾ ਹੋਣ ਕਾਰਨ ਜ਼ਿਆਦਾ ਦੇਰ ਤਕ ਜਵਾਬ ਨਾ ਦੇ ਸਕੀਆਂ ਅਤੇ ਨਾ ਹੀ ਜ਼ਿਆਦਾ ਦੇਰ ਤਕ ਠਹਿਰ ਸਕੀਆਂ। ਪੱਤਰਕਾਰ ਸੰਮੇਲਨ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੈਟਰੀਨਾ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਲਾਇਆ। ਇਕ ਪੱਤਰਕਾਰ ਵਲੋਂ ਉਸ ਦੀ ਜ਼ਿੰਦਗੀ 'ਚ ਪਿਆਰ ਬਾਰੇ ਸੁਆਲ ਉਠਾਇਆ ਗਿਆ। ਪੱਤਰਕਾਰ ਦੇ ਇਸ ਸੁਆਲ ਦਾ ਸਿੱਧਾ ਸੰਬੰਧ ਸਲਮਾਨ ਖਾਨ ਨਾਲ ਸੀ। ਬੜੀ ਮਾਸੂਮੀਅਤ ਨਾਲ ਇਸ ਸੁਆਲ ਦਾ ਜਵਾਬ ਕੈਟਰੀਨਾ ਨੇ ਮੁਸਕਰਾਉਂਦੇ ਹੋਏ ਦਿੱਤਾ ਤੇ ਕਿਹਾ ਕਿ ਉਸ ਦੀ 2003 'ਚ ਰਿਲੀਜ਼ ਹੋਈ ਫ਼ਿਲਮ 'ਬੂਮ' ਤੋਂ ਲੈ ਕੇ 2009 ਤੱਕ ਨਿਊਯਾਰਕ ਅਤੇ ਬਲੂ ਤਕ ਆਈਆਂ ਲਗਭਗ ਇਕ ਦਰਜਨਾਂ ਫ਼ਿਲਮਾਂ ਨੂੰ ਇਕ ਸਰਵੇ ਮੁਤਾਬਕ ਸਭ ਤੋਂ ਵੱਧ ਪੰਜਾਬੀ ਲੋਕਾਂ ਨੇ ਪਿਆਰ ਦਿੱਤਾ ਹੈ। ਉਹ ਸ਼ਾਇਦ ਇਸ ਲਈ ਕਿ ਉਹ ਵੀ ਪੰਜਾਬ ਤੇ ਪੰਜਾਬੀ ਲੋਕਾਂ ਨੂੰ ਸਭ ਤੋਂ ਜ਼ਿਆਦਾ ਦਿਲੋ ਜਾਨ ਨਾਲ ਪਿਆਰ ਕਰਦੀ ਹੈ। ਉਸ ਦੇ ਪਿਤਾ ਪੰਜਾਬੀ ਸੀ ਭਾਵੇਂ ਧਰਮ ਤੋਂ ਉਹ ਮੁਸਲਮਾਨ ਸੀ। ਕੈਟਰੀਨਾ ਦੇ ਇਹ ਸ਼ਬਦ ਸੁਣਨ ਤੋਂ ਬਾਅਦ ਉਸ ਦੇ ਫ਼ਿਲਮ ਦੇ ਹੀਰੋ ਰਣਬੀਰ, ਜੋ ਖ਼ੁਦ ਪੰਜਾਬੀ ਹਨ, ਦਾ ਜੋਸ਼ 'ਚ ਆਉਣਾ ਸੁਭਾਵਕ ਸੀ। ਇਸ ਤੋਂ ਪਹਿਲਾਂ ਕਿ ਰਣਬੀਰ ਕੁਝ ਬੋਲਦੇ, ਕੈਟਰੀਨਾ ਨੇ ਦੱਸਿਆ ਕਿ ਇਸੇ ਸਾਲ ਉਸ ਦੀ ਫ਼ਿਲਮ 'ਅਜਬ ਪ੍ਰੇਮ ਕੀ ਗਜਬ ਕਹਾਣੀ' ਤੋਂ ਇਲਾਵਾ ਫ਼ਿਲਮ 'ਦੇ ਦਨਾਦਨ' ਵੀ ਆ ਰਹੀ ਹੈ। ਉਸਨੂੰ ਯਕੀਨ ਹੈ ਕਿ ਪੰਜਾਬੀ ਇਨ੍ਹਾਂ ਫ਼ਿਲਮਾਂ ਨੂੰ ਵੇਖ ਕੇ ਬਾਕਸ ਆਫਿਸ 'ਤੇ ਹਿਟ ਕਰਵਾਉਣਗੇ।



# ਇਕ ਵੱਖਰੇ ਵਿਸ਼ੇ 'ਤੇ ਬਣੀ ਫਿਲਮ ਸਿਆਸਤ

ਕੁਸ਼ਤੀਆਂ ਉਤੇ ਬਣਾਈ ਬਹੁ-ਚਰਚਿਤ, ਸੁਪਰਹਿੱਟ ਫਿਲਮ 'ਰੁਸਤਮ-ਏ-ਹਿੰਦ' ਤੋਂ ਬਾਅਦ ਨਿਰਮਾਤਾ ਨਿਰਦੇਸ਼ਕ ਸਰਬਜੀਤ ਬੈਣੀਵਾਲ ਦੀ ਦੂਜੀ ਪੰਜਾਬੀ ਫਿਲਮ 'ਸਿਆਸਤ' ਰਿਲੀਜ਼ ਲਈ ਤਿਆਰ ਹੈ। ਲੀਕ ਤੋਂ ਹਟਵੇਂ ਵਿਸ਼ਿਆਂ 'ਤੇ ਫਿਲਮਾਂ ਬਣਾਉਣ ਵਾਲੇ ਸਰਬਜੀਤ ਬੈਣੀਵਾਲ ਨੇ ਭੰਗੜੇ, ਗਿੱਧੇ, ਪ੍ਰੇਮ ਕਹਾਣੀ, ਐਨ. ਆਰ. ਆਈ. ਜਾਂ ਗਾਇਕਾਂ ਨੂੰ ਫਿਲਮੀ ਹੀਰੋ ਬਣਾਉਣ ਵਰਗੇ ਵਿਸ਼ਿਆਂ ਨੂੰ ਛੱਡ ਕੇ ਪੰਜਾਬ ਦੇ ਕਿਸਾਨਾਂ ਦੇ ਦੁੱਖ-ਦਰਦ ਅਤੇ ਮੁਸ਼ਕਿਲਾਂ ਜਿਵੇਂ ਖੇਤੀ ਲਈ ਪਾਣੀ ਦੀ ਕਿੱਲਤ, ਟਿਊਬਵੈੱਲਾਂ ਲਈ ਬਿਜਲੀ ਦੀ ਘਾਟ ਅਤੇ ਜਿਣਸ ਦੀ ਪੂਰੀ ਕੀਮਤ ਨਾ ਮਿਲਣ ਕਰਕੇ ਕਰਜ਼ਿਆਂ ਥੱਲੇ ਦੱਬ ਕੇ ਖੁਦਕੁਸ਼ੀਆਂ ਕਰਨ ਦੀ ਨੌਬਤ ਵਰਗੇ ਮੂਲ ਮੁੱਦਿਆਂ ਨੂੰ ਲੈ ਕੇ ਫਿਲਮ ਬਣਾਈ ਹੈ। ਪੰਜਾਬ ਵਿਚ ਵਾਰ ਵਾਰ ਖਾੜਕੂਵਾਦ ਦੇ ਸਿਰ ਚੁੱਕਣ ਪਿੱਛੇ ਸਿਆਸੀ ਹੱਥ ਅਤੇ ਸਮਾਜਿਕ ਅਨਿਆਂ ਨੂੰ ਉਜਾਗਰ ਕੀਤਾ ਹੈ। ਅਜੋਕੇ ਪੰਜਾਬ ਦੇ ਕਿਸਾਨਾਂ ਨੂੰ ਵੱਡੀਆਂ ਕੰਪਨੀਆਂ ਜਾਂ ਖੁਦ ਸਰਕਾਰ ਦੁਆਰਾ ਡਿਵੈੱਲਪਮੈਂਟ (ਤਰੱਕੀ) ਦੇ ਨਾਂ ਉਤੇ ਵਧ ਮੁੱਲ ਦਾ ਲਾਲਚ ਦੇ ਕੇ ਜ਼ਮੀਨਾਂ ਵੇਚਣ ਲਈ ਉਕਸਾ ਕੇ, ਮੁਨਾਫ਼ਾਖੋਰੀ ਲਈ ਪਿੰਡਾਂ ਦੇ ਉਜਾੜੇ ਨੂੰ ਲੋਕਾਂ ਸਾਹਮਣੇ ਲਿਆਂਦਾ ਹੈ। ਜ਼ਮੀਨਾਂ ਵੇਚ ਕੇ ਮਿਲੀ ਇਕੱਠੀ ਰਕਮ ਨੂੰ ਨਾ ਸਾਂਭ ਸਕਣ ਕਰਕੇ ਨਵੀਂ ਪੀੜ੍ਹੀ ਦੇ ਬਰਬਾਦੀ ਅਤੇ ਅੱਯਾਸ਼ੀ ਦੇ ਰਾਹ ਉਤੇ ਤੁਰ ਪੈਣ ਦੀ ਸਮੱਸਿਆ ਤੋਂ ਲੋਕਾਂ ਨੂੰ ਆਗਾਹ (ਸਾਵਧਾਨ) ਕੀਤਾ ਹੈ। ਕੁਝ ਭ੍ਰਿਸ਼ਟਾਚਾਰੀ ਪੁਲਿਸ ਅਫਸਰਾਂ, ਸਿਆਸੀ ਨੇਤਾਵਾਂ ਅਤੇ ਸਰਮਾਏਦਾਰਾਂ ਦੁਆਰਾ ਮਿਲ ਕੇ ਛੋਟੇ ਅਤੇ ਭੋਲੇ ਭਾਲੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜੱਪ ਕਰਨ ਦੀਆਂ ਸਾਜ਼ਿਸ਼ਾਂ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਪੜ੍ਹੇ-ਲਿਖੇ ਨੌਜਵਾਨਾਂ ਉਤੇ ਝੂਠੇ ਕੇਸ ਪਾ ਕੇ ਉਨ੍ਹਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰਕੇ ਖਾੜਕੂ ਐਲਾਨ ਕਰ ਦੇਣ ਵਰਗੇ ਹੱਥਕੰਡਿਆਂ ਨੂੰ ਨੰਗਿਆਂ ਕੀਤਾ ਹੈ। ਲੇਖਕ, ਅਭਿਨੇਤਾ ਬੀ.ਬੀ. ਵਰਮਾ ਨੇ ਸਕ੍ਰੀਨਪਲੇਅ ਅਤੇ ਡਾਇਲਾਗ ਲਿਖ ਕੇ ਫਿਲਮ ਨੂੰ ਇਕ ਵੱਖਰੀ ਦਿੱਖ ਪ੍ਰਦਾਨ ਕੀਤੀ ਹੈ। ਫਿਲਮ ਨੂੰ ਸੰਗੀਤਕਾਰ ਸੰਤੋਸ਼ ਕਟਾਰੀਆ ਅਤੇ ਲਾਭ ਜੰਜੂਆ ਨੇ ਸੰਗੀਤਮਈ ਬਣਾਇਆ ਹੈ ਅਤੇ ਬਿੰਦੂ ਭਾਖੜੀ ਦੀ ਮਾਹਿਰ ਸਿਨੇਮੈਟੋਗ੍ਰਾਫੀ ਨੇ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਹੈ। ਫ਼ਿਲਮ ਵਿਚ ਗੁੱਗੂ ਗਿੱਲ, ਬੀ.ਐਨ. ਸ਼ਰਮਾ, ਬੀ.ਬੀ. ਵਰਮਾ, ਨਰਿੰਦਰ ਨੀਨਾ, ਕਰਤਾਰ ਚੀਮਾ, ਜੌਨ ਵਿਕਟਰ, ਚੰਦਰ ਕਾਲਰਾ, ਅਮਰੀਕ ਤੇਜਾ, ਮਲਕੀਤ ਰੌਣੀ, ਪਾਲੀ ਮਾਂਗਟ, ਸਤਵੰਤ ਬੱਲ, ਰਜ਼ੀਆ, ਨਵਦੀਪ ਅਤੇ ਲਾਭ ਜੰਜੂਆ ਨੇ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਹਨ। ਅਸਲ ਅਰਥਾਂ ਵਿਚ ਇਕ ਵੱਖਰੀ ਅਤੇ ਅਲੱਗ ਕਿਸਮ ਦੀ ਫਿਲਮ 'ਸਿਆਸਤ' ਦਰਸ਼ਕਾਂ ਦੇ ਰੂਬਰੂ ਹੋਣ ਲਈ ਤਿਆਰ ਹੈ।



# ਅਜੇ ਦੇਵਗਨ ਕੈਟਰੀਨਾ ਨੂੰ ਬਣਾ ਗਿਆ ਬੁੱਧੂ

ਅਜੇ ਦੇਵਗਨ ਸ਼ਰਾਰਤੀ ਸੁਭਾਅ ਦਾ ਹੈ। ਇਸ ਵਾਰ ਉਸ ਦੇ ਸੁਭਾਅ ਦੀ ਸ਼ਿਕਾਰ ਉਸ ਦੇ ਨਾਲ ਸ਼ੂਟਿੰਗ ਕਰ ਰਹੀ ਮਨਮੋਹਣੀ ਅਭਿਨੇਤਰੀ ਕੈਟਰੀਨਾ ਕੈਫ ਹੋਈ। ਹੋਇਆ ਇਸ ਤਰ੍ਹਾਂ ਕਿ ਅਜੇ ਨੇ ਇਕ ਸਕੀਮ ਬਣਾਈ ਤੇ ਸਾਥੀ ਅਭਿਨੇਤਾਵਾਂ ਅਰਜੁਨ ਰਾਮਪਾਲ ਤੇ ਮਨੋਜ ਵਾਜਪਾਈ ਨੂੰ ਆਪਣੇ ਭਰੋਸੇ ਵਿਚ ਲੈ ਕੇ ਇਸ ਸਕੀਮ ਵਿਚ ਸ਼ਾਮਲ ਕਰ ਲਿਆ। ਇਸ ਪਿੱਛੋਂ ਤਿੰਨੇ ਜਣੇ ਕੈਟਰੀਨਾ ਕੋਲ ਗਏ ਤੇ ਕਿਹਾ ਕਿ ਨਾਨਾ ਪਾਟੇਕਰ ਦਾ ਅੱਜ ਜਨਮ ਦਿਨ ਹੈ। ਨਾਨਾ ਅੱਜ-ਕਲ੍ਹ ਕਿਤੇ ਉਦਾਸ ਰਹਿੰਦਾ ਹੈ। ਕਿੰਨਾ ਚੰਗਾ ਹੋਵੇ ਜੇ ਤੂੰ ਉਸ ਦੇ ਲਈ ਜਨਮ ਦਿਨ ਤਾ ਤੋਹਫਾ ਲੈ ਕੇ ਅਤੇ ਉਸ ਦੀ ਪਸੰਦ ਦੇ ਕੱਪੜੇ ਪਾ ਕੇ ਉਸ ਕੋਲ ਜਾਵੇ। ਕੈਟਰੀਨਾ ਮੰਨ ਗਈ। ਉਸਨੇ ਨਾਨਾ ਪਾਟੇਕਰ ਦੀ ਪਸੰਦ ਮੁਤਾਬਕ ਆਪਣੇ ਕੱਪੜੇ ਬਦਲ ਕੇ ਸਲਵਾਰ ਕਮੀਜ਼ ਵਿਚ ਖੁਦ ਨੂੰ ਡਰੈੱਸ ਅੱਪ ਕੀਤਾ ਤੇ ਚੱਲ ਪਈ। ਤੋਹਫੇ ਵਾਲਾ ਬਕਸਾ ਅਜੇ ਦੇਵਗਨ ਨੇ ਤਿਆਰ ਕੀਤਾ ਹੋਇਆ ਸੀ ਤੇ ਕੈਟਰੀਨਾ ਨੂੰ ਦੱਸ ਦਿੱਤਾ ਸੀ ਕਿ ਇਹ ਤੋਹਫਾ ਤੂੰ ਨਾਨਾ ਨੂੰ ਭੇਟ ਕਰ ਦੇਈਂ। ਇਸੇ ਤਰ੍ਹਾਂ ਹੋਇਆ ਤੇ ਨਾਨਾ ਦੇ ਘਰ ਪਹੁੰਚ ਕੇ ਕੈਟਰੀਨਾ ਨੇ ਬੜੇ ਅਦਬ ਨਾਲ ਉਸਨੂੰ ਜਨਮ ਦਿਨ ਦਾ ਤੋਹਫਾ ਭੇਟ ਕੀਤਾ। ਜਦੋਂ ਇਹ ਬਕਸਾ ਖੋਲ੍ਹਿਆ ਗਿਆ ਤਾਂ ਇਸ ਵਿਚ ਇਕ ਪੁਰਾਣਾ ਅੰਡਰਵੀਅਰ ਚੱਪਲ ਦਾ ਇਕ ਪੈਰ ਤੇ ਇਕ ਨਕਲੀ ਮੁੱਛ ਨਿਕਲੀ। ਇਹ ਦੇਖਦਿਆਂ ਹੀ ਕੈਟਰੀਨਾ ਦੇ ਚਿਹਰੇ 'ਤੇ ਹਵਾਈਆਂ ਉਡਣ ਲੱਗ ਪਈਆਂ ਅਤੇ ਉਸ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ।

**ਆਮਿਰ ਤੇ ਤੱਬੂ ਪਹਿਲੀ ਵਾਰ ਇਕੱਠੇ ਹੋਣਗੇ:** ਪ੍ਰਿਯਦਰਸ਼ਨ ਆਪਣੀ ਚਹੇਤੀ ਹੀਰੋਇਨ ਤੱਬੂ ਤੇ ਆਮਿਰ ਖਾਨ ਨੂੰ ਏਡਜ਼ ਬਾਰੇ ਇਕ ਫਿਲਮ ਵਿਚ ਇਕੱਠੇ ਲਿਆਉਣਾ ਚਾਹੁੰਦਾ ਹੈ। ਜੇ ਉਹ ਇਸ ਵਿਚ ਸਫਲ ਹੋ ਗਿਆ ਤਾਂ ਦੋਹਾਂ ਲਈ ਇਕੱਠੇ ਕੰਮ ਕਰਨ ਦਾ ਇਹ ਪਹਿਲਾ ਮੌਕਾ ਹੋਵੇਗਾ। ਭਾਵੇਂ ਦੋਹਾਂ ਨੂੰ 'ਫਨਾ' ਵਿਚ ਦੇਖਿਆ ਜਾ ਚੁੱਕਾ ਹੈ ਪਰ ਉਸ ਵਿਚ ਉਨ੍ਹਾਂ ਦੋਹਾਂ ਦਾ ਕੋਈ ਸੀਨ ਨਹੀਂ ਸੀ। ਪ੍ਰਿਯਦਰਸ਼ਨ ਦਾ ਦਾਅਵਾ ਹੈ ਕਿ ਏਡਜ਼ ਬਾਰੇ 'ਅਜੇ ਅਨਾਮ' 95 ਮਿੰਟਾਂ ਦੀ ਇਸ ਫਿਲਮ ਵਿਚ ਆਮਿਰ ਦਾ ਰੋਲ ਯਕੀਨੀ ਹੈ। ਤੱਬੂ ਬਾਰੇ ਉਸ ਦਾ ਕਹਿਣਾ ਹੈ ਕਿ ਆਮਿਰ ਨਾਲ ਕੰਮ ਕਰਨ ਦੀ ਉਸਨੂੰ ਕੋਈ ਝਿਜਕ ਨਹੀਂ ਹੈ।

ੴ ੴ

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

ਸਮੂਹ ਲੋਕਾਈ ਨੂੰ ਧੰਨ ਧੰਨ ਸਤਿਗੁਰ ਨਾਨਕ ਦੇਵ ਜੀ ਦੇ ਆਗਮਨ ਦਿਵਸ ਦੀ

ਲੱਖ ਲੱਖ ਵਧਾਈ

ਵਲੋਂ
ਜਸਵੰਤ ਸਿੰਘ ਸ਼ਾਦ
(ਉਘੇ ਸਟੇਜ ਸੰਚਾਲਕ)
ਫੋਨ:209-9927185



ੴ ੴ

ੴ ਸਤਿਗੁਰ ਪ੍ਰਸਾਦਿ

ਫਿਰ ਬਾਬਾ ਗਇਆ ਬਗਦਦਿ ਨੋ ਬਾਹਿਰ ਜਾਇ ਕੀਆ ਅਸਥਾਨਾ॥
ਇਕ ਬਾਬਾ ਆਕਾਲ ਰੂਪ ਦੂਜਾ ਰਬਾਬੀ ਮਰਦਾਨਾ॥ -ਭਾਈ ਗੁਰਦਾਸ

ਰਿਲਾਇੰਸ ਟਰੱਕਿੰਗ ਸਟਾਕਟਨ ਦੇ ਦਿਓਲ ਬ੍ਰਦਰਜ਼-ਸੰਨੀ ਦਿਓਲ, ਲੱਕੀ ਦਿਓਲ, ਸਰੂਪ ਸਿੰਘ ਦਿਓਲ ਤੇ ਅਵਤਾਰ ਸਿੰਘ ਦਿਓਲ ਵਲੋਂ ਸਮੂਹ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਆਗਮਨ ਪੁਰਬ ਦੀ

ਲੱਖ ਲੱਖ ਵਧਾਈ

ਪੱਕੇ ਲੋਡ, ਮਿਡਵੈਸਟ ਲਈ ਡਰਾਈਵਰ ਤੇ ਓਨਰ ਅਪਰੇਟਰਾਂ ਦੀ ਲੋੜ।

ਲੋਡ ਟਰਾਂਸਫਰ ਤੇ ਕਰਾਸ ਡੌਕ (Cross Dock) ਵੀ ਕਰਦੇ ਹਾਂ

Reliance Trucking, Stockton, Ph:209-469-5011

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪਿਲਾਇਆ।
-ਭਾਈ ਗੁਰਦਾਸ

ੴ ੴ ੴ ੴ ੴ ੴ ੴ



ੴ ੴ ੴ ੴ ੴ ੴ ੴ

ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ



ਸ. ਨਰਿੰਦਰ ਸਿੰਘ ਮੁੰਦਰ
ਫੋਨ:269-273-6500

ਸ. ਨਰਿੰਦਰ ਸਿੰਘ ਮੁੰਦਰ (ਜਨਰਲ ਸਕੱਤਰ, ਅਕਾਲੀ ਦਲ (ਬਾਦਲ) ਐਨ.ਆਰ.ਆਈ. ਵਿੰਗ ਅਮਰੀਕਾ)



"Healthy Body Healthy Mind"
SIKH SPORTS ASSOCIATION OF USA
ਵਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਵਧਾਈਆਂ
Sikh Sports Association of USA
ਸੱਦਾ ਪੱਤਰ
"ਸਰਬਤ ਦਾ ਭਲਾ" ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਯਾਦ ਵਿਚ
3RD GURU NANAK MARATHON
ਤੀਸਰਾ
ਗੁਰੂ ਨਾਨਕ ਮੈਰਾਥਾਨ
"Come and Run With Us"
At Lake Elizabeth Fremont
November 15(Sunday) 40000 PASEO PADRE PKWY FREMONT CA-94538
Register at
www.sikhsports.com
12 Miles Race....................................9:00 Am
5K Race............................................11:30 Am
2 Miles Children Race.....................12:15 Pm
2 Miles Walk....................................12:45 Pm
" EACH EVENT HAS AGE GROUPS"
Sponsors
"The Sikh Community"
CONTACT US
Harvinder S. Dhaliwal..........................510.501.2263
Gurcharan S. Mann..............................510.557.0061
Rana S. Kahlon.....................................510.378.8560
Kuldip S.Sidhu......................................925.890.4750
Rajinderpal S. Dhillon..........................925.383.5605
Davinder Singh.....................................209.564.8899
Kuljit S. Khunkhun...............................510.364.1321
Harpaul S. Rana....................................510.386.8901
Dr. Gurnam Singh.................................510.566.8159
Parminder S. Aujla................................916.410.0711
Jaswinder S. Gill...................................510.304.9292
Tarlochan S. Nahal..............................408.972.2400
Lashman S.Mangat...............................510.589.6637
Bhupinder S.Parmar.............................510.305.8351
Jasdev Singh........................................650.391.4408
Inderjit S.Grewal..................................510.862.0842
RobinSingh...........................................510.781.0111
Manny S. Kohli.....................................510.449.8657
Hardeep S.Aulakh.................................510.750.6055
PuranSingh...........................................510.731.8531
Inderjit Chahal......................................510.501.2263
Gurdawar S. Mann................................510.468.9381
Design Concept | 408.931.5200 |
ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ
4430-Deerfield Way Danville, CA-94506 Ph: 510.501.2263 Fax:510.736.7751

# ATEEV
## Real Estate & Financial Services
287 LOUISE AVE., MANTECA, CA 95336

ਮਨਜੀਤ ਸਿੰਘ ਕੰਗ ਵਲੋਂ



ਪ੍ਰਥਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਭ ਨੂੰ

**ਲਖ ਲਖ ਵਧਾਈ**

Ph: (209) 481-7381

e-mail: mkang@ateev.com

*Let us find you a sweet home . . .*
*Of course sweet . . .*
*Because we keep you in your budget*

### About Area . . .
*ਟਰੇਸੀ *ਮਨਟੀਕਾ *ਮਾਡੈਸਟੋ *ਫਰਿਜ਼ਨੋ–ਲੈਥਰੋਪ *ਸਟਾਕਟਨ *ਲੋਡਾਈ *ਸੈਕਰਾਮੈਂਟੋ *ਯੂਬਾ ਸਿਟੀ *ਸੈਨ ਹੋਜ਼ੇ *ਫਰੀਮਾਂਟ *ਯੂਨੀਅਨ ਸਿਟੀ *ਹੇਵਰਡ

### About Us . . .
* ਅਸੀਂ ਤੁਹਾਡੀ ਪਸੰਦ ਦਾ ਘਰ ਹੀ ਲੱਭ ਕੇ ਦੇਵਾਂਗੇ, ਸਮਾਂ ਚਾਹੇ ਕਿੰਨਾ ਵੀ ਕਿਉਂ ਨਾ ਲੱਗ ਜਾਵੇ। (no push)
* ਅਸੀਂ ਤੁਹਾਡੀ offer ਸਿਰਫ ਘਰ ਦੀ value ਦੇ ਮੁਤਾਬਕ ਹੀ ਭਰਾਂਗੇ, asking price ਕਿੰਨੀ ਵੀ ਕਿਉਂ ਨਾ ਹੋਵੇ।
* ਅਸੀਂ ਸਿਰਫ ਘਰ ਵਿਚਲੀਆਂ ਖੂਬੀਆਂ ਹੀ ਨਹੀਂ, ਕਮੀਆਂ ਵੀ ਦੱਸਦੇ ਹਾਂ।
* ਜੇਕਰ ਤੁਸੀਂ ਵਾਰ ਵਾਰ ਆਫਰ ਨਾਮਨਜ਼ੂਰ ਹੋਣ ਤੋਂ ਅੱਕ ਚੁਕੇਂ ਹੋ ਤਾਂ ਸਾਨੂੰ ਸਿਰਫ ਇਕ ਮੌਕਾ ਦੇ ਕੇ ਦੇਖੋ।

### About Other Services . . . Notary Public-Immigration Consultant-Tax Preperation

### About Loans . . .
* ਅਸੀਂ ਬਹੁਤ ਸਾਰੀਆਂ wholesale mortgage banks ਨਾਲ Authorized ਹਾਂ।
* FHA Loan ਲੈਣ ਲਈ ਵੀ ਤੁਹਾਡੀ ਮਦਦ ਕਰਦੇ ਹਾਂ।
* ਘੱਟ ਵਿਆਜ ਦੀ ਦਰ ਦੇ ਨਾਲ–ਨਾਲ loan ਦੇ ਹੋਰ ਪੱਖ ਵੀ ਦੇਖਣੇ ਜਰੂਰੀ ਹਨ। ਅਸੀਂ ਹਰ ਪੱਖ ਤੋਂ ਸਹੀ loan ਹੀ ਕਰਦੇ ਹਾਂ।

**ਕਿਉਂਕਿ ਅਸੀਂ ਲੰਬਾ ਸਮਾਂ business ਵਿਚ ਰਹਿਣਾ ਚਾਹੁੰਦੇ ਹਾਂ।**